

ਗੰਜਿ-ਸ਼ਹੀਦਾਂ

(ਸ਼ਹੀਦਾਂ ਦਾ ਖ਼ਜ਼ਾਨਾ)

ਡਾ. ਸੁਖਪ੍ਰੀਤ ਸਿੰਘ 'ਉਦੋਕੇ'

ਗੰਜਿ-ਸ਼ਹੀਦਾਂ

(ਸ਼ਹੀਦਾਂ ਦਾ ਖ਼ਜ਼ਾਨਾ)

ਗੰਜਿ-ਸ਼ਹੀਦਾਂ

(ਸ਼ਹੀਦਾਂ ਦਾ ਖ਼ਜ਼ਾਨਾ)

ਅੱਲ੍ਹਾ ਯਾਰ ਖਾਂ 'ਜੋਗੀ'

ਡਾ: ਸੁਖਪ੍ਰੀਤ ਸਿੰਘ 'ਉਦੋਕੇ'

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ਸਮਰਪਣ :

ਡਾ: ਹਰਜਿੰਦਰ ਸਿੰਘ 'ਦਿਲਗੀਰ' ਨੂੰ,
ਜਿਨ੍ਹਾਂ ਦੀਆਂ ਇਤਿਹਾਸਕ ਪੇਸ਼ਕਾਰੀਆਂ ਵਿਚ ਰਣਜੀਤ
ਨਗਾਰੇ ਦੀ ਗੂੰਜ, ਗੁਰੂ ਪ੍ਰੀਤ ਦਾ ਇਲਾਹੀ ਵਹਾਅ,
ਨਿਮਰਤਾ ਭਰਪੂਰ ਗੁਰੂਜਸ ਅਤੇ ਸਿਮਰਨ ਦੀਆਂ ਕਿਰਨਾਂ
ਅਜੀਬ ਰੋਸ਼ਨੀ ਫੈਲਾਉਂਦੀਆਂ ਪ੍ਰਤੀਤ
ਹੁੰਦੀਆਂ ਹਨ।

ਦੋ ਸ਼ਬਦ

ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਡਾ: ਸੁਖਪ੍ਰੀਤ ਸਿੰਘ ਉਦੋਕੇ ਨੇ ਜਨਾਬ ਅੱਲ੍ਹਾ ਯਾਰ ਖਾਂ ਜੋਗੀ ਦੀ ਅੱਜ ਤੋਂ ਨੱਬੇ ਸਾਲ ਪਹਿਲਾਂ ਲਿਖੀ ਰਚਨਾ ਗੰਜ-ਏ-ਸ਼ਹੀਦਾਂ ਦਾ ਸੰਪਾਦਨ ਕੀਤਾ ਹੈ। ਇਸ ਰਚਨਾ ਵਿਚ ਕਵੀ ਨੇ ਚਮਕੌਰ ਦੀ ਗੜ੍ਹੀ ਵਿਚ ਸਾਹਿਬੇ ਕਮਾਲ, ਪੰਥ ਦੇ ਵਾਲੀ, ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਉਨ੍ਹਾਂ ਪਲਾਂ ਦਾ ਵਰਣਨ ਅਤਿ ਸੰਜੀਦਗੀ ਅਤੇ ਭਾਵਕੁਤਾ ਨਾਲ ਇਸ ਪ੍ਰਕਾਰ ਕੀਤਾ ਹੈ ਜਿਵੇਂ ਉਹ ਉਸ ਸਮੇਂ ਦੀ ਚਸ਼ਮਦੀਦ ਗਵਾਹੀ ਭਰ ਰਿਹਾ ਹੋਵੇ। ਚਮਕੌਰ ਦੀ ਗੜ੍ਹੀ ਵਿਚ ਦਸਮ ਪਿਤਾ ਨੇ ਆਪਣੇ ਜੀਵਨ ਦੀ ਅਖੀਰਲੀ ਜੰਗ ਜ਼ੁਲਮ ਦੇ ਖਿਲਾਫ, ਅਤਿ ਦ੍ਰਿੜਤਾ ਅਤੇ ਸੂਰਮਗਤੀ ਨਾਲ ਲੜੀ, ਜਿਸ ਵਿਚ ਉਨ੍ਹਾ ਨੇ ਆਪਣੇ ਵੱਡੇ ਸਾਹਿਬਜ਼ਾਦੇ ਅਤੇ ਚਾਲੀ ਸਾਥੀ ਸਿੰਘ ਇਸ ਦੇਸ਼ ਪੰਥ ਤੇ ਕੌਮ ਤੋਂ ਵਾਰ ਦਿੱਤੇ ਸਨ। ਜਨਾਬ ਅੱਲ੍ਹਾ ਯਾਰ ਖਾਂ ਨੇ ਗੈਰ ਸਿੱਖ ਹੁੰਦਿਆਂ ਹੋਇਆ, ਪੱਖਪਾਤ ਤੋਂ ਨਿਰਲੇਪ ਰਹਿ ਕੇ, ਪਿਆਰ ਦੀਆਂ ਅਤਿ ਡੂੰਘਾਣਾ ਵਿਚ ਵਹਿ ਕੇ ਇਹ ਕਾਵਿ-ਰਚਨਾ ਕੀਤੀ। ਇਹ ਕਾਵਿ-ਰਚਨਾ ਅਤਿ ਦੁਰਲੱਭ ਹੈ, ਲੇਕਿਨ ਡਾ: ਸੁਖਪ੍ਰੀਤ ਸਿੰਘ ਨੇ ਵੱਡੀ ਤਰਦਦ ਨਾਲ, ਖੋਜ ਕਰਕੇ ਇਸ ਕਾਵਿ-ਰਚਨਾ ਦਾ ਸੰਪਾਦਨ ਕੀਤਾ ਹੈ, ਜੋ ਸਲਾਹੁਣ ਯੋਗ ਹੈ।

ਵਾਹਿਗੁਰੂ ਇਸ ਖੋਜੀ ਨੌਜਵਾਨ ਨੂੰ ਬਲ ਬੁਧੀ ਅਤੇ ਸੁਮੱਤ ਬਖਸ਼ੇ।

ਸ਼ੁਭਚਿੰਤਕ

ਕਿਰਨਜੋਤ ਕੌਰ

24-4-2002 *ਜਨਰਲ ਸਕੱਤਰ*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਪੇਸ਼ਕਾਰੀ

ਸਿੱਖ ਕੌਮ ਸ਼ਹੀਦਾਂ, ਮੁਰੀਦਾਂ, ਹੱਠੀਆਂ, ਜਪੀਆਂ, ਤਪੀਆਂ ਦੀ ਕੌਮ ਹੈ। ਸੱਚ ਆਖਣਾ ਅਤੇ ਸੱਚ ਬੋਲਣ ਦੀ ਕੀਮਤ ਤਾਰਨ ਵਾਸਤੇ ਹਰ ਸਮੇਂ ਤਿਆਰ ਰਹਿਣਾ ਸਿੱਖ ਕੌਮ ਨੇ ਆਪਣੇ ਬਾਨੀ ਗੁਰੂ ਨਾਨਕ ਸਾਹਿਬ ਤੋਂ ਸਿੱਖਿਆ ਹੈ, ਹੱਕ ਸੱਚ ਅਤੇ ਗਰੀਬਾਂ ਨਿਤਾਣਿਆਂ ਦੀ ਰਾਖੀ ਵਾਸਤੇ, ਇਨਸਾਨੀਅਤ ਦੀਆਂ ਨੈਤਿਕ ਕਦਰਾਂ ਕੀਮਤਾਂ ਦੀ ਬਹਾਲੀ ਅਤੇ ਬਰਕਰਾਰੀ ਵਾਸਤੇ ਸ਼ਹੀਦੀ ਦੇਣ ਦਾ ਰੰਗ ਗੁਰੂ ਸਾਹਿਬ ਨੇ ਆਪ ਖਾਲਸਾ ਪੰਥ ਨੂੰ ਬਖਸ਼ਿਸ਼ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਸਮੇਂ ਸੀਸ ਭੇਂਟ ਕਰਨ ਨੂੰ ਸਿੱਖ ਮਾਰਗ ਦੀ ਮੁੱਢਲੀ ਸ਼ਰਤ ਰੱਖ ਕੇ ਪਹਿਲੇ ਜਾਮੇ ਵਿਚ 'ਸਿਰਿ ਧਰਿ ਤਲੀ' ਦੇ ਸੰਦੇਸ਼ ਨੂੰ ਅਮਲੀ ਜਾਮਾ ਪਵਾ ਦਿੱਤਾ। ਸਿੱਖਾਂ ਨੇ ਸ਼ਹਾਦਤ ਨੂੰ ਜੀਵਨ ਦਾ ਅੰਗ ਬਣਾ ਲਿਆ ਤੇ ਦ੍ਰਿੜ ਨਿਸ਼ਚਾ ਕਰ ਲਿਆ,

ਯੇ ਜਾਨ ਤੋ ਆਨੀ ਜਾਨੀ ਹੈ, ਇਸ ਜਾਂ ਕੀ ਤੋ ਕੋਈ ਬਾਤ ਨਹੀਂ।
ਜਿਸ ਧਜ ਸੇ ਕੋਈ ਮਕਤਲ ਮੇਂ ਗਿਆ ਵੋ ਸ਼ਾਨ ਸਲਾਮਤ ਰਹਿਤੀ ਹੈ।

ਗੁਰੂ ਸਾਹਿਬ ਦੀ ਅਦੁੱਤੀ ਸਿੱਖਿਆ ਦਾ ਸਿੱਟਾ ਹੀ ਸੀ ਕਿ ਸਿੱਖਾਂ ਨੇ ਸ਼ਹਾਦਤਾਂ ਦੇ ਕੇ ਕੌਮ ਨੂੰ ਮਜੀਠੀ ਰੰਗ ਦੀ ਬਖਸ਼ਿਸ਼ ਕੀਤੀ। ਆਰਿਆਂ ਨਾਲ ਚੀਰੇ ਗਏ, ਦੇਗਾਂ ਵਿਚ ਉਬਾਲੇ ਗਏ, ਖੋਪਰੀਆਂ ਉਤਰਵਾ ਲਈਆਂ, ਬੰਦ-ਬੰਦ ਕਟਵਾ ਲਿਆ, ਚਰਖੜੀਆਂ ਤੇ ਚਾੜ੍ਹੇ ਗਏ ਪਰ ਸਿੱਖੀ ਸਿਦਕ ਨੂੰ ਕੇਸਾਂ ਸੁਆਸਾਂ ਸੰਗ ਨਿਭਾਇਆ। ਹੱਥਲੀ ਪੁਸਤਕ ਵਿਚ ਦਾਸ ਨੇ ਅੱਲ੍ਹਾਯਾਰ ਖਾਂ ਜੋਗੀ ਜੀ ਦੁਆਰਾ ਰਚਿਤ 'ਗੰਜਿ ਸ਼ਹੀਦਾਂ' ਨੂੰ ਅਧਾਰ ਬਣਾ ਕੇ ਚਮਕੌਰ ਦੇ ਉਸ ਮਹਾਨ ਸਾਕੇ ਦਾ ਜ਼ਿਕਰ ਕੀਤਾ ਹੈ ਜਿਸ ਪਾਵਨ ਅਸਥਾਨ ਤੇ ਹੋਈ ਅਸਾਵੀਂ ਅਤੇ ਘਮਸਾਣ ਦੀ ਜੰਗ ਵਿਚ ਗਿਣਤੀ ਦੇ ਸਿੰਘਾਂ ਅਤੇ ਦੋ ਸਾਹਿਬਜ਼ਾਦਿਆਂ ਨੇ ਬੇਸ਼ੁਮਾਰ ਮੁਗਲਈ ਫੌਜ ਨਾਲ ਜੂਝ ਕੇ ਖਿੜੇ ਮੱਥੇ ਸ਼ਹਾਦਤਾਂ ਪ੍ਰਾਪਤ ਕੀਤੀਆਂ। 'ਜੋਗੀ ਜੀ' ਨੇ ਅੱਜ ਤੋਂ ਕੋਈ 90 ਸਾਲ ਪਹਿਲਾਂ ਇਸ ਮਹਾਨ ਸਾਕੇ ਨੂੰ ਉਰਦੂ ਲਿਪੀ ਵਿਚ ਨਜ਼ਮਾ ਦੇ ਰੂਪ ਵਿਚ ਕਲਮਬੰਦ ਕੀਤਾ। ਇਸ ਰਚਨਾ ਦੇ ਗੁਰਮੁੱਖੀ ਅਨੁਵਾਦ ਵੀ ਹੋਏ ਪਰ ਲਿਪੀਅੰਤਰ ਹੋਈਆਂ ਰਚਨਾਵਾਂ ਅਰਥਾਂ ਤੋਂ ਰਹਿਤ ਅਤੇ ਕੁਝ ਘਾਟਾਂ ਹੋਣ ਸਦਕਾ ਪਾਠਕ ਪੂਰਾ ਲਾਭ ਨਾ ਉਠਾ ਸਕੇ ਭਾਵੇਂ ਕਿ 'ਜੋਗੀ ਜੀ' ਦੀਆਂ ਨਜ਼ਮਾ ਦੇ ਖੁਸ਼ਬੂ ਬਿਖੇਰਦੇ ਕਾਵਿ-ਬੰਦ ਸੁਖਾਲਿਆਂ ਹੀ ਜ਼ੁਬਾਨ ਤੇ ਚੜ੍ਹ ਜਾਂਦੇ ਹਨ। ਪੁਰਾਣੇ ਕਈ ਬਜ਼ੁਰਗਾਂ ਜਿਨ੍ਹਾਂ ਨੇ ਕੇਵਲ 'ਜੋਗੀ ਜੀ' ਪਾਸੋਂ ਇਸ ਸਾਕੇ ਨੂੰ ਸੁਣਿਆ ਹੀ ਸੀ ਨੂੰ ਅੱਧ ਤੋਂ ਵਧੇਰੇ ਨਜ਼ਮਾਂ ਜ਼ਬਾਨੀ ਯਾਦ ਸਨ। ਸੋ ਕਵੀ ਜੀ ਵਲੋਂ ਲਿਖਤ ਇਸ ਕਰੁਣਾਰਸ ਭਰਪੂਰ ਸਾਕੇ ਵਿਚਲੇ ਰਸ ਅਤੇ ਲਿਖਤ ਵਿਚਲੀ ਕਸ਼ਿਸ਼ ਨੇ ਦਾਸ ਨੂੰ ਤੁਛ ਬੁੱਧੀ ਅਨੁਸਾਰ ਲਿਖਣ ਨੂੰ ਮਜਬੂਰ ਕੀਤਾ।

ਡਾ: ਹਰਜਿੰਦਰ ਸਿੰਘ 'ਦਿਲਗੀਰ' ਜੀ ਦਾ ਤਾਂ ਮੈਂ ਸ਼ਬਦਾਂ ਦੁਆਰਾ ਧੰਨਵਾਦ ਹੀ ਨਹੀਂ ਕਰ ਸਕਦਾ। ਇਸ ਖੇਤਰ ਵਿਚ ਤਾਂ ਉਨ੍ਹਾਂ ਦੀ ਉਂਗਲੀ ਫੜ ਕੇ ਹੀ ਤੁਰਨਾ ਸਿੱਖਿਆ ਹੈ ਉਨ੍ਹਾਂ ਵਲੋਂ ਦਿੱਤੇ ਨਿੱਘੇ ਪਿਆਰ ਅਤੇ ਅਪਣੱਤ ਦਾ ਹੀ ਸਿੱਟਾ ਹੈ ਕਿ ਮੈਂ ਕੁਝ ਲਿਖ ਸਕਿਆ ਹਾਂ। ਗੁਰਪੁਰਵਾਸੀ ਸ੍ਰ: ਕਮਲਜੀਤ ਸਿੰਘ (ਐਡੀਟਰ ਸੰਤ ਸਿਪਾਹੀ) ਦੀਆਂ ਅਸੀਸਾਂ ਅਤੇ ਹਰ ਸਮੇਂ ਦਿੱਤਾ ਜਾਂਦਾ ਉਤਸ਼ਾਹ ਹਰ ਸਮੇਂ ਮੈਨੂੰ ਯਾਦ ਆਉਂਦਾ ਹੈ ਕਿ ਆਪ-ਮੁਹਾਰੇ ਅੱਖਾਂ ਵਿਚੋਂ ਹੰਝੂ ਵਹਿ ਤੁਰਦੇ ਹਨ।

ਅਤਿ ਮਿਠੜੇ ਸੁਭਾਅ ਦੇ ਮਾਲਕ, ਤੇ ਮਿਸ਼ਰੀ ਵਰਗੇ ਬੋਲਾਂ ਦੀ ਤਾਸੀਰ ਵਾਲੇ ਹਰਿੰਦਰਪਾਲ ਸਿੰਘ ਜੀ ਦਾ ਰਿਣੀ ਹਾਂ ਕਿ ਦਾਸ ਨੂੰ ਉਨ੍ਹਾਂ ਨੇ ਇਸ ਰਚਨਾਂ ਨੂੰ ਕਲਮ-ਬੰਦ ਕਰਨ ਦੀ ਪ੍ਰੇਰਨਾ ਦਿੱਤੀ।

'ਜੋਗੀ ਜੀ' ਦੁਆਰਾ ਲਿਖੇ ਹੋਏ ਇਸ ਸ਼ਹੀਦੀ ਸਾਕੇ ਦੀ ਰਚਨਾ ਵਿਚੋਂ ਗੁਰਮੁੱਖੀ ਲਿਪੀਆਤਰ ਸਮੇਂ ਪਹਿਲੀਆਂ ਖਰੜਿਆਂ ਵਿਚੋਂ ਅਨੇਕਾਂ ਹੀ ਗਲਤੀਆਂ ਸਨ। ਇਹ ਖਰੜਾ ਸਿਰੇ ਨਾ ਚੜ੍ਹਦਾ ਜੇ ਉਰਦੂ ਅਤੇ ਫਾਰਸੀ ਦੇ ਮਾਹਿਰ ਪ੍ਰਸਿੱਧ ਪੰਥਕ ਵਿਦਵਾਨ ਤੇ ਬੁਲਾਰੇ ਪ੍ਰਿ: ਸਵਰਨ ਸਿੰਘ ਜੀ ਚੂਸਲੇਵੜ ਮੇਰੀ ਮਦਦ ਨਾ ਕਰਦੇ। ਪ੍ਰਿੰਸੀਪਲ ਸਾਹਿਬ ਦਾਸ ਨੂੰ ਜਿੱਥੇ ਸਮੇਂ-ਸਮੇਂ ਪ੍ਰੇਰਨਾ ਦਿੰਦੇ ਰਹੇ ਉਥੇ ਨਾਲ ਹੀ ਉਨ੍ਹਾਂ ਦੇ ਮੁਖਾਰਬਿੰਦ ਵਿਚੋਂ ਨਿਕਲੇ ਇਹ ਸ਼ਬਦ ਮੈਨੂੰ ਉਤਸ਼ਾਹ ਬਖਸ਼ਿਸ਼ ਕਰਦੇ ਰਹੇ, "ਸੁਖਪ੍ਰੀਤ ਸਿੰਘ ਤੂੰ ਆਪਣੇ ਦਾਦੇ ਦੇ ਕਾਰਜ ਨੂੰ ਸੰਪੂਰਨ ਕਰਨਾ ਹੈ, ਜਦੋਂ ਘਰੋਂ ਲੱਕ ਬੰਨ ਕੋਮੀ ਸੇਵਾ ਵਾਸਤੇ ਨਿਕਲੇਗਾ ਤਾਂ ਗਲੀਆਂ ਵਿਚ ਪਏ ਕੱਖ ਤੇ ਪੱਤਾ-ਪੱਤਾ ਤੈਨੂੰ ਸਿੱਖ ਸ਼ਹੀਦਾਂ ਦੀ ਵਾਰਤਾ ਦੱਸਣਗੇ" (ਮੇਰੇ ਦਾਦਾ ਸ੍ਰ: ਸੂਰਤ ਸਿੰਘ ਨੇ ਇਕ ਪੁਰਾਤਨ ਧਾਰਮਿਕ ਗ੍ਰੰਥ ਦਾ ਉਰਦੂ ਅਨੁਵਾਦ ਆਰੰਭ ਕੀਤਾ ਸੀ ਜੋ ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਸਦਕਾ ਅਧੂਰੀ ਹਾਲਤ ਵਿਚ ਦਾਸ ਪਾਸ ਪਿਆ ਹੈ) ਸੋ ਆਪਣੇ ਸਤਿਕਾਰਯੋਗ ਬਜ਼ੁਰਗ ਪ੍ਰਿ: ਸਵਰਨ ਸਿੰਘ ਜੀ ਦੇ ਉਤਸ਼ਾਹ ਸਦਕਾ ਹੀ ਇਹ ਯਤਨ ਸਿਰੇ ਚੜ੍ਹਿਆ ਹੈ।

ਮੈਂ ਧੰਨਵਾਦੀ ਹਾਂ ਆਪਣੇ ਵੱਡੇ ਵੀਰ ਪ੍ਰਭਪਾਲ ਸਿੰਘ ਅਤੇ ਰਣਜੀਤ ਕੋਰ (ਅਮਰੀਕਾ ਨਿਵਾਸੀ) ਦਾ ਜਿੰਨ੍ਹਾਂ ਹਰ ਹਲਾਤਾਂ ਵਿਚ ਮੇਰਾ ਸਾਥ ਦਿੱਤਾ ਅਤੇ ਕਿਸੇ ਗੱਲ ਤੋਂ ਕੰਡ ਨਹੀਂ ਦਿੱਤੀ। ਮੇਰੀ ਧਰਮਪਤਨੀ ਜਸਪਿੰਦਰ ਕੋਰ ਨੇ ਜਿੱਥੇ ਮੇਰੀ ਇਸ ਲਿਖਤ ਵਿਚ ਜ਼ਿਕਰਯੋਗ ਮਦਦ ਦਿੱਤੀ ਉਥੇ ਮੇਰੇ ਮਨੋਰਥ ਨੂੰ ਪੂਰਾ ਕਰਨ ਹਿੱਤ ਮੈਨੂੰ ਪੂਰਾ ਸਾਥ ਦਿੱਤਾ ਅਤੇ ਮੇਰੇ ਮਾਤਾ-ਪਿਤਾ ਨੇ ਮੈਨੂੰ ਘਰੇਲੂ ਜਿੰਮੇਵਾਰੀਆਂ ਤੋਂ ਪੂਰੀ ਤਰ੍ਹਾਂ ਮੁਕਤ ਰੱਖਿਆ।

ਮੈਂ ਸ਼ੁਕਰ ਗੁਜਾਰ ਹਾਂ ਉਨ੍ਹਾਂ ਸਾਰਿਆਂ ਦਾ ਜਿਨ੍ਹਾਂ ਇਸ ਕਿਤਾਬ ਦੀ ਤਿਆਰੀ ਦੌਰਾਨ ਮੇਰਾ ਸੁਹਿਰਦਤਾ ਨਾਲ ਸਾਥ ਦਿੱਤਾ ਅਤੇ ਉਤਸ਼ਾਹ ਬਖਸ਼ਿਆ, ਜਿਨ੍ਹਾਂ ਵਿਚ ਬੀਬੀ ਕਿਰਨਜੋਤ ਕੋਰ (ਜਨਰਲ ਸਕੱਤਰ ਸ੍ਰੋ: ਗੁ: ਪ੍ਰ: ਕਮੇਟੀ)

ਰਵੀਇੰਦਰ ਸਿੰਘ ਅਤੇ ਮਨੀਸ਼ ਸ਼ਰਮਾ ਨੇ ਕਾਫੀ ਹੱਦ ਤੱਕ ਮੇਰਾ ਸਾਥ ਦਿੱਤਾ ਅਤੇ ਧੰਦੇ ਦੀ

ਜ਼ਿੰਮੇਵਾਰੀ ਤੋਂ ਮੁਕਤ ਕਰਕੇ ਇਸ ਕਿਤਾਬ ਵਾਸਤੇ ਵਧੇਰੇ ਸਮਾਂ ਕੱਢਣ ਵਿਚ ਮੇਰੀ ਮਦਦ ਕੀਤੀ।

ਡਾ: ਅਮਰਜੀਤ ਕੌਰ ਇੱਬਨਕਲਾਂ, ਪ੍ਰੋ: ਸੁਖਵੰਤ ਸਿੰਘ ਬਟਾਲਾ, ਸ੍ਰ: ਚਮਕੌਰ ਸਿੰਘ (ਐਡੀਟਰ ਗੁਰਮਤਿ ਪ੍ਰਕਾਸ਼) ਸ: ਇੰਦਰਜੀਤ ਸਿੰਘ 'ਗੋਗੋਆਣੀ, ਸ੍ਰ: ਤਰਦੀਪ ਸਿੰਘ, ਸ: ਅਮਨਜੀਤ ਸਿੰਘ, ਬਲਜੀਤ ਸਿੰਘ 'ਖਾਲਸਾ, ਸੁਰਿੰਦਰ ਸਿੰਘ ਨਿਮਾਣਾ, ਭਾਈ ਬਲਜੀਤ ਸਿੰਘ ਜੀ ਡੇਰਾ ਬਾਬਾ ਨਾਨਕ, ਰਤਿੰਦਰ ਸਿੰਘ 'ਇੰਦੋਰ', ਡਾ: ਗੁਰਪ੍ਰੀਤਇੰਦਰ ਸਿੰਘ, ਪ੍ਰੋ: ਇੰਦਰ ਸਿੰਘ 'ਘੱਗਾ' ਸ੍ਰ: ਕਮਲਜੀਤ ਸਿੰਘ, ਜਸਵੰਤ ਸਿੰਘ, ਗੁਰਮੁਖ ਸਿੰਘ ਰੰਗੀਲਪੁਰ, ਸ੍ਰ: ਸਰਬਜੀਤ ਸਿੰਘ, ਸ: ਬਲਵਿੰਦਰ ਸਿੰਘ ਪੱਟੀ, ਸਰਬਪਾਲ ਸਿੰਘ। ਸ਼ਾਮਿਲ ਹਨ। ਮੇਰੇ ਵੱਖ-ਵੱਖ ਮਾਸਿਕ ਪੱਤਰਾਂ ਵਿਚ ਛਪੇ ਲੇਖਾਂ ਨੂੰ ਹੁੰਗਾਰਾ ਦੇਣ ਵਾਲੇ ਅਤੇ ਦਾਸ ਨੂੰ ਉਤਸ਼ਾਹ ਬਖਸ਼ਣ ਵਾਲੇ ਪਾਠਕਾਂ ਦਾ ਵੀ ਦਾਸ ਤਹਿ ਦਿਲੋਂ ਧੰਨਵਾਦੀ ਹੈ ਅਤੇ ਉਨ੍ਹਾਂ ਸਾਰਿਆਂ ਤੋਂ ਮੁਆਫੀ ਦਾ ਤਲਬਗਾਰ ਹਾਂ ਜਿੰਨ੍ਹਾਂ ਦਾ ਨਾਮ ਲਿਖਣੋ ਭੁੱਲ ਗਿਆ ਹੋਵਾਂਗਾ।

ਅਖੀਰ ਸ਼ਹੀਦਾਂ ਦੇ ਇਸ ਮਹਾਨ ਸਾਕੇ ਦੀ ਦਿਲ ਕੰਬਾਊ ਘਟਨਾ ਦੀ ਗਾਥਾ ਨੂੰ, ਭਰਪੂਰ ਹੁੰਗਾਰੇ ਦੀ ਆਸ ਵਿਚ ਪੰਥ ਨੂੰ ਭੇਟਾ ਕਰਦਾ ਹਾਂ।

ਡਾ: ਸੁਖਪ੍ਰੀਤ ਸਿੰਘ ਉਦੋਕੇ
ਅੰਮ੍ਰਿਤਸਰ (143504)
ਫੋਨ : 01858-63265

ਭਾਈ ਅੱਲ੍ਹਾ ਯਾਰ ਖਾਂ ਜੋਗੀ ਤੇ ਡਾ: ਸੁਖਪ੍ਰੀਤ ਸਿੰਘ ਉਦੋਕੇ

ਇਸਲਾਮੀ ਤਵਾਰੀਖਾਂ ਵਿਚ ਹਸਨ ਤੇ ਹੁਸੈਨ ਦੀ ਕਰਬਲਾ 'ਚ ਹੋਈ ਸ਼ਹਾਦਤ ਲਾਸਾਨੀ ਥਾਂ ਰਖਦੀ ਹੈ। ਇਸਲਾਮ ਵਿਚ ਨਿੱਕੀ ਉਮਰ ਦੇ ਸ਼ਹੀਦ ਹਜ਼ਰਤ ਮੁਹੰਮਦ ਸਾਹਿਬ ਦੇ ਸਿਰਫ ਇਹ ਦੋ ਦੋਹਤੇ ਹੀ ਸਨ। ਪਰ ਸਿੱਖ ਤਵਰੀਖ ਅਜਿਹੇ ਮਹਾਨ ਭੁਝੰਗੀ ਸ਼ਹੀਦਾਂ ਤੇ ਜੁਝਾਰੂਆਂ ਨਾਲ ਨਕੋ-ਨਕ ਭਰੀ ਪਈ ਹੈ। ਚਾਰ ਸਾਹਿਬਜ਼ਾਦੇ, ਪਾਲਿਤ ਜ਼ੋਰਾਵਰ ਸਿੰਘ, ਬਾਬਾ ਬੰਦਾ ਸਿੰਘ ਦੇ ਧਰਮੀ ਸਪੁੱਤਰ ਅਜੈ ਸਿੰਘ, ਵੀਰ ਹਕੀਕਤ ਸਿੰਘ ਨੌਜਵਾਨ ਸ਼ਹੀਦ ਕੂਕਾ, ਅੰਗਰੇਜ਼ੀ ਹਕੂਮ ਵਿਚ ਸ੍ਰੀ ਸਾਹਿਬ ਪਹਿਣ ਕੇ ਅਦਾਲਤ ਵਿਚ ਜੈਕਾਰੇ ਛੱਡਦਾ ਭੁਝੰਗੀ, ਕਾਕਾ ਇੰਦਰਜੀਤ ਸਿੰਘ ਤੇ 1984 ਜੂਨ, 1984 ਨਵੰਬਰ ਤੇ ਇਸ ਮਗਰੋਂ ਕਈ-ਕਈ ਭੁਝੰਗੀ ਸਿੱਖ ਸ਼ਹੀਦੀ ਤਵਾਰੀਖ ਦਾ ਹਿੱਸਾ ਬਣੇ ਹਨ। ਗੁਰੂ ਗੋਬਿੰਦ ਸਿਘ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਸਿੱਖ ਭੁਝੰਗੀਆਂ ਨੂੰ ਅਜਿਹਾ ਵਿਰਸਾ ਤੇ ਅਜਿਹੀ ਗੁੜ੍ਹਤੀ ਦਿੱਤੀ ਕਿ ਉਮਰ ਦੀ ਹਦਬੰਦੀ ਜੂਝਣ ਤੇ ਸ਼ਹੀਦ ਹੋਣ ਦੇ ਰਾਹ ਵਿਚ ਕਦੇ ਵੀ ਕੋਈ ਰੋਕ ਨਾ ਪਾ ਸਕੀ।

ਸ਼ਹੀਦੀ ਦੇਣਾ, ਜੂਝਣਾ, ਦੇਗ਼ ਤੇਗ਼ ਫਤਹਿ ਕਰਨਾ, ਚੜ੍ਹਦੀ ਕਲਾ ਵਿਚ ਰਹਿਣਾ, ਵਾਹਿਗੁਰੂ ਦਾ ਭਾਣਾ ਮਿੱਠਾ ਕਰ ਕੇ ਮੰਨਣਾ ਸਿੱਖ ਕੌਮ ਦਾ ਅਸਲਾ ਹਨ, ਇਸ ਦਾ ਧੁਰਾ ਹਨ। ਸਿੱਖ ਤਵਾਰੀਖ ਇਸ ਫਲਸਫੇ ਨੂੰ ਅਮਲੀ ਜਾਮ ਪਹਿਨਵਾਉਣ ਵਾਲੇ ਕਾਰਨਾਮਿਆਂ ਦਾ ਮੁਜੱਲਮ ਖਜ਼ਾਨਾ ਹੈ।

ਉਂਝ ਤਾਂ ਹਰ ਇਕ ਸਿੱਖ ਸ਼ਹੀਦ ਲਾਸਾਨੀ ਹੈ। ਤੱਤੀ ਤਵੀ ਤੇ ਬੈਠਣਾ, ਦੇਗਾਂ 'ਚ ਉਬਾਲੇ ਜਾਣਾ, ਆਰੇ ਨਾਲ ਚੀਰੇ ਜਾਣਾ, ਬੰਦ-ਬੰਦ ਕਟਵਾਉਣਾ, ਖੋਪਰੀਆਂ ਉਤਰਵਾਉਣੀਆਂ, ਚਰਖੜੀਆਂ ਤੇ ਚੜ੍ਹਨਾ, ਜਿਊਂਦੇ ਅੱਗ ਵਿਚ ਸਾੜੇ ਜਾਣਾ, ਰੇਲ ਗੱਡੀਆਂ ਨੂੰ ਰੋਕਦਿਆਂ ਸ਼ਹੀਦੀਆਂ ਪਾਉਣਾ, ਡਾਂਗਾਂ ਛਾਤੀ ਤੇ ਸਹਾਰਦੇ ਸ਼ਹੀਦ ਹੋਣਾ, ਵਰ੍ਹਦੀਆਂ ਗੋਲੀਆਂ 'ਚ ਛਾਤੀ ਅੱਗੇ ਡਾਹੁਣਾ, ਸਿੱਖ ਪੰਥ ਦੇ ਜੁਝਾਰੂਆਂ ਦੇ ਹਿੱਸੇ ਹੀ ਆਇਆ ਹੈ। ਹਰ ਸਿੱਖ ਸ਼ਹੀਦੀ ਬੇਮਿਸਾਲ ਹੈ, ਕਮਾਲ ਹੈ ਧੰਨ ਹੈ। ਪਰ ਇਸ ਸਭ ਵਿਚੋਂ ਸਭ ਤੋਂ ਲਾਸਾਨੀ ਹੈ ਚਮਕੌਰ ਸਾਹਿਬ ਤੇ ਫ਼ਤਹਿਗੜ੍ਹ ਸਾਹਿਬ (ਸਰਹਿੰਦ) ਵਿਚ ਸ਼ਹੀਦ ਹੋਣ ਵਾਲੇ ਗੁਰੂ ਗੋਬਿੰਦ ਸਿੰਘ ਦੇ ਚਾਰ ਭੁਝੰਗੀਆਂ ਦੀ ਸ਼ਹੀਦੀ। ਇਨ੍ਹਾਂ ਚੌਹਾਂ ਸ਼ਹੀਦੀਆਂ ਨੇ ਸਿੱਖ ਨੌਜਵਾਨ ਦੇ ਜੂਝਣ ਅਤੇ ਸ਼ਹੀਦੀ ਜਾਮ ਪੀਣ ਦੇ ਮਹਲ ਦੀ ਨੀਂਹ ਰੱਖੀ ਸੀ।

ਆਪਣੀ ਕੌਮ ਦੀ ਤਵਾਰੀਖ 'ਤੇ ਮਾਣ ਕਰਨਾ, ਆਪਣੇ ਸ਼ਹੀਦਾਂ ਦੇ ਕਾਰਨਾਮਿਆਂ ਦੀਆਂ

ਸਿਫਤਾਂ ਕਰਨਾ ਅਤੇ ਉਨ੍ਹਾਂ ਦੀਆਂ ਵਾਰਾਂ ਗਾਉਣਾ ਤੇ ਕੌਮ ਦੇ ਤਾਰੀਖਦਾਨਾਂ, ਕਲਮਜ਼ਾਰਾਂ, ਆਗੂਆਂ, ਢਾਡੀਆਂ ਤੇ ਸ਼ਾਇਰਾਂ ਵਾਸਤੇ ਮਾਣ ਵਾਲੀ ਗੱਲ ਹੁੰਦੀ ਹੈ। ਪਰ ਕਿਸੇ ਹੋਰ ਕੌਮ ਦੇ ਸ਼ਹੀਦ ਦੀਆਂ ਵਾਰਾਂ ਲਿਖਣਾ ਤੇ ਗਾਉਣਾ ਨਾ ਆਮ ਗੱਲ ਹੁੰਦੀ ਹੈ। ਭਾਈ ਅੱਲ੍ਹਾਯਾਂਰ ਖਾਂ ਜੋਗੀ ਪੰਜਾਬ ਦਾ ਇਕ ਐਸਾ ਸ਼ਾਇਰ ਹੋਇਆ ਹੈ ਇਸ ਨੇ ਸ਼ਾਹ ਮੁਹੰਮਦ (ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ) ਤੋਂ ਮਗਰੋਂ ਇਹੋ ਜਿਹਾ ਮੁਕਾਮ ਹਾਸਿਲ ਕੀਤਾ ਸੀ, ਪਰ ਉਹ ਸ਼ਾਹ ਮੁਹੰਮਦ ਤੋਂ ਕਿਤੇ ਅੱਗੇ ਲੰਘ ਗਿਆ। ਉਸ ਨੇ ਮੁਸਲਮਾਨ ਸ਼ਹੀਦਾਂ ਹਸਨ ਤੇ ਹੁਸੈਨ ਦੀ ਸ਼ਹਾਦਤ ਨੂੰ ਆਪਣੇ ਜਜ਼ਬਾਤੀ ਵਜੂਦ ਤੇ ਹੰਢਾਇਆ ਸੀ, ਪਰ ਉਸ ਨੂੰ ਜਾਪਿਆ ਕਿ ਗੁਰ ਗੋਬਿੰਦ ਸਿੰਘ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ "ਹੋਰ ਹੀ ਗੱਲ ਹੈ" ਤੇ ਉਸ ਦੇ ਅੰਦਰ ਦਾ ਸ਼ਾਇਰ, ਇਨਸਾਨ, ਪੰਜਾਬੀ ਗੁਰੂ ਦਾ ਸਿੱਖ ਬਣ ਕੇ ਇਨ੍ਹਾਂ ਸ਼ਹੀਦ ਭੁਝੰਗੀਆਂ ਦੀਆਂ ਕੁਰਬਾਨੀਆਂ ਦੀ ਪੇਸ਼ਕਾਰੀ ਕਰਨ ਵਲ ਟੁਰ ਪਿਆ। ਪ੍ਰੋ: ਪੂਰਨ ਸਿੰਘ ਨੇ ਬੋਲ ਲਿਖੇ ਸਨ: "ਪੰਜਾਬ ਜਿਉਂਦਾ ਗੁਰਾਂ ਦੇ ਨਾਂ ਤੇ"। ਮੈਨੂੰ ਜਪਿਆ ਕਿ ਪ੍ਰੋ: ਪੂਰਨ ਸਿੰਘ ਦੀ ਰੂਹ ਕਿਤੇ ਭਾਈ ਅੱਲ੍ਹਾਯਾਰ ਖਾਂ ਜੋਗੀ ਵਰਗਿਆਂ ਨਾਲ ਇਕ ਸੁਰ ਹੋਈ-ਹੋਈ ਸੀ। ਉਸ ਨੂੰ ਸਿਰਫ ਮੀਆਂ ਮੀਰ, ਬੁੱਧੂ ਸ਼ਾਹ, ਸੈਫ਼ ਖਾਂ, ਨਿਹੰਗ ਖਾਂ, ਰਾਏ ਕਲਾ ਹੀ ਨਹੀਂ ਅੱਲ੍ਹਾਯਾਰ ਖਾਂ ਜੋਗੀ ਵੀ ਪੰਜਾਬ ਦੇ ਦਰਿਆਵਾਂ ਵਿਚੋਂ ਉਠਦੀ 'ਜਾਪੁ ਸਾਹਿਬ' ਦੀ ਧੁੰਨ 'ਚ ਮਸਤ ਹੋ ਕੇ ਵਜਦ ਵਿਚ ਆਇਆ ਨਜ਼ਰ ਆਉਂਦਾ ਹੋਵੇਗਾ।

ਅੱਲ੍ਹਾ ਯਾਰ ਖਾਂ ਜੋਗੀ ਨੇ ਚਾਰਾਂ ਸਾਹਿਬਜ਼ਾਦਿਆਂ ਦੀ ਤਵਾਰੀਖ ਸੀਨਾ ਬਸੀਨਾਂ ਟੁਰੀ ਆਉਂਦੀ ਜ਼ਬਾਨੀ ਤਵਾਰੀਖ 'ਚੋਂ ਲਈ ਹੋਵੇਗੀ। ਉਹ ਤਾਰੀਖਦਾਨ ਨਹੀਂ ਸੀ, ਇਕ ਸ਼ਾਇਰ ਸੀ। ਉਸ ਦੇ ਬਿਆਨਾਂ ਚੋਂ ਨਾਵਾਂ ਤਾਰੀਖ਼ਾ ਤੇ ਹਿੰਦਸਿਆ ਦੀਆਂ ਉਕਾਈਆਂ ਮਿਲਣਾ ਵੱਡੀ ਗੱਲ ਨਹੀਂ। ਪਰ ਉਸਦੀ ਸ਼ਾਇਰੀ ਵਿਚ ਕੀਤਾ ਬਿਆਨ, ਪੇਸ਼ ਕੀਤੇ ਜਜ਼ਬਾਤ, ਉਸ ਦੀ ਅਕੀਦਤ, ਉਸ ਦੀ ਮੁਹੱਬਤ, ਉਸ ਦਾ ਦਰਦ, ਉਸ ਦਾ ਵੈਰਾਗ, ਉਸ ਦੀ ਰੂਹਾਨੀਅਤ ਤੇ ਉਸ ਦੇ ਪੰਥ ਪਿਆਰ ਬਾਰੇ ਕੋਈ ਦੋ-ਰਾਵਾਂ ਨਹੀਂ ਹਨ। ਉਨ੍ਹਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਮੈਂ "ਭਾਈ" ਅਲ੍ਹਾ ਯਾਰ ਖਾਂ ਜੋਗੀ ਆਖ ਕੇ ਬੁਲਾਉਣ ਦਾ ਮਾਣ ਹਾਸਿਲ ਕਰ ਰਿਹਾ ਹਾਂ।

ਜੇ ਅਲ੍ਹਾਯਾਰ ਖਾਂ ਜੋਗੀ ਨੇ ਇਨ੍ਹਾਂ ਮਹਾਨ ਭੁਝੰਗੀ ਸ਼ਹੀਦਾਂ ਨੂੰ ਅਕੀਦਤ ਪੇਸ਼ ਕੀਤੀ ਹੈ ਤਾਂ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਆਪਣੀ ਰੂਹ ਦੀਆਂ ਡੂੰਘਾਈਆਂ ਤੋਂ ਉਸ ਵੀਰ ਦੀ ਮੁਹੱਬਤ ਨੂੰ ਸੀਨੇ 'ਚ ਵਸਾ ਕੇ ਉਸ ਦਾ ਕਰਜ਼ਾ ਆਪਣੇ ਸਿਰ ਮੰਨੀਏ।

ਡਾ: ਸੁਖਪ੍ਰੀਤ ਸਿੰਘ ਉਦੋਕੇ ਨੇ ਭਾਈ ਅੱਲ੍ਹਾਯਾਰ ਖਾਂ ਜੋਗੀ ਦੀ ਸੇਵਾ ਨੂੰ ਇਸ ਸ਼ਕਲ ਵਿਚ ਪੇਸ਼ ਕਰ ਕੇ ਇਕ ਆਮ ਪਾਠਕ ਦੀ ਚਿਰੋਕੀ ਜ਼ਰੂਰਤ ਨੂੰ ਪੂਰਿਆ ਕੀਤਾ ਹੈ। ਡਾ: ਉਦੋਕੇ ਨੇ ਇਸ ਕਿਰਤ ਦਾ ਸਿਰਫ ਤਫ਼ਸੀਲ ਨਾਲ ਬਿਆਨ ਹੀ ਨਹੀਂ ਕੀਤਾ ਬਲਕਿ ਇਸ ਕਾਲ ਦੀ ਸਾਰੀ ਦੀ ਸਾਰੀ ਤਵਾਰੀਖ਼ ਨੂੰ ਮੁਜੱਸਮ ਰੂਪ ਵਿਚ ਪੇਸ਼ ਕੀਤੀ ਹੈ। ਇੰਝ ਇਹ ਇਕ ਜਿਲਦ ਵਿਚ ਦੋ ਕਿਤਾਬਾਂ ਬਣ ਅੰਜਾਮ ਹੋਈ ਹੈ। ਇਹ ਭਾਈ ਅੱਲ੍ਹਾ ਯਾਰ ਖਾਂ ਜੋਗੀ ਦੀ ਮੌਲਿਕ ਕਿਰਤ ਵੀ ਹੈ, ਉਸਦੀ ਵਿਆਖਿਆ ਤੇ ਪੂਰਨ ਖਿਆਲ ਵੀ ਹੈ ਤੇ ਅਠਾਰ੍ਹਵੀਂ ਸਦੀ ਦੇ ਪਹਿਲੇ ਛੇ ਸਾਲਾਂ ਦੀ ਤਵਾਰੀਖ ਵੀ ਹੈ।

ਡਾ: ਸੁਖਪ੍ਰੀਤ ਸਿੰਘ ਉਦੋਕੇ ਉਨ੍ਹਾਂ ਚੰਦ ਇਕ ਖੋਜੀਆਂ ਤੇ ਸਕਾਲਰਾਂ ਵਿਚੋਂ ਹਨ ਇਨ੍ਹਾਂ ਦੀ ਕਲਮ ਨੂੰ ਸਿੱਕੇਬੰਦ ਤਵਾਰੀਖ ਪੇਸ਼ ਕਰਨ ਵਾਲੀਆਂ ਕਲਮਾਂ ਵਿਚੋਂ ਇਕ ਹੋਣ ਦਾ ਮਾਣ ਹਾਸਿਲ ਹੈ ਉਨ੍ਹਾਂ ਦੀ ਹਰ ਲਿਖਤ ਤਵਾਰੀਖ਼, ਫਲਸਫਾ, ਦਲੀਲ ਦੀ ਨੀਂਹ ਤੇ ਪੂਰੀ ਉਤਰਦੀ ਹੈ। ਸੱਚ ਪੁੱਛੋ ਤਾਂ ਪਿਛਲੇ ਵੀਹ ਸਾਲਾਂ ਵਿਚ ਸ਼ਾਇਦ ਡਾ: ਉਦੋਕੇ ਹੀ ਇਕੋ-ਇਕ ਨਵੀਂ ਕਲਮ ਹੈ ਜਿਸ ਨੂੰ ਮੈਂ ਸਿੱਖ ਤਵਾਰੀਖ ਲਿਖਣ ਵਾਲਿਆਂ ਦਾ ਵਾਰਿਸ ਸਮਝਦਾ ਹਾਂ। ਵਾਹਿਗੁਰੂ ਕਰੇ ਉਨ੍ਹਾਂ ਵਰਗੇ ਚਾਰ ਪੰਜ ਹੋਰ ਖੋਜੀ ਤੇ ਸਕਾਲਰ ਸਿੱਖ ਪੰਥ ਵਿਚ ਪੈਦਾ ਹੋ ਜਾਣ ਤਾਂ ਮੈਨੂੰ ਜ਼ਮਾਨੇ ਭਰ ਦੀ ਸਭ ਤੋਂ ਵੱਡੀ ਖ਼ੁਸ਼ੀ ਹੋਵੇਗੀ। ਇਸ ਦਾ ਮਾਅਨਾ ਹੋਵੇਗਾ ਕਿ ਹੁਣ ਸਿੱਖ ਤਵਾਰੀਖ ਨਾਲ ਕੋਈ ਜ਼ਿਆਦਤੀ ਨਹੀਂ ਕਰ ਸਕੇਗਾ। ਜਿਉਂਦਾ-ਵਸਦਾ ਤੇ ਪੰਥ ਦੀ ਸੇਵਾ ਕਰਦਾ ਰਹੇ ਮੇਰਾ ਨਿੱਕਾ ਵੀਰ ਡਾ: ਸੁਖਪ੍ਰੀਤ ਸਿੰਘ ਉਦੋਕੇ।

ਹਰਜਿੰਦਰ ਸਿੰਘ 'ਦਿਲਗੀਰ'

ਹਕੀਮ ਮਿਰਜ਼ਾ ਅੱਲਾ ਯਾਰ ਖਾਂ ਜੋਗੀ

ਮੁਗ਼ਲਾਂ ਦੇ ਰਾਜ ਸਮੇਂ ਮਿਰਜ਼ਾ ਅੱਲ੍ਹਾ ਯਾਰ ਖ਼ਾਂ ਜੋਗੀ ਦੇ ਪੂਰਵਜ ਕਿਸ ਦੱਰੇ ਰਾਹੀਂ ਲੰਘ, ਸਿੰਧ ਦਰਿਆ ਟੱਪਕੇ ਹਿੰਦੁਸਤਾਨ ਵਿਚ ਦਾਖਲ ਹੋਏ, ਕਿਵੇਂ ਤੇ ਕਿਉਂ ਦੱਖਣ ਵਿਚ ਵੱਸੇ ਇਸ ਪਛੋਕੜ ਦਾ ਕੋਈ ਥਹੁ ਪਤਾ ਨਹੀਂ ਲੱਗਦਾ। ਕਿਨਾਂ ਚਿਰ ਦੱਖਣ ਵਿਚ ਤੇ ਕਿਥੇ ਕਿਥੇ ਵਾਸ ਕੀਤਾ ਪੱਕੀ ਤਰ੍ਹਾਂ ਦੀ ਕੋਈ ਜਾਣਕਾਰੀ ਹੁਣ ਤੱਕ ਹੱਥ ਨਹੀਂ ਲੱਗੀ। ਹਾਂ ਏਨੀ ਕੁ ਸੂਹ ਮਿਲਦੀ ਹੈ ਕਿ ਜੋਗੀ ਦੇ ਪੂਰਵਜ ਦਖਣੋਂ ਹਿਜ਼ਰਤ ਕਰਕੇ ਲਾਹੋਰ ਚਲੇ ਆਏ ਤੇ ਅਨਾਰਕਲੀ ਲਾਹੋਰ ਵਿਚ ਟਿਕਾਣਾ ਮੱਲਿਆ ਸੀ। ਫਿਰ ਏਥੋਂ ਦੇ ਹੀ ਹੋ ਕੇ ਰਹਿ ਗਏ। ਹੋਰ ਕਾਰ ਵਿਹਾਰ ਨਾਲ ਖਾਨਦਾਨ ਵਿਚ ਹਿਕਮਤ ਦਾ ਕੰਮ ਵੀ ਚਲਦਾ ਰਿਹਾ। ਘਰ ਵਿਚ ਹਮੇਸ਼ਾ ਇਲਮੋ ਅੱਦਬ ਦਾ ਮਾਹੋਲ ਬਣਿਆ ਰਿਹਾ।

ਹਨਫ਼ੀ ਮੁਗਲਮਾਨਾਂ ਦੇ ਚਾਰ ਫਿਰਕੇ ਹਨ। (ਹਨਫ਼ੀ ਉਹ ਮੁਸਲਮਾਨ ਹਨ ਜੋ ਇਮਾਮਿ ਆਜ਼ਮ ਅਬੂ ਹਨੀਫ਼ਾ ਰਹਿਮਤ ਅੱਲਾ ਅਲੈਹਿ ਅਸਲਾਮ ਦੇ ਅਕੀਦੇ ਤੇ ਚਲਦੇ ਹਨ।) ਉਹ ਚਾਰ ਇਹ ਹਨ: ਚਿਸ਼ਤੀਆ, ਕਾਦੀਆ, ਸੁਹਰਾਵਰਦੀਆ ਅਤੇ ਨਕਸ਼ਬੰਦੀਆਂ। ਇਹ ਖਾਨਦਾਨ ਕਾਦੀਆਂ ਸੂਫੀ ਫਿਰਕੇ ਦੇ ਮਾਰਗ 'ਤੇ ਚਲਦੇ ਸਨ। ਭਾਵੇਂ ਇਹ ਚਾਰੇ ਫਿਰਕੇ ਸੁੰਨੀ ਮੁਸਲਮਾਨ ਹਨ। ਪਹਿਲੇ ਤਿਨ ਫਿਰਕੇ ਕੱਟੜਵਾਦ ਤੇ ਤੁਅੱਸਬ ਤੋਂ ਬਾਲਾਤੱਰ ਹਨ। ਕਾਦੀਆ ਫਿਰਕੇ ਵਾਲੇ ਬਿਲਕੁਲ ਸੁਲ੍ਹਾ ਕੁਲ ਸੂਫ਼ੀ ਲੋਕ ਹਨ। ਮੂਲਵਾਦ ਅਤੇ ਤੁਅੱਸਬ ਤੋਂ ਬਿਲਕੁਲ ਰਹਿਤ। ਇਸ ਬਦੀ ਤੋਂ ਕੋਹਾਂ ਦੂਰ। ਲਾਹੋਰ ਦੇ ਲੋਕਾਂ ਵਿਚ ਇਨ੍ਹਾਂ ਲੋਕਾਂ ਨੂੰ ਬੜਾ ਪਿਆਰ ਤੇ ਸਤਿਕਾਰ ਹਾਸਲ ਸੀ।

ਮਿਰਜ਼ਾ ਜੋਗੀ ਜੀ ਨੂੰ ਲਾਹੋਰ ਦਾ ਸਾਹਿਤਕ ਵਾਤਾਵਰਨ ਬੜਾ ਰਾਸ ਆਇਆ ਤਬੀਅਤ ਦਾ ਉਲਾਰ ਮੁਢੋਂ ਹੀ ਸ਼ਾਇਰੀ ਵਲ ਸੀ। ਸ਼ਹਿਰ ਦੇ ਮਾਹੋਲ ਨੇ ਇਸ ਰੱਬੀ ਦੇਣ ਨੂੰ ਹੋਰ ਨਿਖਾਰਤਾ। ਇਸ ਸਮੇਂ ਮੋਲਾਨਾਂ ਹਾਲੀ, ਮੋਲਵੀ ਮੁਹਮਦ ਹੁਸੈਨ ਆਜ਼ਾਦ ਲਾਹੋਰ ਵਿਖੇ ਸਰਕਾਰੀ ਨੋਕਰੀ ਕਰਦੇ ਸਨ। ਦੋਵੇਂ ਉਰਦੂ ਫਾਰਸੀ ਦੇ ਚੋਟੀ ਦੇ ਵਿਦਵਾਨ ਸਨ। ਦੋਵਾਂ ਨੇ ਉਰਦੂ ਬੋਲੀ ਦੇ ਖ਼ਜ਼ਾਨੇ ਨੂੰ ਆਪਣੇ ਕੀਮਤੀ ਜਵਾਰਪਾਰਿਆਂ ਨਾਲ ਮਾਲਾ ਮਾਲ ਕੀਤਾ। ਮੱਸਦਸਿ ਹਾਲੀ (ਅੱਠ ਬੰਦੀ ਨਜ਼ਮ ਜੋ ਕਾਫੀ ਲੰਮੀ ਹੈ) ਜੋ ਮੁਸਲਮਾਨਾਂ ਦੀ ਉਸ ਵੇਰਵੇ ਦੀ ਧਾਰਮਿਕ, ਰਾਜਸੀ ਤੇ ਆਰਥਿਕ ਮੰਦ ਹਾਲੀ ਦੀ ਮੂੰਹ ਬੋਲਦੀ ਤਸਵੀਰ ਹੈ ਨੇ, ਨੇ ਹਾਲੀ ਨੂੰ ਅਮਰ ਬਣਾ ਦਿੱਤਾ। ਆਜ਼ਾਦ ਭਾਵੇਂ ਕਵਿਤਾ ਦੇ ਮੈਦਾਨ ਵਿਚ ਵੀ ਵਿਸ਼ੇਸ਼ ਥਾਂ ਰਖਦਾ ਹੈ, ਪਰ ਉਹ ਵਾਰਤਿਕ ਤਲ ਤੇ ਬੇਜੋੜ ਲਿਖਾਰੀ

ਸੀ। (ਪਿਛੋਂ ਇਕਬਾਲ ਇਥੇ ਆਪਣਾ ਸਥਾਨ ਬਣਾ ਚੁੱਕਾ ਸੀ) ਉਸਤਾਦ ਦਾਗ ਦੇਹਿਲਵੀ ਨੇ ਆਪਣੀ ਕਵਿਤਾ ਰਾਹੀਂ ਉਰਦੂ ਨੂੰ ਹੋਰ ਅਮੀਰ ਕੀਤਾ। ਮੁਨਸ਼ੀ ਪ੍ਰੇਮ ਚੰਦ, ਰਤਨ ਨਾਥ ਸਰਸ਼ਾਰ ਨੇ ਅਫਸਾਨ ਨਵੀਸੀ ਦੀਆਂ ਸਿਖਰਾਂ ਛੋਹ ਲਈਆਂ। ਮਰਸੀਆ ਗੋਈ ਤੇ ਮਰਸੀਆ ਖਾਨੀ ਵਿਚ ਸਾਰੇ ਹਿੰਦੁਸਤਾਨ ਵਿਚ 'ਦਬੀਰ' ਤੇ 'ਅਨੀਸ' ਦੇ ਡੰਕੇ ਵਜ ਰਹੇ ਸਨ। ਸਮੁੱਚੇ ਤੌਰ ਤੇ ਇਨ੍ਹਾਂ ਲਿਖਾਰੀਆਂ ਦਾ ਅਸਰ ਕਲਕੱਤਾ, ਲਖਨਊ, ਅਲਾਹਾਬਾਦ, ਦਿੱਲੀ, ਹੈਦਰਾਬਾਦ ਵਾਂਗ ਲਾਹੌਰ ਦੇ ਅੱਦਬੀ ਮਾਹੌਲ 'ਤੇ ਵੀ ਪਿਆ ਤੇ ਫਿਰ ਇਹ ਅਸਰ ਮਿਰਜ਼ਾ ਅੱਲ੍ਹਾਯਾਰ ਜੋਗੀ ਤੇ ਵੀ ਬੜਾ ਗਹਿਰਾ ਪਿਆ ਜਾਪਦੈ।

ਹੋਰਨਾਂ ਸ਼ਹਿਰਾਂ ਵਾਂਗ ਲਾਹੌਰ ਵਿਚ ਵੀ ਮੁਹਰਮ ਦੇ ਮਹੀਨੇ ਦੇ ਪਹਿਲੇ ਦਸ ਦਿਨਾਂ ਵਿਚ ਹਜ਼ਰਤ ਹੁਸੈਨ ਦੀ ਕਰਬਲਾ ਵਿਖੇ ਯਜ਼ੀਦ ਦੀਆਂ ਫੌਜਾਂ ਹੱਥੋਂ ਸ਼ਹੀਦ ਹੋਣ ਦਾ ਮਾਤਮ ਮਨਾਇਆ ਜਾਂਦਾ। ਮਰਸੀਆਂ ਖਾਨੀ (ਸ਼ਹੀਦ ਬਾਰੇ ਸੋਗ ਮਈ ਤੇ ਕਰੁਣਾ ਰਸ ਵਿਚ ਡੁੱਬੀਆਂ ਕਵਿਤਾਵਾਂ ਪੜ੍ਹਨੀਆਂ) ਦੀਆਂ ਮਹਿਫਲਾਂ ਵਿਚ ਤੇ ਅੱਗੋਂ ਪਿੱਛੋਂ ਉਰਦੂ ਦੇ ਕਵੀ ਦਰਬਾਰਾਂ ਵਿਚ ਜੋਗੀ ਸੀ ਹਿੱਸਾ ਲੈਂਦੇ ਤੇ ਵਾਹ ਵਾਹ ਖਟਦੇ। ਰੱਬ ਨੇ ਆਵਾਜ਼ ਬਹੁਤ ਦਿਲਕਸ਼ ਦਿੱਤੀ ਸੀ। ਆਪਣਾ ਰੰਗ ਖ਼ੂਬ ਜਮਾਉਂਦੇ।

ਸਿੰਘ ਸਭਾ ਲਹਿਰ ਉਠਣ ਕਾਰਨ ਸਿੱਖਾਂ ਵਿਚ ਆਪਣੇ ਧਰਮ ਤੇ ਇਤਿਹਾਸ ਪ੍ਰਤਿ ਜਾਗਰਤੀ ਆ ਰਹੀ ਸੀ। ਸਿੱਖ ਦੀਵਾਨਾਂ ਵਿਚ ਪੰਡਿਤ ਕਥਾਵਾਚਕ ਪੁਰਾਣਾਂ ਦੀਆਂ ਕਲਪਤ ਕਹਾਣੀਆਂ ਸੁਣਾ ਸੁਣਾ ਭੋਲੇ ਭਾਲੇ ਸਿੱਖਾਂ ਵਿਚ ਵਾਹਵਾ ਠੁਕ ਬਣਾਈ ਬੈਠੇ ਸਨ। ਮਾਇਕ ਲੁਟ ਵੀ ਸਿੱਖਾਂ ਦੀ ਕਰਦੇ, ਵਹਿਮ ਭਰਮਾਂ, ਕਰਮ ਕਾਂਡਾਂ ਦੇ ਪਾਖੰਡਾਂ ਦੀ ਜਿਲ੍ਹਣ ਵਿਚ ਸੁਟਦੇ ਤੇ ਸਿੱਖੀ ਤੋਂ ਪ੍ਰੇੜੇ ਕਰਦੇ। ਇਹ ਬੜਾ ਭਿਆਨਕ ਦੌਰ ਸੀ ਪਰ ਸਿੰਘ ਸਭਾ ਦੀ ਲਹਿਰ ਨੇ ਇਨ੍ਹਾਂ ਦੀ ਮੱਕਾਰੀ ਦੇ ਘੁੰਡ ਮਰੋੜ ਦਿੱਤੇ ਪੰਡਤ ਸ਼ਰਧਾ ਰਾਮ ਫਲੌਰੀ ਵਰਗੇ ਗੁਰੂ ਘਰ ਦੇ ਵਿਚੋਂ ਸਟੇਜਾਂ ਤੋਂ ਚਲਦੇ ਕਰਤੇ। ਗੁਜਰਾਤ ਦੇ ਪੰਡਤ ਦਯਾ ਨੰਦ ਦੀ ਚਲਾਈ ਲਹਿਰ ਆਰੀਆ ਸਮਾਜ ਲਹਿਰ ਜਿਸਦਾ ਕੰਮ ਸਾਰੇ ਧਰਮਾਂ ਬਾਰੇ ਜ਼ਹਿਰ ਗੁਲੱਛਣਾ, ਮਾਹੌਲ ਨੂੰ ਫਿਰਕੂ ਅੱਗ ਨਾਲ ਲਾਂਬੂ ਲਾਉਣਾ ਹੀ ਸੀ, ਸਿੱਖਾਂ ਮਗਰ ਹੱਥ ਧੋ ਕੇ ਪੈ ਗਈ। ਮਹਾਨ ਸਿੱਖ ਵਿਦਵਾਨਾਂ ਗਿਆਨੀ ਦਿੱਤ ਸਿੰਘ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਨੇ ਆਰੀਆ ਸਮਾਜ ਦੇ ਸਿੱਖ ਧਰਮ ਵਿਰੁਧ ਅਤੀ ਗਿਰਾਵਟ ਭਰੇ ਤੇ ਘਿਰਨਾ ਯੋਗ ਪ੍ਰਚਾਰ ਦਾ ਮੂਹ ਤੋੜ ਜਵਾਬ ਦੇ ਕੇ ਇਸ ਦੇ ਮੁਹਾਰਥੀਆਂ ਨੂੰ ਸੁੰਨ ਕਰ ਦਿੱਤਾ। ਗਿਆਨੀ ਦਿੱਤ ਸਿੰਘ ਜੀ ਨੇ ਲਾਹੌਰ ਵਿਖੇ "ਸਾਧੂ ਦਯਾ ਨੰਦ ਨੂੰ ਦਬੱਲਿਆ ਕਿ ਉਸ ਨੂੰ ਮੁੜ ਪੰਜਾਬ ਵੜਨ ਦਾ ਹੀਆ ਨਾ ਪਿਆ।

ਹੁਣ ਸਿੱਖ ਸਮਾਗਮਾਂ, ਜੋੜ ਮੇਲਿਆ ਦੇ ਦੀਵਾਨਾਂ ਵਿਚ ਗੁਰਬਾਣੀ ਦੀ ਵਿਆਖਿਆ ਗੁਰ ਇਤਿਹਾਸ, ਖਾਲਸਾ ਪੰਥ ਦੀ ਮੁਗਲਾਂ ਦੇ ਜ਼ੁਲਮੀ ਰਾਜ ਵਿਰੁੱਧ ਸੰਘਰਸ਼ ਤੇ ਕੁਰਬਾਨੀਆਂ ਦਾ ਪ੍ਰਚਾਰ ਹੋਣ ਲੱਗਾ ਢਾਡੀ ਤੇ ਕਵੀਸ਼ਰ ਆਪਣੀ ਕਲਾ ਨਾਲ ਸਿੰਘਾਂ ਦੇ ਸਾਕਿਆਂ ਦੀ ਪੇਸ਼ਕਾਰੀ ਨਾਲ ਸਾਰੇ ਪੰਜਾਬ ਵਿਚ ਗੁੰਜਾਰ ਪੈਣ ਲੱਗੀ ਤੇ ਦੀਵਾਨ ਭਰਨ ਲੱਗੇ।

ਜੋਗੀ ਜੀ ਦਾ ਸਿੱਖੀ ਨਾਲ ਬਹੁਤ ਪਿਆਰ ਸੀ। ਗੁਰੂ ਸਾਹਿਬਾਨ ਵੇਲੇ ਤੇ ਪਿੱਛੋਂ ਦੇ ਸਮੇਂ ਦੇ ਇਤਿਹਾਸ ਵਜੋਂ ਬੜੀ ਡੂੰਘੀ ਜਾਣਕਾਰੀ ਪ੍ਰਾਪਤ ਕਰ ਚੁੱਕੇ ਸਨ। ਉਹ ਪਹਿਲੀ ਵਾਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਉਤੇ ਡੇਰਾ ਸਾਹਿਬ ਲਾਹੌਰ ਵਿਖੇ ਸੱਜੇ ਦੀਵਾਨ ਵਿਚ ਆਪਣੀ ਕਵਿਤਾ, ਜੋ ਬੜੇ ਪਿਆਰ ਤੇ ਸ਼ਰਧਾ ਵਿਚ ਲੀਨ ਹੋ ਕੇ ਲਿਖੀ ਸੀ, ਲੈ ਕੇ ਹਾਜ਼ਰ ਹੋਏ। ਸੰਗਤਾਂ ਨੇ ਬੜੇ ਪਿਆਰ ਸਤਿਕਾਰ ਨਾਲ ਸੁਣਿਆ। ਸ਼ਹਾਦਤ ਸੰਬੰਧੀ ਨਜ਼ਮ ਭਾਵੇਂ ਉਰਦੂ ਵਿੱਚ ਸੀ ਸ੍ਰੋਤਿਆਂ ਦੇ ਹਿਰਦਿਆਂ ਵਿਚ ਉਤਰ ਗਈ, ਬੜੀ ਹੀ ਮਿੱਠੀ ਸੁਰ ਵਿਚ ਜੋਗੀ ਜੀ ਨੇ ਗਾ ਕੇ ਪੜ੍ਹੀ ਸੀ, ਲੋਕਾਂ ਜੋਗੀ ਜੀ ਨੂੰ ਮਾਲਾ ਮਾਲ ਕਰਕੇ ਸਿਰ ਅੱਖਾਂ 'ਤੇ ਚੁੱਕ ਲਿਆ। ਜੋਗੀ ਜੀ ਵਾਸਤੇ ਇਕ ਅਨੋਖਾ ਤਜਰਬਾ ਸੀ।

ਇਸ ਤੋਂ ਪਿੱਛੋਂ ਇਹ ਸਿਲਸਲਾ ਐਸਾ ਚੱਲਿਆ ਕਿ ਮੁੜ ਰੁਕਣ ਵਿਚ ਨਾ ਆਇਆ। ਪਿਆਰ ਤੇ ਸ਼ਰਧਾ ਵਿਚ ਲੀਨ ਹੋ ਕੇ ਲਿਖੀਆ ਆਪਣੀਆਂ ਕਵਿਤਾਵਾਂ ਜੋਗੀ ਜੀ ਸਿੱਖ ਸੰਗਤਾਂ ਵਿਚ ਬੜੇ ਰਸਵਿਭੋਰ ਹੋ ਕੇ ਸੁਰੀਲੀ ਆਵਾਜ਼ ਵਿਚ ਪੜ੍ਹਦੇ ਕਿ ਸ੍ਰੋਤੇ ਨਾਲ ਮੁਗਧ ਹੋ ਜਾਂਦੇ। ਗੁਰੂ ਪਿਆਰ ਵਿਚ ਲੀਨ ਹੋਈਆਂ ਸੰਗਤਾਂ ਜੋਗੀ ਜੀ ਅੱਗੇ ਮਾਇਆ ਦੇ ਢੇਰ ਲਾ ਦੇਂਦੀਆਂ। ਪਿਆਰ ਤੇ ਸਤਿਕਾਰ ਨਾਲ ਵਾਹ ਵਾਹ ਦੀ ਦਾਦ ਵਖਰੀ। ਮਾਇਆ ਪਖੋਂ ਸੰਗਤਾਂ ਜੋਗੀ ਜੀ ਨੂੰ ਬੇਫਿਕਰ ਕਰ ਦਿੱਤਾ। ਉਨ੍ਹਾਂ ਨੂੰ ਥੁੜ ਨੇ ਕਦੀ ਨਾ ਸਤਾਇਆ।

ਮੁਸ਼ਾਇਰਿਆਂ ਤੇ ਮਰਸੀਆਂ ਖਾਨੀ ਦਿਆਂ ਇਕੱਠਾਂ ਵਿਚ ਵਾਹ ਵਾਹ ਦੀ ਜ਼ੁਬਾਨੀ ਕਲਾਮੀ ਦਾਦ ਤਾਂ ਬਹੁਤ ਮਿਲਦੀ। ਪਰ ਲਕਸ਼ਮੀ ਘੁੰਡ ਹੀ ਕਢੀ ਰਖਦੀ। ਜੇ ਕੁਝ ਮਿਲਿਆ ਤਾਂ ਰਸਮੀ ਕਿਰਾਇਆ ਭਾੜਾ। ਇਹ ਪਾਪੀ ਪੇਟ ਨੂੰ ਝੁਲਕਾ ਦੇਣ ਲਈ ਕਾਫੀ ਨਾ ਹੁੰਦਾ। ਇਕੱਲੀ ਜ਼ਬਾਨੀ ਵਾਹ ਵਾਹ ਨਾਲ ਅੱਜ ਤਕ ਕਿਸ ਦਾ ਸਰਿਆ ਹੈ।

ਮਿਰਜ਼ਾ ਜੀ ਸਿੱਖ ਸਮਾਗਮਾਂ ਅਤੇ ਜੋੜ ਮੇਲਿਆਂ ਉਤੇ ਸੱਜਣ ਵਾਲੇ ਦੀਵਾਨਾਂ ਦਾ ਅਟੁੱਟ ਅੰਗ ਬਣ ਗਏ। ਲਾਹੌਰ, ਏਮਨਾਬਾਦ, ਨਨਕਾਣਾ ਸਾਹਿਬ, ਕਰਤਾਰ ਪੁਰ (ਰਾਵੀ ਦੇ ਸੱਜੇ ਕੰਢੇ) ਹੁਣ ਇਹ ਸਾਰੇ ਪਾਕਿਸਤਾਨ ਵਿਚ ਹਨ, ਸ੍ਰੀ ਅੰਮ੍ਰਿਤਸਰ ਸਾਹਿਬ, ਮੁਕਤਸਰ ਸਾਹਿਬ, ਚਮਕੌਰ ਸਾਹਿਬ, ਫਤਹਿਗੜ੍ਹ ਸਾਹਿਬ ਸਰਹਿੰਦ, ਅਨੰਦਪੁਰ ਸਾਹਿਬ ਅਤੇ ਦਿੱਲੀ ਤੱਕ ਇਕੱਠਾ ਵਿਚ ਹਾਜ਼ਰ ਹੋ ਕੇ ਸੰਗਤਾਂ ਨੂੰ ਨਿਹਾਲ ਕਰਦੇ।

ਸ਼ਾਇਰ ਦਾ ਸਿੱਖੀ ਨਾਲ ਪਿਆਰ ਡੁੱਲ ਡੁੱਲ ਪੈਂਦੇ ਜੋ ਬੜਾ ਮਸ਼ਹੂਰ ਸੀ। ਸ੍ਰੀ ਗੁਰੂ ਅਰਜਨ ਦੇਵ, ਸ੍ਰੀ ਗੁਰੂ ਤੇਗ ਬਹਾਦਰ, ਵੱਡੇ ਸਾਹਿਬਜ਼ਾਦਿਆਂ ਦੇ ਚਮਕੌਰ ਸਾਹਿਬ ਵਿਖੇ ਵਿਖਾਏ ਜੰਗੀ ਜੌਹਰ ਤੇ ਪਿਤਾ ਗੁਰੂ ਦੀ ਅੱਖਾਂ ਸਾਮ੍ਹਣੇ ਕਈ ਗੁਣਾਂ ਦੁਸ਼ਮਣ ਨਾਲ ਸਨਮੁਖ ਹੋ ਕੇ ਲੜਦਿਆਂ ਸੂਰਮਿਆਂ ਵਾਂਗ ਪ੍ਰਾਪਤ ਕੀਤੀਆਂ ਸ਼ਹੀਦੀਆਂ ਤੋਂ ਬਹੁਤ ਪ੍ਰਭਾਵਿਤ ਸਨ। ਉਨ੍ਹਾਂ ਇਹ ਵਾਕਿਆਤ ਬੜੀ ਸ਼ਰਧਾ ਨਾਲ ਰਸ ਵਿਭੋਰ ਹੋ ਕੇ ਆਪਣੀ ਵਿਸ਼ੇਸ਼ ਸ਼ੈਲੀ ਵਿਚ ਤਹਿਰੀਰ ਕਰਕੇ ਗੁਰੂ ਅਤੇ ਖਾਲਸਾ ਪੰਥ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਕ ਲੰਮੇ ਅਰਸੇ ਤਕ ਚਮਕੌਰ ਸਾਹਿਬ ਦੇ

ਕੁਰਸੀ ਨਾਮਾ ਗੁਲਾਬ ਸਿੰਘ

ਗੁਰੂ ਹਰਿਗੋਬਿੰਦ ਸਿੰਘ

ਸੂਰਜ ਮੱਲ

ਨੰਦ ਸਿੰਘ

ਦੀਪ ਸਿੰਘ

ਗੁਲਾਬ ਸਿੰਘ   ਸ਼ਾਮ ਸਿੰਘ

ਸੀਸ ਗੰਜ ਦੀ ਸੇਵਾ ਬਖਸ਼ਣ ਉਰੰਤ ਗੁਰੂ ਜੀ ਨੇ ਔਰੰਗਜ਼ੇਬ ਵਲੋਂ ਭੇਜੀ ਕਸਮ ਲੱਗੀ ਕੁਰਾਨ ਭਾਈ ਮੋਹਕਮ ਸਿੰਘ (ਪਿਆਰਾ) ਨੂੰ ਸੰਭਾਲਣ ਵਾਸਤੇ ਦਿੱਤੇ। ਅਨੰਦਪੁਰ ਸਾਹਿਬ ਦੇ ਅੰਦਰ ਇਹ ਫੈਸਲਾ ਲਿਆ ਗਿਆ ਕਿ ਸਾਰੇ ਵਹੀਰ ਨੂੰ ਜੱਥਿਆਂ ਵਿਚ ਵੰਡ ਦਿੱਤਾ ਅਤੇ ਹੁਕਮ ਦਿੱਤਾ ਗਿਆ ਕਿ ਸਾਰੇ ਸਿੰਘ ਸ਼ਿਆਹੀ ਟਿੱਬੀ ਉਪਰ ਇਕੱਠੇ ਹੋਣਗੇ। ਕਿਉਂਕਿ ਇਕ ਤਾਂ ਸ਼ਿਆਹੀ ਟਿੱਬੀ ਅਨੰਦਪੁਰ ਸਾਹਿਬ ਦੀ ਜੂਹ ਤੋਂ ਬਾਹਰ ਸੀ। ਇਹ ਸ਼ਿਆਹੀ ਟਿੱਬੀ ਕੀਰਤਪੁਰ ਸਾਹਿਬ ਤੋਂ ਕੋਈ 6 ਕਿਲੋਮੀਟਰ ਦੱਖਣ ਵਾਲੀ ਬਾਹੀ ਤੇ ਅਨੰਦਗੜ੍ਹ ਕਿਲੇ ਤੋਂ 12 ਕੁ ਕਿਲੋਮੀਟ੍ਰ ਬਾਹਰ ਆ ਕੇ (31^0-11^0N, 76^0-35^0E) ਸਥਿਤ ਸੀ। ਰੁੱਖਾ ਦੀ ਭਰਮਾਰ, ਸੰਘਣਾ ਜੰਗਲੀ ਘਾਹ ਅਤੇ ਹਨੇਰ ਮਈ ਹੋਣ ਕਰਕੇ ਹੀ ਇਸਦਾ ਨਾਮ ਸ਼ਿਆਹੀ ਟਿੱਬੀ ਪਿਆ। ਸ਼ਿਆਹੀ ਟਿੱਬੀ ਤੇ ਪੜਾਅ ਕਰਨ ਦੀ ਵਿਚਾਰ ਵੀ ਇਸ ਕਰਕੇ ਲਿਆ ਗਿਆ ਹੋਵੇਗਾ ਕਿਉਂ ਇਕ ਤਾਂ ਨਿਰਮੋਹਗੜ੍ਹ ਵਿਖੇ ਹੋਈਆਂ ਪਹਿਲੀਆਂ ਲੜਾਈਆਂ ਕਰਕੇ ਸਿੰਘ ਇਸ ਖੇਤਰ ਦੇ ਚੰਗੀ ਤਰ੍ਹਾਂ ਵਾਕਫ ਸਨ ਤੇ ਦੂਸਰਾ ਲੁਕੋਂ ਵਾਸਤੇ ਵਧੀਆ ਜਗ੍ਹਾ ਸੀ। ਹਥੌਤ ਦਾ ਇਲਾਕਾ ਹੋਣ ਕਰਕੇ ਅਨੰਦਗੜ੍ਹ ਤੋਂ ਨਿਕਲਣ ਵਾਲੀਆਂ ਵੱਖ-ਵੱਖ ਪਗਡੰਡੀਆਂ ਜਿਨ੍ਹਾਂ ਤੋਂ ਸਿੰਘ ਭਲੀ ਭਾਂਤ ਵਾਕਿਫ ਸਨ ਰਾਹੀਂ ਇਸ ਟਿੱਬੀ ਤੇ ਅਸਾਨੀ ਨਾਲ ਪਹੁੰਚਿਆ ਜਾ ਸਕਦਾ ਸੀ। ਇਸੇ ਕਰਕੇ ਹੀ ਘੇਰੇ ਤੋਂ ਨਿਕਲਣ ਉਪਰੰਤ ਸ਼ਾਹੀ ਟਿੱਬੀ ਉਪਰ ਹੀ ਇਕੱਠੇ ਹੋਣ ਦਾ ਸਥਾਨ ਮਿਥਿਆ ਗਿਆ।

ਪਰੰਤੂ ਲੱਗਦਾ ਹੈ ਕਿ ਅੰਦਰੋਂ ਸ਼ਿਆਹੀ ਟਿੱਬੀ ਤੇ ਇਕੱਠੇ ਹੋਣ ਉਪਰੰਤ ਚਮਕੌਰ ਵੱਲ ਨੂੰ ਜਾਣ ਦਾ ਫੈਸਲਾ ਵੀ ਲਿਆ ਗਿਆ ਹੋਵੇ। ਵੱਖ ਰਸਤਿਆਂ ਰਾਹੀਂ ਡੇਢ ਪਹਿਰ ਰਾਤ ਗਈ

ਅਨੰਦਗੜ੍ਹ ਦਾ ਕਿਲ੍ਹਾ ਛੱਡ ਦਿੱਤਾ। 40 ਕੁ ਸਿੰਘ ਗੁਰੂ ਸਾਹਿਬ ਦੇ ਨਾਲ ਰਹੇ ਤੇ ਬਾਕੀ ਸਿੰਘਾਂ ਨੇ ਵਹੀਰ ਦੇ ਰੂਪ ਵਿਚ ਪਗਡੰਡੀਆਂ ਰਾਹੀਂ ਸ਼ਿਆਹੀ ਟਿੱਬੀ ਵੱਲ ਨੂੰ ਚਾਲੇ ਪਾ ਦਿੱਤੇ। ਭਾਈ ਉਦੈ ਸਿੰਘ ਜੀ, ਗੁਰੂ ਸਾਹਿਬ, ਭਾਈ ਜੀਵਨ ਸਿੰਘ ਜੀ, ਭਾਈ ਬਚਿੱਤਰ ਸਿੰਘ, ਮਾਤਾ ਗੁਜਰੀ ਜੀ, ਸਾਹਿਬਜ਼ਾਦੇ, ਬੀਬੀ ਸੁਭਿਖੀ, ਬੀਬੀ ਭਿੱਖਾਂ ਅਤੇ ਹੋਰ ਖਾਲਸੇ ਸ਼ਿਆਹੀ ਟਿੱਬੀ ਤੇ ਪਹੁੰਚ ਗਏ ਪਰੰਤੂ ਅਜੇ ਤੱਕ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਭਾਈ ਬੁੱਢਾ ਸਿੰਘ ਜੀ ਨਹੀਂ ਪਹੁੰਚੇ ਸਨ। ਸਿੰਘਾਂ ਦਾ ਇਕੱਠਾ ਹੋਇਆ ਵਹੀਰ ਕਿਸੇ ਵੈਰੀ ਦਲ ਦੇ ਸੂਹੀਏ ਨੇ ਵੇਖ ਲਿਆ ਤੇ ਸ਼ਾਹੀ ਫੌਜ ਨੂੰ ਜਾ ਖਬਰ ਦਿੱਤੀ। ਸ਼ਾਹੀ ਫੌਜ ਦੀ ਆਮਦ ਦੀ ਸੂਹ ਮਿਲਦਿਆਂ ਹੀ ਗੁਰੂ ਸਾਹਿਬ ਨੇ 50 ਸਿੰਘ ਦੇ ਕੇ ਭਾਈ ਉਦੈ ਸਿੰਘ ਨੂੰ ਸ਼ਾਹੀ ਟਿੱਬੀ ਤੇ ਤੈਨਾਤ ਕੀਤਾ ਅਤੇ ਸ਼ਾਹੀ ਫੌਜ ਨੂੰ ਰੋਕਣ ਦਾ ਹੁਕਮ ਦਿੱਤਾ। ਮਾਤਾ ਗੁਜਰੀ ਜੀ, ਛੋਟੇ ਸਾਹਿਬਜ਼ਾਦਿਆਂ ਨੂੰ ਦੁਨਾ ਸਿੰਘ ਹਡੂੰਰੀਆ ਅਤੇ ਉਸਦੀ ਪਤਨੀ ਬੀਬੀ ਸੁਭਿੱਖੀ ਨਾਲ ਚਮਕੌਰ ਵੱਲ ਨੂੰ ਤੋਰ ਦਿੱਤਾ। ਗੁਰੂ ਸਾਹਿਬ ਨੇ ਭਾਈ ਉਦੈ ਸਿੰਘ ਨੂੰ ਹਦਾਇਤ ਕੀਤੀ ਕਿ ਜੇਕਰ ਅਜੀਤ ਸਿੰਘ ਦਾ ਜੱਥਾ ਪਹੁੰਚ ਜਾਵੇ ਤਾਂ ਉਨ੍ਹਾਂ ਨੂੰ ਕਹਿਣਾ ਕਿ ਇਥੇ ਯੁੱਧ ਨਾ ਕਰਨ ਸਗੋਂ ਕੋਟਲਾ ਨਿਹੰਗ ਖਾਨ ਵਿਖੇ ਆ ਜਾਣ। ਭਾਈ ਉਦੈ ਸਿੰਘ ਨੂੰ ਇਹ ਹਦਾਇਤ ਦੇ ਕੇ ਗੁਰੂ ਸਾਹਿਬ ਜਥੇ ਸਮੇਤ ਅੱਗੇ ਤੁਰ ਪਏ ਅਤੇ ਭਾਈ ਜੀਵਨ ਸਿੰਘ (ਜੈਤਾ ਜੀ) ਨੂੰ 100 ਸਿੰਘ ਦੇ ਕੇ ਝੱਖੀਆਂ ਪਿੰਡ ਦੀ ਜੂਹ ਵਿਖੇ ਸਰਸਾ ਦੇ ਕੰਡੇ ਤੇ ਤਾਇਨਾਤ ਕੀਤਾ ਤਾਂ ਜੋ ਦੁਸ਼ਮਣ ਦੇ ਹਮਲੇ ਸਮੇਂ ਵਹੀਰ ਨੂੰ ਸਹੀ ਸਲਾਮਤ ਸਰਸਾ ਪਾਰ ਪਹੁੰਚਾਇਆ ਜਾਵੇ। ਸਰਸਾ ਨਦੀ ਤੋਂ ਪਾਰ ਬਚਿੱਤਰ ਸਿੰਘ ਨੂੰ 100 ਸਿੰਘਾਂ ਦਾ ਜਥਾ ਦੇ ਕੇ ਤਾਇਨਾਤ ਕੀਤਾ ਤਾਂ ਜੋ ਰੋਪੜ ਤੋਂ ਆ ਰਹੀ ਸ਼ਾਹੀ ਫੌਜ ਦਾ ਰਸਤਾ ਰੋਕਿਆ ਜਾ ਸਕੇ। ਖ਼ੁਦ ਗੁਰੂ ਸਾਹਿਬ ਕੋਟਲਾ ਨਿਹੰਗ ਵੱਲ ਨੂੰ ਤੁਰ ਪਏ। ਫੌਜ ਵਹੀਰ ਦਾ ਪਿੱਛਾ ਕਰਦੀ ਹੋਈ ਸ਼ਿਆਹੀ ਟਿੱਬੀ ਤੇ ਪਹੁੰਚ ਗਈ। ਰਾਜਾ ਅਜਮੇਰ ਚੰਦ ਨਾਲ ਗਹਿ ਗੱਚ ਮੁਕਾਬਲਾ ਭਾਈ ਉਦੈ ਸਿੰਘ ਜੀ ਨੇ ਕੀਤਾ ਤੇ ਅੰਤ ਤਕਰੀਬਨ 5 ਘੰਟੇ ਪਹਾੜੀ ਫੌਜ ਨਾਲ ਜੂਝ ਕੇ ਸ਼ਹੀਦ ਹੋ ਗਏ ਭਾਈ ਉਦੈ ਸਿੰਘ ਨੇ ਸ਼ਹਾਦਤ ਸਮੇਂ ਗੁਰੂ ਸਾਹਿਬ ਜੀ ਦੀ ਪੋਸ਼ਾਕ ਪਹਿਨੀ ਹੋਈ ਸੀ ਅਤੇ ਅਜਮੇਰ ਚੰਦ ਨੇ ਭਾਈ ਉਦੈ ਸਿੰਘ ★ ਨੂੰ ਗੁਰੂ ਸਾਹਿਬ ਸਮਝ ਕੇ ਉਨ੍ਹਾਂ ਦਾ ਸੀਸ ਵੱਢ ਕੇ ਰੋਪੜ ਸ਼ਾਹੀ ਫੌਜ ਪਾਸ ਭੇਜ ਦਿੱਤਾ। ਇਸ ਤਰ੍ਹਾਂ ਇਸ ਅਸਥਾਨ ਤੇ ਭਾਈ ਉਦੈ ਸਿੰਘ ਸਮੇਤ 51 ਸਿੰਘਾਂ ਨੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਹੁਣ ਇਸ ਅਸਥਾਨ ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਸ਼ੁਰੂ ਹੈ। ਨੀਹਾਂ ਦੀ ਪੁਟਾਈ ਦੌਰਾਨ ਅਨੇਕਾਂ ਹੱਡੀਆਂ, ਪਿੰਜਰ, ਅਤੇ ਜੰਗ ਨਾਲ ਨਸ਼ਟ ਹੋਏ ਸ਼ਸਤਰ ਮਿਲੇ ਹਨ। ਇਕ ਲੋਹੇ ਦੇ ਸਮਾਂ ਵੱਲ ਸਲੋਤਰ, ਇਹ ਲੋਹ ਵੀ ਖੁਦਾਈ ਦੌਰਾਨ ਮਿਲੀ ਹੈ।

★ਉਦੇ ਸਿੰਘ ਦਾ ਕੁਰਸੀਨਾਮਾ ਅੱਗਲੇ ਪੰਨੇ ਤੇ ਦੇਖੋ

ਕੁਰਸੀਨਾਮਾ ਭਾਈ ਉਦੈ ਸਿੰਘ ਜੀ

ਬੱਲੂ

|

ਮਾਈ ਦਾਸ

|

ਮਨੀ ਸਿੰਘ

|

ਉਦੈ ਸਿੰਘ

ਮਹਿਬੂਬ ਸਿੰਘ ਅਜੂਬ ਸਿੰਘ ਫਤਹਿ ਸਿੰਘ ਅਲਬੇਲ ਸਿੰਘ

ਮੋਹਰ ਸਿੰਘ ਬਾਬ ਸਿੰਘ ਅਨੋਖ ਸਿੰਘ

(ਨੋਟ : ਅੱਗੋਂ ਹੋਰ ਵੀ ਪੀੜ੍ਹੀਆਂ ਅੱਜ ਤੱਕ ਚਲ ਰਹੀਆਂ ਹਨ ਅਤੇ ਕਈ ਪਰਿਵਾਰ ਪਿੰਡ ਸੂਹਰੋ ਜਿਲ੍ਹਾ ਪਟਿਆਲਾ ਵਿਖੇ ਵਸ ਰਹੇ ਹਨ।)

ਸਰਸਾ ਨਦੀ ਪਾਰ ਕਰਦੇ ਸਮੇਂ ਭਾਈ ਜੀਵਨ ਸਿੰਘ★ ਜੀ ਨੇ ਵਹੀਰ ਦੀ ਰੱਖਿਆ ਹੇਤ ਫੌਜ ਨਾਲ ਮੁਕਾਬਲਾ ਕੀਤਾ ਅਤੇ ☬ ਬੀਬੀ ਭਿਖਾਂ ਸਮੇਤ ਝੱਖੀਆਂ ਪਿੰਡ ਦੀ ਜੂਹ ਵਿਖੇ ਮੱਥੇ ਵਿਚ ਗੋਲੀ ਲਗਣ ਨਾਲ ਸ਼ਹਾਦਤ ਪ੍ਰਾਪਤ ਕੀਤੀ।


ਭੱਟ ਵਹੀ ਮੁਲਤਾਨੀ ਸਿੰਧੀ ਵਿਚ ਭਾਈ ਜੀਵਨ ਸਿੰਘ ਜੀ ਦੀ ਸ਼ਹਾਦਤ ਬਾਰੇ ਜਿਕਰ ਹੈ।

ਜੀਵਨ ਸਿੰਘ, ਬੇਟਾ ਆਗਿਆ ਕਾ, ਪੋਤਾ ਦੁੱਲੇ ਕਾ ਬਾਸੀ ਦਿੱਲੀ, ਮੁਹੱਲਾ ਦਿਲਵਾਲੀ ਸਿੱਖਾਂ, ਸੋ ਸਿੱਖਾਂ ਕੋ ਗੈਲ ਲੈ, ਸੰਮਤ ਸਤਰਾਂ ਸੈ ਬਾਸਠ, ਪੱਖ ਮਾਸੇ ਸੁਦੀ ਦੂਜ, ਵੀਰਵਾਰ ਕੇ ਦਿਹੁੰ, ਸਰਸਾ ਨਦੀ ਦੇ ਤੀਰ ਰਾਜਾ ਅਜ਼ਮੇਰ ਚੰਦ ਬੇਟਾ ਭੀਮ ਚੰਦ ਦਾ........ਰਾਣੇ ਕੀ ਫੌਜ ਗੈਲ ਦਸ ਘਰੀ ਜੂਝ ਕੇ ਮਰਾ।

★ਕੁਰਸੀ ਨਾਮਾ ਭਾਈ ਜੀਵਨ ਸਿੰਘ



☬ ਕੁਰਸੀਨਾਮਾ ਬੀਬੀ ਭਿਖਾ :




ਸਰਸਾ ਦੇ ਕੰਡੇ ਨੂੰ ਪਾਰ ਕਰਦਿਆਂ ਸਾਹਿਬ ਅਜੀਤ ਸਿੰਘ ਜੀ ਦੇ ਨਾਲ ਦੇ ਕਾਫੀ ਸਿੰਘ ਸ਼ਹੀਦ ਹੋ ਚੁੱਕੇ ਸਨ, ਕਾਫੀ ਸਿੰਘ ਸਰਸਾ ਦੇ ਤੇਜ ਵਹਾਅ ਦਾ ਮੁਕਾਬਲਾ ਨਾ ਕਰਦੇ ਰੁੜ ਗਏ ਸਨ।

ਮਲਕਪੁਰ ਰੰਗੜਾਂ ਵਿਚ ਭਾਈ ਬਚਿੱਤਰ ਸਿੰਘ ਦਾ ਸ਼ਾਹੀ ਫੌਜ ਨਾਲ ਘਮਸਾਣ ਦਾ ਯੁੱਧ ਹੋਇਆ ਗੁਰੂ ਸਾਹਿਬ ਕੁਝ ਸਿੰਘਾਂ ਸਮੇਤ ਕੋਟਲਾ ਨਿਹੰਗ ਖਾਨ ਸਹੀ ਸਲਾਮਤ ਪਹੁੰਚ ਗਏ। ਮਲਕਪੁਰ ਰੰਗੜਾਂ ਵਿਖੇ ਭਾਈ ਬਚਿੱਤਰ ਸਿੰਘ ਜ਼ਖਮੀ ਹਾਲਤ ਵਿਚ ਪਏ ਸਨ ਤੇ ਬਾਕੀ ਸਿੰਘ ਸ਼ਹੀਦ ਹੋ ਚੁੱਕੇ ਸਨ। ਸਭ ਤੋਂ ਪਿਛੇ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਮਦਨ ਸਿੰਘ, ਭਾਈ ਬੁੱਢਾ ਸਿੰਘ ਦਾ ਜਥਾ ਆ ਰਿਹਾ ਸੀ ਜਦੋਂ ਉਨ੍ਹਾ ਭਾਈ ਬਚਿੱਤਰ ਸਿੰਘ ਨੂੰ ਜ਼ਖਮੀ ਹਾਲਤ ਵਿਚ ਵੇਖਿਆ ਤਾਂ ਉਨ੍ਹਾਂ ਬਚਿੱਤਰ ਸਿੰਘ ਨੂੰ ਕੋਟਲਾ ਨਿਹੰਗ ਖਾਨ ਵਿਖੇ ਲੈ ਆਂਦਾ। ਕੁਝ ਸੋਮਿਆਂ ਅਨੁਸਾਰ ਤਾਂ ਗੁਰੂ ਸਾਹਿਬ ਨੇ ਅੰਮ੍ਰਿਤ ਵੇਲੇ ਦਾ ਨਿਤਨੇਮ ਵੀ ਸਰਸਾ ਦੇ ਕੰਡੇ ਹੋ ਰਹੇ ਘਮਸਾਣ ਦੇ ਯੁੱਧ ਦੌਰਾਨ ਕੀਤਾ।

ਹੁਣ ਗੁਰੂ ਸਾਹਿਬ, ਸਾਹਿਬ ਅਜੀਤ ਸਿੰਘ, ਸਾਹਿਬ ਜੁਝਾਰ ਸਿੰਘ ਅਤੇ 44 ਕੁ ਹੋਰ ਸਿੰਘ ਕੋਟਲਾ ਨਿਹੰਗ ਖਾਨ ਵਿਖੇ ਪਹੁੰਚ ਚੁੱਕੇ ਸਨ। ਨਿਹੰਗ ਖਾਂ ਗੁਰੂ ਘਰ ਦਾ ਸ਼ਰਧਾਲੂ ਸੀ ਅਤੇ ਇਸ ਦਾ ਦਾਦਾ ਸ਼ਮਸ਼ ਖਾਂ ਵੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਿਦਕੀ ਸਿੱਖ ਸੀ। ਭਾਈ ਬਚਿੱਤਰ ਸਿੰਘ ਵੀ ਜ਼ਖਮੀ ਹਾਲਤ ਵਿਚ ਨਿਹੰਗਖਾਨ ਦੇ ਘਰ ਪਿਆ ਹੋਇਆ ਸੀ। ਹਕੀਮਾਂ ਕੋਲੋਂ ਇਲਾਜ ਚੱਲ ਰਿਹਾ ਸੀ ਪਰੰਤੂ ਹਾਲਤ ਐਸੀ ਗੰਭੀਰ ਸੀ ਕਿ ਇਹ ਗੁਰੂ ਸਾਹਿਬ ਨਾਲ ਜਾ ਨਹੀਂ ਸੀ ਸਕਦਾ। ਸਾਰਾ ਦਿਨ ਗੁਰੂ ਸਾਹਿਬ ਨੇ ਕੋਟਲਾ ਵਿਖੇ ਨਿਹੰਗਖਾਨ ਦੇ ਘਰ ਬਿਤਾਇਆ। ਹੁਣ 6 ਦਸੰਬਰ ਦੀ ਸ਼ਾਮ ਪੈ ਚੁੱਕੀ ਸੀ ਗੁਰੂ ਸਾਹਿਬ ਨੇ ਚਮਕੌਰ ਵੱਲ ਜਾਣ ਦਾ ਇਰਾਦਾ ਕੀਤਾ। ਨਿਹੰਗਖਾਨ ਦਾ ਬੇਟਾ ਆਲਮਖਾਨ ਹਨੇਰਾ ਹੋਣ ਕਰਕੇ ਗੁਰੂ ਸਾਹਿਬ ਨੂੰ ਰਸਤਾ ਦਿਖਾਉਣ ਲਈ ਲਖੀਮਪੁਰ ਤੱਕ ਆਇਆ।

ਕੁਰਸੀਨਾਮਾ ਨਿਹੰਗਖਾਨ




ਲਖੀਮਪੁਰ ਤੋਂ ਹੁੰਦੇ ਹੋਏ ਗੁਰੂ ਸਾਹਿਬ ਸ਼ਾਹੀ ਸੜਕ ਤੋਂ ਥੋੜ੍ਹਾ ਲਾਂਭੇ-ਲਾਂਭੇ ਜਾਂਦੇ ਹਨ ਬਾਹਮਣ ਮਾਜਰੇ ਅਤੇ ਫਿਰ ਬੂੜ ਮਾਜਰੇ ਪਹੁੰਚੇ। ਕਾਫੀ ਚਲਣ ਕਰਕੇ ਸਿੰਘ ਕਾਫੀ ਥੱਕ ਚੁੱਕੇ ਸਨ ਅਤੇ ਘੋੜੇ ਵੀ ਬੇਹਾਲ ਹੋ ਚੁੱਕੇ ਸਨ ਅੱਧੀ ਰਾਤ ਦਾ ਸਮਾਂ ਤਕਰੀਬਨ ਹੋ ਚੁੱਕਾ ਸੀ। ਗੁਰੂ ਜੀ ਥੋੜ੍ਹਾ ਜਿਹਾ ਸਮਾਂ ਬੂੜ ਮਾਜਰੇ ਰੁੱਕੇ ਅਤੇ ਇਥੇ ਹੀ ਘੋੜਿਆਂ ਨੂੰ ਪਾਣੀ ਪਿਆਇਆ। (ਇਸ ਦੀ ਯਾਦ ਵਿਚ ਸੁੰਦਰ ਗੁਰੂਦੁਆਰਾ ਸਸ਼ੋਬਿਤ ਹੈ) ਇਥੋਂ ਚੱਲ ਕੇ ਗੁਰੂ ਸਾਹਿਬ ਅਤੇ ਸਿੰਘ ਦੁਘਰੀ, ਟਿੱਬੀ ਦੇ ਰਸਤੇ ਹੁੰਦੇ 7 ਦਸੰਬਰ ਨੂੰ ਹੋਏ ਚਮਕੌਰ ਪਹੁੰਚ ਗਏ।

ਦੂਸਰੇ ਪਾਸੇ ਜਦੋਂ ਦਿਨ ਦਾ ਚੜਾਅ ਹੋ ਗਿਆ ਤਾਂ ਕਿਸੇ ਮੁਖਬਰ ਨੇ ਖਬਰ ਦਿੱਤੀ ਕਿ ਕੋਟਲੇ ਵਿਖੇ ਨਿਹੰਗ ਖਾਨ ਦੇ ਘਰ ਕੁਝ ਸਿੰਘ ਜੋ ਹਕੂਮਤ ਦੇ ਬਾਗੀ ਹਨ ਪਨਾਹ ਲਈ ਬੈਠੇ ਹਨ। ਗੁਰੂ ਸਾਹਿਬ ਅਤੇ ਸਿੰਘ ਤਾਂ ਰਾਤ ਦੇ ਹੀ ਨਿਕਲ ਚੁੱਕੇ ਸਨ ਪਰੰਤੂ ਇਕ ਕੋਠੜੀ ਵਿਚ ਭਾਈ ਬਚਿੱਤਰ ਸਿੰਘ ਜੀ ਜ਼ਖਮੀ ਹਾਲਤ ਵਿਚ ਪਏ ਸਨ। ਇਲਾਕੇ ਦੇ ਹਾਕਮ ਚੋਧਰੀ ਜਾਫਰ ਅਲੀ ਖਾਨ ਨੇ ਨਿਹੰਗ ਖਾਨ ਦੀ ਹਵੇਲੀ ਨੂੰ ਘੇਰ ਲਿਆ ਅਤੇ ਤਲਾਸ਼ੀ ਲੈਣੀ ਆਰੰਭ ਕੀਤੀ। ਜਦੋਂ ਮੰਜੀ ਉਪਰ ਜ਼ਖਮੀ ਹਾਲਤ ਵਿਚ ਪਏ ਬੱਚਿਤਰ ਸਿੰਘ ਜਿਸ ਦਾ ਸਾਰਾ ਸਰੀਰ ਕੱਪੜੇ ਨਾਲ ਢੱਕਿਆ ਹੋਇਆ ਸੀ ਤੇ ਨਿਹੰਗ ਖਾਨ ਦੀ ਬੇਟੀ ਮੁਮਤਾਜ ਖਿਦਮਤ ਕਰ ਰਹੀ ਸੀ, ਬਾਰੇ ਨਿਹੰਗ ਖਾਨ ਤੋਂ ਚੋਧਰੀ ਨੇ ਪੁੱਛਿਆ ਕਿ ਇਹ ਕੌਣ ਹੈ? ਨਿਹੰਗ ਖਾਨ ਨੇ ਜਵਾਬ ਦਿੱਤਾ, "ਮੇਰਾ ਦਮਾਦ ਹੈ, ਕਹੋ ਤਾਂ

ਚਿਹਰਾ ਵਿਖਾ ਦੇਵਾਂ।" ਨਿਹੰਗਖਾਨ ਦੀ ਗੱਲ ਸੁਣ ਕੇ ਚੋਧਰੀ ਦੀ ਤਸੱਲੀ ਹੋ ਗਈ ਤੇ ਮਾਫੀ ਮੰਗ ਕੇ ਚਲਾ ਗਿਆ ਕਿ ਸ਼ਾਇਦ ਸਾਨੂੰ ਕਿਸੇ ਨੇ ਗਲਤ ਇਤਲਾਹ ਦਿੱਤੀ ਹੈ।

ਬਚਿੱਤਰ ਸਿੰਘ ਨੂੰ ਜਦੋਂ ਨਿਹੰਗ ਖਾਨ ਨੇ ਆਪਣਾ ਦਾਮਾਦ ਕਿਹਾ ਤਾਂ ਇਹ ਸੁਣਦਿਆਂ ਹੀ ਉਸਦੀ ਬੇਟੀ ਮੁਮਤਾਜ਼ ਨੇ ਇਹ ਪ੍ਰਣ ਕਰ ਲਿਆ ਕਿ ਹੁਣ ਇਹ ਹੀ ਮੇਰਾ ਪਤੀ ਹੈ, ਵੈਸੇ ਬੀਬੀ ਮਮਤਾਜ਼ ਦੀ ਮੰਗਣੀ ਬੱਸੀ ਪਠਾਣਾ ਦੇ ਇਕ ਨੌਜਵਾਨ ਨਾਲ ਹੋਈ ਸੀ। ਬਚਿੱਤਰ ਸਿੰਘ ਦੀ ਹਾਲਤ ਵਿਚ ਕੋਈ ਸੁਧਾਰ ਨਾ ਹੋਇਆ ਤੇ 8 ਦਸੰਬਰ ਦਿਨ ਸ਼ਨੀਵਾਰ ਨੂੰ ਭਾਈ ਬਚਿੱਤਰ ਸਿੰਘ ਸ਼ਹੀਦ ਹੋ ਗਏ।ਬੀਬੀ ਮੁਮਤਾਜ਼ ਵੀ ਪ੍ਰਣ ਦੀ ਐਸੀ ਪੱਕੀ ਨਿਕਲੀ ਕਿ ਸਾਰੀ ਉਮਰ ਵਿਆਹ ਨਾ ਕਰਵਾਇਆ।

ਭਾਈ ਬਚਿੱਤਰ ਸਿੰਘ ਦਾ ਕੁਰਸੀਨਾਮਾ ਇਸ ਪ੍ਰਕਾਰ ਹੈ।



ਕੁਝ ਅਹਿਮ ਨੁਕਤੇ : ਸਟੇਜ ਉਪਰ ਧਾਰਮਿਕ ਪ੍ਰਚਾਰ ਕਰਨ ਵਾਲੇ ਵੀਰਾਂ ਨੂੰ ਇਸ ਸਵਾਲ ਦਾ ਆਮ ਹੀ ਸਾਹਮਣਾ ਕਰਨਾ ਪੈਂਦਾ ਹੈ ਕਿ ਗੁਰੂ ਸਾਹਿਬ ਦਾ ਪ੍ਰਸ਼ਾਦੀ ਹਾਥੀ, ਘੋੜਾ ਅਤੇ ਬਾਜ਼ ਕਿਧਰ ਗਏ। ਜੇਕਰ ਇਤਿਹਾਸਕ ਪ੍ਰੋਤਾਂ ਦੀ ਸੁਹਿਰਦਤਾ ਨਾਲ ਘੋਖ ਕੀਤੀ ਜਾਵੇ ਤਾਂ ਇਨ੍ਹਾਂ ਦਾ ਜੁਆਬ ਅਸੰਭਵ ਨਹੀਂ ਹੈ। ਭੱਟ ਵਹੀ ਪ੍ਰੋਤਾਂ ਅਨੁਸਾਰ ਜਦੋਂ ਮੁਗਲ ਫੌਜ ਨੇ ਅਨੰਦਗੜ੍ਹ ਦਾ ਘੇਰਾ ਬਹੁਤ ਸਖ਼ਤ ਕਰ ਦਿੱਤਾ, ਬਾਹਰੋਂ ਅੰਨ-ਪਦਾਰਥ ਅਤੇ ਇਥੋਂ ਤਕ ਕਿ ਪਾਣੀ ਵੀ ਪਹੁੰਚਣਾ ਬੰਦ ਹੋ ਗਿਆ ਤਾਂ ਅੰਦਰ ਕਾਫੀ ਘੋੜੇ ਅਤੇ ਪ੍ਰਸ਼ਾਦੀ ਹਾਥੀ ਦਮ ਤੋੜ ਗਏ।

ਅਨੰਦਗੜ੍ਹ ਨੂੰ ਛੱਡਣ ਸਮੇਂ ਗੁਰੂ ਸਾਹਿਬ ਘੋੜੇ ਉਪਰ ਸਵਾਰ ਸਨ। ਕੋਟਲ ਨਿਹੰਗ ਖਾਂ ਤੋਂ ਚਮਕੌਰ ਸਾਹਿਬ ਵੀ ਗੁਰੂ ਸਾਹਿਬ ਘੋੜੇ ਉਪਰ ਹੀ ਸਵਾਰ ਹੋ ਕੇ ਗਏ ਅਤੇ ਚਮਕੌਰ ਸਾਹਿਬ ਤੋਂ ਪਹਿਲਾ ਆਉਂਦੇ ਪਿੰਡ ਬੂੜ-ਮਾਜਰੇ ਵਿਖੇ ਘੋੜਿਆਂ ਨੂੰ ਪਾਣੀ ਪਿਲਾਉਣ ਦਾ ਜ਼ਿਕਰ ਇਤਿਹਾਸਕ ਸ੍ਰੋਤਾਂ ਵਿਚ ਮਿਲਦਾ ਹੈ। (ਇਸ ਦੀ ਯਾਦ ਵਿਚ ਇਕ ਗੁਰਦੁਆਰਾ ਵੀ ਸੁਸ਼ੋਭਿਤ ਹੈ) ਚਮਕੌਰ ਦੇ ਘੇਰੇ ਵਿਚੋਂ ਗੁਰੂ ਸਾਹਿਬ ਪੈਦਲ ਹੀ ਨਿਕਲੇ ਸੋ ਘੋੜਾ ਚਮਕੌਰ ਦੀ ਗੜ੍ਹੀ ਅੰਦਰ ਹੀ ਛੱਡਣਾ ਪਿਆ ਜੋ ਜਾਂ ਤਾਂ ਮੈਦਾਨ-ਏ-ਜੰਗ ਵਿਚ ਫੱਟ ਲੱਗਣ ਸਦਕਾ ਪ੍ਰਾਣ ਦੇ ਗਿਆ ਹੋਵੇਗਾ ਜਾਂ ਮੁਗਲਾਂ ਹੱਥ ਆ ਗਿਆ ਹੋਵੇਗਾ। ਕਨੇਚ ਪਹੁੰਚ ਕੇ ਗੁਰੂ ਸਾਹਿਬ ਨੇ ਇਕ ਫੱਤੇ ਨਾਮਕ ਸ਼ਰਧਾਲੂ ਤੋਂ ਘੋੜੀ ਦੀ ਮੰਗ ਕੀਤੀ ਜਿਸ ਨੇ ਮੁਗਲ ਹਕੂਮਤ ਤੋਂ ਡਰ ਕੇ ਘੋੜੀ ਦੇਣ ਤੋਂ ਇਨਕਾਰ ਕਰ ਦਿੱਤਾ। ਇਥੋਂ ਅੱਗੇ ਕੁਝ ਪਿੰਡਾਂ ਵਿਚ ਦੀ ਹੁੰਦੇ ਹੋਏ ਜਦੋਂ ਆਲਮਗੀਰ ਪਹੁੰਚੇ ਤਾਂ ਭਾਈ ਨਗਾਹੀਆਂ ਨਾਮਕ ਡੁੱਲਟ ਜੱਟ ਨੇ ਗੁਰੂ ਸਾਹਿਬ ਨੂੰ ਇਕ ਘੋੜਾ ਅਤੇ ਇਕ ਜੋੜਾ ਬਖਸ਼ਿਸ਼ ਕੀਤਾ।

ਦੱਖਣ ਦੀ ਯਾਤਰਾ ਵੱਲ ਜਾਂਦਿਆ ਬਾਜ਼ ਗੁਰੂ ਸਾਹਿਬ ਦੇ ਪਾਸ ਸੀ। ਜਦੋਂ ਇਤਮਾਦਪੁਰ ਤੋਂ ਨਰੈਣੂ ਪਿੰਡ ਕੋਲ ਗੁਰੂ ਸਾਹਿਬ ਦਾਦੂ ਰਾਮ ਦੇ ਗੱਦੀ ਨਸ਼ੀਨ ਮਹੰਤ ਜੈਤ ਰਾਮ ਕੋਲ ਪਹੁੰਚੇ। ਗੁਰੂ ਸਾਹਿਬ ਕੋਲ ਆਤਮਿਕ ਅਨੰਦ ਪ੍ਰਾਪਤ ਕਰਨ ਉਪਰੰਤ ਜੈਤਰਾਮ ਨੇ ਗੁਰੂ ਸਾਹਿਬ ਨੂੰ ਭੋਜਨ ਛਕਾਉਣ ਦੀ ਇੱਛਾ ਜ਼ਾਹਰ ਕੀਤੀ ਅਤੇ ਨਾਲ ਹੀ ਜੋਦੜੀ ਕੀਤੀ ਕਿ ਅਸੀਂ ਸ਼ਾਕਾਹਾਰੀ ਸਾਧੂ ਹਾਂ ਤੁਹਾਡੇ ਬਾਜ਼ ਵਾਸਤੇ ਮਾਸ ਦਾ ਇੰਤਜ਼ਾਮ ਨਹੀਂ ਕਰ ਸਕਾਂਗੇ। ਗੁਰੂ ਸਾਹਿਬ ਨੇ ਜੈਤਰਾਮ ਨੂੰ ਕਿਹਾ ਕਿ ਕੋਈ ਗੱਲ ਨਹੀਂ ਅੱਜ ਸਾਡਾ ਬਾਜ਼ ਵੀ ਵੈਸ਼ਨੋ ਭੋਜਨ ਹੀ ਖਾਏਗਾ।

ਮਹੰਤ ਜੈਤ ਰਾਮ ਜੀ ਬਾਜ਼ ਦੇ ਵਾਸਤੇ ਲਹੋਰਾ (ਚੂਰਮਾ) ਲੈ ਕੇ ਆਏ ਅਤੇ ਬਾਜ਼ ਨੇ ਛੱਕਿਆ। ਸੋ ਬਾਜ਼ ਨਾਦੇੜ ਤੱਕ ਗੁਰੂ ਸਾਹਿਬ ਪਾਸ ਹੀ ਰਿਹਾ ਹੋਵੇਗਾ।

1.

ਗੁਰੂ ਸਾਹਿਬ ਅਤੇ ਸਿੰਘਾਂ ਦਾ ਚਮਕੌਰ ਨਗਰ ਵਿਚ ਆਗਮਨ

ਜਿਸ ਦਮ ਹੁਏ ਚਮਕੌਰ ਮੇਂ ਸਿੰਘੋਂ ਕੇ ਉਤਾਰੇ।
ਝੱਲਾਏ ਹੁਏ ਸ਼ੇਰ ਥੇ ਸਭ ਗ਼ੈਜ਼ ਕੇ ਮਾਰੇ।
ਆਖੋਂ ਸੇ ਨਿਕਲਤੇ ਕੇ ਦਲੇਰੋਂ ਕੇ ਸ਼ੱਰਾਰੇ।
ਸਤਿਗੁਰ ਕੇ ਸਿਵਾ ਔਰ ਗ਼ਜ਼ਬਨਾਕ ਥੇ ਸਾਰੇ।
ਗੁੱਸੇ ਸੇ ਨਜ਼ਰ ਪੜਤੀ (ਜਾਤੀ) ਥੀ ਅਫਵਾਜ-ਏ-ਅੱਦੂਅ ਪਰ।
ਤੇਗੇ ਸੇ ਨਿਗਾਹ ਪੜਤੀ ਥੀ ਦੁਸ਼ਮਨ ਕੇ ਗਲੂ ਪਰ।

ਸ਼ਬਦ ਅਰਥ: ਝੱਲਾਏ= ਜੋਸ਼ ਵਿੱਚ, ਗ਼ੈਜ਼= ਗੁੱਸਾ, ਸ਼ਰਾਰੇ= ਅੱਗ ਦੇ ਚੰਗਿਆੜੇ, ਗ਼ਜ਼ਬਨਾਕ= ਗੁੱਸੇ ਨਾਲ ਭਰੇ ਹੋਏ, ਅਫਵਾਜ= ਭਾਰੀ ਗਿਣਤੀ ਵਿੱਚ ਸੈਨਾ, ਅੱਦੂਅ= ਫ਼ੌਜ, ਲਸ਼ਕਰ, ਦੁਸ਼ਮਣ, ਝੱਲਾਏ= ਭਰਿਆ ਪੀਤਾ, ਤੇਗੇ= ਸੂਰਜ ਦੀ ਰੋਸ਼ਨੀ, ਸਿੱਧੀ ਖੜੀ ਚੀਜ਼ ਜਾਂ ਨੱਕ ਦੀ ਸੇਧ, ਤੇਗ (ਇਕ ਖਾਸ ਤਰ੍ਹਾਂ ਦੀ ਕ੍ਰਿਪਾਨ), ਕ੍ਰਿਪਾਨ, ਗਲੂ= ਗਲਘੰਡੀ, ਗਰਦਨ।

ਅਰਥ:- ਸਰਸਾ ਨਦੀ ਦੇ ਕੰਢੇ ਤੇ ਹੋਏ ਘਮਸਾਣ ਦੇ ਯੁੱਧ ਦੌਰਾਨ ਅਤੇ ਸਰਸਾ ਨਦੀ ਦੇ ਵਿਚ ਆਏ ਹੜ੍ਹ ਸਦਕਾ ਪਾਣੀ ਦੇ ਤੀਬਰ ਵੇਗ ਨਾਲ ਹੋਏ ਜਾਨੀ ਤੇ ਮਾਲੀ ਨੁਕਸਾਨ ਉਪਰੰਤ ਗੁਰੂ ਸਾਹਿਬ ਸਰਸਾ ਦੇ ਕੰਢੇ (ਹੁਣ ਨੰਗਲ-ਸਰਸਾ)[1] ਤੋਂ ਰੋਪੜ, ਬਾਹਮਣ ਮਾਜਰਾ, ਬੂੜ ਮਾਜਰਾ, ਦੁੱਘਰੀ ਰਸਤੇ ਹੁੰਦੇ ਹੋਏ ਚਮਕੌਰ[2] ਨਾਮਕ ਪਿੰਡ ਵਿਚ ਪਹੁੰਚੇ। ਸਰਸਾ ਦੇ ਕੰਢੇ ਉਪਰ ਹੋਏ ਘਮਸਾਣ ਯੁੱਧ ਅਤੇ ਹੋਏ ਨੁਕਸਾਨ ਅਤੇ ਮਨ ਅੰਦਰ ਰਣਤੱਤੇ ਵਿਚ ਜੂਝ ਕੇ ਸ਼ਹਾਦਤ ਪ੍ਰਾਪਤ ਕਰਨ ਦੇ ਠਾਠਾਂ ਮਾਰ ਰਹੇ ਜੋਸ਼ ਨਾਲ ਸਿੰਘ ਭਰੇ-ਪੀਤੇ ਪਏ ਸਨ। ਜੋਸ਼ ਦੇ ਨਾਲ ਲੋਹੇ-ਲਾਖੇ ਹੋਏ ਜੁਝਾਰੂਆਂ ਦੀਆਂ ਅੱਖਾਂ ਵਿਚੋਂ ਰੋਹ ਦੀਆਂ ਚਿੰਗਾਰੀਆਂ ਝੜ-ਝੜ ਪੈ ਰਹੀਆਂ ਸਨ। ਕਲਗੀਧਰ ਪਾਤਸ਼ਾਹ ਬੜੇ ਹੀ ਸਹਿਜ ਵਿਚ ਸਨ, ਪਰੰਤੂ ਸਾਥੀ ਸੂਰਮੇ ਰੋਹ ਅਤੇ ਜੋਸ਼ ਨਾਲ ਭਰਪੂਰ ਸਨ।

ਰੋਹ-ਰੁਹੀਲੇ ਹੋਏ ਜਾਂਬਾਜ਼ ਯੋਧਿਆਂ ਦੇ ਮਨ ਅੰਦਰ ਬਾਰ ਬਾਰ ਦੁਸ਼ਮਣ ਨਾਲ ਜੂਝਣ

ਦਾ ਖਿਆਲ ਆ ਰਿਹਾ ਸੀ ਤੇ ਸ਼ਹੀਦੀ ਗਾਨੇ ਬੰਨ ਕੇ ਸ਼ਹਾਦਤ ਦਾ ਜਾਮਿ-ਇਲਾਹੀ ਪੀਣ ਵਾਲਿਆਂ ਦੀਆਂ ਖ਼ੁਮਾਰ ਭਰਪੂਰ ਨਜ਼ਰਾਂ ਦੁਸ਼ਮਣ ਦੀ ਬਹੁਗਿਣਤੀ ਫ਼ੌਜ ਦੀ ਆਮਦ ਉਪਰ ਹੀ ਟਿੱਕੀਆਂ ਹੋਈਆਂ ਸਨ। ਮੈਦਾਨ-ਏ-ਜੰਗ ਵਿਚ ਦੁਸ਼ਮਣ ਦੀ ਰੱਤ ਨਾਲ ਸੂਹਾ ਲਿਬਾਸ ਪਹਿਨਣ ਦੇ ਅਰਮਾਨ ਰੱਖਣ ਵਾਲੀ ਖ਼ਾਲਸਈ ਤੇਗ (ਕ੍ਰਿਪਾਨ) ਦੀ ਨਜ਼ਰ ਆਪਣੀ ਰੱਤ ਪਿਆਸ ਤ੍ਰਿਪਤ ਕਰਨ ਲਈ ਦੁਸ਼ਮਣ ਦੀ ਗੱਲ- ਘੰਢੀ ਉਪਰ ਸੀ।

---

1. ਬਰਸਾਤੀ ਅਤੇ ਠੰਢ ਦਾ ਮੌਸਮ ਹੋਣ ਕਰਕੇ ਸ਼ਿਵਾਲਕ ਪਹਾੜੀਆਂ ਵਿਚੋਂ ਉਪਜਣ ਵਾਲੀ ਬਰਸਾਤੀ ਨਦੀ ਹੜ ਨਾਲ ਭਰਪੂਰ ਸੀ। ਅਨੰਦਪੁਰ ਛੱਡਣ ਸਮੇਂ ਗੁਰੂ ਸਾਹਿਬ ਨੇ ਵਹੀਰ ਨੂੰ ਸੁਰੱਖਿਅਤ ਨਦੀ ਪਾਰ ਕਰਵਾਉਣ ਵਾਸਤੇ ਬਹੁਤ ਹੀ ਸੁੰਦਰ ਯੁਧਨੀਤਕ ਵਿਉਂਤਬੰਦੀ ਕੀਤੀ ਸੀ ਪਰੰਤੂ ਫਿਰ ਵੀ ਪਾਣੀ ਦੇ ਤੀਬਰ ਵੇਗ ਅਤੇ ਦੁਸ਼ਮਣ ਦੀ ਬਹੁਗਿਣਤੀ ਸਦਕਾ ਕਾਫੀ ਨੁਕਸਾਨ ਹੋਇਆ ਸੀ। ਵਹੀਰ ਨੂੰ ਸੁਰੱਖਿਆ ਕਵਚ ਦੇਣ ਵਾਲੇ ਸ਼ਹੀਦ ਹੋਏ ਸਿੰਘਾਂ ਤੇ ਪਰਿਵਾਰ ਦੇ ਵਿਛੋੜੇ ਕਰਕੇ ਇਸ ਅਸਥਾਨ ਉਪਰ ਅਤਿ ਸੁੰਦਰ ਗੁਰਦੁਆਰਾ (ਪਰਿਵਾਰ ਵਿਛੋੜਾ) ਸ਼ਸ਼ੋਭਿਤ ਹੈ। ਕਾਰ ਸੇਵਾ ਕਰਵਾ ਕੇ ਗੁਰੂ-ਖੁਸ਼ੀਆਂ ਪ੍ਰਾਪਤ ਕਰ ਰਹੇ ਗੁਰੂ ਪਿਆਰਿਆਂ ਅਨੁਸਾਰ ਖੁਦਵਾਈ ਦੌਰਾਨ ਇਸ ਅਸਥਾਨ ਤੋਂ ਕਾਫੀ ਹੱਡੀਆਂ, ਅਤੇ ਨਕਾਰਾ ਹੋ ਚੁੱਕੇ ਸ਼ਸ਼ਤਰ ਬਰਾਮਦ ਹੋਏ ਜੋ ਇਸ ਅਸਥਾਨ ਤੇ ਹੋਏ ਘਮਸਾਣ ਯੁੱਧ ਦੀ ਵਿਥਿਆ ਸਣਾਉਂਦੇ ਹਨ।

2. ਗੁਰੂ ਗੋਬਿੰਦ ਸਿੰਘ ਜੀ ਇਕ ਵਾਰ ਜਨਵਰੀ 1703 ਨੂੰ ਵੀ ਇਸ ਨਗਰ ਆ ਚੁੱਕੇ ਸਨ। ਇਸ ਤਰ੍ਹਾਂ ਹੁਣ ਗੁਰੂ ਸਾਹਿਬ ਦੂਸਰੀ ਵਾਰ ਇਸ ਨਗਰ ਤਸ਼ਰੀਫ਼ ਲਿਆਏ ਸਨ। ਇਸ ਤੋਂ ਪਹਿਲਾਂ ਜਦੋਂ ਗੁਰੂ ਸਾਹਿਬ ਜਨਵਰੀ 1703 ਨੂੰ ਕੁਰੂਕਸ਼ੇਤਰ ਗਏ ਸਨ ਤਾਂ ਵਾਪਸੀ ਇਸੇ ਰਸਤੇ ਹੀ ਅਨੰਦਪੁਰ ਸਾਹਿਬ ਨੂੰ ਜਾ ਰਹੇ ਸਨ ਤਾਂ 14 ਜਨਵਰੀ 1703 ਨੂੰ ਚਮਕੌਰ ਦੇ ਅਸਥਾਨ ਉਪਰ ਰਾਜਾ ਅਜਮੇਰ ਚੰਦ ਦੀ ਕੂਟਨੀਤੀ ਤੋਂ ਪ੍ਰਭਾਵਿਤ ਦੋ ਪਠਾਣਾਂ ਸੈਦ ਬੇਗ ਅਤੇ ਅਲਫ਼ਖਾਨ ਨੇ ਕੁਝ ਸਿਪਾਹੀਆਂ ਨਾਲ ਗੁਰੂ ਸਾਹਿਬ ਤੇ ਹਮਲਾ ਕੀਤਾ। ਗੁਰੂ ਸਾਹਿਬ ਦੇ ਜੁਝਾਰੂ ਸੂਰਮਿਆਂ ਦੀ ਤੇਗ ਦੀ ਮਾਰ ਤੇ ਖਾਲਸਈ ਜੋਸ਼ ਅਗੇ ਇਹ ਪਠਾਣ ਠਹਿਰ ਨਾ ਸਕੇ ਤੇ ਜਾਨ ਬਚਾ ਕੇ ਨਿਕਲ ਗਏ। ਕੁਝ ਇਤਿਹਾਸਕ ਸੋਮੇ ਇਸ ਪੱਖ ਦੀ ਪ੍ਰੋੜਤਾ ਕਰਦੇ ਹਨ ਕਿ ਇਸ ਮੁਠਭੇੜ ਦੌਰਾਨ ਜਦੋਂ ਪਠਾਣ ਸੈਦ ਬੇਗ ਗੁਰੂ ਸਾਹਿਬ ਨਾਲ ਹਮਨਜ਼ਰ ਹੋਇਆ ਤਾਂ ਗੁਰੂ ਸਾਹਿਬ ਦੇ ਇਲਾਹੀ ਮੁਖੜੇ ਦੇ ਨੂਰਾਨੀ ਜਾਹੋ-ਜਲਾਲ ਦੀ ਤਾਬ ਨਾ ਝੱਲ ਸਕਿਆ, ਹਿਰਦੇ ਅੰਦਰ ਵੈਰਾਗ ਦਾ ਵਹਾਅ ਵਗ ਤੁਰਿਆ, ਨੇਤਰ ਨੀਰ ਨਾਲ ਸੇਜਲ ਹੋ ਗਏ ਤੇ ਗੁਰ-ਚਰਨਾਂ ਉਪਰ ਸੀਸ ਟਿਕਾ ਦਿੱਤਾ ਅਤੇ ਗੁਰ ਘਰ ਦਾ ਮੁਰੀਦ ਬਣ ਕੇ ਰਹਿ ਗਿਆ।

ਇਸ ਘਟਨਾ ਦੀ ਅਤੇ ਅਸਥਾਨ ਦੀ ਯਾਦ ਵਿਚ ਚਮਕੌਰ ਵਿਖੇ ਗੁਰਦੁਆਰਾ ਰਣਜੀਤਗੜ੍ਹ ਸਾਹਿਬ ਸਸ਼ੋਭਿਤ ਹੈ।

2.

ਕਵੀ ਅਨੁਸਾਰ ਗੁਰੂ ਪਾਤਸ਼ਾਹ ਦਾ ਖਿਆਲ

ਜਬ ਦੂਰ ਸੇ, ਦਰਿਆ ਕੇ ਕਿਨਾਰੇ ਨਜ਼ਰ ਆਏ।
ਡੂਬੇ ਹੂਏ ਸਰਸਾ ਮੇਂ, ਪਿਆਰੇ ਨਜ਼ਰ ਆਏ।
ਯੇਹ ਦੇਖ ਕੇ ਬਿਗੜੇ ਹੂਏ, ਸਾਰੇ ਨਜ਼ਰ ਆਏ।
ਬਿਫ਼ਰੇ ਹੂਏ ਸਤਿਗੁਰ ਕੇ ਦੁਲਾਰੇ ਨਜ਼ਰ ਆਏ।

ਕਹਿਤੇ ਥੇ ਇਜਾਜ਼ਤ ਨਹੀਂ ਹੈ ਹਮੇਂ ਰਨ ਕੀ।
ਮੱਟੀ ਤੱਕ ਉੜਾ ਸਕਤੇ ਹੈਂ, ਦੁਸ਼ਮਨ ਕੇ ਚਮਨ ਕੀ।

ਸ਼ਬਦ ਅਰਥ :- ਬਿਗੜੇ= ਰੋਹ ਵਿਚ, ਬਿਫ਼ਰੇ= ਜਖਮੀ ਸ਼ੇਰ, ਮੌਤ ਦੀ ਪਰਵਾਹ ਨਾ ਹੋਣੀ।

ਅਰਥਾਤ :- ਚਮਕੌਰ ਨਾਮਕ ਨਗਰ ਵਿਚ ਆਗਮਨ ਉਪਰੰਤ ਕਵੀ ਨੇ ਗੁਰੂ ਸਾਹਿਬ ਅਤੇ ਹੋਰਨਾ ਸਿੰਘਾਂ ਦੀ ਮਾਨਸਿਕ ਖਿਆਲ ਉਡਾਰੀ[1] ਦਾ ਸੁੰਦਰ ਚਿਤਰਣ ਕੀਤਾ ਹੈ। ਕਵੀ ਅਨੁਸਾਰ ਗੁਰੂ ਸਾਹਿਬ ਦੇ ਮਨ ਅੰਦਰ ਸਰਸਾ ਦੇ ਕੰਢੇ ਉਪਰ ਹੋਏ ਘੋਰ ਖ਼ੂਨੀ ਯੁੱਧ ਦਾ ਖਿਆਲ ਉਪਜਿਆ। ਸਰਸਾ ਦੇ ਕੰਢੇ ਉਪਰ ਹੋਏ ਘਮਸਾਣ ਯੁੱਧ ਦਾ ਸਾਰਾ ਨਜ਼ਾਰਾ ਗੁਰੂ ਸਾਹਿਬ ਦੇ ਨੇਤਰਾਂ ਸਨਮੁੱਖ ਘੁੰਮ ਰਿਹਾ ਸੀ। ਅਨੇਕਾਂ ਸਿੰਘ ਸੂਰਮੇ ਜਾਮੇ ਸ਼ਹਾਦਤ ਪੀ ਚੁੱਕੇ ਸਨ ਤੇ ਕੁਝ ਪਾਣੀ ਦੇ ਤੀਬਰ ਵੇਗ ਸਦਕਾ ਤੂਫਾਂਜਦਾ ਨਦੀ ਦੀ ਭੇਂਟ ਚੜ੍ਹ ਚੁੱਕੇ ਸਨ। ਇਸ ਸਾਰੇ ਖਿਆਲ ਨੂੰ ਤਸੱਵਰ ਕਰਨ ਉਪਰੰਤ ਜਦੋਂ ਗੁਰੂ ਸਾਹਿਬ ਨੇ ਨਾਲ ਚਮਕੋਰ ਪਹੁੰਚੇ ਸਿੰਘਾਂ ਦੇ ਨੂਰਾਨੀ ਚਿਹਰਿਆਂ ਨੂੰ ਤੱਕਿਆ ਜੋ ਰੋਹ ਤੇ ਜੋਸ਼ ਨਾਲ ਭਰਪੂਰ ਸਨ। ਮੈਦਾਨ ਜੰਗ ਵਿਚ ਸ਼ਹਾਦਤ ਦਾ ਜ਼ਾਮ ਪੀਣ ਦੀਆਂ ਇਲਾਹੀ ਖੁਮਾਰੀਆਂ ਨਾਲ ਨੇਤਰ ਚਮਕ ਰਹੇ ਸਨ। ਕਲਗੀਧਰ ਪਾਤਸ਼ਾਹ ਦੇ ਦੋ ਵੱਡੇ ਸਾਹਿਬਜਾਦੇ ਜੋ ਨਜ਼ਦੀਕ ਖੜ੍ਹੇ ਸਨ ਜਦੋਂ ਉਨ੍ਹਾਂ ਵੱਲ ਤੱਕਿਆ ਤਾਂ ਰੂਹ ਰੁਹੀਲੇ ਹੋਏ ਜੋਸ਼ ਨਾਲ ਭਰਪੂਰ ਸੂਰਮੇ ਜਖ਼ਮੀ ਸ਼ੇਰਾਂ ਵਾਂਗ ਪ੍ਰਤੀਤ ਹੋ ਰਹੇ ਸਨ। ਇੰਝ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਸਾਹਿਬਜ਼ਾਦੇ ਕਹਿ ਰਹੇ ਹੋਣ ਕਿ ਹੇ ਪਾਤਸ਼ਾਹ ! ਆਪ ਜੀ ਨੇ ਸਾਨੂੰ ਯੁੱਧ ਕਰਨ ਦਾ ਹੁਕਮ ਹੀ ਨਹੀਂ ਦਿੱਤਾ[2] ਜੇਕਰ ਆਪ ਸਾਨੂੰ ਨਿਮਾਣਿਆਂ ਨੂੰ ਮੈਦਾਨ-ਏ-ਜੰਗ ਵਿਚ ਜੂਝਣ ਦੀ ਆਗਿਆ ਬਖਸ਼ਿਸ਼ ਕਰਦੇ ਤਾਂ ਅਸੀਂ ਦੁਸ਼ਮਣ ਦੀਆਂ ਜੜ੍ਹਾਂ ਪੁੱਟ ਕੇ ਰੱਖ ਦੇਣੀਆਂ ਸਨ।

1. ਇਹ ਕਾਵਿ-ਟੋਟਾ (ਸਰਸਾ ਦੇ ਕਿਨਾਰੇ ਨਜ਼ਰ ਆਉਣਾ) ਕਵੀ ਦੀ ਖਿਆਲ ਉਡਾਰੀ ਹੀ ਪ੍ਰਤੀਤ ਹੁੰਦੀ ਹੈ ਜਿਸ ਨੂੰ ਇਸ ਕਾਵਿ-ਬੰਦ ਵਿਚ ਗੁਰ ਸਾਹਿਬ ਨਾਲ ਜੋੜਿਆ ਗਿਆ ਹੈ ਕਿਉਂਕਿ ਵੈਸੇ ਸਰਸਾ ਤੋਂ ਚਮਕੌਰ ਦੀ ਦੂਰੀ ਏਨੀ ਹੈ ਕਿ ਚਮਕੌਰ ਤੋਂ ਸਰਸਾ ਦੇ ਕੰਢੇ ਦਾ ਨਜ਼ਰ ਆਉਣਾ ਨਾ-ਮੁਮਕਿਨ ਹੈ।

2. ਸਾਹਿਬਜ਼ਾਦਾ ਅਜੀਤ ਸਿੰਘ ਜੀ ਇਸ ਤੋਂ ਪਹਿਲਾਂ ਅਨੰਦਪੁਰ ਸਾਹਿਬ ਵਿਖੇ ਹੋਈਆਂ ਕਈ ਲੜਾਈਆਂ ਅਤੇ ਪਹਾੜੀਆਂ ਨਾਲ ਹੋਈਆਂ ਝੜਪਾਂ ਵਿਚ ਬਹਾਦਰੀ ਨਾਲ ਹਿੱਸਾ ਲੈ ਚੁੱਕੇ ਸਨ। ਗੁਰੂ ਸਾਹਿਬ ਵਲੋਂ ਯੁੱਧ ਦੀ ਇਜ਼ਾਜ਼ਤ ਨਾ ਦੇਣ ਦਾ ਵਿਚਾਰ ਕੋਈ ਬਹੁਤਾ ਠੋਸ ਪ੍ਰਤੀਤ ਨਹੀ ਹੁੰਦਾ ਪਰ ਇਕ ਨੁਕਤਾ ਨਿਗਾਹ ਤੋਂ ਇਸ ਪੱਖ ’ਤੇ ਵਿਚਾਰ ਜ਼ਰੂਰ ਕੀਤਾ ਜਾ ਸਕਦਾ ਹੈ ਜੋ ਕਿ ਭੱਟ ਵਾਹੀ ਸੂਤਾਂ ਉਪਰ ਅਧਾਰਿਤ ਹੈ।

“ਅਨੰਦਪੁਰ ਦੀ ਜੂਹ ਤੋਂ ਬਾਹਰ ਆ ਕੇ ਗੁਰੂ ਸਾਹਿਬ ਨੇ ਸ਼ਾਹੀ ਟਿੱਬੀ ਉਪਰ ਟਿਕਾਣਾ ਕੀਤਾ। ਇਸ ਅਸਥਾਨ ਉਪਰ ਗੁਰੂ ਸਾਹਿਬ ਨੂੰ ਗੁਪਤ ਸੂਚਨਾ ਪ੍ਰਾਪਤ ਹੋਈ ਕਿ ਪਹਾੜੀ ਫ਼ੌਜਾਂ ਪਿੱਛੇ ਚੜ੍ਹ ਆਈਆਂ ਹਨ। ਗੁਰੂ ਸਾਹਿਬ ਨੇ ਵਹੀਰ ਨੂੰ ਅੱਗੇ ਤੋਰਿਆ ਅਤੇ ਭਾਈ ਊਦੇ ਸਿੰਘ (ਸਪੁੱਤਰ ਭਾਈ ਮਨੀ ਸਿੰਘ) ਨੂੰ ਆਪਣੀ ਪੁਸ਼ਾਕ ਬਖਸ਼ੀ ਅਤੇ 50 ਸਿੰਘ ਨਾਲ ਦੇ ਕੇ ਸ਼ਾਹੀ ਟਿੱਬੀ ਤੇ ਡੱਟਣ ਅਤੇ ਮੁਗਲ ਫ਼ੌਜਾਂ ਨਾਲ ਜੂਝਣ ਦਾ ਹੁਕਮ ਦਿੱਤਾ ਅਤੇ ਨਾਲ ਹੀ ਹੁਕਮ ਕੀਤਾ ਕਿ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਬੁੱਢਾ ਸਿੰਘ, ਭਾਈ ਮਦਨ ਸਿੰਘ ਆਦਿ ਜੋ ਪਿੱਛੇ ਆ ਰਹੇ ਹਨ ਉਨ੍ਹਾਂ ਨੂੰ ਕ. ਣਾ ਉਹ ਇਸ ਜਗ੍ਹਾ ਨਾ ਰੁਕਣ ਬਲਕਿ ਸਰਸਾ ਪਾਰ ਕਰਕੇ ਕੋਟਲਾ ਨਿਹੰਗ ਵੱਲ ਆ ਜਾਣ।”

3.

ਤੂਫ਼ਾਂ-ਜ਼ਦਾ ਦਰਿਆ ਕੋ ਅਭੀ ਪਾਰ ਕਰੇਂਗੇ।
ਠੋਕਰ ਸੇ ਹਰ ਇਕ ਮੌਜ ਕੋ ਹਮਵਾਰ ਕਰੇਂਗੇ।
ਬਦ-ਅਹਿਦ ਸਿਤਮਗਾਰੋ ਸੇ ਪੈਕਾਰ ਕਰੇਂਗੇ।
ਹਮ ਦੋਨੋਂ ਹੀ ਦਸ ਲਾਖ ਕੋ ਫ਼ਿੱਨਾਰ ਕਰੇਂਗੇ।

ਦਾਦੀ ਹੈ ਕਿਧਰ, ਮਾਂਏਂ ਕਿਧਰ, ਭਾਈ ਕਹਾਂ ਹੈਂ?
ਆਖੋਂ ਸੇ ਕਈ ਖਾਲਸੇ ਪਿਆਰੇ ਭੀ ਨਿਹਾਂ ਹੈਂ।

ਸ਼ਬਦ ਅਰਥ:- ਤੂਫ਼ਾਂ-ਜ਼ਦਾ= ਹੜ੍ਹ ਨਾਲ ਠਾਠਾਂ ਮਾਰ ਰਹੇ, ਠੋਕਰ- ਸੱਟ, ਚੋਟ ਮੌਜ- ਪਾਣੀ ਦੀ ਲਹਿਰ, ਹਮਵਾਰ-ਸਾਫ਼ ਕਰਨਾ, ਪੱਧਰਾ ਕਰਨਾ, ਇਕੋ ਜਿਹਾ, ਬਦ ਅਹਿਦ- ਇਕਰਾਰ ਨਾਂ ਪੂਰਾ ਕਰਨ ਵਾਲੇ, ਸਿਤਮਗਾਰ- ਜ਼ੁਲਮ ਕਰਨ ਵਾਲੇ, ਪੈਕਾਰ- ਯੁੱਧ, ਫ਼ਿੱਨਾਰ- ਨਰਕ ਦੀ ਅੱਗ ਵਿਚ ਸੁੱਟਣਾ, ਤਬਾਹੀ ਦੀ ਅੱਗ, ਨਿਹਾਂ- ਉਹਲੇ, ਲੁਕੇ ਹੋਏ।

ਅਰਥਾਤ:- ਕਵੀ ਦੇ ਖ਼ੁਸ਼ਬੂ ਬਿਖੇਰਦੇ ਇਹ ਕਾਵਿ ਟੋਟੇ ਸਾਹਿਬਜ਼ਾਦਿਆਂ ਦੀ ਚੜ੍ਹਦੀ ਕਲ੍ਹਾ, ਦ੍ਰਿੜਤਾ ਅਤੇ ਅਗੰਮੀ ਨਾਮ ਖ਼ੁਮਾਰੀ ਦਾ ਜ਼ਿਕਰ ਕਰਦੇ ਹਨ ਕਿ ਪਿਤਾ ਜੀਓ, ਇਹ ਜਿਹੜੀ ਹੜ੍ਹ ਵਾਂਗ ਦੁਸ਼ਮਣਾਂ ਦੀ ਫ਼ੌਜ ਸਾਡੇ ਉਪਰ ਚੜ੍ਹਾਈ ਕਰਕੇ ਆ ਰਹੀ ਹੈ ਅਸੀਂ ਪਲ ਭਰ ਵਿਚ ਹੀ ਇਸ ਨੂੰ ਖਿੰਡਾ ਕੇ ਰੱਖ ਦੇਵਾਂਗੇ। ਆਪ ਜੀ ਦੀ ਬਖਸ਼ਿਸ਼ ਹੋਈ ਤਾਂ ਇਸ ਫ਼ੌਜ ਦੇ ਵਹਾਅ ਦਾ ਜੋ ਪਾਣੀ ਦੀਆਂ ਲਹਿਰਾਂ ਵਾਂਗ ਠਾਠਾਂ ਮਾਰਦਾ ਆ ਰਿਹਾ ਹੈ, ਮਾੜੀ ਜਿਹੀ ਠੋਕਰ ਨਾਲ ਹੀ ਸਾਫ਼ ਕਰ ਦੇਵਾਗੇ। ਇਹ ਇਕਰਾਰ ਨਾ ਪੂਰਾ ਕਰਨ ਵਾਲੇ, ਜ਼ੁਲਮੀ ਜੋ ਅਹਿਸਾਨਫਰਾਮੋਸ਼[1] ਅਤੇ ਕੌਲ ਤੋਂ ਭੱਜੇ ਹੋਏ ਹਨ, ਅਸੀਂ ਇਨ੍ਹਾਂ ਨਾਲ ਮੈਦਾਨ-ਏ-ਜੰਗ ਵਿਚ ਜੂਝਾਂਗੇ। ਆਪ ਜੀ ਦਾ ਮਿਹਰ ਭਰਿਆ ਅਸ਼ੀਰਵਾਦ ਅਗਰ ਅਸਾਡੇ ਸੀਸ ਤੇ ਹੋਵੇ ਤਾਂ ਅਸੀਂ ਦੋਵੇਂ ਹੀ ਦਸ ਲੱਖ ਫ਼ੌਜ[2] ਨੂੰ ਨਰਕ ਦੀ ਅੱਗ ਵਿਚ ਝੋਕ ਸਕਦੇ ਹਾਂ।

ਫਿਰ ਸਾਹਿਬਜ਼ਾਦਿਆਂ ਨੇ ਪਿਤਾ ਗੁਰੂ ਨੂੰ ਬੜਾ ਭਾਵੁਕ ਹੋ ਕੇ ਪੁਛਿਆ, ਕਿ ਪਿਤਾ ਜੀ ਦਾਦੀ ਜੀ (ਮਾਤਾ ਗੁਜਰੀ ਜੀ) ਕਿਧਰ ਗਏ ਹੋਣਗੇ, ਮਾਤਾ ਜੀ (ਸਾਹਿਬ ਕੌਰ, ਸੁੰਦਰ ਕੌਰ) ਅਤੇ ਛੋਟੇ ਵੀਰ ਵੀ ਨਜ਼ਰ ਨਹੀਂ ਆ ਰਹੇ ਹਨ।

ਜਾਨ ਤੋਂ ਪਿਆਰੇ ਕਈ ਖ਼ਾਲਸੇ[3] ਵੀ ਨਜ਼ਰ ਨਹੀਂ ਆ ਰਹੇ ਹਨ।

---

1. ਇਥੇ ਪਹਾੜੀ ਰਾਜਿਆਂ ਅਤੇ ਮੁਗ਼ਲ ਸੇਨਾਵਾਂ ਪ੍ਰਤੀ ਬਦ-ਅਹਿਦ ਸ਼ਬਦ ਇਸ ਕਰਕੇ ਵਰਤਿਆ ਗਿਆ ਹੈ ਕਿਉਂਕਿ ਪਹਿਲਾਂ ਤਾਂ ਪਹਾੜੀ ਰਾਜਿਆਂ ਨੇ ਗਊ ਅਤੇ ਯਗਯੋਪਵਿਤ (ਜਨੇਊ) ਦੀ ਕਸਮ ਖਾਧੀ ਕਿ ਆਪ ਅਨੰਦਪੁਰ ਛੱਡ ਜਾਉ ਆਪ ਜੀ ਉਪਰ ਹਮਲਾ ਨਹੀਂ ਕੀਤਾ ਜਾਵੇਗਾ। ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਦਾ ਇਮਾਨ ਪਰਖਣ ਵਾਸਤੇ ਕੁਝ ਗੱਡਿਆਂ ਉਪਰ ਵਾਧੂ ਸਮਾਨ, ਕੂੜਾ ਕਰਕਟ ਆਦਿ ਲੱਦ ਕੇ ਅਨੰਦਗੜ੍ਹ ਤੋਂ ਬਾਹਰ ਰਵਾਨਾ ਕੀਤਾ ਤਾਂ ਪਹਾੜੀ ਸਿਪਾਹੀਆਂ ਨੇ ਉਸ ਉਪਰ ਹਮਲਾ ਕੀਤਾ ਤੇ ਸ਼ਰਮਸਾਰ ਹੋ ਕੇ ਪਿਛਾਂਹ ਮੁੜੇ।

ਉਸ ਤੋਂ ਉਪਰੰਤ ਸ਼ਾਹੀ ਕਾਜੀ ਵੀ ਕੁਰਾਨ ਦੀ ਜਿਲਦ ਉਪਰ ਜੋੜੀ ਹੋਈ ਕਸਮ ਲੈ ਕੇ ਹਾਜ਼ਰ ਹੋਇਆ ਸੀ। ਜਿਸ ਉਪਰ ਔਰੰਗਜ਼ੇਬ ਵਲੋਂ ਲਿਖਿਆ ਸੀ,

"ਕਿਹਤਸ਼ਰੀਫ ਦਰ ਕਸਬਹ ਕਾਂਗੜ ਕੁੱਨਦ।
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵੱਦ।" (੫੮)
ਬਯਾ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ।
ਬਰੂਏ ਸ਼ੁਮਾ ਮਿਹਰਬਾਨੀ ਕੁਨੇਮ। (੬੦)

ਅਰਥਾਤ:- ਗੁਰੂ ਜੀ ਤੁਸੀਂ ਅਨੰਦਪੁਰ ਨੂੰ ਛੱਡ ਕੇ ਕਾਂਗੜ ਦੇ ਇਲਾਕੇ (ਜ਼ਫ਼ਰਨਾਮਾ) ਵੱਲ ਆ ਜਾਉ, ਆਪ ਜੀ ਨਾਲ ਮੁਲਾਕਾਤ ਹੋ ਜਾਵੇਗੀ, ਦੋਵੇਂ ਜਾਣੇ ਬੈਠ ਕੇ ਆਪਸ ਵਿਚ ਵਿਚਾਰ ਵਟਾਂਦਰਾ ਕਰਾਂਗੇ ਤੇ ਆਪ ਜੀ ਵਲੋਂ ਉਠਾਏ ਹਰ ਮੁੱਦੇ ਉਪਰ ਹਮਦਰਦੀ ਨਾਲ ਗੌਰ ਕੀਤਾ ਜਾਵੇਗਾ।

ਪਰੰਤੂ ਇਸ ਕੁਰਾਨੀ ਕਸਮ ਨੂੰ ਨਜਰ ਅੰਦਾਜ਼ ਕਰਦਿਆਂ ਮੁਗਲਈ ਫ਼ੌਜ ਨੇ ਗੁਰੂ ਸਾਹਿਬ ਉਪਰ ਹੱਲੇ ਕੀਤੇ।

2. ਅਨੰਦਪੁਰ ਸਾਹਿਬ ਛੱਡਣ ਉਪਰੰਤ ਮੁਗ਼ਲ, ਰੰਗੜ, ਤੁਰਕ, ਪਹਾੜੀ ਫ਼ੌਜ ਦੀ ਗਿਣਤੀ ਜੋ ਗੁਰੂ ਸਾਹਿਬ ਦਾ ਅਤੇ ਸਿੰਘਾਂ ਦਾ ਪਿੱਛਾ ਕਰ ਰਹੀ ਸੀ ਬਹੁਤ ਸੀ ਪਰੰਤੂ ਦਾਅਵੇ ਨਾਲ ਦਸ-ਲੱਖ ਕਹਿਣਾ ਵਾਜ਼ਿਬ ਨਹੀਂ ਲਗਦਾ ਹੈ। ਕੁਝ ਲਿਖਾਰੀਆਂ ਨੇ ਜ਼ਫ਼ਰਨਾਮੇ ਵਿਚ ਵਰਤੇ ਇਸ ਅਲੰਕਾਰਕ ਸ਼ਬਦ ਨੂੰ ਹਕੀਕਤ ਮੰਨ ਕੇ ਹੀ ਹਮਲਾਵਰ ਫ਼ੌਜ ਦੀ ਗਿਣਤੀ ਤਸੱਵਰ ਕੀਤੀ ਹੈ,

ਗੁਰ ਸਨਹ ਚਿਹ ਕਾਰਿ ਕੁਨੱਦ ਚਿਹਲਨਰ।
ਕਿਹ ਦਹ ਲਕ ਬਰਾਯਦ ਬਰੋ ਬੇਖ਼ਬਰ। (੧੯)

ਅਰਥਾਤ :- ਚਾਲੀ ਭੁੱਖੇ ਇਨਸਾਨ ਕੀ ਕਰ ਸਕਦੇ ਸਨ ਜਦੋਂ ਉਨ੍ਹਾਂ ਉਪਰ ਅਚਾਨਕ ਅਣਗਿਣਤ 'ਦੱਸ ਲੱਖ' ਫ਼ੌਜ ਟੁੱਟ ਕੇ ਪੈ ਗਈ।

3. ਅਨੰਦਪੁਰ ਸਾਹਿਬ ਤੋਂ ਨਿਕਲਦਿਆਂ ਹੀ ਸ਼ਾਹੀ ਟਿੱਬੀ ਉਪਰ ਭਾਈ ਉਦੈ ਸਿੰਘ ਜੀ ਸਮੇਤ 51 ਸਿੰਘ, ਪਿੰਡ ਝੱਖੀਆਂ ਦੀ ਜੂਹ (ਕੰਡਾ ਸਰਸਾ) ਵਿਖੇ ਭਾਈ ਜੀਵਨ ਸਿੰਘ, ਬੀਬੀ ਭਿੱਖਾਂ (ਪਤਨੀ ਭਾਈ ਆਲਮ ਸਿੰਘ) ਤੇ 100 ਸਿੰਘ, ਸਰਸਾ ਨਦੀ ਤੋਂ ਪਾਰ 100 ਦੇ ਕਰੀਬ ਸਿੰਘ, ਕਾਫੀ ਸਿੰਘ ਵਹੀਰ ਵਿਚੋਂ ਰੁੜ ਚੁਕੇ ਸਨ ਜਾਂ ਸ਼ਹੀਦ ਹੋ ਚੁੱਕੇ ਸਨ। ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਬੁੱਢਾ

ਸਿੰਘ ਜੀ ਦੇ ਜਥੇ ਵਿਚੋਂ ਵੀ ਅਨੇਕਾਂ ਸਿੰਘ ਸ਼ਹੀਦ ਹੋ ਚੁੱਕੇ ਸਨ। ਪਿੰਡ ਮਲਕਪੁਰ ਰੰਗੜਾਂ ਦੇ ਮੁਕਾਮ ਉਪਰ 100 ਸਿੰਘ ਸ਼ਹੀਦ ਹੋ ਚੁੱਕੇ ਸਨ। ਗੁਰੂ ਪਾਤਸ਼ਾਹ ਜੀ ਦੀ ਆਪਾਰ ਬਖਸ਼ਿਸ਼ ਦੇ ਪਾਤਰ ਤੇ ਚਰਨ ਕੰਵਲਾਂ ਦੇ ਭੌਰੇ ਭਾਈ ਬਚਿੱਤਰ ਸਿੰਘ ਜੀ ਮਲਕਪੁਰ ਰੰਗੜਾਂ ਦੇ ਅਸਥਾਨ ਉਪਰ ਜ਼ਖ਼ਮੀ ਹੋਏ ਸਨ, ਕੋਟਲਾ ਨਿਹੰਗ ਵਿਖੇ ਪਹੁੰਚ ਕੇ ਅਕਾਲਪੁਰਖ ਜੀ ਦੀ ਗੋਦ ਵਿਚ ਬਿਰਾਜ ਚੁੱਕੇ ਸਨ। ਇਸ ਤਰ੍ਹਾਂ ਅਨੰਦਪੁਰ ਸਾਹਿਬ ਤੋਂ ਚੱਲੇ ਇਸ ਪੰਜ ਸੌ ਤੋਂ ਉਪਰ ਸਿੰਘਾਂ ਦੇ ਵਹੀਰ ਵਿਚੋਂ ਕੇਵਲ 45 ਸਿੰਘ ਹੀ ਚਮਕੌਰ ਵਿਖੇ ਪਹੁੰਚੇ ਸਨ।

4.

ਧੋਖਾ ਦੀਆ ਹਰ ਸਿੰਘ ਕੋ ਪੈਮਾਂ-ਸ਼ਿਕਨੋ ਨੇ।
ਬੇ-ਮਿਹਰੋਂ ਨੇ, ਬੇਧਰਮੋਂ ਨੇ, ਈਮਾਨ-ਸ਼ਿਕਨੋਂ ਨੇ।
ਜਬ ਇਤਨਾ ਕਹਾ, "ਝੁਲ ਦੀਆ ਅਹਿਸਾਂ-ਸ਼ਿਕਨੋਂ ਨੇ!"
ਪੇਸ਼ਾਨੀ ਪਿ ਬਲ ਡਾਲੇ ਪ੍ਰੇਸ਼ਾਨ ਸ਼ਿਕਨੋ ਨੇ।

ਚੀਂ ਬ-ਜ਼ਬੀ ਲਹਿਰਯਾ ਸ਼ੀਸ਼ੇ ਮੇਂ ਪੜੀ ਥੀ।
ਮਾਥੇ ਪੇ ਪਸੀਨਾ ਥਾ ਯਾ ਅਫ਼ਸ਼ਾਂ ਸੀ ਜੜੀ ਥੀ।

ਸ਼ਬਦ ਅਰਥ:- ਪੈਮਾਂ ਸ਼ਿਕਨ-ਬਚਨ ਭੰਗ ਕਰਨ ਵਾਲੇ, ਬੇਧਰਮ-ਧਰਮ ਤੋਂ ਰਹਿਤ ਅਧਰਮੀ, ਬੇ-ਮਿਹਰੋਂ-ਮੁਹੱਬਤ ਤੋਂ ਰਹਿਤ, ਈਮਾਨ ਸ਼ਿਕਨ-ਬੇ-ਜਕੀਨ, ਰੱਬ ਦੇ ਭਰੋਸੇ ਤੋਂ ਰਹਿਤ, ਜ਼ੁਲ-ਧੋਖਾ, ਅਹਿਸਾਂ-ਸ਼ਿਕਨ-ਅਕ੍ਰਿਤਘਣ ਪੇਸ਼ਾਨੀ-ਮੱਥੇ, ਪ੍ਰੇਸ਼ਾਨ ਸ਼ਿਕਨ-ਕਿਸੇ ਡਰ ਜਾਂ ਥੋੜ ਤੋਂ ਰਹਿਤ ਚੀਂ-ਵੱਟ, ਤਿਉੜੀਆਂ, ਬਜ਼ਬੀਂ-ਮੱਥੇ ਉਪਰ, ਅਫ਼ਸ਼ਾਂ:- ਮੋਤੀਆਂ ਦੀ ਚਮਕ, ਮੋਤੀ, ਲਾਲ, ਤਰੇਲ ਦੇ ਮੋਤੀ ਡੇਗਣੇ ਪਾਣੀ ਦੀਆਂ ਬੂੰਦਾਂ, ਜਾਂ ਕੋਈ ਚੀਜ਼ ਛਿੜਕੀ ਹੋਈ।

ਅਰਥਾਤ:- ਕਵੀ ਜੋਗੀ ਜੀ ਜ਼ਿਕਰ ਕਰਦੇ ਹਨ ਕਿ ਬਚਨ ਭੰਗ ਕਰਨ ਵਾਲੇ, ਧਰਮ ਤੋਂ ਰਹਿਤ, ਇਨਸਾਨੀ ਮੁਹੱਬਤ ਤੋਂ ਕਿਨਾਰਾਕਸ਼ੀ ਕਰ ਚੁੱਕੇ ਅਖੌਤੀ ਦੇਵ ਪੁਜਾਰੀ ਪਹਾੜੀਆਂ ਅਤੇ ਨਾਮਨਿਹਾਦ ਮੁਗ਼ਲ ਅਹਿਲਕਾਰਾਂ ਨੇ ਜੋ ਵਿਖਾਵੇ ਮਾਤਰ ਕੁਰਾਨ ਉਪਰ ਇਮਾਨ ਦਾ ਦਾਅਵਾ ਕਰਦੇ ਸਨ, ਨੇ ਸਿੰਘਾਂ ਨੂੰ ਹਰ ਜਗ੍ਹਾ ਉਪਰ ਧੋਖਾ ਦਿੱਤਾ।

ਗੁਰੂ ਸਾਹਿਬ ਨੇ ਬੜੇ ਸਹਿਜ ਨਾਲ ਜਦੋਂ ਮੁਗਲਈ ਫ਼ੌਜਾਂ ਵਲੋਂ ਕੀਤੇ ਧੋਖੇ ਤੇ ਅਹਿਸਾਨ ਫਰਾਮੋਸ਼ੀ' ਦਾ ਜ਼ਿਕਰ ਕੀਤਾ ਤਾਂ ਨੇੜੇ ਖੜੇ ਜਾਂਬਾਜ ਯੋਧਿਆਂ ਦੇ ਮੱਥੇ ਉਪਰ ਤਿਉੜੀਆਂ ਉਭਰ ਆਈਆਂ ਜੋ ਬੜੇ ਬੇਖੌਫ਼ ਹੋ ਕੇ ਚੜ੍ਹਦੀ ਕਲਾ ਵਿਚ ਗੁਰੂ ਸਾਹਿਬ ਪਾਸ ਖੜੇ ਸਨ। ਜੋਸ਼ ਤੇ ਰੋਹ ਵਿਚ ਆਏ ਅਕਾਲੀ ਸੂਰਮਿਆਂ ਦੇ ਚਿਹਰੇ ਅਗੰਮੀ ਜਾਹੋ ਜਲਾਲ ਨਾਲ ਪੁਰਨੂਰ ਸਨ। ਮੱਥੇ ਉਪਰ ਰੋਹ-ਰੁਹੀਲਿਆ ਦੇ ਜੋਸ਼ ਨਾਲ ਇਸ ਤਰ੍ਹਾਂ ਵੱਟ ਪਏ ਹੋਏ ਸਨ ਜਿਵੇਂ ਪਾਣੀ ਉਪਰ ਲਹਿਰਾਂ ਉਭਰੀਆਂ ਹੋਣ।

ਜਾਮ-ਏ-ਸ਼ਹਾਦਤ ਪੀਣ ਲਈ, ਲਾੜੀ ਮੌਤ ਨੂੰ ਪਰਨਾਉਣ ਲਈ, ਸ਼ਹੀਦੀ ਗਾਨੇ ਬੰਨ

ਕੇ ਹੋਏ ਤਿਆਰ-ਬਰ-ਤਿਆਰ ਸੂਰਮਿਆਂ ਦੇ ਮੱਥੇ ਉਪਰ ਰੋਹ ਦੇ ਪਸੀਨੇ ਦੀਆਂ ਬੂੰਦਾਂ ਇੰਜ ਚਮਕ ਰਹੀਆਂ ਸਨ ਜਿਵੇਂ ਤਰੇਲ ਦੇ ਮੋਤੀਆਂ (ਬੂੰਦਾਂ) ਦਾ ਛਿੜਕਾਅ ਕੀਤਾ ਹੋਵੇ।

---

1. ਔਰੰਗਜ਼ੇਬ ਦੇ ਫ਼ੌਜਦਾਰਾਂ ਵਲੋਂ ਕਸਮ ਤੋੜਨ ਦਾ ਜ਼ਿਕਰ ਕਰਦੇ ਗੁਰੂ ਗੋਬਿੰਦ ਸਿੰਘ ਜੀ ਜ਼ਫ਼ਰਨਾਮੇ ਵਿਚ ਫ਼ਰਮਾਉਂਦੇ ਹਨ

ਕਸਮ ਮੁਸਹਫ਼ੇ ਖ਼ਦੀਯਹ ਗਰ ਈਂ ਖ਼ੁਰਮ।
ਨਾ ਅਫ਼ਵਾਜ ਅਜ਼ੀਂ ਜ਼ੇਰਿ ਸੁਮ ਅਫ਼ਗਨਮ। (੧੮) *(ਜ਼ਫ਼ਰਨਾਮਾ)*

ਐ ਔਰੰਗਜ਼ੇਬ ਜੇਕਰ ਤੇਰੀ ਜਗ੍ਹਾ ਮੈਂ ਹੁੰਦਾ ਤੇ ਕੁਰਾਨ ਦੀ ਕਸਮ ਖਾ ਲੈਂਦਾ ਤਾਂ ਉਸ ਨੂੰ ਤੋੜ ਨਿਭਾਉਂਦਾ। ਜੇ ਮੈਂ ਕਸਮ ਖਾਧੀ ਹੁੰਦੀ ਤਾਂ ਕਦੀ ਵੀ ਆਪਣੀ ਫ਼ੌਜ ਨੂੰ ਇਕ ਪੈਰ ਵੀ ਅੱਗੇ ਨਾ ਵਧਣ ਦਿੰਦਾ ਅਰਥਾਤ ਕਿਸੇ ਉਪਰ ਹਮਲਾਵਰ ਨਾ ਹੋਣ ਦਿੰਦਾ।

ਕਿ ਪੈਮਾਂ ਸ਼ਿਕਨ ਬੇਦਰੰਗ ਆਮਦੰਦ।
ਮਯਾਂ ਤੇਗੋ ਤੀਰੋ ਤੁਫ਼ੰਗ ਆਮਦੰਦ। (੨੦) *(ਜ਼ਫ਼ਰਨਾਮਾ)*

ਔਰੰਗਜ਼ੇਬ ਤੇਰੇ ਅਹਿਲਕਾਰ, ਫ਼ੌਜਦਾਰ, ਜਰਨੈਲ ਬਚਨ-ਭੰਗੀ ਨਿਕਲੇ, ਇੰਨ੍ਹਾਂ ਨੇ ਕੁਰਾਨ ਦੀ ਕਸਮ ਭੰਗ ਕਰਦਿਆਂ ਸਾਡੇ ਉਪਰ ਤੇਗਾਂ, ਤੀਰਾਂ ਬੰਦੂਕਾਂ ਨਾਲ ਹਮਲਾ ਕਰ ਦਿੱਤਾ।

ਨਾ ਈਮਾਂ ਪ੍ਰਸਤੀ ਨ ਔਜਾਇ ਦੀਂ।
ਨ ਸਾਹਿਬ ਸ਼ਨਾਸੀ, ਮਹੁੰਮਦ ਯਕੀਂ। (੪੬) *(ਜ਼ਫ਼ਰਨਾਮਾ)*

ਔਰੰਗਜ਼ੇਬ, ਨਾਂ ਤਾਂ ਤੇਰੇ ਪੱਲੇ ਈਮਾਨ ਹੈ ਅਤੇ ਨਾ ਹੀ ਧਰਮ ਦਾ ਰਸਤਾ। ਨਾਂ ਤੈਨੂੰ ਰੱਬ ਦੀ ਪਹਿਚਾਣ ਹੈ ਅਤੇ ਨਾਂ ਹੀ ਤੈਨੂੰ ਹਜ਼ਰਤ ਮੁਹੰਮਦ ਸਾਹਿਬ ਉਪਰ ਕੋਈ ਯਕੀਨ ਹੈ, ਕਿਉਂਕਿ

ਹਰਾਂ ਕਸ ਕਿਹ ਈਮਾਂ-ਪ੍ਰਸੱਤੀ ਕੁਨੱਦ।
ਨ ਪੈਮਾਂ ਖ਼ੁਦਸ਼ ਪੇਸ਼ੋ ਪਸਤੀ ਕੁਨੱਦ। (੪੭) *(ਜ਼ਫ਼ਰਨਾਮਾ)*

ਈਮਾਨ ਪ੍ਰਸਤ ਜੋ ਖ਼ੁਦਾ ਉਪਰ ਈਮਾਨ ਰੱਖਦੇ ਹਨ ਕਦੀ ਵੀ ਆਪਣੇ ਵਾਅਦੇ ਤੋਂ ਅੱਗੇ ਪਿੱਛੇ ਨਹੀਂ ਹੁੰਦੇ, ਕਿਉਂ ਕਿ ਅਕਾਲਪੁਰਖ ਤੇ ਈਮਾਨ ਰੱਖਣ ਵਾਲੇ ਬਚਨ ਦੇ ਬਲੀ ਸੂਰਮੇ ਹੁੰਦੇ ਹਨ।

5.

ਇਤਨੇ ਮੇਂ ਮੁਖ਼ਾਤਿਬ ਹੁਏ ਸਤਿਗੁਰ ਗੁਰੂ ਗੋਬਿੰਦ।
ਵੁਹ ਸਾਬਰ-ਸ਼ਾਕਿਰ ਵੁਹ ਬਹਾਦਰ ਗੁਰੂ ਗੋਬਿੰਦ।
ਰਸਤੇ ਮੇਂ ਗਵਾ ਆਏ ਥੇ ਦੋ ਦੁਰ ਗੁਰੂ ਗੋਬਿੰਦ।
ਥੇ ਗ਼ਮ ਕੀ ਜਗਹ ਸ਼ਾਂਤੀ ਸੇ ਪੁਰ ਗੁਰੂ ਗੋਬਿੰਦ।

ਫ਼ੁਰਮਾਏ ਵੁਹ ਸਭ ਸੇ, "ਨਹੀਂ ਮੌਕਾ ਯਿਹ ਗ਼ਜ਼ਬ ਕਾ"!
"ਪੂਰਾ ਯਹੀਂ ਕਲ੍ਹ ਹੋਗਾ, ਇਰਾਦਾ ਮੇਰੇ ਰਬ ਕਾ"!!

ਸ਼ਬਦ ਅਰਥ:- ਮੁਖ਼ਾਤਿਬ- ਉਨ੍ਹਾਂ ਵੱਲ ਮੂੰਹ ਕਰ ਕੇ ਫ਼ੁਰਮਾਇਆ, ਸਾਬਰੁ- ਸੰਤੋਖੀ, ਸ਼ਾਕਿਰ- ਸ਼ੁਕਰ ਕਰਨ ਵਾਲਾ, ਬਹਾਦੁਰ- ਦਲੇਰ ਮਰਦ, ਦੁਰ- ਮੋਤੀ, ਪੁਰ- ਭਰਪੂਰ, ਗਜ਼ਬ- ਗੁੱਸੇ, ਕ੍ਰੋਧ, ਯਹੀਂ- ਇਸੇ ਅਸਥਾਨ ਤੇ।

ਅਰਥਾਤ: ਗੁਰੂ ਸਾਹਿਬ ਅਤੇ ਸਾਥੀ ਸਿੰਘ ਸੂਰਮੇ ਚਮਕੌਰ ਪਹੁੰਚ ਗਏ ਸਨ। ਗੁਰੂ ਸਾਹਿਬ ਸਿੰਘਾਂ ਦੇ ਚਿਹਰਿਆਂ ਉਪਰ ਠਾਠਾਂ ਮਾਰ ਰਿਹਾ ਅਗੰਮੀ ਜੋਸ਼, ਅੱਗ ਵਾਂਗ ਲਾਲ ਸੁਰਖ ਮੱਥੇ, ਚੰਗਿਆੜੀਆਂ ਸੁੱਟ ਰਹੀਆਂ ਰਹੋ ਭਰੀਆਂ ਅੱਖਾਂ ਤੇ ਦੁਸ਼ਮਣ ਨਾਲ ਦੋ-ਹੱਥ ਕਰਨ ਲਈ ਫਰਕਦੇ ਡੌਲੇ ਵੇਖ ਰਹੇ ਸਨ, ਬੜੇ ਸ਼ੁਕਰ, ਸਹਿਜ ਅਤੇ ਸੰਤੋਖ ਵਿਚ ਸਨ, ਕਿਸੇ ਤਰ੍ਹਾਂ ਭੈਅ, ਦਿਲਗੀਰਤਾ ਜਾਂ ਰੰਜ-ਮਲਾਲ ਗੁਰੂ ਸਾਹਿਬ ਦੇ ਚਿਹਰੇ ਉਪਰ ਨਹੀਂ ਸੀ, ਬੇਸ਼ਕ ਗੁਰੂ ਸਾਹਿਬ ਆਪਣੇ ਦੋ ਫਰਜ਼ੰਦ,[1] ਲਖ਼ਤਿ ਜ਼ਿਗਰ ਖਜ਼ਾਨੇ, ਦੇ ਦੋ ਮੋਤੀ ਛੋਟੇ ਸਾਹਿਬਜ਼ਾਦੇ ਰਸਤੇ ਵਿਚ ਗਵਾ ਆਏ ਸਨ। ਚਿਹਰੇ ਉਪਰ ਗ਼ਮ ਦਾ ਕੋਈ ਨਾਮੋ ਨਿਸ਼ਾਨ ਨਹੀਂ ਸੀ। ਰੂਹੇ ਰੌਸ਼ਨ ਪਾਕ ਚਿਹਰਾ ਸ਼ਾਂਤੀ ਨਾਲ ਪੁਰਨੂਰ ਸੀ, ਰੋਮ-ਰੋਮ ਵਿਚੋਂ ਅਕਾਲੀ ਨੂਰ ਦੀਆਂ ਸਹਿਜ-ਸ਼ਾਂਤ ਰਿਸ਼ਮਾ ਫੁੱਟ ਰਹੀਆਂ ਸਨ। ਆਪਾ ਗਵਾ ਕੇ ਪੰਥ ਦੀ ਝੋਲੀ ਖ਼ੁਸ਼ੀਆਂ ਨਾਲ ਭਰਨ ਦੀ ਨਿੱਘੀ ਮੁਸਕਰਾਹਟ ਬੁੱਲਾਂ ਉਪਰ ਸੀ।

ਗੁਰੂ ਸਾਹਿਬ ਨੇ ਰੋਹ ਵਿਚ ਲਾਲੋ ਲਾਲ ਹੋਏ ਸਿੰਘਾਂ ਨੂੰ ਬੜੀ ਸਨੇਹ ਭਰੀ, ਅਪਣੱਤ ਭਰਪੂਰ, ਮਿੱਠੜੀ ਨਜ਼ਰ ਨਾਲ ਤੱਕਿਆ ਤੇ ਬੜੇ ਹੀ ਮੋਹ ਭਿੱਜੇ ਬੋਲਾਂ ਨਾਲ ਪਾਵਨ ਮੁਖਾਰਬਿੰਦ ਤੋਂ ਫ਼ੁਰਮਾਇਆ, "ਮੇਰੇ ਲਾਡਲੇ ਸਪੁਤਰੋ, ਮੈਂ ਤੁਹਾਡੇ ਹਿਰਦੇ ਦੀ ਦਸ਼ਾ ਨੂੰ ਜਾਣਦਾ ਹਾਂ ਕਿ ਤੁਹਾਡੇ ਅੰਦਰ ਸ਼ਹੀਦੀ ਖ਼ੁਮਾਰੀਆਂ ਠਾਠਾਂ ਮਾਰ ਰਹੀਆਂ ਹਨ ਪਰ ਇਹ ਮੌਕਾ

ਕੇਵਲ ਜੋਸ਼ ਤੇ ਗੁੱਸੇ ਤੋਂ ਕੰਮ ਲੈਣ ਵਾਲਾ ਨਹੀਂ, ਅਜੇ ਤਾਂ ਤੁਹਾਡਾ ਕੱਲ੍ਹ ਇਸ ਅਸਥਾਨ ਤੇ ਇਕ ਹੋਰ ਇਮਿਤਿਹਾਨ ਹੋਣਾ ਹੈ, ਜੋ ਅਕਾਲ ਪੁਰਖ ਨੂੰ ਮਨਜ਼ੂਰ ਹੋਵੇਗਾ।

1. ਸਰਸਾ ਨਦੀ ਦੇ ਕੰਢੇ ਉਪਰ ਹੋਏ ਘਮਸਾਣ ਯੁੱਧ ਦੌਰਾਨ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਨਾਲ ਪਰਿਵਾਰ ਤੋਂ ਵਿਛੜ ਗਏ ਸਨ।

6.

ਚਮਕੌਰ ਵਿਖੇ ਕਚੀ ਗੜ੍ਹੀ ਅੰਦਰ ਆਗਮਨ

ਜਿਸ ਖਿੱਤੇ ਮੇਂ ਹਮ ਕਹਿਤੇ ਥੇ ਆਨਾ, ਯਿਹ ਵੁਹੀ ਹੈ।
ਕਲ੍ਹ ਲੁਟ ਕੇ ਜਿਸ ਜਗਹ ਸੇ ਜਾਂਨਾ, ਯਿਹ ਵੁਹੀ ਹੈ।
ਜਿਸ ਜਾ ਪਿ ਹੈ ਬੱਚੋਂ ਕੋ ਕਟਾਨਾ, ਯਿਹ ਵੁਹੀ ਹੈ।
ਮੱਟੀ ਕਹਿ ਦੇਤੀ ਹੈ ਕਿ ਠਿਕਾਨਾ, ਯਿਹ ਵੁਹੀ ਹੈ।

ਇਕ ਮੋਰਚੇ ਮੇਂ ਫਿਰ ਵਹੀਂ ਸਰਕਾਰ ਦਰ ਆਏ।
ਜਾ ਪਹੁੰਚੇ ਅਕਾਲੀ ਵਹੀਂ ਸਤਿਗੁਰ ਜਿਧਰ ਆਏ।

ਸ਼ਬਦ-ਅਰਥ:- ਖਿੱਤੇ-ਜ਼ਮੀਨ ਦਾ ਟੁਕੜਾ, ਜਾ ਪਿ- ਜਗ੍ਹਾ ਤੇ, ਦਰ- ਅੰਦਰ, ਅਕਾਲੀ- ਅਕਾਲ ਦੇ ਪੁਜਾਰੀ ਸਿੰਘ।

ਅਰਥਾਤ:- ਗੁਰੂ ਸਾਹਿਬ ਨੇ ਨੇਹੁ ਭਿੱਜੇ ਨੈਣਾਂ ਨਾਲ ਸਾਰੇ ਜੁਝਾਰੂ ਸਿੰਘਾਂ ਵੱਲ ਤੱਕਿਆ ਤੇ ਅੰਮ੍ਰਿਤਮਈ ਸ਼ਬਦਾਂ ਨਾਲ ਮੁਖ਼ਾਤਿਬ ਕਰਕੇ ਬੋਲੇ ਕਿ ਇਹ ਉਹੀ ਅਸਥਾਨ ਹੈ ਜਿਥੇ ਅਸੀਂ ਪਹੁੰਚਣਾ ਸੀ ਤੇ ਸਾਡਾ ਇਥੇ ਇਕ ਕਰੜਾ ਇਮਤਿਹਾਨ ਹੋਣਾ ਹੈ, ਪਿਆਰੇ ਖਾਲਸਾ ਜੀ, ਇਹ ਉਹ ਪਾਵਨ ਜਗ੍ਹਾ ਹੈ ਜਿਸ ਜਗ੍ਹਾ ਤੁਸੀਂ ਅਜ਼ੀਮ ਸ਼ਹਾਦਤ ਦੇ ਨੂਰਾਨੀ ਪਿਆਲੇ ਛਕਣੇ ਹਨ, ਇਹ ਉਹ ਹੀ ਅਸਥਾਨ ਹੈ ਜਿਥੇ ਮੇਰੀਆਂ ਅੱਖਾਂ ਸਾਹਮਣੇ ਜਾਨ ਤੋਂ ਪਿਆਰੇ ਸੂਰਮੇ ਸਿੰਘ, ਦੋ ਲਖਤਿ- ਜ਼ਿਗਰ ਜ਼ਾਮੇ ਸ਼ਹਾਦਤ ਪੀਣਗੇ। ਮੈਂ ਇਸ ਅਸਥਾਨ ਤੋਂ ਦੁਨਿਆਵੀ ਨਜ਼ਰਾਂ ਵਿਚ ਸਭ ਕੁਝ ਲੁਟਾ ਕੇ ਫਤਹਿਯਾਬ ਹੋਵਾਂਗਾ।

ਫਿਰ ਗੁਰੂ ਸਾਹਿਬ ਚਮਕੌਰ ਵਿਚ ਬਣੀ ਉਸ ਕੱਚੀ ਗੜ੍ਹੀ[1] ਦੇ ਨਜ਼ਦੀਕ ਆਏ, ਬੜੀ ਭਾਵਪੂਰਤ ਦ੍ਰਿਸ਼ਟੀ ਨਾਲ ਉਸ ਗੜ੍ਹੀ ਦੀ ਮਿੱਟੀ ਨੂੰ ਵੇਖਿਆ ਜਿਵੇਂ ਉਸ ਨਾਲ ਕੋਈ ਵਾਰਤਾਲਾਪ ਕਰ ਰਹੇ[2] ਹੋਣ। ਫਿਰ ਪਾਤਸ਼ਾਹ ਉਸ ਗੜ੍ਹੀ ਦੇ ਅੰਦਰ ਦਾਖ਼ਲ ਹੋਏ ਤੇ ਗੁਰੂ ਸਾਹਿਬ ਦੇ ਨਾਲ ਹੀ ਬਾਕੀ ਸਿੰਘ ਸੂਰਮੇ ਵੀ ਅੰਦਰ ਦਾਖਲ ਹੋਏ।

---

1. ਗੁਰੂ ਸਾਹਿਬ ਜਦੋਂ ਚਮਕੌਰ ਦਾਖਲ ਹੋਏ ਤਾਂ ਇਕ ਬਾਗ ਜੋ ਪਿੰਡ ਦੇ ਬਾਹਰ ਦੀ ਡੇਰਾ ਲਗਾਇਆ ਇਹ ਬਾਗ ਰਾਏ ਜਗਤ ਸਿੰਘ ਦਾ ਸੀ ਇਸ ਅਸਥਾਨ ਉਪਰ ਗੁਰੂਦੁਆਰਾ ਦਮਦਮਾ

ਸਾਹਿਬ ਸਸ਼ੋਭਿਤ ਹੈ। ਪੁਰਾਤਨ ਸੋਮਿਆਂ (ਅਧਾਰਿਤ ਭੱਟ ਵਹੀਆਂ) ਅਨੁਸਾਰ ਗੁਰੂ ਸਾਹਿਬ ਨੇ ਇਸ ਅਸਥਾਨ ਤੋਂ ਭਾਈ ਮੋਹਕਮ ਸਿੰਘ ਜੀ ਨੂੰ ਚੋਧਰੀ ਬੁਧੀ ਚੰਦ ਰਾਵਤ ਦੇ ਘਰ ਭੇਜਿਆ (ਚੋਧਰੀ ਬੁੱਧੀ ਚੰਦ ਦਾ ਇਕ ਭਰਾ ਘਰੀਬੂ ਵੀ ਸੀ)। ਚੋਧਰੀ ਬੁੱਧੀ ਚੰਦ ਨੇ ਗੁਰੂ ਸਾਹਿਬ ਨੂੰ ਰਾਤਰੀ ਵਿਸ਼ਰਾਮ ਵਾਸਤੇ ਆਪਣੀ ਹਵੇਲੀ ਪੇਸ਼ ਕੀਤੀ ਜੋ ਇਕ ਛੋਟੇ ਕਿਲੇ ਦੇ ਅਕਾਰ ਤੇ ਤਰਤੀਬ ਅਨੁਸਾਰ ਬਣੀ ਸੀ, ਇਸ ਨੂੰ ਕੱਚੀ ਗੜ੍ਹੀ ਕਿਹਾ ਜਾਂਦਾ ਹੈ।

2. ਗੁਰੂ ਸਾਹਿਬ ਦੇ ਕੱਚੀ ਗੜ੍ਹੀ ਦੇ ਅੰਦਰ ਦਾਖਲ ਹੋਣ ਤੇ ਇਸ ਕੱਚੀਆਂ ਕੰਧਾਂ ਨਾਲ ਬਣੀ ਗੜ੍ਹੀ ਦੇ ਨਾਲ ਵਾਰਤਾਲਾਪ ਦਾ ਜ਼ਿਕਰ ਪ੍ਰਿੰ: ਸਵਰਣ ਸਿੰਘ ਜੀ ਨੇ ਬੜੇ ਗੁਹਜ ਤੇ ਭਾਵ ਪੂਰਤ ਲਹਿਜੇ ਵਿਚ ਕੀਤਾ ਹੈ, 'ਗੁਰੂ ਸਾਹਿਬ ਨੇ ਆਪਣੇ ਕਮਰਕੱਸੇ ਵਿਚੋਂ ਖੰਜਰ ਕੱਢਿਆ ਤੇ ਕੱਚੀ ਗੜ੍ਹੀ ਦੀ ਕੰਧ ਵਿਚ ਖੋਭ ਕੇ ਇਕ ਮਿੱਟੀ ਦੀ ਡਲੀ ਕੱਢ ਕੇ ਤਲੀ ਉਪਰ ਰੱਖੀ, ਅੰਗੂਠੇ ਨਾਲ ਦਬਾ ਕੇ ਉਸ ਨੂੰ ਪੀਸਿਆ ਤੇ ਫੂਕ ਮਾਰ ਕੇ ਹਵਾ ਵਿਚ ਉਡਾ ਦਿੱਤਾ।'

ਨਾਲ ਖੜੇ ਸਿੰਘ ਜੋ ਇਹ ਕੌਤਕ ਵੇਖ ਰਹੇ ਸਨ ਬੜੇ ਹੈਰਾਨ ਹੋਏ, ਭਾਈ ਦਯਾ ਸਿੰਘ ਜੀ ਕੋਲੋਂ ਰਿਹਾ ਨਾ ਗਿਆ ਤੇ ਇਸ ਕੌਤਕ ਦਾ ਕਾਰਨ ਪੁੱਛਿਆ। ਗੁਰੂ ਪਾਤਸ਼ਾਹ ਨੇ ਭਾਈ ਦਇਆ ਸਿੰਘ ਵੱਲ ਤੱਕਿਆ ਤੇ ਬੜੇ ਪਿਆਰ ਨਾਲ ਫੁਰਮਾਇਆ, "ਦਯਾ ਸਿੰਘ, ਮੈਂ ਕਦੀ ਵੀ ਖਾਲਸਾ ਪੰਥ ਤੋਂ ਕੋਈ ਭੇਦ ਲੁਕਾ ਨਹੀਂ ਰੱਖਿਆ। ਖਾਲਸਾ ਪੰਥ ਸੰਸਾਰ ਤੋਂ ਵਿਲੱਖਣ ਤੇ ਨਿਆਰਾ ਹੈ। ਚਮਕੌਰ ਦੀ ਇਸ ਕੱਚੀ ਹਵੇਲੀ ਨੂੰ ਖਾਲਸਾ ਪੰਥ ਦਾ ਪ੍ਰੀਖਿਆ ਕੇਂਦਰ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਕਲ ਅਸਾਂ ਜੋ ਇਮਤਿਹਾਨ ਦੇਣਾ ਹੈ ਐਸਾ ਨਾਂ ਤਾਂ ਕਦੀ ਸੰਸਾਰ ਮੰਚ ਉਪਰ ਹੋਇਆ ਹੈ ਨਾਂ ਹੋਵੇਗਾ, "ਸਵਾ ਲਾਖ ਸੇ ਏਕ ਲੜਾਊਂ" ਦਾ ਪਰਚਾ ਕਲ੍ਹ ਇਥੇ ਹੱਲ ਹੁੰਦਾ ਸਾਰਾ ਸੰਸਾਰ ਵੇਖੇਗਾ। ਇਥੇ ਡੁਲ੍ਹਿਆ ਤੁਹਾਡੇ ਵਰਗੇ ਸੂਰਮਿਆਂ ਦਾ ਖ਼ੂਨ ਅੰਜਾਈ ਨਹੀਂ ਜਾਵੇਗਾ ਬਲਕਿ ਅਣਖਹੀਣ ਹੋਈਆਂ ਕੌਮਾ ਅੰਦਰ ਅਣਖ ਦੇ ਸ਼ੋਅਲੇ ਮਚਾ ਦੇਵੇਗਾ। ਈਸ਼ਵਰ ਨੇ ਇਸ ਕਚੀ ਗੜ੍ਹੀ ਨੂੰ ਕਿੱਡਾ ਬੁਲੰਦ ਮਰਤਬਾ ਬਖਸ਼ਿਆ ਹੈ ਕਿ ਦੁਨੀਆਂ ਦੇ ਵੱਡੇ-ਵੱਡੇ ਕਿਲ੍ਹੇ ਇਸ ਸਾਹਮਣੇ ਨਿਗੁਣੇ ਜਾਪਣਗੇ। ਲੋਕ ਇਸ ਨੂੰ ਝੁਕ-ਝੁਕ ਕੇ ਸਲਾਮ ਕਰਨਗੇ। ਇਸ ਦਾ ਦਰਜਾ ਫਰਸ਼ ਤੋਂ ਅਰਸ਼ ਤੱਕ ਬੁਲੰਦ ਹੋਵੇਗਾ। ਇਸ ਦੀ ਮਿੱਟੀ ਬਾਰੀਕ ਕਰਕੇ ਮੈਂ ਐਵੇਂ ਹੀ ਉਤਾਂਹ ਨੂੰ ਨਹੀਂ ਉਡਾਈ ਬਲਕਿ ਇਸਦੀ ਅਜ਼ਮਤ ਨੂੰ ਸਲਾਮੀ ਦਿੱਤੀ ਹੈ।"

7.

ਜਬ ਕਿਲ੍ਹਾ ਮੇਂ ਜਾ ਉਤਰੀ ਥੀ ਸਤਿਗੁਰ ਕੀ ਸਵਾਰੀ।
ਵਾਹਿਗੁਰੂ ਕੀ ਫ਼ਤਹਿ ਦਲੇਰੋਂ ਨੇ ਪੁਕਾਰੀ।
ਵੁਹ ਹੁਮਹੁਮਾ ਸ਼ੇਰੋਂ ਕਾ, ਵੁਹ ਆਵਾਜ਼ ਥੀ ਭਾਰੀ।
ਥੱਰਰਾ ਗਿਆ ਚਮਕੌਰ ਹੂਆ ਜ਼ਲਜ਼ਲਾ ਭਾਰੀ।

ਸਕਤੇ ਮੇਂ ਖ਼ੁਦਾਈ ਥੀ, ਤੋ ਹੈਰਤ ਮੇਂ ਜਹਾਂ ਥਾ।
ਨਾਅਰਾ ਸੇ ਹੂਆ ਚਰਖ਼ ਭੀ ਸਾਕਨ ਯਿਹ ਗੁਮਾਂ ਥਾ।

ਸ਼ਬਦ ਅਰਥ:- ਦਲੇਰੋਂ= ਯੋਧਿਆਂ, ਹੁਮ-ਹੁਮਾ= ਸ਼ੇਰ ਦੀ ਗਰਜ਼, ਥੱਰਰਾ ਗਿਆ= ਕੰਬ ਗਿਆ, ਜ਼ਲਜ਼ਲਾ= ਭੁਚਾਲ, ਭਾਰੀ= ਛਾ ਗਿਆ, ਅਚਾਨਕ ਪ੍ਰਗਟ ਹੋ ਗਿਆ, ਸਕਤੇ= ਸੁੰਨ-ਮੁੰਨ, ਖ਼ੁਦਾਈ= ਸ੍ਰਿਸ਼ਟੀ, ਹੈਰਤ= ਹੈਰਾਨੀ, ਜਹਾਂ= ਸੰਸਾਰ, ਨਾਅਰਾ= ਜੈਕਾਰਾ, ਚਰਖ਼= ਅਸਮਾਨ, ਸਾਕਨ= ਅਹਿੱਲ, ਅਚੱਲ, ਗੁਮਾਂ= ਸ਼ੱਕ, ਵਹਿਮ, ਅੰਦਾਜ਼ਾ, ਇੰਝ ਲਗਦਾ ਸੀ।

ਅਰਥਾਤ :- ਗੁਰੂ ਪਾਤਸ਼ਾਹ ਦੇ ਨਾਲ ਜਦੋਂ ਸਿੰਘ ਸੂਰਮੇ ਚਮਕੌਰ ਦੀ ਇਸ ਕੱਚੀ ਗੜ੍ਹੀ[1] ਅੰਦਰ ਦਾਖਲ ਹੋਏ ਤਾਂ ਗੁਰੂ ਪਾਤਸ਼ਾਹ ਦੇ ਅਣਖੀਲੇ ਸ਼ੇਰਾਂ ਨੇ ਵੜਦਿਆਂ ਹੀ ਉਚੀ ਤੇ ਬੁਲੰਦ ਆਵਾਜ਼ ਵਿਚ ਕਿਹਾ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥

ਸਾਰਿਆਂ ਗੁਰੂ ਕੇ ਸ਼ੇਰਾਂ ਨੇ ਜਦ ਗਰਜ ਦੀ ਤਰ੍ਹਾਂ ਚਮਕੌਰ ਵਿਚ ਫ਼ਤਹਿ ਬੁਲੰਦ ਕੀਤੀ ਤਾਂ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਬੜਾ ਭਾਰੀ ਭੁਚਾਲ ਆ ਗਿਆ ਹੋਵੇ ਤੇ ਸਾਰਾ ਨਗਰ ਹੀ ਇਸ ਗੂੰਜ ਨਾਲ ਕੰਬ ਗਿਆ ਹੋਵੇ।

ਖ਼ਾਲਸਈ ਗਰਜਣਾ ਦੀ ਆਵਾਜ਼ ਸੁਣ ਕੇ ਸਾਰਾ ਸੰਸਾਰ ਹੈਰਾਨ ਹੋ ਗਿਆ, ਤੇ ਇੰਝ ਲਗਦਾ ਸੀ ਸਾਰੀ ਸ੍ਰਿਸ਼ਟੀ ਹੀ ਸੁੰਨ-ਸਾਨ ਹੋ ਗਈ ਹੋਵੇ। ਖ਼ਾਲਸਈ ਫ਼ਤਹਿ ਦੇ ਇਸ ਇਲਾਹੀ ਨਾਦ ਨਾਲ ਇੰਝ ਮਹਿਸੂਸ ਹੁੰਦਾ ਸੀ ਜਿਵੇਂ ਆਕਾਸ਼ ਵੀ ਅਹਿੱਲ ਹੋ ਗਿਆ ਹੋਵੇ।

---

1. ਚਮਕੌਰ ਦੀ ਇਕ ਕੱਚੀ ਗੜ੍ਹੀ ਦਾ ਮਾਲਕ ਬੁੱਧੀ ਚੰਦ ਰਾਵਤ ਸੀ। ਇਸ ਦਾ ਇਕ ਹੀ ਦਰਵਾਜ਼ਾ ਸੀ ਜੋ ਉੱਤਰ ਵੱਲ ਖੁਲਦਾ ਸੀ। ਗੜ੍ਹੀ ਦੀ ਚਾਰਦੀਵਾਰੀ ਕੱਚੀ ਮਿੱਟੀ ਦੀ ਪਰ ਕਾਫ਼ੀ

ਰੋੜੀ ਦੀਵਾਰ ਦੀ ਬਣੀ ਹੋਈ ਸੀ। ਦੀਵਾਰਾਂ ਉਪਰ ਛੋਟੀਆਂ-ਛੋਟੀਆਂ ਮਮਟੀਆਂ ਵੀ ਬਣੀਆਂ ਸਨ ਜੋ ਤੀਰ-ਅੰਦਾਜ਼ਾਂ ਦੇ ਕੰਮ ਆ ਸਕਦੀਆਂ ਸਨ। ਗੜ੍ਹੀ ਦਾ ਚਾਰ-ਚੁਫੇਰਾ ਬਿਲਕੁਲ ਖੁਲ੍ਹਾ ਸੀ। ਇਸ ਅੰਦਰ ਇਕ ਛੋਟਾ ਦੋ ਮੰਜ਼ਲਾ ਕੋਠਾ ਵੀ ਸੀ।

8.

ਰਾਤ ਦੇ ਹਾਲਾਤ

ਖ਼ੈਮੇ ਕੀਏ ਇਸਤਾਦਹ ਵਹੀਂ ਉਠ ਕੇ ਕਿਸੀ ਨੇ।
ਖੋਹਲੀ ਕਮਰ ਅਰਾਮ ਕੋ ਹਰ ਏਕ ਜਰੀ ਨੇ।
ਰਹਰਾਸਿ ਕਾ ਦੀਵਾਨ ਸਜਾਇਆ ਗੁਰੂ ਜੀ ਨੇ।
ਮਿਲ-ਜੁਲ ਕੇ ਸਰਿ- ਸ਼ਾਮ ਭਜਨ ਗਾਏ ਸਭੀ ਨੇ।
ਖਾਨਾ ਕਈ ਵਕਤੋਂ ਸੇ ਮੁਯਸਰ ਨ ਥਾ ਆਯਾ।
ਇਸ ਸ਼ਾਮ ਭੀ ਸ਼ੇਰੋ ਨੇ ਕੜਾਕਾ ਹੀ ਉਠਾਯਾ।

ਸ਼ਬਦ ਅਰਥ:- ਖ਼ੈਮੇ= ਤੰਬੂ, ਇਸਤਾਦਹ= ਖੜਾ ਕਰਨਾ, ਜ਼ਰੀ= ਦਿਲਾਵਰ, ਯੋਧੇ, ਸੂਰਮੇ, ਮੁਯਸਰ= ਪ੍ਰਾਪਤ, ਕੜਾਕਾ= ਭੁੱਖ ਹੀ ਕੱਟੀ, ਸਰਿ= ਸ਼ਾਮ :- ਸ਼ਾਮ ਦਾ ਸਮਾ, ਰਹਰਾਸਿ= ਨਿੱਤਨੇਮ ਦੀ ਬਾਣੀ,

ਅਰਥਾਤ :- ਚਮਕੌਰ ਦੀ ਇਸ ਕੱਚੀ ਗੜ੍ਹੀ ਦੇ ਅੰਦਰ ਪਹੁੰਚ ਕੇ ਰਾਤਰੀ ਵਿਸ਼ਰਾਮ ਦੇ ਉਪਰਾਲੇ ਅਰੰਭ ਕੀਤੇ। ਕੜਾਕੇ ਦੀ ਠੰਡ ਤੋਂ ਬਚਣ ਵਾਸਤੇ ਛੋਟੇ ਛੋਟੇ ਤੰਬੂ' ਤਿਆਰ ਕੀਤੇ। ਦੋ ਦਿਨਾਂ ਤੋਂ ਘਮਸਾਣ ਦੇ ਯੁੱਧਾਂ ਦੌਰਾਨ ਥੱਕੇ ਹੋਏ ਤੇ ਇਸ ਕੜਾਕੇ ਦੀ ਠੰਡ ਨਾਲ ਠਰੇ ਹੋਏ ਤੇ ਸਰਸਾ ਪਾਰ ਕਰਦਿਆਂ ਪਾਣੀ ਤੇ ਠੰਡ ਨਾਲ ਸੁੰਨ ਸਰੀਰ ਨਿਢਾਲ ਹੋਏ ਪਏ ਸਨ। ਸਾਰੇ ਯੋਧਿਆਂ ਨੇ ਕਮਰ ਕੱਸੇ ਖੋਹਲੇ ਤੇ ਬੜੀ ਸ਼ਾਂਤੀ ਨਾਲ ਗੁਰੂ ਸਾਹਿਬ ਗਿਰਦ ਇਕੱਤਰ ਹੋ ਕੇ ਬੈਠ ਗਏ। ਗੁਰੂ ਸਾਹਿਬ ਦੇ ਰਹਰਾਸਿ ਸਾਹਿਬ ਅਰੰਭ ਕੀਤੀ ਸਾਰੇ ਸਿੰਘਾਂ ਨੇ ਨਾਲ ਨਾਲ ਸੋਦਰ ਦਾ ਪਾਠ ਕੀਤਾ। ਚਮਕੌਰ ਦੀ ਗੜ੍ਹੀ ਨੂੰ ਭਾਗ ਲਗੇ ਹੋਏ ਸਨ, ਧੁਰ ਕੀ ਬਾਣੀ ਦੀਆਂ ਆਤਮਰਸੀ ਗੂੰਜਾਰਾਂ ਪੈ ਰਹੀਆਂ ਸਨ। ਰਹਿਰਾਸ ਉਪਰੰਤ ਸਮੂਹ ਯੋਧਿਆਂ ਨੇ ਰਲ ਕੇ ਬੀਰ ਰਸੀ ਸ਼ਬਦ ਪੜੇ ਤੇ *'ਮੁਖ ਤੇ ਹਰਿ ਚਿਤ ਮਹਿ ਜੁਧ ਬੀਚਾਰੁ'* ਦਾ ਨਿਸ਼ਚਾ ਦ੍ਰਿੜ ਕੀਤਾ।

ਕੈਸੀ ਤਰਸਯੋਗ ਦਸ਼ਾ ਸੀ ਗੁਰੂ ਕੇ ਸ਼ੇਰਾਂ ਦੀ ਇਕ ਕੜਾਕੇ ਦੀ ਠੰਡ, ਦੂਸਰੀ ਜੰਗਾਂ ਯੁੱਧਾਂ ਦੀ ਥਕਾਵਟ ਤੇ ਤੀਸਰਾ ਅੰਨ-ਪ੍ਰਸ਼ਾਦ ਛਕੇ ਨੂੰ ਵੀ ਕਈ ਦਿਨ ਹੋ ਗਏ ਸਨ ਤੇ ਅੱਜ ਦੀ ਰਾਤ ਵੀ ਪ੍ਰਸ਼ਾਦਾ ਨਸੀਬ ਨਾ ਹੋਇਆ।

1. ਦਰ ਅਸਲ ਸਿੰਘਾਂ ਦੇ ਪਾਸ ਕੋਈ ਤੰਬੂ ਜਾਂ ਸ਼ਮਿਆਨੇ ਨਹੀ ਸਨ ਪਰ ਠੰਡ ਤੋਂ ਬਚਾ ਵਾਸਤੇ ਭਿੱਜੇ ਹੋਏ ਕੱਪੜਿਆਂ ਨੂੰ ਸੁੱਕਾ ਕੇ ਉਪਰ ਲੈਣ ਦਾ ਇੰਤਜ਼ਾਮ ਕੀਤਾ ਗਿਆ ਸੀ ਤਾਂ ਜੋ ਕੜਾਕੇ ਦੀ ਠੰਡ ਵਿਚ ਕਿਸੇ ਤਰ੍ਹਾਂ ਰਾਤ ਕਟੀ ਕੀਤੀ ਜਾ ਸਕੇ।

ਜੰਗ-ਏ-ਉਹਦ ਸਮੇਂ ਹਜ਼ਰਤ ਮੁਹੰਮਦ ਸਾਹਿਬ ਵਾਸਤੇ ਉਨ੍ਹਾਂ ਦੇ ਮੁਰੀਦਾਂ ਨੇ ਵੀ ਆਪਣੀਆਂ ਦਸਤਾਰਾਂ ਦਾ ਸਾਇਬਾਨ (ਸ਼ਮਿਆਨਾ) ਬਣਾ ਕੇ ਦਿੱਤਾ ਸੀ। ਇਥੇ ਕਵੀ ਦੀ ਮੁਰਾਦ ਵੀ ਕਿਸੇ ਸ਼ਾਹੀ ਸ਼ਮਿਆਨੇ ਤੋਂ ਨਹੀਂ, ਬਲਕਿ ਐਸੇ ਵਕਤੀ ਇੰਤਜ਼ਾਮ ਤੋਂ ਹੀ ਹੈ।

9.

ਕੁਛ ਲੇਟ ਗਏ ਖ਼ਾਕ ਪਿ ਜ਼ੀਂ-ਪੋਸ਼ ਬਿਛਾ ਕਰ।
ਪਹਿਰਾ ਲਗੇ ਦੇਨੇ ਕਈ ਤਲਵਾਰ ਉਠਾ ਕਰ।
ਗੋਬਿੰਦ ਭੀ ਸ਼ਬ-ਬਾਸ਼ ਹੂਏ ਖ਼ੈਮਾਂ ਮੇਂ ਜਾਕਰ।
ਦੇਖਾ ਤੋ ਵਹੀਂ ਬੈਠੇ ਹੈਂ ਗਰਦਨ ਕੋ ਝੁਕਾ ਕਰ।

'ਵਾਹਗੁਰੂ' 'ਵਾਹਗੁਰੂ' ਹੈ ਮੂੰਹ ਸੇ ਨਿਕਲਤਾ।
'ਹੈ ਤੂ ਹੀ ਤੂ ! ਤੂਹੀ ਤੂ ਹੈ!! ਮੂੰਹ ਸੇ ਨਿਕਲਤਾ।

ਸ਼ਬਦ ਅਰਥ :- ਖ਼ਾਕ ਪਿ= ਜ਼ਮੀਨ ਉਪਰ, ਜ਼ੀਂ-ਪੋਸ਼= ਘੋੜੇ ਦੀ ਕਾਠੀ ਦੇ ਕਪੜੇ ਜੋ ਸਜਾਵਟ ਵਾਸਤੇ ਪਾਏ ਹੁੰਦੇ ਹਨ, ਸ਼ਬ- ਬਾਸ਼= ਰਾਤ ਦਾ ਵਿਸ਼ਰਾਮ, ਰੈਣ ਬਸੇਰਾ, ਖ਼ੈਮਾਂ= ਤੰਬੂ

ਅਰਥਾਤ :- ਭੁੱਖ ਤਿਹਾਏ, ਪਾਣੀ ਤੇ ਠੰਡ ਨਾਲ ਠਰੇ ਹੋਏ ਤੇ ਕਈ ਮਹੀਨਿਆਂ ਤੋਂ ਵੈਰੀ ਦਲ ਦਾ ਮੁਕਾਬਲਾ ਕਰਕੇ ਥਕਾਵਟ ਨਾਲ ਚੂਰ ਹੋਏ ਗੁਰੂ ਦੇ ਦੁਲਾਰੇ ਜ਼ਮੀਨ ਉਪਰ ਘੋੜਿਆਂ ਦੀਆਂ ਕਾਠੀਆਂ ਉਪਰੋਂ ਵਸਤਰ ਉਤਾਰ ਕੇ ਵਿਛਾਉਣੇ ਕਰ ਕੇ ਲੇਟ ਗਏ। ਕੁਝ ਸਿੰਘ ਫਿਰ ਕੇ ਪਹਿਰਾ ਦੇਣ ਲੱਗੇ[1] ਅਤੇ ਕੁਝ ਸਿੰਘ ਗੜ੍ਹੀ[2] ਦੇ ਦਰਵਾਜ਼ੇ ਜੋ ਉਤਰ ਵਾਲੇ ਪਾਸੇ ਸੀ ਉਸ ਸਥਾਨ ਤੇ ਜਾ ਕੇ ਚੌਕਸੀ ਰੱਖਣ ਲਗੇ। ਗੁਰੂ ਸਾਹਿਬ ਵੀ ਸਿੰਘਾਂ ਨੂੰ ਜਗ੍ਹਾ-ਜਗ੍ਹਾ ਨੀਯਤ ਕਰਕੇ ਆਪ ਇਕ ਛੋਟੇ ਕੋਠੇ ਜਿਸ ਵਿਚ ਸਿੰਘਾਂ ਨੇ ਆਪਣੇ ਵਸਤਰ ਵਿਛਾ ਕੇ ਗੁਰੂ ਸਾਹਿਬ ਦੇ ਆਰਾਮ ਦਾ ਇੰਤਜ਼ਾਮ ਕੀਤਾ ਸੀ ਵਿਚ ਆ ਗਏ। ਥਕਾਵਟ ਨਾਲ ਬੇਦਲ ਹੋਏ ਸਿੰਘ ਸੌਂ[3] ਚੁਕੇ ਸਨ।

ਸ਼ਾਹਿਨਸ਼ਾਹ ਗੁਰੂ ਗੋਬਿੰਦ ਸਿੰਘ ਆਪਣੇ ਅਸਥਾਨ ਤੇ ਆ ਗਏ ਚੌਂਕੜਾ ਮਾਰ ਕੇ ਅਕਾਲਪੁਰਖ ਦੇ ਚਰਨਾਂ ਵਿਚ ਲਿਵ ਜੋੜ ਕੇ ਬੈਠ ਗਏ, ਅਜਪਾ- ਜਾਪ ਚਲਣ ਲੱਗਾ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਤੂੰ ਹੀ ਤੂੰ, ਤੂੰ ਹੀ ਤੂੰ, ਵਾਹਿਗੁਰੂ ਦੀ ਮਿਠੜੀ ਧੁਨੀ ਬ੍ਰਹਿਮੰਡ ਨੂੰ ਮਹਿਕਾਉਣ ਲੱਗੀ।

ਪਹਿਰਾ ਦੇਣ ਵਾਲੇ ਸਿੰਘ ਦਾ ਵੇਰਵਾ:-

1. ਮਾਨ ਸਿੰਘ:- ਆਪ ਜੀ ਨੂੰ ਮਾਨ ਸਿੰਘ ਨਿਸ਼ਾਨਚੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਆਪ ਦੇ ਪਿਤਾ ਦਾ ਨਾਮ ਮਾਈ ਦਾਸ ਅਤੇ ਮਾਤਾ ਦਾ ਨਾਮ ਮਧਰੀ ਬਾਈ ਸੀ। ਆਪ ਭਾਈ ਮਨੀ ਸਿੰਘ ਜੀ ਤੋਂ ਛੋਟੇ ਸਨ। ਆਪ ਨੇ ਅਨੰਦਪੁਰ ਸਾਹਿਬ ਦੀਆਂ ਕਈ ਲੜਾਈਆਂ ਵਿਚ ਹਿੱਸਾ ਲਿਆ ਸੀ। ਆਪ ਅਨੰਦਪੁਰ ਛੱਡਣ ਸਮੇਂ ਗੁਰੂ ਜੀ ਦੇ ਨਾਲ ਸਨ ਤੇ ਚਮਕੌਰ ਪਹੁੰਚੇ ਸਨ।

2. ਧਰਮ ਸਿੰਘ :- ਆਪ ਦਾ ਪਹਿਲਾ ਨਾਮ ਧਰਮ ਦਾਸ ਸੀ। ਆਪ ਦੇ ਪਿਤਾ ਦਾ ਨਾਮ ਸੰਤ ਰਾਮ ਅਤੇ ਮਾਤਾ ਦਾ ਨਾਮ ਸਾਬੋ ਸੀ। ਆਪ ਦਾ ਜਨਮ 1666 ਵਿਚ ਹੋਇਆ। 30-32 ਸਾਲ ਦੀ ਉਮਰ ਵਿਚ ਆਪ ਹਸਤਿਨਾਪੁਰ ਤੋਂ ਅਨੰਦਪੁਰ ਸਾਹਿਬ ਆਏ ਅਤੇ ਵਿਸਾਖੀ ਦੇ ਮੌਕੇ ਅੰਮ੍ਰਿਤਪਾਨ ਕਰਕੇ ਪੰਜ ਪਿਆਰਿਆਂ ਵਿਚ ਪਰਮ ਪਦਵੀ ਹਾਸਿਲ ਕੀਤੀ।

3. ਆਲਮ ਸਿੰਘ :- ਭਾਈ ਆਲਮ ਸਿੰਘ ਦੇ ਪਿਤਾ ਦਾ ਨਾਮ ਦੁਰਗਾਦਾਸ ਸੀ। ਆਪ ਚੌਹਾਨ ਗੋਤ ਦੇ ਰਾਜਪੂਤ ਸਨ ਆਪ ਪਹਿਲਾਂ ਸੌਧਰਾ (ਜਿਲ੍ਹਾ ਵਜ਼ੀਰਾਬਾਦ) ਦੇ ਰਹਿਣ ਵਾਲੇ ਸਨ ਬਾਅਦ ਵਿਚ ਦਬੁਰਜੀ (ਜਿਲ੍ਹਾ ਸਿਆਲਕੋਟ) ਆ ਗਏ। ਆਪ ਦਾ ਜਨਮ 1660 ਈ: ਵਿਚ ਹੋਇਆ ਅਤੇ 1673 ਵਿਚ ਆਪ ਅਨੰਦਪੁਰ ਸਾਹਿਬ ਆਏ। ਆਪ ਨੇ ਵਿਸਾਖੀ ਸਮੇਂ ਅੰਮ੍ਰਿਤਪਾਨ ਕੀਤਾ ਅਤੇ ਆਪ ਜੀ ਦਾ ਅਨੰਦਕਾਰਜ ਭਾਈ ਬਜਰ ਸਿੰਘ ਦੀ ਬੇਟੀ ਬੀਬੀ ਭਿੱਖਾਂ ਨਾਲ ਹੋਇਆ।

ਗੜ੍ਹੀ ਦੇ ਦਰਵਾਜੇ ਉਪਰ ਤੈਨਾਤ ਸਿੰਘ

ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ:- ਭਾਈ ਮਦਨ ਸਿੰਘ ਅਤੇ ਕਾਠਾ ਸਿੰਘ ਦੋਵੇਂ ਭਰਾ ਸਨ ਅਤੇ ਆਪ ਪਿੰਡ ਭਗਰਾਨਾ (ਫਤਿਹਗੜ੍ਹ) ਦੇ ਰਹਿਣ ਵਾਲੇ ਸਨ। ਆਪ ਦੇ ਪਿਤਾ ਭਾਈ ਦਿਆਲਾ ਜੀ ਜੁਲਾਹਾ ਕਿੱਤਾ ਕਰਿਆ ਕਰਦੇ ਸਨ ਅਤੇ ਆਪ ਨੇ ਗੁਰੂ ਤੇਗ ਬਹਾਦਰ ਜੀ ਤੋਂ ਗੁਰਸਿੱਖੀ ਦੀ ਦਾਤ ਲਈ ਸੀ। ਭਾਈ ਮਦਨ ਸਿੰਘ ਤੇ ਕਾਠਾ ਸਿੰਘ ਅਨੰਦਪੁਰ ਵਿਖੇ ਹੀ ਵਸ ਗਏ ਸਨ। ਅੱਜ ਵੀ ਸੀਨਾ-ਬ-ਸੀਨਾ ਚਲਦੀ ਰਵਾਇਤ ਅਨੁਸਾਰ ਇਕ ਖੂਹੀ ਭਾਈ ਕਾਠਾ ਸਿੰਘ ਦੇ ਨਾਮ ਤੇ ਹੈ ਅਤੇ ਅਨੰਦਪੁਰ ਵਿਖੇ ਮੌਜੂਦ ਦੱਸੀ ਜਾਂਦੀ ਹੈ।

10.

ਜਬ ਡੇਢ਼ ਘੜੀ ਰਾਤ ਗਈ ਜ਼ਿਕਰ-ਏ-ਖ਼ੁਦਾ ਮੇਂ।
ਖ਼ੈਮੇਂ ਸੇ ਨਿਕਲ ਆਏ ਸਰਕਾਰ ਹਵਾ ਮੇਂ।
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ ਦੁਆ ਮੇਂ।
ਬੋਲੇ, "ਐ ਖ਼ੁਦਾਵੰਦ ! ਹੂੰ ਖ਼ੁਸ਼ ਤੇਰੀ ਰਜ਼ਾ ਮੇਂ।

ਕਰਤਾਰ ਸੇ ਕਹਿਤੇ ਥੇ ਗੋਯਾ ਰੂ-ਬ-ਰੂ ਹੋਕਰ,
"ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖ਼ਰੂ ਹੋ ਕਰ!"

ਸ਼ਬਦ ਅਰਥ :- ਜ਼ਿਕਰ-ਏ-ਖ਼ੁਦਾ= ਪ੍ਰਮਾਤਮਾ ਦਾ ਸਿਮਰਨ, ਸਰਕਾਰ= ਦਸਮ ਪਿਤਾ, ਦੁਆ= ਅਕਾਲ ਪੁਰਖ ਦਾ ਸ਼ੁਕਰਾਨਾ, ਰਜ਼ਾ= ਮਰਜੀ, ਰੂ-ਬ-ਰੂ= ਮੁਖਾਤਿਬ ਹੋ ਕੇ, ਸੁਰਖ਼ਰੂ= ਜ਼ਿੰਮੇਵਾਰੀ ਤੋਂ ਮੁਕਤ, ਗੋਯਾ= ਯਾਨਿ ਕਿ।

ਅਰਥਾਤ :- ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਾਫੀ ਸਮਾਂ ਸਿਮਰਨ ਵਿਚ ਲੀਨ ਨਿਮਰਤਾ ਸਹਿਤ ਭਗਤੀ ਵਿਚ ਬੈਠ ਰਹੇ। ਜਦੋਂ ਡੇਢ਼ ਕੁ ਘੜੀ ਰਾਤ ਬੀਤ ਗਈ ਤਾਂ ਗੁਰੂ ਸਾਹਿਬ ਗੜ੍ਹੀ ਦੇ ਛੋਟੇ ਕੋਠੇ ਵਿਚੋਂ ਨਿਕਲ ਕੇ ਬਾਹਰ ਗੜ੍ਹੀ ਦੇ ਅਹਾਤੇ ਵਿਚ ਆ ਗਏ। ਠੰਡ ਦਾ ਮੌਸਮ ਸੀ, ਰਾਤ ਦੀ ਨਿੰਮੀ-ਨਿੰਮੀ ਚਾਨਣੀ ਆਪਣੀਆਂ ਰਿਸ਼ਮਾ ਬਿਖੇਰ ਰਹੀ ਸੀ। ਠੰਡੀ- ਠੰਡੀ ਹਵਾ ਰੁਮਕ ਰਹੀ ਸੀ, ਚਾਰੇ ਪਾਸੇ ਸੁੰਨਸਾਨਤਾ ਛਾਈ ਹੋਈ ਸੀ। ਗੁਰੂ ਸਾਹਿਬ ਹੌਲੀ ਹੌਲੀ ਨਰਮ ਕਦਮੀ ਨਾਲ ਟਹਿਲ ਰਹੇ ਸਨ ਅਤੇ ਮਨੋਬਿਰਤੀ ਸਿਮਰਨ ਵਿਚ ਲੀਨ ਸੀ ਇੰਝ ਪ੍ਰਤੀਤ ਹੋ ਰਿਹਾ ਸੀ ਜਿਵੇਂ ਗੁਰੂ ਸਾਹਿਬ ਅਕਾਲਪੁਰਖ ਦੇ ਚਰਨਾਂ ਵਿਚ ਜੋਦੜੀ ਕਰ ਰਹੇ ਹੋਣ ਕਿ ਹੇ ਅਕਾਲ ਪੁਰਖ, ਮੈਂ ਤੇਰੀ ਰਜ਼ਾ ਵਿਚ ਪ੍ਰਸੰਨ ਚਿੱਤ ਹਾਂ, ਮੇਰੇ ਸਾਈਆਂ ਜੀਓ, ਆਪ ਜੀ ਨੇ ਦਾਸ ਨੂੰ ਜਿਸ ਕਾਰਜ ਹੇਤ ਸੰਸਾਰ ਮੰਚ ਤੇ ਭੇਜਿਆ ਸੀ, ਸਮਰੱਥਾ ਬਖਸ਼ਣਾ ! ਮੈਂ ਉਸ ਕਾਰਜ ਦੀ ਪੂਰਤੀ ਵਾਸਤੇ ਸਭ ਕੁਝ ਨਿਛਾਵਰ ਕਰਨ ਲਈ ਤਤਪੱਰ ਹੋ ਸਕਾਂ।

ਹੇ ਅਕਾਲ ਪੁਰਖ ਵਾਹਿਗੁਰੂ ! ਕੱਲ ਜਿਹੜੀ ਇਮਤਿਹਾਨ ਦੀ ਘੜੀ ਇਸ ਚਮਕੌਰ ਦੇ ਅਸਥਾਨ ਤੇ ਆਉਣੀ ਹੈ, ਤੁਹਾਡੀ ਕ੍ਰਿਪਾ ਸਦਕਾ ਇਸ ਅਤਿ ਕਠਿਨ ਪ੍ਰੀਖਿਆ ਵਿਚੋਂ ਵੀ ਸੁਰਖ਼ਰੂ ਹੋ ਕੇ ਨਿਤਰਾਂਗਾ ਅਤੇ ਮੇਰਾ 'ਪੰਥ ਵਸੇ ਮੈਂ ਉਜੜਾਂ' ਦਾ ਸੰਕਲਪ ਪੂਰਨ ਹੋਵੇਗਾ।

11.

'ਮੈਂ ਤੇਰਾ ਹੂੰ, ਬੱਚੇ ਭੀ ਮੇਰੇ ਤੇਰੇ ਹੈਂ ਮੌਲਾ!
ਥੇ ਤੇਰੇ ਹੀ, ਹੈਂ ਤੇਰੇ ਰਹੇਂਗੇ ਤੇਰੇ ਦਾਤਾ!
ਜਿਸ ਹਾਲ ਮੇਂ ਰੱਖੇ ਤੂ, ਵੁਹੀ ਹਾਲ ਹੈ ਅੱਛਾ!
ਜੁਜ਼ ਸ਼ੁਕਰ ਕੇ ਆਨੇ ਕਾ ਜ਼ੁਬਾਂ ਪਰ ਨਹੀਂ ਸ਼ਿਕਵਾ!

ਲੇਟੇ ਹੁਏ ਹੈਂ ਖਾਲਸਾ ਜੀ ਆਜ ਜ਼ਮੀ ਪਰ।
ਕਿਸ ਤਰਹ ਸੇ ਚੈਨ ਆਏ ਹਮੇਂ ਸ਼ਾਹਿ-ਨਸ਼ੀਂ ਪਰ।

ਸ਼ਬਦ ਅਰਥ :- ਜੁਜ਼= ਬਿਨਾ, ਸਵਾਏ, ਜ਼ੁਬਾਂ= ਜ਼ੁਬਾਨ, ਸ਼ਿਕਵਾ= ਗਿਲਾ, ਸ਼ਾਹਿ-ਨਸ਼ੀਂ= ਸ਼ਾਹੀ ਗਦੇਲਾ, ਜ਼ਮੀਂ= ਜ਼ਮੀਨ, ਮੌਲਾ= ਅਕਾਲ ਪੁਰਖ।

ਅਰਥਾਤ :- ਅਕਾਲ ਪੁਰਖ ਨੂੰ ਮੁਖਾਤਿਬ ਹੋ ਕੇ ਕਲਗੀਧਰ ਪਾਤਸ਼ਾਹ ਫੁਰਮਾ ਰਹੇ ਹਨ ਕਿ ਹੇ ਅਕਾਲ ਪੁਰਖ ਵਾਹਿਗੁਰੂ ! ਮੈਂ ਤੇਰਾ ਹਾਂ, ਮੇਰਾ ਵਜੂਦ ਤੇਰੇ ਸਦਕਾ ਹੀ ਹੈ, ਮੇਰਾ ਤਾਂ ਕੁਝ ਵੀ ਨਹੀਂ ਹੈ, ਜੋ ਕਿਛੁ ਹੈ ਸਭ ਤੇਰਾ ਹੀ ਹੈ। ਵਾਹਿਗੁਰੂ ! ਮੇਰੇ ਬੱਚੇ (ਖਾਲਸਾ ਪੰਥ)[1] ਵੀ ਤੇਰਾ ਹੈ, ਤੇਰਾ ਹੀ ਸੀ ਅਤੇ ਤੇਰਾ ਹੀ ਰਹੇਗਾ। ਵਾਹਿਗੁਰੂ ! ਤੂੰ ਜਿਸ ਵੀ ਹਾਲ ਵਿਚ ਰੱਖੇਂ ਉਹ ਹਾਲ ਹੀ ਅਨੰਦਮਈ ਮਹਿਸੂਸ ਹੁੰਦਾ ਹੈ ਕਿਉਂਕਿ ਤੇਰੀ ਰਜ਼ਾ ਅਧੀਨ ਹੀ ਮੈਨੂੰ ਪਰਮ-ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਤੇ ਕੇਵਲ ਮੇਰੀ ਰਸਨਾ ਉਪਰ ਸ਼ੁਕਰ ਹੀ ਆਉਂਦਾ ਹੈ ਅਤੇ ਮੈਂ ਤਾਂ ਕੇਵਲ ਸ਼ੁਕਰ ਦਾ ਹੀ ਸਿਜਦਾ ਅਦਾ ਕਰਦਾ ਹਾਂ। ਮੇਰੀ ਰਸਨਾ ਉਪਰ ਤੇਰੇ ਪ੍ਰਤੀ ਕੋਈ ਸ਼ਿਕਵਾ ਨਹੀਂ ਆਉਂਦਾ ਕਿਉਂਕਿ ਮੈਂ ਤੇਰੇ ਭਾਣੇ ਅੰਦਰ ਚਲਦਾ ਹਾਂ।

ਗੁਰੂ ਪਾਤਸ਼ਾਹ ਨੇ ਅਕਾਲ ਪੁਰਖ ਸਨਮੁੱਖ ਜੋਦੜੀ ਕਰਕੇ ਨੇਤਰ ਖੋਲ੍ਹੇ ਤੇ ਚੰਨ ਦੀ ਚਾਨਣੀ ਵਿਚ ਜ਼ਮੀਨ ਤੇ ਲੇਟੇ ਹੋਏ ਸਿੰਘਾਂ ਤੇ ਨਜ਼ਰ ਪਈ ਗੁਰੂ ਸਾਹਿਬ ਨੇ ਇਕ ਨਜ਼ਰ ਨਾਲ ਜੁਝਾਰੂਆਂ ਨੂੰ ਤੱਕਿਆ ਤੇ ਫਿਰ ਅੰਦਰ ਵੱਲ ਨਜ਼ਰ ਮਾਰੀ ਜਿਥੋਂ ਗੁਰੂ ਸਾਹਿਬ ਉਠ ਕੇ ਬਾਹਰ ਆਏ ਸਨ। ਗੁਰੂ ਪਾਤਸ਼ਾਹ ਦੀ ਅੱਖਾਂ ਸੇਜਲ ਹੋ ਗਈਆਂ ਤੇ ਅਕਾਲ ਪੁਰਖ ਨੂੰ ਮੁਖਾਤਿਬ ਕਰਕੇ ਕਿਹਾ, "ਕੈਸਾ ਸਮਾ ਹੈ, ਅੱਜ ਮੇਰਾ ਲਾਡਲਾ ਖਾਲਸਾ ਜ਼ਮੀਨ ਤੇ ਸੁੱਤਾ ਪਿਆ ਹੈ ਤੇ ਮੈਨੂੰ ਇਸ ਸ਼ਾਹੀ ਬਿਸਤਰ[2] ਤੇ ਨੀਂਦ ਕਿਵੇਂ ਆਵੇ?

---

1. ਗੁਰੂ ਸਾਹਿਬ ਦਾ ਭਾਵ ਇਥੇ ਕੇਵਲ ਬਿੰਦੀ ਸੰਤਾਨ ਤੋਂ (ਸਾਹਿਬ ਅਜੀਤ ਸਿੰਘ ਅਤੇ ਜੁਝਾਰ

ਸਿੰਘ) ਨਹੀ ਬਲਕਿ ਨਾਲ ਦੇ ਸਾਥੀ ਸਿੰਘਾਂ ਪ੍ਰਤੀ ਹੈ। ਅੰਮ੍ਰਿਤ ਸੰਸਕਾਰ ਸਮੇਂ ਗੁਰੂ ਸਾਹਿਬ ਨੇ ਖਾਲਸਾ ਪੰਥ ਨੂੰ ਪੰਥ ਗੁਰੂ ਦਾ ਮਹਾਨ ਰੁਤਬਾ ਪ੍ਰਧਾਨ ਕੀਤਾ ਸੀ।

2. ਚਮਕੌਰ ਦੀ ਗੜ੍ਹੀ ਦੇ ਅੰਦਰ ਕੋਈ ਸ਼ਾਹੀ ਤਖਤ (ਸ਼ਾਹਿ-ਨਸ਼ੀਂ) ਨਹੀਂ ਸੀ। ਜੁਝਾਰੂ ਸੂਰਮਿਆਂ ਨੇ ਆਪਣੇ ਵਸਤਰਾਂ ਨੂੰ ਤਰਤੀਬ ਅਨੁਸਾਰ ਵਿਛਾ ਕੇ ਗੁਰੂ ਸਾਹਿਬ ਵਾਸਤੇ ਰਾਤਰੀ ਵਿਸ਼ਰਾਮ ਲਈ ਇਕ ਗਦੇਲਾ ਤਿਆਰ ਕਰ ਦਿੱਤਾ ਸੀ।

12.

ਯਿਹ ਕਹਿ ਕੇ ਗੁਰੂ ਲਸ਼ਕਰ-ਏ-ਖ਼ੁੱਫਤਾ ਮੇਂ ਦਰ ਆਇ।
ਪਹਿਰੇ ਪਿ ਜਵਾਂ ਊਂਘਤੇ ਅਕਸਰ ਨਜ਼ਰ ਆਏ।
ਯੂੰ ਹਰ ਜਗਾ ਖ਼ਾਮੋਸ਼ ਗਏ ਬੇਖ਼ਬਰ ਆਏ।
ਸੋਏ ਹੂਏ ਬੱਚੇ ਕੇ ਕਰੀਂ ਜਿਉਂ ਪਿਦਰ ਆਏ।

ਗਰਜ਼ਿ-ਕਿ-ਦਬੇ ਪਾਉਂ ਟਹਿਲਨੇ ਲਗੇ ਸਤਿਗੁਰ।
ਭਗਤੀ ਸੇ ਮੁਰੀਦੋਂ ਕੀ ਬਹਿਲਨੇ ਲਗੇ ਸਤਿਗੁਰ।

ਸ਼ਬਦ ਅਰਥ :- ਲਸ਼ਕਰ-ਏ-ਖ਼ੁੱਫਤਾ= ਸੁੱਤੇ ਪਏ ਸੂਰਮੇ, ਜਵਾਂ= ਜਵਾਨ, ਊਂਘਤੇ= ਹੰਗਲਾਉਂਦੇ ਹੋਏ, ਖ਼ਾਮੋਸ਼= ਚੁੱਪ ਚਾਪ, ਬੇਖ਼ਬਰ= ਜਿਸ ਦੀ ਭਿਣਕ ਨਾ ਪਵੇ, ਕਰੀਂ= ਨੇੜੇ, ਪਿਦਰ= ਬਾਪ, ਗਰਜ਼ਿ ਕਿ= ਮਤਲਬ ਕਿ, ਮੁਰੀਦੋਂ= ਸਿੱਖ ਸੇਵਕਾਂ, ਬਹਿਲਨੇ= ਪਰਚਣ, ਅਨੰਦਿਤ।

ਅਰਥਾਤ :- ਮਨ ਅੰਦਰ ਇਹ ਖ਼ਿਆਲ ਦੁਹਰਾਉਂਦੇ ਅਤੇ ਸਿਮਰਨ ਵਿਚ ਲੀਨ ਹੋਏ ਗੁਰੂ ਸਾਹਿਬ ਬੜੀ ਨਰਮ ਕਦਮੀਂ ਨਾਲ ਟਹਿਲਦੇ ਹੋਏ ਉਸ ਪਾਸੇ ਆਏ ਜਿਥੇ ਥਕਾਵਟ, ਭੁੱਖ ਤੇ ਠੰਡ ਤੋਂ ਲਾਚਾਰ ਜਾਂਬਾਜ ਸੂਰਮੇ ਸੁੱਤੇ ਪਏ ਸਨ। ਗੁਰੂ ਸਾਹਿਬ ਨੇ ਵੇਖਿਆ ਕਿ ਉਹ ਜਵਾਨ ਜਿੰਨ੍ਹਾਂ ਨੂੰ ਪਹਿਰੇ ਉਪਰ ਤਾਇਨਾਤ ਕੀਤਾ ਗਿਆ ਸੀ, ਉਨ੍ਹਾਂ ਉਪਰ ਵੀ ਨੀਂਦ ਨੇ ਇੰਨ੍ਹਾਂ ਜੋਰ ਪਾ ਦਿੱਤਾ ਸੀ ਕਿ ਉਹ ਵੀ ਨੀਂਦ ਨਾਲ ਊਂਘ ਰਹੇ ਸਨ। ਹੁਣ ਗੜ੍ਹੀ ਦੇ ਅੰਦਰੂਨੀ ਹਾਲਾਤ ਐਸੇ ਸਨ ਕਿ ਰਾਤ ਦਾ ਸਮਾਂ ਸੀ, ਚੰਦ ਦੀ ਚਾਨਣੀ ਆਪਦੀਆਂ ਦੂਧੀਆ ਰਿਸ਼ਮਾਂ ਬਿਖੇਰ ਰਹੀ ਸੀ। ਸਵੇਰ ਦੇ ਥਕੇ ਹੋਏ ਸੂਰਮੇ ਗੂੜੀ ਨੀਂਦ ਸੁਤੇ ਪਏ ਸਨ, ਕੇਵਲ ਤੇ ਕੇਵਲ ਵਰਿਆਮ ਯੋਧੇ, ਮਰਦ ਅਗੰਮੜੇ ਕਲਗੀਧਰ ਪਾਤਸ਼ਾਹ ਜਾਗ ਰਹੇ ਸਨ, ਗੜ੍ਹੀ ਦੇ ਅੰਦਰ ਹੋਲੀ ਹੋਲੀ ਘੁੰਮ ਰਹੇ ਸਨ ਕਿ ਮਤਾਂ ! ਕੋਈ ਸਿੰਘ ਸੂਰਮਾ ਕਿਤੇ ਕਦਮਾਂ ਦੀ ਆਵਾਜ਼ ਨਾਲ ਜਾਗ ਨਾ ਜਾਵੇ, ਪਤਾ ਨਹੀਂ ਕਿੰਨੇ ਥੱਕੇ ਹੋਏ ਹਨ ਤੇ ਕਿੰਨਾ ਉਨੀਂਦਰਾ ਹੈ। ਕਲਗੀਧਰ ਪਿਤਾ ਸੁੱਤੇ ਹੋਏ ਹਰ ਸਿੰਘ ਦੇ ਕੋਲ ਕੁਝ ਸਮਾ ਖੜਦੇ ਤੇ ਬੜੀ ਮੋਹ ਭਰੀ ਤੱਕਣੀ ਨਾਲ ਚਿਹਰੇ ਵੱਲ ਤੱਕਦੇ ਜਿਵੇਂ ਬਾਪ ਸੁੱਤੇ ਪਏ ਬੱਚੇ ਦਾ ਨਜ਼ਦੀਕ ਜਾ ਕੇ ਚਿਹਰਾ ਤੱਕਦਾ ਹੈ।

ਭਾਵ ਕਿ ਗੁਰੂ ਸਾਹਿਬ ਬਹੁਤ ਹੀ ਦਬੇ ਪੈਰੀਂ ਟਹਿਲ ਰਹੇ ਸਨ ਤੇ ਸਿੰਘ ਸੂਰਮਿਆਂ ਦੀ ਇਸ ਪ੍ਰੇਮਾ-ਭਗਤੀ ਤੋਂ ਕੁਰਬਾਨ ਜਾ ਰਹੇ ਸਨ।

13.

ਸਾਫ਼ੇ ਕਬੀ ਸਿੰਘੋਂ ਕੇ ਉਠਾਤੇ ਥੇ ਜ਼ਮੀਂ ਸੇ।
ਕੇਸ ਇਸ ਕੇ ਜੋ ਝਾੜੇ ਤੋ ਲੀ ਖ਼ਾਕ ਉਸ ਕੀ ਜਬੀਂ ਸੇ।
ਸਰ ਠੀਕ ਕੀਏ, ਸਰਕੇ ਹੂਏ ਬਾਲਿਸ਼-ਜ਼ੀਂ ਸੇ।
ਤਰਤੀਬ ਦੀ ਹਰ ਚੀਜ਼ ਕੋ ਲਾ ਲਾ ਕੇ ਕਹੀਂ ਸੇ।

ਹਾਸ਼ਾ ! ਕਿਸੀ ਮੁਰਸ਼ਦ ਮੇਂ ਯਿਹ ਈਸਾਰ ਨਹੀਂ ਹੈ।
ਯਿਹ ਪਿਆਰ ਕਿਸੀ ਪੀਰ ਮੇਂ ਜ਼ਿਨਹਾਰ ਨਹੀਂ ਹੈ।

ਸ਼ਬਦ ਅਰਥ :- ਸਾਫ਼ੇ= ਦਸਤਾਰ, ਜ਼ਮੀ= ਜ਼ਮੀਨ ਤੋਂ, ਖ਼ਾਕ= ਮਿੱਟੀ, ਜ਼ਬੀ= ਮੁਖੜਾ, ਮੱਥਾ, ਸਰ= ਸਿਰ, ਸਰਕੇ= ਜਗ੍ਹਾ ਤੋਂ ਹਿਲੇ ਹੋਏ, ਬਾਲਿਸ਼-ਜ਼ੀਂ= ਘੋੜੇ ਦੀ ਕਾਠੀ ਦਾ ਸਰਹਾਣਾ, ਹਾਸ਼ਾ= ਇਹ ਸ਼ਬਦ ਸੌਂਹ ਖਾਣ ਵਾਸਤੇ ਵਰਤਿਆ ਜਾਂਦਾ ਹੈ, ਮੁਰਸ਼ਦ= ਪੀਰ, ਪੈਗੰਬਰ, ਰਹਿਬਰ, ਈਸਾਰ= ਪਰਉਪਕਾਰ, ਦਿਆ, ਜ਼ਿਨਹਾਰ= ਬਿਲਕੁਲ ਨਹੀਂ, ਕਦਾਚਿਤ, ਹਾਸ਼ਾ= ਪ੍ਰਮਾਤਮਾ ਕਰੇ, ਅੱਲਾ ਕਰੇ, ਈਸਾਰ= ਆਪਣਾ ਛੱਡ ਕੇ ਕਿਸੇ ਤੇ ਦਯਾ ਕਰਨੀ।

ਅਰਥਾਤ :- ਸਿੰਘਾਂ ਨੇ ਆਪਣੀਆਂ ਵੱਡੀਆਂ ਦਸਤਾਰਾਂ ਦਾ ਤਾਂ ਇਕ ਬਿਸਤਰ ਗੁਰੂ ਸਾਹਿਬ ਵਾਸਤੇ ਤਿਆਰ ਕਰ ਦਿੱਤਾ ਸੀ ਤੇ ਆਪ ਸਿਰਾਂ ਉਪਰ ਛੋਟੀਆਂ ਦਸਤਾਰਾਂ (ਸਾਫ਼ੇ) ਸਜਾ ਕੇ ਸੁੱਤੇ ਪਏ ਸਨ। ਥਕਾਵਟ, ਭੁੱਖ, ਠੰਡ ਦੇ ਨਾਲ ਐਸੀ ਬੇਸੁਰਤ ਨੀਂਦ ਸੁੱਤੇ ਪਏ ਸਨ ਕਿ ਸਾਫ਼ੇ ਸਿਰ ਤੋਂ ਉਤਰੇ ਪਏ ਸਨ। ਗੁਰੂ ਸਾਹਿਬ ਬੜੇ ਸਹਿਜੇ ਸਹਿਜੇ ਕਦਮ ਰੱਖਦੇ ਹੋਏ ਸੁੱਤੇ ਪਏ ਲਾਡਲੇ ਸਿੰਘਾਂ ਪਾਸ ਆਏ, ਥੋੜਾ ਮੁਸਕਰਾ ਕੇ ਪਿਆਰ ਨਾਲ ਤੱਕਿਆ, ਫਿਰ ਸਿੰਘਾਂ ਦੇ ਛੋਟੇ ਦਸਤਾਰਿਆਂ (ਸਾਫ਼ਿਆਂ) ਨੂੰ ਜ਼ਮੀਨ ਤੋਂ ਚੁਕਿਆ ਬੜੇ ਪਿਆਰ ਨਾਲ ਝਾੜਿਆ ਤੇ ਬੜੀ ਹੌਲੀ ਹੌਲੀ ਬਿਨਾਂ ਆਵਾਜ਼ ਕੀਤਿਆਂ ਸਿੰਘਾਂ ਦੇ ਸਿਰਾਂ ਪਾਸ ਰੱਖਣੇ ਸ਼ੁਰੂ ਕੀਤੇ। ਪਾਵਨ ਕੇਸ ਜੋ ਖੁੱਲ ਕੇ ਖਿਲਰੇ ਪਏ ਸਨ, ਅਤੇ ਜ਼ਮੀਨ ਤੋਂ ਮਿੱਟੀ ਲੱਗ ਚੁੱਕੀ ਸੀ, ਗੁਰੂ ਸਾਹਿਬ ਨੇ ਬੜੀ ਹੌਲੀ ਹੌਲੀ ਝਾੜੇ, ਕੇਸਾ ਉਪਰ ਲੱਗੀ ਉਸ ਪਾਵਨ ਮਿੱਟੀ ਨੂੰ ਆਪਣੇ ਮਸਤਕ ਨਾਲ ਸਿਜਦਾ ਕੀਤਾ। ਸਿੰਘ ਸੂਰਮੇ ਥੱਕ ਕੇ ਬੇਤਰਤੀਬੀ ਨਾਲ ਸੁਤੇ ਪਏ ਸਨ, ਅਤੇ ਘੋੜਿਆਂ ਦੀਆਂ ਕਾਠੀਆਂ ਤੋਂ ਸਿਰਹਾਣੇ ਦਾ ਕੰਮ ਲੈ ਰਹੇ ਸਨ। ਗੁਰੂ ਸਾਹਿਬ ਨੇ ਬੜੇ ਹੀ ਪਿਆਰ ਨਾਲ ਸਿੰਘਾਂ ਦੇ ਸੀਸ ਜੋ ਹੇਠਾਂ ਵੱਲ ਸਰਕੇ ਪਏ ਸਨ ਨੂੰ ਬੜੇ ਸਹਿਜ ਨਾਲ ਉਨ੍ਹਾਂ

ਦੇ ਸਿਰਹਾਣਿਆਂ (ਘੋੜਿਆਂ ਦੀਆਂ ਕਾਠੀਆਂ) ਉਪਰ ਟਿਕਾਇਆ। ਗੁਰੂ ਸਾਹਿਬ ਨੇ ਵੇਖਿਆ ਕਿ ਸਿੰਘਾਂ ਦੇ ਸ਼ਸਤਰ ਵੀ ਖਿੰਡੇ-ਪੁੰਡੇ ਪਏ ਸਨ। ਗੁਰੂ ਸਾਹਿਬ ਨੇ ਆਪ ਹਰ ਸ਼ਸਤਰ ਨੂੰ ਚੁਕਿਆ ਤੇ ਤਰਤੀਬ ਅਨੁਸਾਰ ਹਰ ਸਿੰਘ ਦੇ ਪਾਸ ਰੱਖਿਆ। ਗੱਲ ਕੀ, ਗੁਰੂ ਸਾਹਿਬ ਬੜੇ ਹੀ ਪ੍ਰੇਮ ਤੇ ਵੈਰਾਗ ਨਾਲ ਸਿੰਘਾਂ ਨੂੰ ਨਿਹਾਰ ਰਹੇ ਸਨ, ਅਦੁੱਤੀ ਪ੍ਰੇਮ ਦਾ ਇਲਾਹੀ ਝਰਨਾ ਫੁੱਟ-ਫੁੱਟ ਪੈ ਰਿਹਾ ਸੀ।

ਕਵੀ (ਅੱਲ੍ਹਾ ਯਾਰ ਖਾਂ) ਕਹਿੰਦਾ ਹੈ, ਖ਼ੁਦਾ ਦੀ ਕਸਮ ਹੈ ਮੈਂ ਕਿਸੇ ਪੀਰ ਪੈਗ਼ਬਰ ਵਿਚ ਆਪਣਾ ਛੱਡ ਕੇ ਕਿਸੇ ਤੇ ਦਯਾ ਕਰਨ, ਦਾ ਪੁਰ ਉਪਕਾਰੀ ਗੁਣ ਨਹੀਂ ਵੇਖਿਆ ਤੇ ਆਪਣੀ ਉਮੱਤ ਦੇ ਨਾਲ ਐਸ਼ਾ ਇਲਾਹੀ ਪਿਆਰ ਜੈਸਾ ਕਲਗੀਧਰ ਪਾਤਸ਼ਾਹ ਕਰ ਰਹੇ ਹਨ ਕਦਾਚਿਤ ਵੀ ਕਿਸੇ ਪੈਗੰਬਰ, ਪੀਰ, ਦੇਵਤੇ, ਰਹਿਬਰ, ਅਵਤਾਰ ਦੇ ਹਿਰਦੇ ਅੰਦਰ ਨਹੀਂ ਹੋ ਸਕਦਾ।

14.

ਥੇ ਦੇਖਤੇ ਹਰ ਏਕ ਕੋ ਗੁਰੂ ਦੀਦਾ-ਏ-ਤਰ ਸੇ।
ਉਲਫ਼ਤ ਕੀ ਨਿਗਾਹੋਂ ਸੇ, ਮੁਹੱਬਤ ਕੀ ਨਜ਼ਰ ਸੇ।
ਬਾਂਧੇ ਹੁਏ ਪਟਕਾ ਪਇ-ਖ਼ਿਦਮਤ ਥੇ ਕਮਰ ਸੇ।
ਥਾ ਜਾਗਤਾ ਕੋਈ ਤੋ ਸਰਕ ਜਾਤੇ ਥੇ ਸਰ ਸੇ।
ਨਫ਼ਰਤ ਥੀ ਯਹਾਂ ਤਕ ਸ਼ਾਹਿ ਵਾਲਾ ਕੋ ਰਿਆ ਸੇ।
ਨੇਕੀ ਕੋ ਛੁਪਾਤੇ ਥੇ ਸਦਾ ਮਾਉ-ਸ਼ੁਮਾ ਸੇ।

ਸ਼ਬਦ ਅਰਥ :- ਦੀਦਾ-ਏ-ਤਰ= ਸੇਜਲ ਅੱਖਾਂ, ਨੇਹੁ ਭਰੇ, ਨੀਰ ਵਾਲੇ ਨੈਣ, ਉਲਫ਼ਤ= ਸਨੇਹ, ਮ੍ਰਿਤਾਨਾ ਪਿਆਰ, ਮੁਹੱਬਤ= ਪਿਆਰ, ਪਟਕਾ= ਕਮਰਕੱਸਾ, ਪਇਖ਼ਿਦਮਤ= ਸੇਵਾ ਵਿਚ ਮਗਨ, ਸਰਕ= ਲਾਂਭੇ ਹੋ ਜਾਂਦੇ, ਸ਼ਾਹਿਵਾਲਾ= ਪਾਤਸ਼ਾਹ, ਰਿਆ= ਪਾਖੰਡ, ਫੋਕਾ ਵਿਖਾਵਾ, ਮਾਓ-ਸ਼ੁਮਾ= ਸਾਡੇ ਤੁਹਾਡੇ, ਮੇਰੇ ਤੇਰੇ, ਉਲਫ਼ਤ= (ਅਰਬੀ), ਮੁਹੱਬਤ= ਪ੍ਰੇਮ।

ਅਰਥਾਤ :- ਗੁਰਦੇਵ ਪਾਤਸ਼ਾਹ ਗੂੜੀ ਨੀਂਦ ਸੁੱਤੇ ਪਏ ਯੋਧਿਆਂ ਪਾਸ ਬੈਠੇ ਸਨ, ਅੱਖਾਂ ਵਿਚ ਪਿਆਰ ਨਾਲ ਨੀਰ ਵਹਿ ਰਿਹਾ ਸੀ, ਸੇਜਲ ਅੱਖਾਂ ਦੇ ਨਾਲ ਗੁਰੂ ਪਾਤਸ਼ਾਹ ਅਣਖੀਲੇ ਯੋਧਿਆਂ ਦੇ ਨੂਰਾਨੀ ਮੁਖੜਿਆਂ ਨੂੰ ਤੱਕ ਰਹੇ ਸਨ। ਅੱਖਾਂ ਵਿਚੋਂ ਪਿਆਰ ਦੇ ਚਸ਼ਮੇ ਫੁੱਟ ਰਹੇ ਸਨ ਤੇ ਮਧੂਮਈ ਮੋਹ ਭਿੱਜੀ ਤੱਕਣੀ ਨਾਲ ਗੁਰੂ ਪਾਤਸ਼ਾਹ ਸਵੇਰ ਨੂੰ ਜ਼ਾਮ-ਏ-ਸ਼ਹਾਦਤ ਪੀਣ ਵਾਲੇ ਸੂਰਮਿਆਂ ਨੂੰ ਤੱਕ ਰਹੇ ਸਨ।

ਸੰਸਾਰ ਦੇ ਇਤਿਹਾਸ ਵਿਚ ਕੋਈ ਐਸਾ ਪੀਰ, ਰਹਿਬਰ ਨਜ਼ਰ ਨਹੀਂ ਆਉਂਦਾ ਜੋ ਆਪਣੀ ਉਮੱਤ ਦੀ ਸੇਵਾਦਾਰੀ ਕਰੇ, ਪਰ ਆਫ਼ਰੀਨ ! ਬਾਦਸ਼ਾਹ ਦਰਵੇਸ਼, ਮਰਦ ਅਗੰਮੜੇ ਕਲਗੀਧਰ ਪਾਤਸ਼ਾਹ ਸਾਰੀ ਰਾਤ ਗੂੜੀ ਨੀਂਦ ਸੁਤੇ ਪਏ ਸਿੰਘਾਂ ਦੀ ਖਿਦਮਤ ਵਿਚ ਹਾਜ਼ਰ ਹਨ। ਪਾਤਸ਼ਾਹ ਜਦੋਂ ਵੇਖਦੇ ਕਿ ਜੇਕਰ ਕੋਈ ਸਿੰਘ ਜਾਗਣ ਦੀ ਅਵਸਥਾ ਵਿਚ ਹੈ ਤਾਂ ਚੁੱਪ-ਚਾਪ ਲਾਗੋਂ ਪਾਸੇ ਹੱਟ ਜਾਂਦੇ ਕਿ ਕਿਤੇ ਗੂੜੀ ਨੀਂਦ ਸੌਂ ਰਿਹਾ ਇਹ ਲਾਡਲਾ ਜਾਗ ਨਾ ਜਾਵੇ, ਕਿਉਂਕਿ ਗੁਰੂ ਪਾਤਸ਼ਾਹ ਇਸ ਪਿਆਰ ਦਾ ਕੋਈ ਵਿਖਾਵਾ ਨਹੀਂ ਸਨ ਕਰਨਾ ਚਾਹੁੰਦੇ, ਪਾਤਸ਼ਾਹ ਨੂੰ ਫ਼ੋਕੇ ਵਿਖਾਵੇ ਤੋਂ ਬਹੁਤ ਨਫ਼ਰਤ ਸੀ, ਅਤੇ ਸੁਭਾਅ ਅਨੁਸਾਰ ਉਹ ਦੁਰਮਤਿ ਤੇ ਵੀ ਦਿਆਲ ਹੁੰਦੇ ਸਨ ਪਰ ਨੇਕੀ ਨੂੰ ਤੁਹਾਡੇ-ਮੇਰੇ (ਭਾਵਕਿ ਹਰੇਕ) ਤੋਂ ਛੁਪਾ ਕੇ ਰੱਖਦੇ ਸਨ ਅਰਥਾਤ ਫੋਕੇ ਦਿਖਾਵੇ ਦੇ ਹਾਮੀ ਨਹੀਂ ਸਨ।

15.

ਜਿਨ ਸਿੰਘੋਂ ਨੇ ਕਲ ਮੌਤ ਕੇ ਸਾਹਿਲ ਥਾ ਉਤਰਨਾ।
ਕਲ ਸੁਬਹ ਥਾ ਜਿਨ ਖ਼ਾਲਸੋਂ ਨੇ ਜੰਗ ਮੇਂ ਮਰਨਾ।
ਬਾਲੀਂ ਸੇ ਸ਼ਹੀਦੋਂ ਕੇ ਹੂਆ ਜਬਕਿ ਗੁਜ਼ਰਨਾ।
ਮੁਸ਼ਕਿਲ ਹੁਆ ਇਸ ਜਾਂ ਸੇ ਕਦਮ ਆਗੇ ਕੋ ਧਰਨਾ।

ਚੂੰਮਾਂ ਕਭੀ ਹਲਕੂਮ, ਦਹਨ ਚੂਮਨੇ ਬੈਠੇ।
ਜਬ ਪਾਇੰਤੀ ਆਏ ਤੋ ਚਰਨ ਚੂਮਨੇ ਬੈਠੇ।

ਸ਼ਬਦ ਅਰਥ :- ਸਾਹਿਲ= ਕੰਢੇ, ਕਿਨਾਰੇ, ਸੁਬਹ= ਸਵੇਰੇ, ਬਾਲੀਂ= ਸਿਰਹਾਣੇ, ਜਬਕਿ= ਜਿਸ ਵੇਲੇ, ਹਲਕੂਮ= ਗਲ ਘੰਡੀ, ਦਹਨ= ਮੁਖੜਾ, ਪਾਇੰਤੀ= ਪੈਂਦ ਵਲ, ਪੈਰਾਂ ਵਲ, ਜਾ= ਜਗ੍ਹਾ, ਸਥਾਨ।

ਅਰਥਾਤ :- ਗੁਰਦੇਵ ਪਾਤਸ਼ਾਹ ਬੜੇ ਹੀ ਪਿਆਰ ਨਾਲ ਜਮੀਨ ਉਪਰ ਕੜਾਕੇ ਦੀ ਠੰਡ ਵਿਚ ਸੁੱਤੇ ਪਏ ਸਿੰਘ-ਸੂਰਮਿਆਂ ਪਾਸ ਆਏ, ਜਿਨ੍ਹਾਂ ਦੇ ਚਿਹਰਿਆਂ ਉਪਰ ਅਗੰਮੀ ਸ਼ਹੀਦੀ ਖੁਮਾਰੀਆਂ ਦਾ ਇਲਾਹੀ ਨੂਰ ਸੀ, ਅੱਜ ਦੀ ਰਾਤ ਇਨ੍ਹਾਂ ਸਿੰਘ ਸੂਰਮਿਆਂ ਦੀ ਅੰਤਮ ਰਾਤ ਸੀ, ਸਵੇਰ ਚੜਦਿਆਂ ਹੀ ਇਨ੍ਹਾਂ ਰੰਗ ਰਤਿਆਂ ਨੇ ਸ਼ਹੀਦੀ ਗਾਨੇ ਬੰਨ ਲਾੜੀ ਮੌਤ ਨੂੰ ਪਰਨਾਉਣਾ ਸੀ। ਸਵੇਰ ਹੁੰਦਿਆਂ ਹੀ ਇਨ੍ਹਾਂ ਖਾਲਸਿਆਂ ਨੇ ਮੈਦਾਨ-ਏ-ਜੰਗ ਵਿਚ ਜੂਝ ਕੇ ਸ਼ਹਾਦਤ ਦੀ ਦੇਵੀ ਦੀ ਨਿੱਘੀ ਗੋਦ ਦਾ ਅਨੰਦ ਮਾਨਣਾ ਸੀ।

ਗੁਰੂ ਸਾਹਿਬ ਦੇ ਮਨ ਵਿਚ ਉਪਰੋਕਤ ਵਿਚਾਰ ਬਾਰ-ਬਾਰ ਮਾਨਸਿਕ ਸਤਾ ਉਪਰ ਉਭਰ ਰਹੇ ਸਨ। ਪਾਤਸ਼ਾਹ ਉਠ ਕੇ ਜਦੋਂ ਸਿੰਘਾਂ ਦੇ ਲਾਗੋਂ ਤੁਰ ਕੇ ਅਗਾਂਹ ਜਾਣ ਲੱਗੇ ਤਾਂ ਫਿਰ ਅੱਗੇ ਤੁਰਨ ਦਾ ਹੌਂਸਲਾ ਨਾ ਪਿਆ, ਪਾਤਸ਼ਾਹ ਗੂੜੀ ਨੀਂਦ ਸੁਤੇ ਪਏ ਸਿੰਘਾਂ ਦੇ ਸਰਹਾਣਿਆਂ ਪਾਸ ਖੜੇ ਸਨ ਪਰ ਅੱਗੇ ਤੁਰਨ ਦੀ ਕਦਮ ਇਜ਼ਾਜਤ ਨਹੀਂ ਸਨ ਦੇ ਰਹੇ, ਇੰਜ ਲਗ ਰਿਹਾ ਸੀ ਜਿਵੇਂ ਸਿੰਘਾਂ ਦੇ ਅਦੁੱਤੀ ਪਿਆਰ ਦੀਆਂ ਬੇੜੀਆਂ ਨੇ ਕਦਮਾਂ ਨੂੰ ਜਕੜ ਕੇ ਰੱਖਿਆ ਹੋਵੇ। ਪਾਤਸ਼ਾਹ ਦੇ ਹਿਰਦੇ ਅੰਦਰ ਪ੍ਰੇਮ ਦਾ ਅਦੁੱਤੀ ਸਾਗਰ ਠਾਠਾਂ ਮਾਰ ਰਿਹਾ ਸੀ, ਵੈਰਾਗ ਦੀਆਂ ਅਜਬ ਤਰੰਗਾਂ ਉਠ ਰਹੀਆਂ ਸਨ, ਹਿਰਦਾ ਤਰਲ ਹੁੰਦਾ ਜਾ ਰਿਹਾ ਸੀ। ਅਗਾਂਹ ਵਧਣਾ ਕਦਮਾਂ ਨੇ ਪ੍ਰਵਾਨ ਨਾ ਕੀਤਾ।

ਹਿਰਦੇ ਅੰਦਰ ਅਦੁੱਤੀ ਨੇਹੁ ਦੇ ਸਾਗਰ ਨੇ ਉਛਾਲਾ ਖਾਧਾ, ਪਾਤਸ਼ਾਹ ਸਿੰਘ ਦੇ ਸਿਰ ਵਾਲੇ ਪਾਸੇ ਬੈਠ ਗਏ, ਸ਼ਾਇਦ ਇਹ ਲਾਡਲੇ ਜੁਝਾਰੂਆਂ ਨਾਲ ਮਿਲਾਪ ਦੀ ਆਖਰੀ ਰਾਤ ਸੀ। ਪਾਤਸ਼ਾਹ ਨੇ ਬੜੇ ਹੀ ਸਹਿਜ ਅਤੇ ਕੋਮਲਤਾ ਨਾਲ ਸਿੰਘਾਂ ਦੇ ਹਲਕੂਮ[1] (ਗਲਘੰਡੀ) ਅਤੇ ਮੁਖੜੇ ਨੂੰ ਚੁੰਮਿਆ ਉਪਰੰਤ ਬੜੀ ਨਰਮ ਕਦਮੀਂ ਨਾਲ ਪੈਰਾਂ ਵਾਲੇ ਪਾਸੇ ਆ ਕੇ ਬੈਠ ਗਏ ਤੇ ਗੁਰਸਿੱਖਾਂ ਦੇ ਨਿਵ-ਨਿਵ ਪਾਉ ਲਗਣ ਲੱਗੇ, ਸਿਜਦਾ ਕਰਨ ਲੱਗੇ।

---

1. ਹਲਕੂਮ :- ਗਲੇ ਦੀ ਸਾਹਰਗ ਦੇ ਦੁਆਲੇ ਨਾੜਾਂ ਵਿਚ ਗਲਘੰਡੀ। ਇਸਲਾਮੀ ਸ਼ਰ੍ਹਾ ਅਨੁਸਾਰ ਹਲਾਲ ਕਰਨ ਸਮੇਂ ਹਲਾਲ ਕੀਤੇ ਜਾ ਰਹੇ ਜੀਵ ਦਾ ਹਲਕੂਮ ਹੀ ਕਲਮਾ ਪੜਦਿਆਂ ਕੱਟਿਆ ਜਾਂਦਾ ਹੈ।

16.

ਫ਼ੁਰਮਾਏ, "ਸਹਰ ਸੋ ਕੇ ਯਿਹ ਹੁਸ਼ਿਆਰ ਨ ਹੋਂਗੇ।
ਅਬ ਹੋ ਕੇ, ਯਿਹ ਫਿਰ ਨੀਂਦ ਸੇ ਬੇਦਾਰ ਨ ਹੋਂਗੇ।
ਹਮ ਹੋਂਗੇ ਮੁਸੀਬਤ ਮੇਂ ਮਗਰ ਯਾਰ ਨ ਹੋਂਗੇ।
ਯਿਹ ਸਿੰਘ ਪਿਆਰੇ ਯਿਹ ਵਫ਼ਾਦਾਰ ਨ ਹੋਂਗੇ।
ਸੋਏ ਹੁਏ ਸ਼ੇਰੋਂ ਕੋ ਗਲੇ ਅਪਨੇ ਲਗਾਯਾ।
ਸਤਿਗੁਰ ਨੇ ਦਲੇਰੋਂ ਕੋ ਗਲੇ ਅਪਨੇ ਲਗਾਯਾ।

ਸ਼ਬਦ ਅਰਥ:- ਸਹਰ= ਸਵੇਰੇ, ਹੁਸ਼ਿਆਰ= ਕਾਬਿਲ, ਬੇਦਾਰ= ਸਾਵਧਾਨ, ਜਾਗਣਾ, ਵਫ਼ਾਦਾਰ= ਨਮਕ ਹਲਾਲ।

ਅਰਥਾਤ :- ਖਾਲਸਈ ਪ੍ਰੇਮ ਪਿਆਰ ਦੇ ਅਦੁੱਤੀ ਵਹਾਅ ਵਿਚ ਅਗੰਮੀ ਤਾਰੀਆਂ ਲਗਾ ਰਹੇ ਸੰਤ ਸਿਪਾਹੀ ਸਤਿਗੁਰਾਂ ਦੀ ਮਾਨਸਿਕ ਸੱਤਾ ਉਪਰ ਜਿਥੇ ਸਵੇਰ ਨੂੰ ਹੋਣ ਵਾਲੀ ਅ-ਸਾਵੀਂ ਤੇ ਘਮਸਾਣ ਦੀ ਜੰਗ ਦਾ ਚਿਤੱਰਨ ਉੱਭਰ ਰਿਹਾ ਸੀ, ਉਥੇ ਨਾਲ ਹੀ ਚੜ੍ਹਦੀ ਸਵੇਰ ਨੂੰ ਖਾਲਸਈ ਸੂਰਮਿਆਂ ਦੀਆਂ ਹੋਣ ਵਾਲੀਆਂ ਅਦੁੱਤੀ ਸ਼ਹੀਦੀਆਂ ਦਾ ਵਾਕਿਆਤ ਵੀ ਤਰਤੀਬਵਾਰ ਨੇਤਰਾਂ ਸਾਹਮਣੇ ਘੁੰਮ ਰਿਹਾ ਸੀ ਕਿ ਕਲ੍ਹ ਚੜ੍ਹਦੀ ਸਵੇਰ ਨੂੰ ਐਸਾ ਘਮਸਾਣ ਦਾ ਯੁੱਧ ਹੋਵੇਗਾ, ਜਿਸ ਦੀ ਮਿਸਾਲ ਸੰਸਾਰ ਦੀ ਤਵਾਰੀਖ ਵਿਚ ਨਹੀਂ ਮਿਲੇਗੀ, ਇਹ ਮਜੀਠੀ ਰੰਗ ਵਿਚ ਰੰਗੇ ਤੇ ਸ਼ਹੀਦੀ ਖ਼ੁਮਾਰੀਆਂ ਵਿਚ ਮਦਮਸਤ ਸੂਰਮੇ ਵੈਰੀ ਦਲ ਦੇ ਆਹੂ ਲਾਹੁੰਦੇ ਹੋਏ ਸ਼ਹਾਦਤ ਦਾ ਅਜ਼ੀਮ ਰੁਤਬਾ ਗ੍ਰਹਿਣ ਕਰਨਗੇ।

ਬੇਸ਼ੱਕ ਅੱਜ ਇਹ ਥਕੇਵੇਂ ਨਾਲ ਤੇ ਭੁੱਖ ਤੋਂ ਆਤੁਰ ਹੋ ਕੇ ਬੇਸੁਰਤ ਹਾਲਤ ਵਿਚ ਸੁਤੇ ਪਏ ਹਨ ਪਰੰਤੂ ਸਵੇਰੇ ਅੰਮ੍ਰਿਤ ਵੇਲੇ ਜਾਗ ਜਾਣਗੇ, ਪਰੰਤੂ ਕਲ੍ਹ ਇਹ ਜਦੋਂ ਵੈਰੀ ਦਲ ਨਾਲ ਜੂਝਦੇ ਹੋਏ ਸ਼ਹੀਦੀ ਜਾਮ ਪੀ ਕੇ ਅਕਾਲ ਪੁਰਖ ਦੀ ਨਿੱਘੀ ਗੋਦ ਵਿਚ ਸਦੀਵੀ ਨੀਂਦ ਸੌਂ ਜਾਣਗੇ ਤਾਂ ਫਿਰ ਦੁਬਾਰਾ ਕਦੀ ਵੀ ਨਹੀਂ ਉਠਣਗੇ। ਸਵੇਰੇ ਕੈਸਾ ਭਿਆਨਕ ਸਮਾ ਆਵੇਗਾ, ਮੈਂ ਕਰਤੇ ਦੇ ਹੁਕਮ ਅਨੁਸਾਰ, ਸਤਿਮਾਰਗ ਤੇ ਚਲਦਿਆਂ ਆਪਣਾ ਖਾਲਸਾ ਪਰਿਵਾਰ ਸ਼ਹੀਦ ਕਰਵਾ ਕੇ ਇਕੱਲਾ ਰਹਿ ਜਾਵਾਂਗਾ ਮੇਰੇ ਨਾਲ ਦੇ ਸਾਥੀ ਜਾਮ-ਏ-ਸ਼ਹਾਦਤ ਪੀ ਚੁੱਕੇ ਹੋਣਗੇ।

ਮਨ ਅੰਦਰ ਅਜਿਹੀਆਂ ਵਿਚਾਰਾਂ ਕਰਦਿਆਂ-ਕਰਦਿਆਂ ਗੁਰੂ ਪਿਤਾ ਦਾ ਲਾਡਲੇ ਖਾਲਸੇ ਪ੍ਰਤੀ ਪ੍ਰੇਮ ਚਰਮ ਸੀਮਾ ਉਪਰ ਪਹੁੰਚ ਗਿਆ, ਹਿਰਦੇ ਅੰਦਰੋਂ ਵੈਰਾਗ ਤੇ ਇਲਾਹੀ ਪ੍ਰੇਮ ਦੀਆਂ ਅਜਬ ਤਰੰਗਾ ਝਿੜੀਆਂ, ਹਰ ਪਾਸੇ ਵਿਸਮਾਦ ਛਾ ਗਿਆ, ਫਿਜ਼ਾਂ ਵਿਚ ਆਤਮਰਸ ਤੇ ਅਨਹਦ ਨਾਦ ਦੀ ਧੁੰਨੀ ਉਪਜੀ ਤੇ ਗੁਰੂ ਪਾਤਸ਼ਾਹ ਨੇ 'ਧੰਨ ਗੁਰਸਿਖੀ' ਕਹਿ ਕੇ ਸਿੰਘਾਂ ਨੂੰ ਸਹਿਜ ਨਾਲ ਕੰਠ ਲਗਾ ਲਿਆ।

17.

ਗੁਰੂ ਪਾਤਸ਼ਾਹ ਜੀ ਦੀ ਨਿਆਰੀ ਸਖਸ਼ੀਅਤ ਪ੍ਰਤੀ ਕਵੀ ਦਾ ਖਿਆਲ

ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਯਿਹ ਪਿਆਰ ਮੁਰੀਦੋਂ ਸੇ, ਯਿਹ ਸ਼ਫਕਤ ਭੀ ਕਹੀਂ ਹੈ?
ਭਗਤੀ ਮੇਂ ਗੁਰੂ ਅਰਸ਼, ਸੰਸਾਰ ਜ਼ਮੀਂ ਹੈ।

ਉਲਫ਼ਤ ਕੇ ਯਿਹ ਜਜ਼ਬੇ ਨਹੀਂ ਦੇਖੇ ਕਹੀਂ ਹਮ ਨੇ।
ਹੈ ਦੇਖਨਾ ਇਕ ਬਾਤ, ਸੁਨੇ ਭੀ ਨਹੀਂ ਹਮਨੇਂ।

ਸ਼ਬਦ ਅਰਥ :- ਸ਼ਫਕਤ= ਮਿਹਰਬਾਨੀ, ਅਰਸ਼= ਅਸਮਾਨ, ਉਲਫ਼ਤ= ਸਨੇਹ, ਜ਼ਮੀਂ= ਜਮੀਨ, ਜਜ਼ਬੇ= ਜਜਬਾਤ, ਮੁਰੀਦ= ਚੇਲੇ, ਸਾਨੀ= ਕੋਈ ਬਰਾਬਰ ਨਹੀਂ।

ਅਰਥਾਤ :- ਕਲਗੀਧਰ ਪਾਤਸ਼ਾਹ ਜੀ ਸਿੰਘਾਂ ਪ੍ਰਤੀ ਇਸ ਅਦੁੱਤੀ ਪਿਆਰ ਅਤੇ ਕੁਰਬਾਨੀ ਦੀ ਭਾਵਨਾ ਨੂੰ ਕਲਮ ਬੰਦ ਕਰਦਾ ਹੋਇਆ ਕਵੀ ਆਪਣੇ ਖਿਆਲਾਂ ਦਾ ਇਜ਼ਹਾਰ ਕਰਦਾ ਹੈ ਕਿ ਜੇਕਰ ਕਲਗੀਧਰ ਪਿਤਾ ਦੀ ਅਦੁੱਤੀ ਸਖਸ਼ੀਅਤ, ਸੂਰਮਤਾਈ, ਕੁਰਬਾਨੀ ਦਾ ਜਜ਼ਬਾ, ਤਿਆਗ ਦੀ ਭਾਵਨਾ, ਨਿਰਮਾਣਤਾ ਤੇ ਉਮੱਤ ਵਾਸਤੇ ਅਦੁੱਤੀ ਮੋਹ ਦੀ ਨਿਰਪੱਖਤਾ ਨਾਲ ਤੇ ਨਿਆਂ ਨਾਲ ਵੀਚਾਰ ਕੀਤੀ ਜਾਵੇ ਤਾਂ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਕਲਗੀਧਰ ਪਾਤਸ਼ਾਹ ਵਰਗਾ ਕੋਈ ਪਰਮ ਮਨੁੱਖ, ਮਰਿਆਦਾ ਪਰਸ਼ੋਤਮ ਸੰਸਾਰ ਉਪਰ ਪੈਦਾ ਨਹੀਂ ਹੋਇਆ। ਕੋਈ ਸਖਸ਼, ਤੁਅੱਸਬ ਤੇ ਫਿਰਕਾਪ੍ਰਸਤੀ ਦੇ ਜਨੂੰਨ ਤੋਂ ਪਾਕ ਹੋ ਕੇ ਦਸਮੇਸ਼ ਪਾਤਸ਼ਾਹ ਜੀ ਦੀ ਅਦੁੱਤੀ ਜੀਵਨੀ ਤੇ ਝਾਤ ਮਾਰੇ ਤਾਂ ਸੰਸਾਰਕ ਧਾਰਮਿਕ ਇਤਿਹਾਸ ਅੰਦਰ ਕੋਈ ਵੀ ਐਸਾ ਸਮਰੱਥ-ਪੁਰਖ ਨਜ਼ਰ ਨਹੀਂ ਆਵੇਗਾ ਜਿਹੜਾ ਆਪਣੇ ਮੁਰੀਦਾਂ ਨਾਲ ਐਸਾ ਹਕੀਕੀ ਇਸ਼ਕ ਕਰਦਾ ਹੋਵੇ। ਮੁਰੀਦਾਂ ਤੇ ਉਮੱਤ ਦੀ ਖੁਸ਼ੀ ਵਾਸਤੇ ਪਰਿਵਾਰ ਦੇ ਹੀ ਸੀਸ ਭੇਟ ਕਰਕੇ ਸ਼ੁਕਰ ਦਾ ਸਿਜਦਾ ਅਦਾ ਕਰਦਾ ਹੋਵੇ, ਮਿਹਰ ਦੀ ਨਜ਼ਰ ਆਇਤ ਕਰਦਾ ਹੋਵੇ, ਸੁਭਾਵਿਕ ਹੀ ਮੁੱਖ ਵਿਚੋਂ ਨਿਕਲਦਾ ਹੈ ਕਿ ਨੂਰ-ਏ-ਇਲਾਹੀ ਕਲਗੀਧਰ ਪਿਤਾ ਅਤੇ ਸੰਸਾਰੀਆਂ ਵਿਚ ਜਮੀਨ ਅਸਮਾਨ ਦਾ ਫ਼ਰਕ ਹੈ।

ਅਖੀਰ ਦੀਆਂ ਪੰਕਤੀਆਂ ਵਿਚ ਕਵੀ ਬੜੇ ਵੈਰਾਗ ਨਾਲ ਚਮਕੌਰ ਦੀ ਗੜ੍ਹੀ ਦੇ ਅਦੁੱਤੀ

ਸਾਕੇ ਤੋਂ ਪਹਿਲਾਂ ਗੁਜ਼ਰੀ ਇਸ ਰਾਤ ਦੇ ਵਾਕਿਆਤ ਦਾ ਤਸੱਵਰ ਕਰਦਾ, ਤੇ ਗੁਰੂ ਪਿਤਾ ਦੇ ਅਦੁੱਤੀ ਮੋਹ ਦਾ ਨਕਸ਼ਾ ਅੱਖਾਂ ਸਾਹਮਣੇ ਲਿਆਉਂਦਾ ਕਹਿੰਦਾ ਹੈ ਕਿ ਮੁਹੱਬਤ ਦੇ ਇਹ ਇਲਾਹੀ ਜਲਵੇ ਵੇਖਣੇ ਤਾਂ ਦੂਰ ਦੀ ਗੱਲ, ਮੈਂ ਸੁਣੇ ਵੀ ਨਹੀਂ ਹਨ।

18.

ਕਰਤਾਰ ਕੀ ਸੁਗੰਧ ਹੈ, ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੁਹ ਕਮ ਹੈ।
ਹਰਚੰਦ ਮੇਰੇ ਹਾਥ ਮੇਂ ਪੁਰਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ਼ ਕਹਾ ਤਾਬਿ-ਰਕਮ ਹੈ।

ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਰ ਕੋ ਦੇਖੇ!
ਸਾਹਿਲ ਕੋ, ਯਾ ਮੰਝਧਾਰ ਕੋ, ਯਾ ਲਹਰ ਕੋ ਦੇਖੇ!

ਸ਼ਬਦ ਅਰਥ:- ਹਰਚੰਦ= ਭਾਵੇਂ ਕਿ, ਪੁਰਜ਼ੋਰ= ਕਾਮਿਲ, ਵਸਫ਼= ਤਾਰੀਫ਼, ਤਾਬਿ-ਰਕਮ= ਲਿਖਣ ਸ਼ਕਤੀ, ਬਹਰ= ਸਮੁੰਦਰ, ਸਾਹਿਲ= ਕਿਨਾਰਾ, ਮੰਝਧਾਰ= ਤੇਜ ਵਹਾਅ, ਤਾਰੀਫ= ਸਿਫ਼ਤ, ਲਹਰ= ਲਹਿਰਾਂ।

ਅਰਥਾਤ :- ਗੁਰੂ ਪਾਤਸ਼ਾਹ ਜੀ ਦੇ ਅਦੁੱਤੀ ਕਾਰਨਾਮਿਆਂ, ਬੇਮਿਸਾਲ ਤਿਆਗ, ਆਪਣੀ ਕੌਮ ਅਤੇ ਦੀਨ ਦੁਖੀਆਂ ਪ੍ਰਤੀ ਹਿਰਦੇ ਅੰਦਰ ਪ੍ਰੇਮ ਦਾ ਅਥਾਹ ਸਾਗਰ, ਮਨ ਅੰਦਰ 'ਪੰਥ ਵਸੈ ਮੈਂ ਉਜੜਾਂ' ਦਾ ਦ੍ਰਿੜ ਸੰਕਲਪ ਦੀ ਕਲਪਨਾ ਕਰਕੇ ਕਵੀ (ਅੱਲ੍ਹਾ ਯਾਰ ਖਾਂ ਜੀ) ਖੁਸ਼ਬੂ ਬਿਖੇਰਦੇ ਕਾਵਿ ਟੋਟਿਆਂ ਦੀ ਲੜੀ ਵਿਚ ਗੁਰੂ ਪਾਤਸ਼ਾਹ ਪ੍ਰਤੀ ਅਥਾਹ ਸ਼ਰਧਾ ਭਾਵ ਪ੍ਰਗਟ ਕਰਦਾ ਕਵੀ ਕਾਗਜ ਦੀ ਛਾਤੀ ਤੇ ਕਲਮ ਫੇਰਦਾ ਹੈ ਕਿ ਮੈਨੂੰ ਕਰਤਾਰ ਦੀ ਸੌਗੰਧ ਹੈ, ਮੈਂ ਗੁਰੂ ਨਾਨਕ ਸਾਹਿਬ ਨੂੰ ਹਾਜ਼ਰ ਨਾਜ਼ਰ ਜਾਣ ਕੇ, ਸਾਖੀ ਜਾਣ ਕੇ ਸੱਚਾਈ ਬਿਆਨ ਕਰਦਾ ਹਾਂ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ ਘੱਟ ਹੈ, ਕਿਉਂਕਿ ਉਸਦੇ ਸੰਸਾਰ ਤੋਂ ਨਿਆਰੇ ਕਾਰਨਾਮਿਆਂ ਨੂੰ ਕਦਾਚਿਤ ਵੀ ਸੰਪੂਰਨ ਤੌਰ ਤੇ ਕਲਮ ਬੰਦ ਨਹੀਂ ਕੀਤਾ ਸਕਦਾ।

ਕਵੀ ਆਪਣੀ ਕਾਵਿ ਯੋਗਤਾ ਉਪਰ ਗੌਰਵ ਕਰਦਾ ਕਹਿੰਦਾ ਹੈ ਕਿ ਬੇਸ਼ਕ ਮੈਂ ਇਕ ਚੰਗਾ ਕਵੀ ਹਾਂ, ਮੇਰੇ ਹੱਥ ਵਿਚ ਕਾਮਿਲ ਕਲਮ ਹੈ, ਪਰ ਮੇਰੇ ਪਾਸ ਐਸੀ ਲਿਖਣ ਸ਼ਕਤੀ ਕਿਥੇ ਹੈ, ਜਿਸ ਨਾਲ ਮੈਂ ਉਸ ਸਰਬੰਸਦਾਨੀ ਮਰਦ ਅਗੰਮੜੇ ਦੇ ਸਰਬ-ਗੁਣਾਂ ਨੂੰ ਕਲਮ ਬੰਦ ਕਰ ਸਕਾਂ।

ਕਲਗੀਧਰ ਪਾਤਸ਼ਾਹ ਦੇ ਕੁਰਬਾਨੀ ਭਰਪੂਰ ਮਹਾਨ ਸਫ਼ਰਨਾਮੇ, ਗੁਣਾਂ ਦੇ ਦੈਵੀ ਸਾਗਰ ਸਾਹਮਣੇ ਕਵੀ ਨੂੰ ਆਪਣੀ ਹਸਤੀ ਤੁੱਛ ਪ੍ਰਤੀਤ ਹੁੰਦੀ ਹੈ। ਆਪਣੀ ਨਿਰਮਾਣਤਾ ਨੂੰ

ਪ੍ਰਗਟਾਉਂਦਾ ਕਵੀ ਆਪਣੇ ਆਪ ਨੂੰ ਇਕ ਬੁਲਬੁਲਾ ਸਮਝਦਾ ਹੈ, ਅਤੇ ਗੁਰੂ ਸਾਹਿਬ ਨੂੰ ਗੁਣਾਂ ਦਾ ਅਥਾਹ ਸਾਗਰ। ਗੁਰੂ ਪਾਤਸ਼ਾਹ ਦੇ ਸਮੂਹ ਗੁਣਾਂ ਦੇ ਵਰਨਣ ਤੋਂ ਅਸਮਰੱਥਾ ਪ੍ਰਗਟ ਕਰਦਾ ਕਵੀ ਕਹਿੰਦਾ ਕਿ ਜਿਸ ਤਰ੍ਹਾਂ ਇਕ ਬੁਲਬੁਲਾ ਅਸਗਾਹ ਸਾਗਰ ਦਾ ਅੰਤ ਨਹੀਂ ਪਾ ਸਕਦਾ ਕਿਉਂਕਿ ਸਾਗਰ ਲਹਿਰਾਂ, ਮੰਝਧਾਰਾਂ ਤੇ ਕਿਨਾਰਿਆਂ ਦਾ ਸੁਮੇਲ ਹੈ, ਇਸੇ ਤਰ੍ਹਾਂ ਹੀ ਮੈਂ ਬੇਅੰਤ ਗੁਣਾ (ਕੁਰਬਾਨੀ, ਦਯਾ, ਤਿਆਗ, ਬੀਰਤਾ, ਸਿਮਰਨ, ਦ੍ਰਿੜਤਾ) ਭਰਪੂਰ ਗੁਰੂ ਪਾਤਸ਼ਾਹ ਦਾ ਵਰਨਣ ਨਹੀਂ ਕਰ ਸਕਦਾ।

19.

ਮੱਦਾਹ ਹੂੰ ਨਾਨਕ ਕਾ, ਸਨਾ-ਖ਼੍ਵਾਂ ਹੂੰ ਤੋ ਤੇਰਾ।
ਪਿਨਹਾਂ ਹੂੰ ਤੋ ਤੇਰਾ, ਨੁਮਾਯਾ ਹੂੰ ਤੋ ਤੇਰਾ।
ਸ਼ਾਦਾਂ ਹੂੰ ਤੋ ਤੇਰਾ ਸਨਾਖ਼੍ਵਾਹ ਹੂੰ ਤੋ ਤੇਰਾ।
ਹਿੰਦੂ ਹੂੰ ਤੋ ਤੇਰਾ ਮੁਸਲਮਾਂ ਹੂੰ ਤੋ ਤੇਰਾ।

ਕੁਰਬਾਨੀਆਂ ਕੀ ਤੂ ਨੇ ਬਹੁਤ ਰਾਹ-ਏ-ਹੁਦਾ ਮੇਂ।
ਦਰਜਾ ਹੈ ਤੇਰਾ ਖਾਸ ਹੀ ਨੇੜੇ ਕਰਨਾ ਖਾਸਾਨਿ-ਖ਼ੁਦਾ ਮੇਂ।

ਸ਼ਬਦ ਅਰਥ :- ਮੱਦਾਹ= ਵਡਿਆਈ ਕਰਨ ਵਾਲਾ, ਸਨਾ ਖ਼੍ਵਾਹ= ਸਲਾਹੁਣ ਵਾਲਾ, ਉਸਤਤਿ ਕਰਨ ਵਾਲਾ, ਪਿਨਹਾਂ= ਗੁਪਤ, ਨੁਮਾਯਾ= ਪ੍ਰਗਟ, ਸਾਦਾਂ= ਪ੍ਰਸ਼ੰਸ਼ਕ, ਖੁਸ਼, ਰਾਹ-ਏ-ਹੁਦਾ= ਸੱਚ ਦਾ ਮਾਰਗ, ਖਾਸਾਨਿ-ਖ਼ੁਦਾ= ਪਰਮਾਤਮਾ ਦੀ ਕਿਰਪਾ ਦੇ ਪਾਤਰ, ਰਾਹ-ਏ-ਹੁਦਾ= ਸੱਚੀ ਸਿੱਖਿਆ ਦਾ ਮਾਰਗ।

ਅਰਥਾਤ :- ਮਰਦਿ ਕਾਮਲ ਗੁਰੂ ਨਾਨਕ ਪਾਤਸ਼ਾਹ ਜੀਓ, ਮੈਂ ਆਪ ਦੀ ਹੀ ਵਡਿਆਈ ਕਰਨ ਵਾਲਾ ਹਾਂ, ਪ੍ਰਗਟ ਤੇ ਗੁਪਤ ਦੋਹਾਂ ਰੂਪਾ ਵਿਚ ਹੀ ਮੈਂ ਤੇਰਾ ਹੀ ਉਪਾਸ਼ਕ ਹਾਂ, ਅਰਥਾਤ ਮੇਰੇ ਹੋਂਦ ਹੋਵੇ ਜਾਂ ਨਾ ਹੋਵੇ ਮੇਰੀ ਆਸਥਾ ਆਪ ਜੀ ਨਾਲ ਜੁੜੀ ਹੋਈ ਹੈ। ਹੇ ਗੁਰੂ, ਮੈਂ ਸੱਚੇ ਦਿਲੋਂ ਤੇਰਾ ਪ੍ਰਸ਼ੰਸ਼ਕ ਹਾਂ ਅਤੇ ਤੇਰੀ ਸਿਫ਼ਤ ਸਲਾਹ ਵਿਚ ਰੰਗਿਆ ਰਹਿਣ ਵਾਲਾ ਹਾਂ। ਜੇ ਮੈਂ ਹਿੰਦੂ ਹਾਂ ਤਾਂ ਵੀ ਤੇਰਾ ਹਾਂ, ਤੇਰੀ ਕ੍ਰਿਪਾ ਸਦਕਾ ਹਾਂ ਤੇ ਜੇ ਮੁਸਲਮਾਨ ਹਾਂ ਤਾਂ ਵੀ ਤੇਰੀ ਅਜ਼ਮਤ ਦਾ ਕਾਇਲ ਹਾਂ, ਤੇਰੀ ਮਿਹਰ ਦੇ ਸਦਕਾ ਮੇਰਾ ਵਜੂਦ ਹੈ।

ਹੇ, ਗੁਰੂ ਪਿਤਾ ਜੀਓ, ਆਪ ਨੇ ਸੱਚ ਦੇ ਮਾਰਗ ਉਪਰ ਚਲਦਿਆਂ ਅਨੇਕਾਂ ਤਸੀਹਿਆਂ ਨੂੰ ਝੱਲਿਆ ਹੈ ਅਤੇ ਹੱਕ ਸੱਚ ਦੀ ਅਵਾਜ ਬੁਲੰਦ ਕਰਨ ਹੇਤ ਬਲਿਦਾਨ ਦਿੱਤਾ ਹੈ। ਇਨ੍ਹਾਂ ਕੁਰਬਾਨੀਆਂ ਅਤੇ ਤਿਆਗ ਦੇ ਸਦਕਾ ਹੀ ਆਪ ਦਾ ਰੁਤਬਾ ਅਕਾਲ ਪੁਰਖ ਦੀ ਕਿਰਪਾ ਦੇ ਪਾਤਰਾਂ ਵਿਚ ਸਭ ਤੋਂ ਉਤਮ ਹੈ।

20.

ਐ ਸਤਿਗੁਰੂ ਗੋਬਿੰਦ ਤੂੰ ਵੁਹ ਅਬਰਿ-ਕਰਮ ਹੈ।
ਐ ਸਤਿਗੁਰੂ ਗੋਬਿੰਦ ਤੂੰ ਵੁਹ ਅਬਰਿ-ਹਮਮ ਹੈ।
ਸਾਨੀ ਤੇਰਾ 'ਦਾਰਾ' ਥਾ, 'ਸਿਕੰਦਰ' ਹੈ ਨਾ 'ਜਮ' ਹੈ।
ਖਾਤਾ ਤੇਰੇ ਕਦਮੋਂ ਕੀ 'ਫਰੀਦੂੰ' ਭੀ ਕਸਮ ਹੈ।

'ਹਾਤਮ' ਕਾ ਸ਼ਖ਼ਾਵਤ ਸੇ ਅਗਰ ਨਾਮ ਭੁਲਾਇਆ।
ਜ਼ੁਅਰਤ ਸੇ ਹਮੇਂ 'ਰੁਸਤਮੁ' 'ਬਹਿਰਾਮ' ਭੁਲਾਇਆ।

ਸ਼ਬਦ ਅਰਥ :- ਅਬਰਿ ਕਰਮ= ਕਿਰਪਾ ਦਾ ਬੱਦਲ, ਅਬਰਿ ਹਮਮ= ਉਤਸ਼ਾਹ ਦਾ ਬੱਦਲ, ਸਿਕੰਦਰ= ਯੂਨਾਨ ਦਾ ਬਾਦਸ਼ਾਹ ਸੀ ਇਸ ਨੇ ਈਰਾਨ ਨੂੰ ਜਿੱਤਿਆ ਅਤੇ ਫਿਰ ਸੰਸਾਰ ਜਿੱਤਣ ਦਾ ਸੰਕਲਪ ਲੈ ਕੇ, ਜਿੱਤਾਂ ਪ੍ਰਾਪਤ ਕਰਦਾ ਹੋਇਆ ਭਾਰਤ ਤੱਕ ਪਹੁੰਚਿਆਂ ਅਤੇ ਪੋਰਸ ਨੂੰ ਹਰਾ ਕੇ ਵਾਪਸ ਮੁੜਿਆ। ਇਸਦੀ ਮੌਤ 323 ਬੀ. ਸੀ. ਨੂੰ ਹੋਈ।

ਦਾਰਾ— ਈਰਾਨ ਦਾ ਮਸ਼ਹੂਰ ਬਾਦਸ਼ਾਹ ਜਿਸਦਾ ਸੰਬੰਧ ਕੈਯਾਨ ਵੰਸ਼ ਨਾਲ ਸੀ।

ਜਮ— ਧਰਮ ਰਾਜ, ਜਮਸ਼ੈਦ :- ਈਰਾਨ ਦਾ ਇਕ ਮਸ਼ਹੂਰ ਬਾਦਸ਼ਾਹ ਜੋ ਜ਼ਹਾਕ ਕੋਲੋ ਮਰਿਆ।

ਫਰੀਦੂੰ— ਈਰਾਨ ਦਾ ਇਕ ਮਹਾਨ ਬਾਦਸ਼ਾਹ, ਜਿਸ ਦਾ ਸੰਬੰਧ ਜਮਸ਼ੇਦ ਵੰਸ਼ ਨਾਲ ਸੀ, ਬੜਾ ਪ੍ਰਤਾਪੀ ਰਾਜਾ ਸੀ, ਫਰੀਦੂੰ ਨੇ ਜ਼ਹਾਕ ਨੂੰ ਖਤਮ ਕੀਤਾ

ਹਾਤਮ— ਇਕ ਮਹਾਨ ਦਾਨੀ।

ਸਖਾਵਤ— ਦਾਨ

ਰੁਸਤਮ— ਇਕ ਮਸ਼ਹੂਰ ਪਹਿਲਵਾਨ,

ਬਹਿਰਾਮ— ਈਰਾਨ ਦਾ ਨੇਕ ਦਿਲ, ਨਿਆਂ ਪਸੰਦ, ਸਖੀ ਬਾਦਸ਼ਾਹ

ਅਰਥਾਤ :- ਐ ਗੁਰੂ ਗੋਬਿੰਦ ਸਿੰਘ, ਤੂੰ ਰਹਿਮ ਦਾ ਬਦਲ ਹੈ, ਕਿਰਪਾ ਦੀ ਬਖਸ਼ਿਸ਼ ਕਰਨ ਵਾਲਾ ਹੈ, ਤੂੰ ਉਤਸ਼ਾਹ ਦਾ ਸੋਮਾ ਹੈ। 'ਦਾਰਾ'[1] ਅਤੇ 'ਸਿਕੰਦਰ'[2] ਵੀ ਤੇਰਾ ਮੁਕਾਬਲਾ ਨਹੀਂ ਕਰ ਸਕਦੇ। 'ਜਮ'[3] ਵਰਗੇ ਯੋਧੇ ਤੇਰੇ ਅੱਗੇ ਕੋਈ ਹਸਤੀ ਨਹੀਂ ਰੱਖਦੇ। ਫਰੀਦੂੰ[4] ਵਰਗੇ

ਪ੍ਰਤਾਪੀ ਰਾਜੇ ਵੀ ਤੇਰੀ ਚਰਨ ਧੂੜ ਨੂੰ ਤਰਸਦੇ ਹਨ। 'ਹਾਤਮ'[5] ਵਰਗੇ ਦਾਨੀਆਂ ਦੀ ਵੀ ਤੇਰੇ ਸਾਹਮਣੇ ਕੋਈ ਅਹਿਮੀਅਤ ਨਹੀਂ ਹੈ, ਤੇਰੀ ਜੁਅਰਤ ਦੇ ਸਾਹਮਣੇ ਰੁਸਤਮ[6] ਅਤੇ ਬਹਿਰਾਮ[7] ਵਰਗੇ ਯੋਧੇ ਵੀ ਨਹੀਂ ਠਹਿਰ ਸਕਦੇ।

---

1. ਦਾਰਾ:- ਇਥੇ ਕਵੀ ਦਾ ਭਾਵ ਸ਼ਾਹਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਤੋਂ ਨਹੀਂ ਬਲਕਿ ਫਾਰਸ ਦੇਸ਼ ਵਿਚ, ਕੈਯਾਨ ਵੰਸ਼ ਵਿਚ ਜਨਮੇ ਮਹਾਂਬਲੀ ਸੂਰਮੇ ਸਮਰਾਟ ਦਾਰਾ ਤੋਂ ਹੈ। ਇਸ ਪੂਰਾ ਨਾਮ ਇਤਿਹਾਸ ਵਿਚ ਦਾਰ ਯਵੂਸ ਆਉਂਦਾ ਹੈ। ਇਸੇ ਹੀ ਨਾਮ ਦਾ ਇਕ ਹੋਰ ਸ਼ਕਤੀਸ਼ਾਲੀ ਫਾਰਸ ਦਾ ਬਾਦਸ਼ਾਹ ਬਣਿਆ ਜਿਸ ਦੇ ਪਿਤਾ ਦਾ ਨਾਮ ਗੁਸ਼ਤਾਸਪ ਸੀ। ਇਸ ਦੇ ਰਾਜ ਦਾ ਸਮਾਂ 521-485 ਬੀ. ਸੀ. ਮੰਨਿਆ ਗਿਆ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਸ ਮਹਾਂਬਲੀ ਯੋਧੇ ਨੇ ਸਿੰਧ ਦਰਿਆ ਦੀ ਵਾਦੀ ਅਤੇ ਪੰਜਾਬ ਦੇ ਕੁਝ ਹਿੱਸੇ ਉਪਰ ਕਬਜ਼ਾ ਕੀਤਾ ਸੀ। ਦਸਮ ਪਾਤਸ਼ਾਹ ਅਕਾਲ ਉਸਤਤਿ ਵਿਚ ਇਸ ਦੀ ਸੂਰਬੀਰਤਾ ਪ੍ਰਥਾਇ ਲਿਖਦੇ ਹਨ,

ਦਾਰਾ ਸੇ ਦਿਲੀਸ਼ਰ, ਦੁਜੋਧਨ ਸੇ ਮਾਨਧਾਰੀ

2. ਸਿਕੰਦਰ:- ਸਿਕੰਦਰ (Alexander) ਯੂਨਾਨ ਦਾ ਮਹਾਨ ਜੇਤੂ ਬਾਦਸ਼ਾਹ ਸੀ ਜੋ ਫੈਲਕੂਸ (Philippos) ਦਾ ਪੁੱਤਰ ਸੀ। ਇਸ ਦੇ ਬਹਾਦਰੀ ਸਦਕਾ ਸਭ ਤੋਂ ਪਹਿਲਾਂ ਇਰਾਨ ਦੇ ਰਾਜੇ ਨੂੰ ਹਰਾ ਕੇ ਇਰਾਨ ਫ਼ਤਹਿ ਕੀਤਾ, ਅਤੇ ਫਿਰ ਸੰਸਾਰ ਨੂੰ ਜਿੱਤਣ ਦਾ ਇਰਾਦਾ ਕੀਤਾ। ਈਸਵੀ ਸੰਨ ਤੋਂ 327 ਵਰੇ ਪਹਿਲਾਂ ਇਸ ਨੇ ਹਿੰਦੁਸਤਾਨ ਉਪਰ ਚੜਾਈ ਕੀਤੀ ਅਤੇ ਜੇਹਲਮ ਨਦੀ ਦੇ ਕੰਢੇ ਉਪਰ ਹਿੰਦੁਸਤਾਨੀ ਰਾਜੇ ਪੁਰੁ (ਪੋਰਸ) ਨੂੰ ਹਰਾਇਆ, ਅਤੇ ਬਿਆਸ ਨਦੀ ਦੇ ਕੰਢੇ ਤੋਂ ਫਿਰ ਵਾਪਸ ਮੁੜ ਗਿਆ।

ਨੋਟ:- ਵੈਸੇ ਕਈ ਹੋਰ ਵੀ ਸਿਕੰਦਰ ਨਾਂ ਦੇ ਬਾਦਸ਼ਾਹ ਹੋਏ ਹਨ ਜਿਵੇਂ ਸੀਰੀਆ ਦੇ ਬਾਦਸ਼ਾਹ ਐਂਟੀ ਉਕਸ ਦਾ ਪੁੱਤਰ, ਸਿਮਨ ਦਾ ਪੁੱਤਰ ਜੋ ਈਸਾ ਦਾ ਸ਼ਿਸ਼ ਸੀ ਅਤੇ ਲੋਧੀ ਖ਼ਾਨਦਾਨ ਦੇ ਬਾਦਸ਼ਾਹ ਬਹਿਲੋਲ ਖਾਂ ਲੋਧੀ ਦਾ ਪੁੱਤਰ ਸਿਕੰਦਰ ਲੋਧੀ।

3. ਜ਼ਮ:- ਜ਼ਮ ਸ਼ਬਦ ਕਈ ਅਰਥਾਂ ਦਾ ਖ਼ਜ਼ਾਨਾ ਰਖਦਾ ਹੈ, ਜਮ ਸ਼ਬਦ ਧਰਮਰਾਜ ਦੇ ਦੂਤਾ ਪ੍ਰਤੀ, ਜਨਮ ਪ੍ਰਤੀ ਅਤੇ ਯੋਗ ਸ਼ਾਸ਼ਤਰ ਦੇ ਨਿਯਮਾ ਪ੍ਰਤੀ ਵਰਤਿਆ ਜਾਂਦਾ ਹੈ। ਪ੍ਰੰਤੂ ਇਥੇ ਇਸ ਦਾ ਸਬੰਧ ਫਾਰਸੀ ਭਾਸ਼ਾ ਨਾਲ ਹੈ, ਜਿਸ ਅਨੁਸਾਰ ਇਸ ਦੇ ਅਰਥ ਹਨ ਸਭ ਤੋਂ ਮਹਾਨ ਬਾਦਸ਼ਾਹ ਪਰ ਇਥੇ ਇਹ ਸ਼ਬਦ ਇਰਾਨ ਦੇ ਇਕ ਮਸ਼ਹੂਰ ਬਾਦਸ਼ਾਹ ਜਮਸ਼ੈਦ ਦੇ ਬਾਰੇ ਵਰਤਿਆ ਗਿਆ ਹੈ। ਇਹ ਬੜਾ ਮਹਾਂਬਲੀ ਅਤੇ ਦਾਨੀ ਸੂਰਬੀਰ ਰਾਜਾ ਸੀ। ਕਿਹਾ ਜਾਂਦਾ ਹੈ ਕਿ ਸ਼ਰਾਬ ਇਸਦੇ ਸਮੇਂ ਹੀ ਇਜਾਦ ਹੋਈ ਜਿਸ ਸੋਨੇ ਦੇ ਪਿਆਲੇ ਵਿਚ ਇਹ ਸ਼ਰਾਬ ਪੀਆ ਕਰਦਾ ਸੀ, ਹਕੀਮਾਂ ਅਤੇ ਨਜੂਮੀਆਂ ਨੇ ਉਸ ਵਿਚ ਗ੍ਰਹਿਆਂ ਦੀ ਦਿਸ਼ਾ ਅਨੁਸਾਰ ਹੀਰੇ ਮੋਤੀ ਜੜੇ ਸਨ ਅਤੇ ਇਹ ਪਿਆਲੇ ਵਿਚ ਨਜ਼ਰ ਮਾਰ ਕੇ ਭਵਿੱਖ ਬਾਰੇ ਜਾਣਕਾਰੀ ਪ੍ਰਾਪਤ ਕਰ ਲੈਂਦਾ ਸੀ। ਇਸ ਨੂੰ ਜ਼ਹਾਕ ਨੇ ਆਰੇ ਨਾਲ ਚੀਰ ਦਿੱਤਾ ਸੀ। ਜ਼ਹਾਕ ਸ਼ਬਦ ਦਾ ਅਰਥ ਹੈ ਜਿਸ ਵਿਚ ਦਸ ਐਬ ਹੋਣ। ਦਸ ਐਬ ਇਹ ਹਨ 1 ਜ਼ੁਲਮ 2 ਝੂਠ 3. ਬਦਸ਼ਕਲ 4. ਬੇਦੀਨ 5. ਬੇਹਯਾ 6. ਬਦਦਿਲ 7. ਬੇਅਕਲ 8. ਬਦ ਜ਼ੁਬਾਨ 9. ਬਹੁਤਾ ਖਾਣਾ 10. ਕੱਦ ਛੋਟਾ

ਕਿਹਾ ਜਾਂਦਾ ਹੈ ਕਿ ਜਨਮ ਲੈਂਦਿਆਂ ਹੀ ਇਸ ਦੇ ਮੂੰਹ ਵਿਚ ਦੋ ਵੱਡੇ ਦੰਦ ਸਨ ਜਿਸ ਕਰਕੇ ਇਸ ਦੇ ਪਿਤਾ ਨੇ ਇਸ ਦਾ ਨਾਮ ਜ਼ਹਾਕ ਰੱਖਿਆ। ਕਿਉਂਕਿ ਹੱਸਣ ਵਾਲੇ ਨੂੰ ਵੀ ਜ਼ਹਾਕ ਆਖਦੇ ਸਨ।

4. ਫਰੀਦੂੰ:- ਇਹ ਈਰਾਨ ਦਾ ਇਕ ਮਹਾਂਬਲੀ ਬਾਦਸ਼ਾਹ ਸੀ। ਇਤਿਹਾਸ ਵਿਚ ਜ਼ਿਕਰ ਹੈ ਕਿ ਜਿਸ ਵੇਲੇ ਜ਼ਹਾਕ ਬਾਦਸ਼ਾਹ ਨੇ ਈਰਾਨ ਦੀ ਫ਼ਤਹਿ ਕਰਕੇ ਜਮਸ਼ੇਦ ਵੰਸ਼ ਦਾ ਮਲਿਆਮੇਟ ਕਰਨ ਦੀ ਕਸਮ ਖਾਧੀ ਤਾਂ ਇਸ ਦੀ ਮਾਤਾ ਫ਼ਰਾਂਗ ਇਸ ਨੂੰ ਸ਼ਹਿਰ ਤੋਂ ਬਹੁਤ ਦੂਰ ਲੈ ਗਈ. ਇਸ ਦੇ ਪਿਤਾ ਨਾ ਨਾਮ ਆਬਤੀਨ ਸੀ। ਇਸ ਦੀ ਮਾਤਾ ਨੇ ਬੜੀ ਹੀ ਗੁਰਬਤ ਦੀ ਹਾਲਤ ਵਿਚ ਇਸ ਦਾ ਪਾਲਣ ਪੋਸ਼ਣ ਕੀਤਾ ਅਤੇ ਗਊ ਦੇ ਦੁੱਧ ਨਾਲ ਪਾਲਿਆ ਇਸੇ ਕਰਕੇ ਇਸਨੂੰ ਫਰੀਦੂੰ 'ਗਊ ਪਰਵਰ' ਵੀ ਕਿਹਾ ਜਾਂਦਾ ਹੈ। ਇਸ ਦਾ ਸਮਾਂ 750 ਬੀ. ਸੀ. ਦੇ ਕਰੀਬ ਮੰਨਿਆ ਗਿਆ ਹੈ। ਇਹ ਮਹਾਂਬਲੀ ਯੋਧਾ ਅਤੇ ਪ੍ਰਸਿੱਧ ਦਾਨੀ ਹੋਇਆ ਹੈ।

5. ਹਾਤਮ :- ਅਰਬੀ ਵਿਚ ਹਾਤਮ ਦੇ ਅਰਥ ਹਨ, ਫੈਸਲਾ ਕਰਨ ਵਾਲਾ 'ਪ੍ਰੰਤੂ ਇਥੇ ਇਹ ਸ਼ਬਦ ਹਾਤਮਤਾਈ ਵਾਸਤੇ ਵਰਤਿਆ ਗਿਆ ਹੈ। ਇਹ ਹਜ਼ਰਤ ਮਹੁੰਮਦ ਸਾਹਿਬ ਦੇ ਜਨਮ ਤੋਂ ਪਹਿਲਾਂ ਹੋਇਆ ਹੈ। ਇਸ ਅਰਬ ਦੇ ਇਕ ਸਰਦਾਰ ਦੇ ਘਰ ਤਾਈਵੰਸ਼ ਵਿਚ ਜਨਮਿਆ। ਇਹ ਨੀਤੀ ਨਿਪੁੰਨ, ਮਹਾਨ ਦਾਨੀ ਅਤੇ ਧਰਮਾਤਮਾ ਸੀ। ਇਸ ਦੇ ਨਾਮ ਤੇ ਕਈ ਰਚਨਾਵਾਂ ਪ੍ਰਸਿੱਧ ਹਨ।

6. ਰੁਸਤਮ :- ਇਹ ਫਾਰਸ (Persia) ਦਾ ਮਹਾਨ ਬਲਵਾਨ ਯੋਧਾ ਸੀ ਜੋ ਜ਼ਾਬੁਲਿਸਤਾਨ ਦਾ ਗਵਰਨਰ ਸੀ, ਇਸਦੇ ਪਿਤਾ ਦਾ ਨਾਮ ਜ਼ਾਲ ਅਤੇ ਦਾਦੇ ਦਾ ਨਾਮ ਸਾਮ ਸੀ। ਇਹ ਈਸਾ ਦੇ ਜਨਮ ਤੋਂ ਕੋਈ 900 ਵਰ੍ਹੇ ਪਹਿਲਾਂ ਹੋਇਆ ਹੈ। ਇਸ ਦੇ ਮਹਾਂਬਲੀ ਹੋਣ ਸਦਕਾ ਹੀ 'ਰੁਸਤਮ' ਸ਼ਬਦ ਬਲਵਾਨ ਮਨੁੱਖ ਵਾਸਤੇ ਵਰਤਿਆ ਜਾਣ ਲੱਗਾ। ਇਹ ਬਹਿਮਨ ਦੇ ਨਾਲ ਜੰਗ ਕਰਦਾ ਸ਼ਹੀਦ ਹੋਇਆ।

7. ਬਹਿਰਾਮ :- ਇਹ ਅਜ਼ਮ ਦਾ ਇਕ ਮਸ਼ਹੂਰ ਬਾਦਸ਼ਾਹ ਹੋਇਆ ਹੈ। ਇਸ ਦੇ ਬਾਰੇ ਪ੍ਰਸਿੱਧ ਹੈ ਕਿ ਇਹ ਗੋਰਾਂ (ਇਕ ਪ੍ਰਕਾਰ ਦਾ ਗਾਂ ਵਰਗਾ ਜੰਗਲੀ ਜਾਨਵਰ ਜੋ ਉਚੀਆਂ ਜੰਗਲੀ ਪਹਾੜੀਆਂ ਉਪਰ ਹਵਾ ਦੇ ਰੁਖ ਵੱਲ ਮੂੰਹ ਕਰਕੇ ਬੈਠਦੀ ਹੈ ਤਾਂ ਜੋ ਕਿਸੇ ਦੀ ਆਮਦ ਦੀ ਸੁਗੰਧ ਆ ਜਾਵੇ, ਇਸ ਦੇ ਸਿੰਗ ਬਹੁਤ ਵੱਡੇ ਹੁੰਦੇ ਹਨ ਅਤੇ ਤੇਜ ਦੌੜਾਕ ਹੋਣ ਕਰਕੇ ਸ਼ਿਕਾਰ ਕਰਨਾ ਬੜੇ ਹੌਸਲੇ ਤੇ ਹਿੰਮਤ ਦਾ ਕੰਮ ਹੈ) ਦਾ ਸ਼ਿਕਾਰ ਬਹੁਤ ਕਰਿਆ ਕਰਦਾ ਸੀ। ਇਸੇ ਕਰਕੇ ਇਸਦਾ ਨਾਮ ਬਹਿਰਾਮ ਗੋਰ ਪ੍ਰਸਿੱਧ ਹੋਇਆ ਕਾਜ਼ੀ ਨੂਰ ਮੁਹੰਮਦ 'ਜੰਗਨਾਮੇ' ਵਿਚ ਸਿੰਘਾਂ ਦੀ ਬਹਾਦਰੀ ਦਾ ਟਾਕਰਾ ਬਹਿਰਾਮ ਗੋਰ ਨਾਲ ਕਰਦਾ ਕਹਿੰਦਾ ਹੈ ਕਿ ਮੈਦਾਨ-ਏ-ਜੰਗ ਵਿਚ ਸਿੰਘਾਂ ਦਾ ਮੁਕਾਬਲਾ, ਗੋਰਾਂ ਦਾ ਸ਼ਿਕਾਰ ਕਰਨ ਵਾਲਾ ਬਹਿਰਾਮ ਵੀ ਨਹੀ ਕਰ ਸਕਦਾ।

21.

ਕਿਸ ਸ਼ਾਨ ਕਾ ਰੁਤਬਾ ਤੇਰਾ ਅੱਲਾਹੁ ਗ਼ਨੀ ਹੈ।
ਮਸਕੀਨ ਗਰੀਬੋਂ ਮੇਂ, ਦਲੇਰੋਂ ਮੇਂ ਜਰੀ ਹੈ।
'ਅੰਗਦ' ਹੈ 'ਅਮਰਦਾਸ' ਹੈ 'ਅਰਜੁਨ' ਭੀ ਤੂੰ ਹੀ ਹੈ।
'ਨਾਨਕ' ਸੇ ਲੇ ਕੇ 'ਤੇਗ ਬਹਾਦਰ' ਤੂ ਸਭੀ ਹੈ।
ਤੀਰਥ ਨਹੀਂ ਕੋਈ ਰੁਇ-ਰੋਸ਼ਨ ਕੇ ਬਰਾਬਰ।
ਦਰਸ਼ਨ ਤੇਰੇ ਦਸ ਗੁਰੁਓਂ ਕੇ ਦਰਸ਼ਨ ਕੇ ਬਰਾਬਰ।

*ਸ਼ਬਦ ਅਰਥ :-*ਅੱਲਾਹੁ-ਗੁਨੀ= ਪਵਿੱਤਰ ਤੇ ਧਨੀ, ਮਸਕੀਨ= ਨਿਮਾਣਾ, ਅਤਿ ਗਰੀਬ, ਜਰੀਂ= ਯੋਧਾ, ਰੁਇ-ਰੋਸ਼ਨ= ਆਤਮਿਕ ਗਿਆਨ, ਦੂਰ ਦ੍ਰਿਸ਼ਟ, ਪੁਰਨੂਰ ਚਿਹਰਾ

ਅਰਥਾਤ :- ਹੇ ਕਲਗੀਧਰ ਪਾਤਸ਼ਾਹ, ਤੇਰਾ ਰੁਤਬਾ ਸੰਸਾਰ ਤੋਂ ਵਿਲੱਖਣ ਅਤੇ ਬੁਲੰਦ ਹੈ। ਤੂੰ ਪਵਿੱਤਰਤਾ ਦੀ ਮੂਰਤ ਹੈਂ ਅਤੇ ਹਰ ਕਰਤਬ ਦਾ ਧਨੀ ਹੈ, ਹਰ ਗਿਆਨ ਦਾ ਭੰਡਾਰ ਹੈ, ਤੂੰ ਨਿਮਾਣਿਆਂ ਵਿਚ ਮਸਕੀਨ ਨਿਮਾਣਾ ਤੇ ਨਿਮਰਤਾ ਭਰਪੂਰ ਹੈ ਅਤੇ ਯੋਧਿਆਂ ਵਿਚ ਮਹਾਂਬਲੀ ਯੋਧਾ ਹੈ।

ਸਿੱਖ ਧਰਮ ਦੇ 'ਇਕ ਜੋਤਿ' ਸਿਧਾਂਤ ਤੋਂ ਜਾਣਕਾਰ ਕਵੀ ਕਲਗੀਧਰ ਪਾਤਸ਼ਾਹ ਦੀ ਤਾਰੀਫ਼ ਕਰਦਾ ਕਵੀ ਕਹਿੰਦਾ ਹੈ ਕਿ ਹੇ ਕਲਗੀਧਰ ਪਿਤਾ ! ਤੂੰ ਹੀ ਅੰਗਦ ਹੈਂ, ਤੂੰ ਹੀ ਅਮਰਦਾਸ ਹੈਂ ਅਤੇ ਤੂੰ ਹੀ ਗੁਰੂ ਅਰਜਨ ਹੈਂ। ਗੱਲ ਕੀ, ਗੁਰੂ ਨਾਨਕ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਦਾ ਨੂਰ ਤੇਰੇ ਚਿਹਰੇ ਵਿਚ ਨਜ਼ਰ ਆਉਂਦਾ ਹੈ।

ਗੁਰੁਦੇਵ ਪਾਤਸ਼ਾਹ ਆਪ ਜੀ ਦਾ ਪੁਰਨੂਰ ਚਿਹਰਾ ਆਤਮਿਕ ਗਿਆਨ ਦਾ ਸੋਮਾ ਹੈ ਜਿਸ ਦੇ ਬਰਾਬਰ ਦੁਨੀਆਂ ਦਾ ਕੋਈ ਤੀਰਥ ਅਸਥਾਨ ਨਹੀਂ ਹੈ। ਆਪ ਦੇ ਪਾਵਨ ਚਿਹਰੇ ਵਿਚ ਦਸ ਗੁਰੂਆਂ[1] ਦੇ ਦਰਸ਼ਨ ਨਸੀਬ ਹੁੰਦੇ ਹਨ।

---

1. ਕਵੀ ਗੁਰਮਤਿ ਵਿਚਾਰਧਾਰਾ ਦੇ ਮਹਾਨ ਸੰਕਲਪ ਦਾ ਪੂਰਨ ਤੌਰ ਤੇ ਜਾਣਕਾਰ ਪ੍ਰਤੀਤ ਹੁੰਦਾ ਹੈ ਕਿ ਗੁਰਮਤਿ ਦਰਸ਼ਨ ਅਨੁਸਾਰ ਸਭ ਸਤਿਗੁਰਾਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਅੰਦਰ ਇਕੋ ਹੀ ਜੋਤਿ ਵਰਤਦੀ ਰਹੀ। ਭਾਵ ਸਾਰੇ ਗੁਰੂ ਸਾਹਿਬਾਨ ਦੇਹ ਸਰੂਪ ਵਿਚ ਵਿਚਰਦਿਆਂ ਹੋਇਆਂ ਇਕੋ ਹੀ ਗੁਰਮਤਿ ਸਿਧਾਤ ਜੋ ਸ਼ਬਦ ਗੁਰੂ ਨਾਲ ਜੋੜਦਾ ਸੀ ਦੀ ਬਖਸ਼ਿਸ਼ ਕਰਦੇ ਰਹੇ, ਭਾਵੇਂ ਕਿ ਸਰੀਰਕ

ਜਾਮੇ ਬਦਲਦੇ ਰਹੇ,

ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥

ਵਾਰ ਬਲਵੰਡ-ਸਤੈ, ਸਫਾ 966 ਭੱਟਾਂ ਰਚਿਤ ਸਵੈਯੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਹਨ ਇਸ ਗੁਰਮਤਿ ਸਿਧਾਂਤ ਉਪਰ ਵਿਸ਼ੇਸ਼ ਰੋਸ਼ਨੀ ਪਾਉਂਦੇ ਹਨ ਕਿ,

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ, ਤਤ ਸਿਉਂ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੂ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰ, ਗੁਰ ਰਾਮਹਿ ਦੀਅਉ॥
ਗੁਰੂ ਰਾਮਦਾਸ ਦਰਸਨੁ ਪਰਸਿ, ਕਹਿ ਮਥਰਾ, ਅੰਮ੍ਰਿਤ ਬਯਣ॥
ਮੂਰਤਿ ਪੰਚ ਪ੍ਰਮਾਣ ਪੁਰਖੁ, ਗੁਰੁ ਅਰਜੁਨੁ ਪਿਖਹੁ ਨਯਣ॥

(ਸਵਈਏ ਮਹਲੇ ਪੰਜਵੇਂ ਕੇ ਸਫ਼ਾ ੧੪੦੮)

ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਚਰਨ ਭੌਰੇ ਅਤੇ ਨਾਮ ਰਸੀਏ ਕਵੀ ਭਾਈ ਨੰਦ ਲਾਲ ਜੀ ਬੜੇ ਸੁੰਦਰ ਰੂਪ ਵਿਚ ਕਾਵਿ ਬੰਦ ਕਰਦੇ ਹਨ।

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤੁ॥
ਹਮਾ ਸ਼ਬਦਿ ਊ ਜ਼ੌਹਰੋ, ਹਮੂ ਮਾਣਕ ਅਸਤੁ॥

('ਜੋਤਿ ਬਿਗਾਸ' ਭਾਈ ਨੰਦ ਲਾਲ ਜੀ)

22.

ਕਿਸ ਸਬਰ ਸੇ ਹਰ ਏਕ ਕੜੀ ਤੂੰ ਨੇ ਉਠਾਈ।
ਕਿਸ ਸ਼ੁਕਰ ਸੇ ਹਰ ਚੋਟ ਕਲੇਜੇ ਪਿ ਹੈ ਖਾਈ।
ਵਾਲਦ ਕੋ ਕਟਾਇਆ, ਕਭੀ ਔਲਾਦ ਕਟਾਈ।
ਕੀ ਫ਼ਿਕਰ ਮੇਂ, ਫ਼ਾਕੇ ਮੇਂ, ਹਜ਼ਾਰੋਂ ਸੇ ਲੜਾਈ।

ਹਿੰਮਤ ਸੇ ਤਿਰੀ ਸਭ ਥੇ ਸਲਾਤੀਂਨ ਲਰੱਜਤੇ।
ਜੁਰਅਤ ਸੇ ਤਿਰੀ ਲੋਗ ਥੇ ਤਾ-ਚੀਨ ਲਰੱਜਤੇ।

ਸ਼ਬਦ ਅਰਥ:- ਕੜੀ= ਕਠੋਰ, ਮੁਸ਼ਕਿਲ, ਸ਼ੁਕਰ= ਸਬਰ-ਸੰਤੋਖ, ਵਾਲਦ= ਪਿਤਾ, ਫ਼ਿਕਰ= ਮਾਨਸਿਕ, ਬੋਝ ਫ਼ਾਕੇ= ਭੁਖੇ ਭਾਣੇ, ਸਲਾਤੀਂਨ= ਅਨੇਕਾਂ ਸੁਲਤਾਨ, ਲਰੱਜਤੇ= ਬਿਮਾਰੀ ਦਾ ਕਾਂਬਾ ਤਾ-ਚੀਨ= ਚੀਨ ਤੱਕ ਦੇ ਲੋਕ।

ਅਰਥਾਤ :- ਹੇ ਕਲਗੀਧਰ ਪਾਤਸ਼ਾਹ ! ਤੂੰ ਹਰ ਮੁਸ਼ਕਿਲ ਦਾ ਮੁਕਾਬਲਾ ਬਹੁਤ ਹੀ ਸਬਰ ਅਤੇ ਸਿਦਕ ਨਾਲ ਕੀਤਾ ਹੈ। ਬੜੇ ਹੀ ਸਹਿਜ ਅਤੇ ਠਰੰਮੇ ਦੇ ਨਾਲ ਹਿਰਦੇ ਉਪਰ ਲੱਗੀ ਹਰ ਠੇਸ ਨੂੰ ਸਹਿਆ ਹੈ। ਅਨੇਕਾਂ ਪ੍ਰਕਾਰ ਦੀਆਂ ਮੁਸ਼ਕਲਾਂ ਦਾ, ਜਬਰ ਦਾ ਮੁਕਾਬਲਾ ਸਿਦਕਦਿਲੀ ਨਾਲ ਕੀਤਾ ਹੈ। ਹੇ ਕਲਗੀਧਰ ਪਿਤਾ ! ਤੇਰੇ ਜੈਸਾ ਜਿਗਰਾ ਕਿਸ ਰਹਿਬਰ ਦਾ ਹੋ ਸਕਦਾ ਹੈ? ਜਿਸ ਨੇ ਛੋਟੀ ਉਮਰੇ ਹੀ ਪਿਤਾ ਦਾ ਬਲੀਦਾਨ[1] ਦਿੱਤਾ ਹੋਵੇ ਤੇ ਫਿਰ ਛੋਟੀ ਉਮਰ ਦੇ ਮਾਸੂਮ ਪੁੱਤਰਾਂ ਨੂੰ ਸ਼ਹੀਦ ਹੁੰਦੇ ਤੱਕਿਆ ਹੋਵੇ। ਦਸਮੇਸ਼ ਪਿਤਾ ਤੇਰੇ ਅੰਦਰ ਕੈਸੀ ਦ੍ਰਿੜਤਾ ਅਤੇ ਹਿੰਮਤ ਹੈ ਕਿ ਤੂੰ ਮਾਨਸਿਕ ਬੋਝ, ਭੁੱਖ ਪਿਆਸ ਦੇ ਹੁੰਦਿਆਂ ਹਜ਼ਾਰਾਂ ਨਾਲ ਘਮਸਾਣ ਦਾ ਯੁੱਧ ਕੀਤਾ।

ਕਲਗੀਧਰ ਪਾਤਸ਼ਾਹ ਤੇਰੀ ਹਿੰਮਤ ਅਤੇ ਜ਼ੁਅਰਤ ਤੋਂ ਦੁਨੀਆਂ ਦੇ ਸ਼ਾਹ-ਸੁਲਤਾਨ ਕੰਬਦੇ ਹਨ ਤੇਰੀ ਜ਼ੁਅਰਤ ਅਤੇ ਹਿੰਮਤ ਦੇ ਕਾਰਨਾਮਿਆਂ ਨੂੰ ਸੁਣ ਕੇ ਚੀਨ ਤੱਕ ਦੇ ਲੋਕ ਕੰਬਦੇ ਹਨ।

---

1. ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪਿਤਾ ਗੁਰੂ ਤੇਗਬਹਾਦਰ ਸਾਹਿਬ ਨੇ ਕਸ਼ਮੀਰੀ ਬ੍ਰਾਹਮਣਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ, ਹਿੰਦੂ ਧਰਮ ਦੇ ਉਪਰ ਹੋ ਰਹੇ ਜ਼ੁਲਮਾਂ ਵਿਰੁੱਧ ਆਵਾਜ਼ ਉਠਾਉਂਦਿਆਂ ਅਤੇ ਹਿੰਦੂ ਧਰਮ ਦੇ ਚਿੰਨ੍ਹਾਂ (ਧੋਤੀ, ਟੋਪੀ, ਟਿੱਕਾ, ਜਨੇਊ) ਦੀ ਰੱਖਿਆ ਹੇਤ

ਬਲੀਦਾਨ ਦਿੱਤਾ। ਗੁਰੂ ਪਾਤਸ਼ਾਹ ਗੁਰੂ ਗੋਬਿੰਦ ਸਿੰਘ, ਗੁਰੂ ਤੇਗ ਬਹਾਦਰ ਦੀ ਅਦੁੱਤੀ ਸ਼ਹਾਦਤ ਦੇ ਪ੍ਰਤੀ ਫ਼ੁਰਮਾਉਂਦੇ ਹਨ:-

ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।

23.

ਅੱਦਾਅ ਨੇ ਕਭੀ ਤੁਝ ਕੋ ਸੰਭਲਨੇ ਨ ਦੀਆ ਥਾ।
ਆਰਾਮ ਸੇ ਪਹਿਲੂ ਕੋ ਬਦਲਨੇ ਨ ਦੀਆ ਥਾ।
ਗੁਲਸ਼ਨ ਕੋ ਤੇਰੇ ਫੂਲਨੇ ਫਲਨੇ ਨ ਦੀਆ ਥਾ।
ਕਾਂਟਾ ਦਿਲਇ-ਪੁਰ-ਖ਼ੂੰ ਸੇ ਨਿਕਲਨੇ ਨ ਦੀਆ ਥਾ।

ਜਿਸ ਰਣ ਮੇਂ ਲੜਾ ਬੇ ਸਰੋ-ਸਮਾਨ ਲੜਾ ਤੂ॥
ਸੌ ਸਿੰਘ ਲੀਏ ਲਾਖੋਂ ਪਿ ਜਾ ਜਾ ਕੇ ਪੜਾ ਤੂ॥

ਸ਼ਬਦ ਅਰਥ :- ਅੱਦਾਅ= ਵੈਰੀ ਲਸ਼ਕਰ, ਪਹਿਲੂ= ਪਾਸਾ, ਕਰਵਟ, ਦਿਲਇ ਪੁਰ-ਖ਼ੂੰ= ਲਹੂ ਰੱਤਾ ਦਿਲ, ਬੇਸਰੋਸਮਾਨ= ਸਿਰ ਧੜ ਦੀ ਬਾਜ਼ੀ ਲਾ ਕੇ, ਬੇਖ਼ੌਫ਼ ਹੋ ਕੇ, ਖ਼ਾਲੀ ਹੱਥ ਹੁੰਦਿਆਂ।

ਅਰਥਾਤ:- ਦਸਮੇਸ਼ ਪਿਤਾ ਤੁਹਾਡੇ ਦਰਸਾਏ ਸੱਚ ਦੇ ਮਾਰਗ ਤੋਂ ਕੂੜ ਦੀਆਂ ਦੁਕਾਨਾਂ ਵਾਲੇ ਹਮੇਸ਼ਾਂ ਨਫ਼ਰਤ ਕਰਦੇ ਰਹੇ। ਦੁਸ਼ਮਣ ਨੇ ਹਮੇਸ਼ਾਂ ਹੀ ਤੁਹਾਡੇ ਉਪਰ ਵਧੀਕੀ ਕੀਤੀ, ਛੋਟੀ ਉਮਰ ਵਿਚ ਐਸੀਆਂ ਲੜਾਈਆਂ ਲੜਨੀਆਂ ਪਈਆਂ ਕਿ ਆਪ ਨੂੰ ਸਾਰੀ ਉਮਰ ਚੈਨ ਨਾਲ ਕਰਵਟ ਬਦਲਣੀ ਵੀ ਨਸੀਬ ਨਾਂ ਹੋਈ।

ਦੁਸ਼ਮਣ ਨੇ ਤੁਹਾਡੀ ਪਿਆਰ ਤੇ ਅਮਨ ਭਰਪੂਰ ਬਗੀਚੀ ਨੂੰ ਕਦੀ ਵਧਣ ਫੁਲਣ ਨਾਂ ਦਿੱਤਾ। ਤੇਰੇ ਸਬਰ ਭਰਪੂਰ ਕੋਮਲ ਹਿਰਦੇ ਅੰਦਰ ਦੁਸ਼ਮਣ ਨੇ ਹਰ ਸਮੇਂ ਜਬਰ ਦਾ ਕੰਡਾ ਖੁਭਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ ਵੀ ਤੂੰ ਹਰ ਮੈਦਾਨ-ਏ-ਜੰਗ ਵਿਚ ਸਿਰ ਧੜ ਦੀ ਬਾਜੀ ਲਗਾ ਕੇ ਲੜਿਆ ਅਤੇ ਹਰ ਮੁਹਿੰਮ ਵਿਚ ਫਤਹਿਯਾਬ ਹੋਇਆ। ਤੇਰੀ ਹੀ ਦ੍ਰਿੜਤਾ ਦਾ ਕਮਾਲ ਸੀ ਕਿ ਤੂੰ ਲੱਖਾਂ ਦੀ ਗਿਣਤੀ ਵਿਚ ਵੈਰੀ ਨਾਲ ਇਕ-ਇਕ ਸਿੰਘ ਨੂੰ ਲੜਾ ਦਿੱਤਾ।

24.

ਸ਼ਕ ਦੀ ਕਭੀ ਨਵਾਬ ਕੋ, ਰਾਜੋਂ ਕੋ ਭਗਾਇਆ।
ਮੈਦਾਂ ਮੇਂ ਮੁਕਾਬਿਲ ਜੋ ਹੂਆ ਮਾਰਿ ਗਿਰਾਇਆ।
ਘਮਸਾਨ ਮੇਂ ਜਬ ਆਨ ਕੇ ਤੇਗੋਂ ਕੋ ਫਿਰਾਇਆ।
ਫਿਰ ਕਰ ਦੀਆ ਇਕ ਆਨ ਮੇਂ ਲਸ਼ਕਰ ਕਾ ਸਫਾਇਆ।

ਕਲ ਕਹਿਤੇ ਹੈਂ ਚਮਕੌਰ ਮੇਂ ਫਿਰ ਖੇਤ ਪੜੇਗਾ।
ਗੋਬਿੰਦ ਸਹਰ ਹੋਤੇ ਹੀ ਲਾਖੋਂ ਸੇ ਲੜੇਗਾ।

ਸ਼ਬਦ ਅਰਥ :- ਸ਼ਕ= ਹਾਰ, ਸ਼ਿਕਸਤ, ਮੁਕਾਬਿਲ= ਸਾਹਮਣੇ ਆਇਆ, ਇਕ ਆਨ= ਝੱਟ ਪੱਟ, ਖੇਤ ਪੜੇਗਾ= ਯੁੱਧ ਹੋਵੇਗਾ ਸਹਰ= ਸਵੇਰੇ

ਅਰਥ :- ਕਦੀ ਤੂੰ ਬੜੇ ਬੜੇ ਨਵਾਬਾਂ ਨੂੰ ਹਾਰ ਦਿੱਤੀ, ਅਤੇ ਰਾਜਿਆਂ ਨੂੰ ਮੈਦਾਨੇ ਜੰਗ ਤੋਂ ਭਜਾ ਦਿੱਤਾ। ਜਿਹੜਾ ਵੀ ਤੇਰੇ ਸਾਹਮਣੇ ਮੈਦਾਨ-ਏ-ਜੰਗ ਵਿਚ ਆਇਆ ਤੇਰੇ ਸਾਹਮਣੇ ਠਹਿਰ ਨਾ ਸਕਿਆ। ਜਦੋਂ ਤੂੰ ਘਮਸਾਣ ਦੇ ਯੁੱਧ ਅੰਦਰ ਹੱਥ ਵਿਚ ਤੇਗ ਫੜ ਕੇ ਨਿੱਤਰਿਆ ਤਾਂ ਝੱਟ-ਪੱਟ ਹੀ ਵਿਰੋਧੀ ਦੁਸ਼ਮਣ ਦਾ ਸਫਾਇਆ ਕਰ ਦਿੱਤਾ।

ਜੋਗੀ ਜੀ ਬੜੇ ਸੁੰਦਰ ਢੰਗ ਨਾਲ ਬਿਆਨ ਕਰਦੇ ਹਨ ਕਿ ਸੁਣਿਆ ਹੈ ਕਿ ਕਲ ਸਵੇਰੇ ਫਿਰ ਚਮਕੌਰ ਦੇ ਮੈਦਾਨ ਵਿਚ ਘਮਸਾਣ ਦਾ ਯੁੱਧ ਹੋਵੇਗਾ ਅਤੇ ਮਰਦ ਅਗੰਮੜਾ ਗੋਬਿੰਦ ਸਿੰਘ ਸਵੇਰੇ ਲੱਖਾਂ ਵੈਰੀਆਂ ਨਾਲ ਦੋ ਹੱਥ ਕਰੇਗਾ।

25.

ਗੁਰੂ ਸਾਹਿਬ ਦਾ ਸੁਤੇ ਪਏ ਸਾਹਿਬਜ਼ਾਦਿਆਂ ਪਾਸ ਆਗਮਨ

ਬਾਕੀ ਥੀ ਘੜੀ ਰਾਤ ਗੁਰੂ ਖ਼ੈਮੇ ਮੇਂ ਆਏ।
ਸ਼ਹਿਜਾਦੇ ਯਹਾਂ ਦੋਨੋਂ ਹੀ ਸੋਤੇ ਹੁਏ ਪਾਏ।
ਦੋਨੋਂ ਹੀ ਕੇ ਰੁਖ਼-ਏ-ਪਾਕ ਸੇ, ਗੈਸੂ ਜੋ ਹਟਾਏ।
ਅਫ਼ਲਾਕ ਨੇ ਸ਼ਰਮਾ ਕੇ, ਮਿਹੁ-ਮਿਹਰ ਛਪਾਏ।
ਸਤਿਗੁਰ ਨੇ ਦਹਨ ਜਬ ਦਹਨਿ-ਪਾਕ ਪਿ ਰੱਖਾ।
ਕੁਮਲਾ ਕੇ ਹਰ ਇਕ ਫੂਲ ਨੇ ਸਰ ਖ਼ਾਕ ਪਿ ਰੱਖਾ।

ਸ਼ਬਦ ਅਰਥ:- ਰੁਖ਼-ਪਾਕ= ਪਵਿੱਤਰ ਚੇਹਰੇ, ਗੈਸੂ= ਲੰਬੇ ਵਾਲ, ਅਫ਼ਲਾਕ= ਅਸਮਾਨ, ਮਿਹੁ= ਚੰਦਰਮਾਂ, ਮਿਹਰ= ਸੂਰਜ, ਦਹਨ= ਚਿਹਰਾ, ਦਹਨਿ ਪਾਕ= ਪਾਵਨ ਚਿਹਰਾ, ਸਰ= ਸਿਰ, ਖ਼ਾਕ= ਜ਼ਮੀਨ, ਪਿ= ਉਪਰ, ਸ਼ਰਮਾ= ਸ਼ਰਮਿੰਦਾ ਹੋ ਕੇ ਸ਼ਹਿਜਾਦੇ= ਸਾਹਿਬਜ਼ਾਦੇ।

ਅਰਥਾਤ :- ਕੁਝ ਸਮਾਂ ਰਾਤ ਰਹਿੰਦੀ ਸੀ ਕਿ ਗੁਰੂ ਸਾਹਿਬ ਉਸ ਖ਼ੈਮੇਂ (ਤੰਬੂ) ਵਿਚ ਆਏ ਜਿਸ ਵਿਚ ਦੋਵੇਂ ਸਾਹਿਬਜ਼ਾਦੇ ਜੋ ਸਵੇਰ ਦੀ ਜੰਗ ਉਪਰੰਤ ਬਹੁਤ ਥੱਕੇ ਹੋਏ ਸਨ, ਭੁਖੇ ਤਿਹਾਏ ਸਨ ਅਤੇ ਸਰੀਰ ਉਪਰ ਗਿਲੇ ਬਸਤਰ ਸਨ, ਥਕਾਵਟ ਨਾਲ ਕੜਾਕੇ ਦੀ ਠੰਡ ਵਿਚ ਗੂੜੀ ਨੀਂਦ ਸੁੱਤੇ ਪਏ ਸਨ। ਗੂੜੀ ਨੀਂਦ ਵਿਚ ਸੁਤੇ ਹੋਣ ਕਰਕੇ ਸੀਸ ਉਪਰ ਸਜਾਈਆਂ ਦਸਤਾਰਾਂ ਢਿੱਲੀਆਂ ਹੋ ਚੁਕੀਆਂ ਸਨ ਤੇ ਪਵਿੱਤਰ ਕੇਸ ਮਾਸੂਮ ਚਿਹਰਿਆਂ ਉਪਰ ਖਿਲਰੇ ਪਏ ਸਨ।

ਗੁਰੂ ਪਾਤਸ਼ਾਹ ਸੁੱਤੇ ਹੋਏ ਸਾਹਿਬਜ਼ਾਦਿਆਂ ਦੇ ਪਾਸ ਆ ਕੇ ਬੈਠ ਗਏ, ਬੜੀ ਹੀ ਹੋਲੀ ਜਿਹੀ ਸਾਹਿਬਜ਼ਾਦਿਆਂ ਦੇ ਪਾਵਨ ਮੁਖੜਿਆਂ ਉਪਰ ਖਿਲਰੀਆਂ ਕੇਸਾਂ ਦੀਆਂ ਲੱਟਾਂ ਨੂੰ ਆਪਣੇ ਪਾਵਨ ਕਰ ਕਮਲਾਂ ਨਾਲ ਹਟਾਇਆ ਤਾਂ ਸਾਹਿਬਜ਼ਾਦਿਆਂ ਦੇ ਨੂਰਾਨੀ ਤੇ ਜਾਹੋਜਲਾਲੀ ਮੁਖੜਿਆਂ ਨੂੰ ਤੱਕ ਕੇ ਅਸਮਾਨ ਨੇ ਵੀ ਸ਼ਰਮ ਖਾਂਦਿਆਂ ਚੰਦ ਸੂਰਜ ਨੂੰ ਲੁਕਾ ਲਿਆ ਅਰਥਾਤ ਸਾਹਿਬਜ਼ਾਦਿਆਂ ਦੇ ਇਲਾਹੀ ਚਿਹਰਿਆਂ ਦੇ ਤੇਜ ਨੂੰ ਚੰਦ ਸੂਰਜ ਵੀ ਸਹਿਣ ਨਾ ਕਰ ਸਕੇ।

ਗੁਰੂ ਪਾਤਸ਼ਾਹ ਨੇ ਬੜੇ ਪ੍ਰੇਮ ਅਤੇ ਵੈਰਾਗ ਵਿਚ ਆ ਕੇ ਆਪਣਾ ਪਾਵਨ ਮੁਖੜਾ ਸਾਹਿਬਜ਼ਾਦਿਆਂ ਦੇ ਮੁਖੜੇ ਉਪਰ ਰੱਖਿਆ ਤੇ ਪ੍ਰੇਮ ਨਾਲ ਚੁੰਮਿਆ। ਇਸ ਅਦੁੱਤੀ ਪ੍ਰੇਮ ਭਰਪੂਰ ਤੇ ਇਲਾਹੀ ਵੈਰਾਗਮਈ ਕੌਤਕ ਨੂੰ ਤੱਕ ਕੇ ਇੰਝ ਲਗਦਾ ਸੀ ਜਿਵੇਂ ਸੰਸਾਰ ਦਾ ਹਰ ਫੁੱਲ ਕੁਮਲਾ ਕੇ ਜ਼ਮੀਨ ਤੇ ਝੁੱਕ ਗਿਆ ਹੋਵੇ।

---

1. ਚਮਕੌਰ ਦੀ ਗੜ੍ਹੀ ਦੇ ਸਾਕੇ ਦੌਰਾਨ ਸ਼ਹੀਦ ਹੋਣ ਵਾਲੇ ਸਾਹਿਬਜ਼ਾਦਿਆਂ ਬਾਬਤ ਵਧੇਰੇ ਤਵਾਰੀਖ ਲਿਖਾਰੀਆਂ ਦੀ ਇਕ ਰਾਏ ਹੈ ਕਿ ਇਸ ਸਾਕੇ ਵਿਚ ਸਾਹਿਬ ਅਜੀਤ ਸਿੰਘ ਅਤੇ ਸਾਹਿਬ ਜੁਝਾਰ ਸਿੰਘ ਸ਼ਹੀਦ ਹੋਏ ਪਰੰਤੂ ਕੁਝ ਪੁਰਾਤਨ ਖਰੜਿਆਂ ਵਿਚ ਨਾਵਾਂ ਦੇ ਵੇਰਵਾ ਅਲੱਗ-ਅਲੱਗ ਹੈ, ਕੁਝ ਪੁਰਾਤਨ ਇਤਿਹਾਸਕਾਰਾਂ ਦੇ ਵਿਚਾਰ ਇਸ ਤਰ੍ਹਾਂ ਹਨ:-

ਸ੍ਰੀ ਗੁਰੂ ਸੋਭਾ- ਇਹ ਕਵੀ ਸੈਨਾਪਤਿ ਦੀ ਰਚਨਾ ਹੈ ਜੋ ਗੁਰੂ ਸਾਹਿਬ ਦੇ ਹਜ਼ੂਰੀ ਕਵੀ ਸਨ। ਸੈਨਾਪਤੀ ਜੀ ਨੇ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ ਅਤੇ ਸ਼ਹੀਦੀ ਸਾਕਿਆਂ ਉਪਰ ਵਿਸਥਾਰ ਮਈ ਚਾਨਣਾ ਪਾਇਆ ਹੈ। ਨੰਦੇੜ ਤੱਕ ਦੇ ਦੱਖਣ ਸਫ਼ਰ ਬਾਰੇ ਇਸ ਦੁਆਰਾ ਲਿਖੇ ਹਾਲਾਤ ਇਸ ਨੇ ਵਧਿਆ ਲਿਖੇ ਹਨ ਜੋ ਅਸਲੀਅਤ ਦੇ ਵਧੇਰੇ ਨੇੜੇ ਹਨ। ਪਰ ਸਾਕਾ ਚਮਕੌਰ ਬਾਰੇ ਦਿੱਤਾ ਵੇਰਵਾ ਆਮ ਇਤਿਹਾਸਕਾਰੀ ਤੋਂ ਕਾਫ਼ੀ ਭਿੰਨ ਹੈ।

ਇਸ ਕਵੀ ਅਨੁਸਾਰ ਗੁਰੂ ਸਾਹਿਬ, ਮਾਤਾ ਗੁਜਰੀ ਜੀ ਅਤੇ ਚਾਰੇ ਸਾਹਿਬਜ਼ਾਦੇ ਚਮਕੌਰ ਆ ਗਏ, ਸਾਹਿਬ ਅਜੀਤ ਸਿੰਘ ਜੀ ਇਥੇ ਸ਼ਾਹੀ ਫੌਜਾਂ ਨਾਲ ਜੂਝਦੇ ਸ਼ਹੀਦ ਹੋਏ, ਪਰ ਮਾਤਾ ਗੁਜਰੀ ਜੀ ਅਤੇ ਦੋ ਸਾਹਿਬਜ਼ਾਦੇ ਫ਼ਤਹਿ ਸਿੰਘ ਅਤੇ ਜੁਝਾਰ ਸਿੰਘ ਮੁਗਲਈ ਸੈਨਾ ਨੇ ਗ੍ਰਿਫ਼ਤਾਰ ਕਰ ਲਏ। ਇਸ ਕਵੀ ਅਨੁਸਾਰ ਸਾਹਿਬ ਜ਼ੋਰਾਵਰ ਸਿੰਘ ਜੀ ਮੁਗਲਈ ਫੌਜਾਂ ਨਾਲ ਲੜਦੇ ਭਿੜਦੇ ਦੁਸ਼ਮਣ ਦੇ ਘੇਰੇ ਵਿਚੋਂ ਨਿਕਲ ਗਏ। ਕਵੀ ਅਨੁਸਾਰ

ਪਟਕ ਪੁਟਕ ਕੈ ਕਟਕ ਕੋ ਝਟਕਿ ਨਿਕਸਿ ਗਯੋ ਪਾਰ।
ਜੋਰਾਵਰ ਪ੍ਰਭ ਜੋਰ ਕਰਿ, ਰਾਖ ਲਿਯੋ ਕਰਤਾਰ।

ਇਸ ਕਵੀ ਅਨੁਸਾਰ ਜਦੋਂ ਗੁਰੂ ਸਾਹਿਬ ਬਹਾਦਰਸ਼ਾਹ ਨਾਲ ਆਗਰੇ ਤੋਂ ਰਾਜਪੁਤਾਨੇ ਵੱਲ ਜਾ ਰਹੇ ਸਨ ਤਾਂ ਸਾਹਿਬ ਜ਼ੋਰਾਵਰ ਸਿੰਘ ਆ ਮਿਲਿਆ,

ਅਲਪ ਦਿਵਸ ਕਛੁ ਤਹਾਂ ਬਿਤਾਏ। ਸਾਹਿਬ ਜੋਰਾਵਰ ਜੀ ਆਏ।

(ਸ੍ਰੀ ਗੁਰੂ ਸੋਭਾ)

ਪ੍ਰੰਤੂ ਜੇਕਰ ਭੱਟ ਵਹੀਆਂ ਉਪਰ ਆਧਾਰਿਤ ਸੋਮਿਆਂ ਦੀ ਘੋਖ ਕੀਤੀ ਜਾਵੇ ਤਾਂ ਪਤਾ ਚਲਦਾ ਹੈ ਕਿ ਚਿਤੌੜ ਵਿਖੇ ਗੁਰੂ ਸਾਹਿਬ ਨੂੰ ਮਿਲਣ ਵਾਲਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨਹੀਂ ਬਲਕਿ ਗੁਰੂ ਘਰ ਦੇ ਟਹਿਲੀਏ ਨੱਥੂ ਰਾਮ ਲੋਟੇ ਦੇ ਘਰ ਬੀਬੀ ਭਿੱਖੀ ਦੇ ਉਦਰ ਤੋਂ ਪੈਦਾ ਹੋਇਆ ਸੀ। ਤਵਾਰੀਖ ਵਿਚ ਜ਼ਿਕਰ ਮਿਲਦਾ ਹੈ ਕਿ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੋਂ ਉਮਰ ਵਿਚ ਇਕ ਦਿਨ ਵੱਡਾ ਸੀ। ਗੁਰੂ ਸਾਹਿਬ ਇਸ ਨੂੰ ਵੀ ਸਾਹਿਬਜ਼ਾਦਿਆਂ ਵਾਂਗ ਪਿਆਰ ਕਰਿਆ ਕਰਦੇ ਸਨ। ਇਹ ਜ਼ੋਰਾਵਰ ਸਿੰਘ 2 ਅਪ੍ਰੈਲ 1708 ਨੂੰ ਚਿਤੌੜ ਵਿਚੇ 20 ਸਿੰਘਾਂ ਨਾਲ ਸ਼ਹੀਦ ਹੋਇਆ।

ਕੁਝ ਹੋਰ (ਇਕ-ਦੋ) ਸੋਮੇ ਚਮਕੌਰ ਵਿਖੇ ਕੇਵਲ ਸਾਹਿਬ ਅਜੀਤ ਸਿੰਘ ਸ਼ਹਾਦਤ ਬਾਬਤ ਤੱਥ ਉਜਾਗਰ ਕਰਦੇ ਹਨ ਪ੍ਰੰਤੂ ਗੁਰੂ ਸਾਹਿਬ ਰਚਿਤ 'ਫ਼ਤਹਿਨਾਮਾ' ਦੋ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਹੀ ਕਰਾਰ ਦਿੰਦਾ ਹੈ।

ਕਿ ਸ਼ੁਦ ਗਰ ਸ਼ਿਗਾਲ ਬਮਕਰੋ ਗਿਆ॥
ਹਮੀ ਕੁਸ਼ਤ ਦੋ ਬੱਚ ਹਾਏ ਸ਼ੇਰ ਰਾ॥ (੧੧੪) (ਫ਼ਤਹਿਨਾਮਾ)

ਕੀ ਹੋਇਆ ਜੇ ਕਿਸੇ ਮੱਕਾਰ ਗਿੱਦੜ ਨੇ ਚਲਾਕੀ ਨਾਲ ਸ਼ੇਰ ਦੇ ਦੋ ਬੱਚੇ ਮਾਰ ਦਿੱਤੇ।

ਸ੍ਰੀ ਗੁਰੂ ਸੋਭਾ ਦਾ ਲਿਖਾਰੀ ਸੈਨਾਪਤੀ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਦੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਉਪਰੰਤ ਉਸ ਬਾਬਤ ਕੋਈ ਜ਼ਿਕਰ ਨਹੀਂ ਕਰਦਾ ਜਦੋਂ ਕਿ ਗੁਰੂ ਸਾਹਿਬ ਜ਼ਫ਼ਰਨਾਮੇ ਵਿਚ ਚਾਰ ਪੁੱਤਰਾਂ ਦੀ ਸ਼ਹਾਦਤ ਨੂੰ ਤਸਦੀਕ ਕਰਦੇ ਹਨ।

ਚਿਹਾ ਸ਼ੁੱਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥
ਕਿ ਬਾਕੀ ਬਿਮਾਂਦ ਅਸਤ ਪੇਚੀਦਹ ਮਾਰ॥ (੭੮) (ਜ਼ਫ਼ਰਨਾਮਾ)

ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ ਪਰ ਤੇਰੇ ਨਾਲ ਸਿੱਝਣ ਲਈ ਕੁੰਡਲੀਆਂ ਸੱਪ ਖਾਲਸਾ ਅਜੇ ਬਾਕੀ ਹੈ।

ਨੋਟ:- ਪਾਲਿਤ ਜ਼ੋਰਾਵਰ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਮੌਲਵੀ ਅਬਦੁਲ ਰਸੂਲ ਦੀ ਰਚਨਾ ਤਾਰੀਖਿ ਮੁਅੱਜਮਸ਼ਾਹ (ਰਚਨਾ ਕਾਲ 1120 ਹਿਜਰੀ) ਤਫ਼ਸੀਲ ਵਿਚ ਮੌਜੂਦ ਹੈ। ਇਸ ਤੋਂ ਬਾਅਦ ਦੇ ਰਚਿਤ ਇਤਿਹਾਸ ਸ੍ਰੋਤ ਸਿੰਘ ਸਾਗਰ (ਵੀਰ ਸਿੰਘ ਬੱਲ), ਗੁਰ ਬਿਲਾਸ (ਕਰਤਾ ਨਾ ਮਾਲੂਮ) ਤਵਾਰੀਖ ਮੁਫ਼ਤੀ ਖ਼ੈਰ ਦੀਨ, ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਭਾਈ ਸੰਤੋਖ ਸਿੰਘ) ਤਵਾਰੀਖ ਗੁਰੂ ਖ਼ਾਲਸਾ (ਗਿ: ਗਿਆਨ ਸਿੰਘ) ਅਤੇ ਤਕਰੀਬਨ ਸਾਰੇ ਹੀ ਆਧੁਨਿਕ ਇਤਿਹਾਸਕਾਰ ਚਮਕੌਰ ਦੀ ਗੜ੍ਹੀ ਦੇ ਸਾਕੇ ਸਮੇਂ ਸਾਹਿਬ ਅਜੀਤ ਸਿੰਘ ਅਤੇ ਸਾਹਿਬ ਜੁਝਾਰ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਕਰਦੇ ਹਨ।

26.

ਰਾਤ ਦਾ ਦ੍ਰਿਸ਼

ਮਰਘਟ ਕੀ ਤਰਹ ਇਸ ਘੜੀ ਸੁੰਨਸਾਨ ਜ਼ਮੀਂ ਥੀ।
ਖਾਮੋਸ਼ੀ ਸੀ ਛਾਈ ਹੁਈ ਤਾ ਅਰਸ਼ਿ-ਬਰੀਂ ਥੀ।
ਵੀਰਾਨੀ ਥੀ ਐਸੀ, ਨ ਉਦਾਸੀ ਯਿਹ ਕਹੀਂ ਥੀ।
ਆਫ਼ਤ ਥੀ, ਬਲਾ ਥੀ, ਯਿਹ ਕੋਈ ਰਾਤ ਨਹੀਂ ਥੀ।

ਦੁਨੀਆਂ ਪਿ ਥਾ ਛਾਯਾ ਹੁਆ, ਇਸ ਤਰਹ ਅੰਧੇਰਾ।
ਲੁਕ ਗੇਂਦ ਪਿ ਮਿੱਟੀ ਕੀ ਹੋ ਜਿਸ ਤਰਹ ਸੇ ਫੇਰਾ।

ਸ਼ਬਦ ਅਰਥ :- ਮਰਘਟ= ਕਬਰਿਸਤਾਨ, ਜ਼ਮੀਂ= ਧਰਤੀ, ਖਾਮੋਸ਼ੀ= ਸੁੰਨਸਾਨਤਾ ਅਰਸ਼ਿ ਬਰੀਂ= ਉਚੇ ਅਸਮਾਨ ਤੱਕ, ਆਫ਼ਤ= ਮੁਸ਼ਕਿਲ, ਬਲਾ= ਡਰਾਉਣੀ, ਮੁਸੀਬਤ, ਲੁਕ= ਲਾਖ ਦੀ ਗੂਹੜੀ ਕਾਲੀ ਪਰਤ।

ਅਰਥ:- ਉਸ ਰਾਤ ਦੇ ਸੁੰਨਸਾਨ ਅਤੇ ਦਰਦਮਈ ਦ੍ਰਿਸ਼ ਦਾ ਚਿਤਰਨ ਕਰਦਾ ਕਵੀ ਲਿਖਦਾ ਹੈ ਕਿ ਸਾਰਾ ਮਾਹੌਲ ਬਿਲਕੁਲ ਸੁੰਨਸਾਨ ਸੀ, ਕਬਿਰਸਤਾਨ ਵਰਗੀ ਅਜੀਬ ਖਾਮੋਸ਼ੀ ਸੀ, ਹਰ ਪਾਸੇ ਖਾਮੋਸ਼ੀ ਫੈਲੀ ਹੋਈ ਸੀ ਇਸ ਤਰ੍ਹਾਂ ਲਗਦਾ ਸੀ ਜਿਵੇਂ ਜ਼ਮੀਨ ਤੋਂ ਲੈ ਕੇ ਉਚੇ ਅਸਮਾਨ ਤੱਕ ਹਰ ਸ਼ੈਅ ਖਾਮੋਸ਼ ਹੋ ਗਈ ਹੋਵੇ। ਗੜ੍ਹੀ ਦੇ ਅੰਦਰਲੇ ਸਾਰੇ ਸਿੰਘ ਥਕੇਵੇਂ ਨਾਲ ਸੁੱਤੇ ਪਏ ਸਨ। ਕੇਵਲ ਤੇ ਕੇਵਲ ਕਲਗੀਧਰ ਪਾਤਸ਼ਾਹ ਜਾਗ ਰਹੇ ਸਨ ਪਰ ਉਹ ਵੀ ਐਸੇ ਸਹਿਜ ਨਾਲ ਚਹਿਲਕਦਮੀ ਕਰ ਰਹੇ ਸਨ ਕਿਤੇ ਆਹਟ ਵੀ ਨਾ ਹੁੰਦੀ, ਕਿ ਕਿਤੇ ਸਵੇਰ ਦੇ ਮੈਦਾਨ-ਏ-ਜੰਗ ਦੀ ਤਿਆਰੀ ਵਾਸਤੇ ਆਰਾਮ ਕਰਦੇ ਪਏ ਸਿੰਘ ਸੂਰਮੇ ਜਾਗ ਨਾ ਜਾਣ। ਅੱਜ ਚਮਕੌਰ ਅੰਦਰ ਐਸੀ ਵੀਰਾਨੀ ਅਤੇ ਉਦਾਸੀ ਦਾ ਆਲਮ ਸੀ ਜਿਹੜਾ ਪਹਿਲਾਂ ਕਦੀ ਨਹੀਂ ਸੀ ਵਾਪਰਿਆ। ਅੱਜ ਦੀ ਰਾਤ ਡਰਾਉਣੀ ਅਤੇ ਮੁਸੀਬਤ ਭਰੀ ਸੀ।

ਸਾਰੀ ਦੁਨੀਆਂ ਉਪਰ ਖਾਮੋਸ਼ੀ ਤੇ ਸੁੰਨਸਾਨਤਾ ਸਦਕਾ ਐਸਾ ਹਨੇਰਾਂ ਛਾਇਆ ਹੋਇਆ ਸੀ, ਜਿਵੇਂ ਮਿੱਟੀ ਦੀ ਗੋਲ ਗੇਂਦ ਉਪਰ ਲਾਖ ਦੀ ਕਾਲੀ ਕਾਲਖ਼ ਫੇਰੀ ਹੋਵੇ।

---

1. ਅੱਲ੍ਹਾ ਯਾਰ ਖ਼ਾਂ 'ਜੋਗੀ' ਸਾਹਿਬ ਦਾ ਭਾਵ ਇਥੇ ਹਨੇਰਮਈ ਕਾਲੀ ਰਾਤ ਤੋਂ ਨਹੀਂ ਬਲਕਿ ਸੋਗਮਈ, ਸੁੰਨਸਾਨ ਅਤੇ ਅਤਿ ਵੈਰਾਨੀ ਭਰਪੂਰ ਵੈਰਾਗਮਈ ਰਾਤ ਤੋਂ ਹੈ। ਕਿਉਂ ਕਵੀ ਜੀ ਦੇ ਅਗਲੇ ਸ਼ੇਅਰ ਦੀ ਤੁਕ ਸਪਸ਼ਟ ਕਰਦੀ ਹੈ ਇਸ ਰਾਤ ਚੰਦਰਮਾਂ ਜ਼ਰੂਰ ਚੜ੍ਹਿਆ ਸੀ,

ਘਟ-ਘਟ ਕੇ ਹੂਆ ਮਾਹ ਏ ਹਫ਼ਤਾ ਥਾ ਹਲਾਲੀ।

ਪ੍ਰਚਲਿਤ ਰਵਾਇਤ ਅਨੁਸਾਰ ਗੁਰੂ ਸਾਹਿਬ ਨੇ 20 ਦਸੰਬਰ ਦੀ ਰਾਤ ਨੂੰ ਅਨੰਦਪੁਰ ਸਾਹਿਬ ਛੱਡਿਆ ਅਤੇ 21 ਦਸੰਬਰ ਸ਼ਾਮ ਨੂੰ ਚਮਕੌਰ ਪਹੁੰਚੇ। ਅਜੇ ਤੱਕ ਵੀ ਚਮਕੌਰ ਸਾਕੇ ਦੀ ਯਾਦ ਨਾਲ ਸੰਬੰਧਿਤ ਜੋੜ ਮੇਲਾ ਇਸੇ ਤਾਰੀਖ ਨੂੰ ਮਨਾਇਆ ਜਾਂਦਾ ਹੈ। ਪਰੰਤੂ ਇਤਿਹਾਸਕ ਤਾਰੀਖਾਵਲੀ ਸੋਮਿਆਂ ਦੀ ਰੋਸ਼ਨੀ ਵਿਚ ਅਧਿਐਨ ਕਰੀਏ ਤਾਂ 21 ਦਸੰਬਰ ਦੀ ਰਾਤ ਜਿਸ ਸਮੇਂ ਇਹ ਸਾਕਾ ਵਾਪਰਿਆ ਹਨੇਰੀ ਰਾਤ ਬਣਦੀ ਹੈ। ਪਰੰਤੂ 'ਜ਼ਫ਼ਰਨਾਮਾ' (ਰਚਿਤ ਗੁਰੂ ਗੋਬਿੰਦ ਸਿੰਘ ਜੀ) ਅਨੁਸਾਰ ਇਹ ਚਾਨਣੀ ਰਾਤ ਸੀ।

ਚਰਾਗ਼ਿ ਜਹਾਂ ਚੂੰ ਸ਼ੁਦਹ ਬੁਰਕਾਪੋਸ਼ ॥
ਸ਼ਹੇ ਸ਼ਬ ਬਰਾਮਦ ਹਮਹ ਜਲਵਹ ਜੋਸ਼ ॥

ਅਰਥਾਤ :- ਜਦੋਂ ਸੰਸਾਰ ਦਾ ਚਿਰਾਗ (ਦਿਨਕਰ, ਸੂਰਜ) ਅਸਤ ਹੋ ਗਿਆ, ਮੂੰਹ ਢੱਕ ਲਿਆ ਤਾਂ ਰਾਤ ਦਾ ਰਾਜਾ (ਚੰਦ) ਪੂਰੇ ਜੋਸ਼ ਜਲਵੇ ਨਾਲ ਨਿਕਲਿਆ। ਸੋ ਗੁਰੂ ਸਾਹਿਬ ਰਚਿਤ 'ਜ਼ਫ਼ਰਨਾਮੇ' ਦੇ ਨੁਕਤਾ ਨਿਗਾਹ ਤੋਂ ਵਿਚਾਰ ਕਰੀਏ ਅਤੇ ਇਹ ਸਾਕਾ 22 ਦਸੰਬਰ ਨਹੀਂ ਵਾਪਰਿਆ। ਕਈ ਪੁਰਾਤਨ ਇਤਿਹਾਸ ਸੋਮੇ ਵੀ (ਬੰਸਾਵਲੀ ਨਾਮਾ ਕੇਸਰ ਸਿੰਘ ਛਿੱਬਰ ਗੁਰਪ੍ਰਨਾਲੀ ਗੁਲਾਬ ਸਿੰਘ, ਤਵਾਰੀਖ ਗੁਰੂ ਖਾਲਸਾ ਗਿਆਨੀ ਗਿਆਨ ਸਿੰਘ) ਇਸ ਸਾਕੇ ਦੀ ਮਿਤੀ 7 ਦਸੰਬਰ (ਚਾਨਣੀ ਰਾਤ) ਦੀ ਦਸਦੇ ਹਨ।

ਇਤਿਹਾਸ ਦੀਆਂ ਬਰੀਕੀਆਂ ਪ੍ਰਤੀ ਸੁਚੇਤ ਹੋ ਕੇ ਅਧਿਐਨ ਕਰਨ ਵਾਲੇ ਵਿਦਵਾਨ* ਇਸ ਸਾਕੇ ਦੀ ਤਾਰੀਖ 7 ਦਸੰਬਰ ਹੀ ਮੰਨਦੇ ਹਨ।

*1. ਡਾ: ਹਰਜਿੰਦਰ ਸਿੰਘ 'ਦਿਲਗੀਰ' (ਅਨੰਦਪੁਰ ਸਾਹਿਬ, ਗੁਰੂ ਦੇ ਸ਼ੇਰ)

2. ਪ੍ਰੋ: ਪਿਆਰਾ ਸਿੰਘ 'ਪਦਮ' (ਗੋਬਿੰਦ ਸਾਗਰ, ਚਾਰ ਸਾਹਿਬਜ਼ਾਦੇ)

3. ਪ੍ਰੋ: ਹਰਬੰਸ ਸਿੰਘ (ਇਨਸਾਈਕਲੋਪੀਡੀਆ ਆੱਫ ਸਿਖਇਜ਼ਮ)

ਨੋਟ :- ਕੁਝ ਵਿਦਵਾਨ ਵੀਰ ਇਹ ਤਾਰੀਖਾਵਲੀ ਵਿਚ ਅੰਤਰ ਦਾ ਸੰਬੰਧ 1759 ਵਿਚ ਗਰੇਗੋਰੀਅਨ ਕੈਲੰਡਰ ਵਿਚ ਕੀਤੀ ਤਬਦੀਲੀ ਨਾਲ ਜੋੜਦੇ ਹਨ। ਇੰਗਲੈਂਡ ਵਿਚ ਗਰੇਗੋਰੀਅਨ ਕੈਲੰਡਰ ਨੂੰ ਆਰੰਭ ਕਰਨ ਸਮੇਂ 12-13 ਦਿਨ ਦੀ ਤਬਦੀਲੀ ਆਈ ਸੀ ਦੂਜੇ ਸ਼ਬਦਾਂ ਵਿਚ 2 ਸਤੰਬਰ 1759 ਤੋਂ ਅਗਲੇ ਦਿਨ 14 ਸਤੰਬਰ 1759 ਸੀ।

ਬੇਸ਼ਕ ਕੁਝ ਲੋਕਾਂ ਨੇ ਇਸ ਦੀ ਖ਼ਿਲਾਫ਼ਤ ਵੀ ਕੀਤੀ ਸੀ। ਇਹ ਸਾਲ 354 ਦਿਨ ਦਾ ਰਹਿ ਗਿਆ ਸੀ ਪਰੰਤੂ ਇਹ ਨੁਕਤਾ ਵੀ 7 ਦਸੰਬਰ 1705 ਨੂੰ ਸਾਕੇ ਦੀ ਮਿਤੀ ਮੰਨਣ ਵਾਲਿਆਂ ਦੇ ਹੱਕ ਵਿਚ ਜਾਂਦਾ ਹੈ।

27.

ਤਾਰੇ ਭੀ ਚਮਕਤੇ ਥੇ ਮਗਰ ਰਾਤ ਥੀ ਕਾਲੀ।
ਘਟ, ਘਟ ਕੇ ਹੂਆ ਮਾਹ-ਏ-ਹਫਤਾ ਥਾ ਹਲਾਲੀ।
ਅੰਗੁਸ਼ਤ ਦਹਨ ਮੇਂ ਥੀ ਫ਼ਲਕ ਨੇ ਗੋਯਾ ਡਾਲੀ।
ਅਫਸੋਸ ਮੇਂ ਸਤਿਗੁਰ ਕੇ ਯਿਹ ਸੂਰਤ ਥੀ ਬਨਾ ਲੀ।

ਹਸਰਤ ਸੇ ਸਭ ਕਲਗਿਉਂ ਵਾਲੇ ਕੋ ਥੇ ਤਕਤੇ।
ਆਖੋਂ ਮੇਂ ਸਤਾਰੋਂ ਕੇ ਭੀ ਆਂਸੂ ਥੇ ਝਲਕਤੇ।

ਸ਼ਬਦ ਅਰਥ:- ਮਾਹ-ਏ-ਹਫਤਾ= ਪੁੰਨਿਆ ਦਾ ਚੰਦ, ਹਲਾਲੀ= ਦੂਜ ਦਾ ਚੰਦ, ਬਹੁਤ ਛੋਟਾ, ਅੰਗੁਸ਼ਤ= ਉਂਗਲੀ, ਦਹਨ= ਮੂੰਹ, ਫਲਕ= ਅਸਮਾਨ ਹਸਰਤ= ਅਫਸੋਸ ਝਲਕਤੇ= ਡਿੱਗਦੇ ਦਿੱਸਦੇ ਹਲਾਲੀ= ਨਵਾਂ ਚੰਦ।

ਅਰਥ :- ਅਕਾਸ਼ ਵਿਚ ਤਾਰੇ ਚਮਕ ਰਹੇ ਸਨ ਪਰੰਤੂ ਵੈਰਾਗ ਤੇ ਸੁੰਨਸਾਨਤਾ ਸਦਕਾ ਰਾਤ ਅਜੀਬ ਤਰ੍ਹਾਂ ਦੀ ਸ਼ਿਆਹ ਪ੍ਰਤੀਤ ਹੁੰਦੀ ਸੀ। ਸੰਸਾਰ ਦੀ ਹਰ ਸ਼ੈਅ ਗਹਿਰ ਚਿੰਤਨ ਵਿਚ ਪ੍ਰਤੀਤ ਹੋ ਰਹੀ ਸੀ। ਚੰਦਰਮਾਂ ਵੀ ਇਸ ਕੌਤਕ ਨੂੰ ਵੇਖਕੇ ਇੰਝ ਲਗ ਰਿਹਾ ਸੀ, ਜਿਵੇਂ ਪੁੱਤਰਾਂ ਨਾਲ ਪਿਤਾ ਵਲੋਂ ਕੀਤੇ ਜਾ ਰਹੇ ਪਿਆਰ, ਅਤੇ ਮਨ ਅੰਦਰ ਉਠ ਰਹੇ, ਉਸ ਸਾਕੇ ਦੇ ਤਸੱਵਰ ਸਦਕਾ ਜੋ ਸਵੇਰੇ ਵਾਪਰਨਾ ਸੀ ਨੂੰ ਵੇਖਕੇ ਚੰਦ ਦਾ ਚਿਹਰਾ ਵੀ ਸੁੰਘੜ ਗਿਆ ਹੋਵੇ। ਅਰਥਾਤ ਜਿਵੇਂ ਪੂਰਨਮਾਸ਼ੀ ਦੇ ਜਲਵਾਜੋਸ਼ ਚੰਦ ਨੇ ਦੂਜ ਦੇ ਚੰਦ ਦਾ ਰੂਪ ਅਖਤਿਆਰ ਕਰ ਲਿਆ ਹੋਵੇ।

ਸਵੇਰ ਨੂੰ ਵਾਪਰਨ ਵਾਲੇ ਅਜੀਬ, ਸੰਸਾਰ ਤੋਂ ਵਿਲੱਖਣ, ਕਰੁਣਾਮਈ ਸਾਕੇ, ਅਤੇ ਪਾਤਸ਼ਾਹ ਦੀ ਦ੍ਰਿੜਤਾ ਨੂੰ ਤੱਕ ਕੇ ਅਕਾਸ਼ ਨੇ ਆਪਣੀ ਸੂਰਤ ਰੋਣਹਾਕੀ ਬਣਾ ਲਈ ਸੀ ਤੇ ਮੂੰਹ ਵਿਚ ਉਂਗਲ ਪਾ ਕੇ ਹੈਰਾਨੀ ਨਾਲ ਵੇਖ ਰਿਹਾ ਸੀ।

ਬਾਕੀ ਸਾਰਾ ਸੰਸਾਰ ਤਾਂ ਸੌਂ ਰਿਹਾ ਸੀ ਪਰ ਚੰਦ ਤਾਰੇ, ਅਕਾਸ਼ ਬੜੇ ਹੀ ਕਰੁਣਾਮਈ ਹੋ ਕੇ ਪਾਤਸ਼ਾਹ ਦੇ ਜ਼ਲਾਲੀ ਮੁੱਖੜੇ ਵੱਲ ਤੱਕ ਰਹੇ ਸਨ ਤੇ ਇੰਝ ਪ੍ਰਤੀਤ ਹੋ ਰਿਹਾ ਸੀ ਜਿਵੇਂ ਤਾਰਿਆਂ ਦੀਆਂ ਅੱਖਾਂ ਵਿਚੋਂ ਦੁਖ ਨਾਲ ਹੰਝੂ ਵਹਿ ਰਹੇ ਹੋਣ।

28.

ਕਵੀ ਦੀ ਕਲਪਨਾ ਅਨੁਸਾਰ ਗੁਰੂ ਪਾਤਸ਼ਾਹ ਦੀ ਸੁੱਤੇ ਪਏ ਸਾਹਿਬਜ਼ਾਦਿਆਂ ਨਾਲ ਖ਼ਿਆਲੀ ਵਾਰਤਾ

ਸੋਏ ਹੂਏ ਬੱਚੋਂ ਕੇ ਕਹਾ ਸਰ ਕੋ ਪਕੜ ਕਰ।
ਚਲਦੋਗੇ ਅਬ ਅੱਬਾ ਕੋ ਮੁਸੀਬਤ ਮੇਂ ਜਕੜ ਕਰ।
ਥੀ ਜਿੰਦਗੀ ਲਿਖੀ ਹੂਈ, ਕਿਸਮਤ ਨੇ ਉਜੜ ਕਰ।
ਫਿਰ ਮਿਲਨੇ ਦਾ ਵਾੱਦਾ ਤੋ ਕੀਏ ਜਾਓ ਬਿਛੜ ਕਰ।
ਥੇ ਚਾਰ, ਹੋ ਅਬ ਦੋ ਹੀ, ਸਹਰ ਯਿਹ ਭੀ ਨ ਹੋਂਗੇ।
ਹਮ ਸਬਰ ਕਰੇਂਗੇ ਜੁ ਅਗਰ ਯਿਹ ਭੀ ਨ ਹੋਂਗੇ।

ਸ਼ਬਦ ਅਰਥ- ਅੱਬਾ= ਪਿਤਾ, ਸਹਰ= ਸਵੇਰ।

ਅਰਥ :- 'ਗੁਰੂ ਪਾਤਸ਼ਾਹ ਬੜੇ ਹੀ ਪ੍ਰੇਮ ਅਤੇ ਸਨੇਹ ਨਾਲ ਸਾਹਿਬਜ਼ਾਦਿਆਂ ਦੇ ਸਿਰਾਂ ਵਾਲੇ ਪਾਸੇ ਬੈਠੇ ਸਨ। ਪਾਤਸ਼ਾਹ ਨੇ ਬੜੇ ਹੀ ਸਹਿਜ ਅਤੇ ਸਾਵਧਾਨੀ ਨਾਲ ਸਾਹਿਬਜ਼ਾਦਿਆਂ ਦੇ ਸਿਰਾਂ ਉਪਰ ਆਪਣੇ ਕੋਮਲ ਹੱਥਾਂ ਨੂੰ ਰੱਖਿਆ ਅਤੇ ਬੜੀ ਭਾਵੁਕਤਾ ਨਾਲ, ਕਰੁਣਾ ਰਸ ਭਰਪੂਰ ਧੀਮੀ ਆਵਾਜ਼ ਵਿਚ ਕਿਹਾ, "ਬੇਟਾ, ਸਵੇਰੇ ਐਸਾ ਸਮਾਂ ਆਵੇਗਾ ਕਿ ਤੁਸੀਂ ਮੈਨੂੰ ਛੱਡ ਕੇ ਤੁਰ ਜਾਵੋਗੇ, ਤੁਸੀਂ ਵੈਰੀਆਂ ਨਾਲ ਜੂਝਦੇ ਹੋਏ ਮੈਦਾਨ-ਏ-ਜੰਗ ਵਿਚ ਸ਼ਹੀਦੀ ਖ਼ੁਮਾਰੀ ਦਾ ਇਲਾਹੀ ਜਾਮ ਪੀ ਲਵੋਗੇ, ਸਦਾ ਲਈ ਮੇਰੇ ਇਨ੍ਹਾਂ ਨੇਤਰਾਂ ਤੋਂ ਉਹਲੇ ਹੋ ਜਾਵੋਗੇ, ਮੈਨੂੰ ਕਠਿਨ ਹਲਾਤਾਂ ਅਤੇ ਪ੍ਰੀਖਿਆਵਾਂ ਵਿਚ ਇੱਕਲਾ ਛੱਡ ਕੇ ਤੁਸੀਂ ਮੈਨੂੰ ਅਲਵਿਦਾ ਕਹਿ ਦੇਵੋਗੇ। ਦਰਅਸਲ ਜੋ ਵਿਧਾਤਾ ਨੇ ਤਕਦੀਰ ਵਿਚ ਲਿਖਿਆ ਹੈ, ਚੰਗਾ ਜਾਂ ਮਾੜਾ ਹੈ, ਉਸ ਭਾਣੇ ਨੇ ਤਾਂ ਵਾਪਰਨਾ ਹੀ ਹੈ, ਪ੍ਰੰਤੂ ਤੁਸੀਂ ਜੇ ਮੇਰੇ ਤੋਂ ਦੂਰ ਜਾ ਹੀ ਰਹੇ ਤਾਂ ਫਿਰ ਮਿਲਣ ਦਾ ਇਕਰਾਰ ਤਾਂ ਕਰਦੇ ਜਾਉ।"

ਪਾਤਸ਼ਾਹ ਨੇ ਅਨੰਦਨਗਰੀ ਨੂੰ ਛੱਡਣ ਦਾ ਪਰਿਵਾਰ ਵਿਛੋੜੇ ਦਾ ਦਰਦਮਈ ਨਜ਼ਾਰਾ ਅੱਖਾਂ ਸਾਹਮਣੇ ਲਿਆਂਦਾ ਅਤੇ ਬੜੀ ਹੀ ਧੀਮੀ ਅਵਾਜ ਵਿਚ ਤਾਂ ਜੋ ਸੁੱਤੇ ਪਏ ਲਾਲਾਂ ਦੀ ਨੀਂਦ ਨਾ ਖੁਲ ਜਾਵੇ 'ਬੋਲੇ, "ਬੇਟਾ ਕਲ੍ਹ ਅਨੰਦਨਗਰੀ ਵਿਚ ਤੁਸੀਂ ਮੇਰੇ ਪਾਸ ਚਾਰ

ਸਾਹਿਬਜ਼ਾਦੇ ਸੀ, ਸਰਸਾ ਦੇ ਕੰਢੇ ਉਪਰ ਹੋਏ ਭਿਆਨਕ ਯੁੱਧ (ਕਵੀ ਅਨੁਸਾਰ) ਵਿਚ ਕੱਲ੍ਹ ਦੋ ਛੋਟੇ ਸਾਹਿਜ਼ਾਦੇ ਵਿਛੜ ਗਏ ਸਨ, ਅਤੇ ਦੋ ਵੱਡੇ ਮੇਰੇ ਪਾਸ ਰਹਿ ਗਏ ਸਨ, ਸਵੇਰ ਹੋਵੇਗੀ ਐਸਾ ਘਮਸਾਣ ਦਾ ਯੁੱਧ ਹੋਵੇਗਾ ਕਿ ਤੁਸੀਂ ਵੀ ਸ਼ਹਾਦਤ ਦਾ ਅਜ਼ੀਮ ਰੁਤਬਾ ਪ੍ਰਾਪਤ ਕਰ ਲਵੋਗੇ, ਅਰਥਾਤ ਸ਼ਹੀਦ ਹੋ ਜਾਵੋਗੇ। ਗੁਰੂ ਪਾਤਸ਼ਾਹ ਅੰਤ ਵਿਚ ਕਹਿਣ ਲੱਗੇ ਕਿ ਤੁਹਾਡੀ ਸ਼ਹਾਦਤ ਉਪਰੰਤ ਵੀ ਮੈਂ ਦਿਲਗੀਰ (ਦੁਖੀ) ਨਹੀਂ ਹੋਵਾਂਗਾ ਬਲਕਿ ਸਬਰ ਹੀ ਕਰਾਂਗਾ ਕਿਉਂਕਿ ਵਾਹਿਗੁਰੂ ਦੀ ਬਖਸ਼ੀ ਦਾਤ ਉਸ ਦੇ ਚਰਨੀਂ ਜਾਂ ਬਿਰਾਜੇਗੀ।

---

1. ਕਵੀ ਅੱਲ੍ਹਾਯਾਰ ਖਾਂ 'ਜੋਗੀ' ਆਪਣੀ ਇਸ ਰਚਨਾ ਨੂੰ ਗਾ ਕੇ ਦੀਵਾਨਾਂ, ਸਮਾਗਮਾਂ ਕਾਵਿ-ਦਰਬਾਰਾਂ ਆਦਿ ਵਿਚ ਸੁਣਾਇਆ ਕਰਦੇ ਸਨ। ਸਰੋਤਿਆਂ ਨੂੰ ਮੰਤਰ ਮੁਗਧ ਕਰਨ ਵਾਸਤੇ ਕਾਵਿ-ਬੰਦਾਂ ਨੂੰ ਰਸ ਭਰਪੂਰ ਕਰਨਾ ਅਤਿ-ਜ਼ਰੂਰੀ ਹੁੰਦਾ ਹੈ।

ਪਿਛਲੇ ਦਿੱਤੇ ਗਏ ਕਾਵਿ-ਬੰਦ ਵਿਚ ਜੋਗੀ ਜੀ ਨੇ ਆਪਣੀ ਰਚਨਾ ਨੂੰ ਅਥਾਹ ਕਰੁਣਾ ਰਸ ਨਾਲ ਸ਼ਿੰਗਾਰਿਆ ਹੈ। ਭਾਵੇਂ ਕਿ ਵਾਪਰ ਰਹੇ ਸਾਕੇ ਦਾ ਕਵੀ ਪ੍ਰਤੱਖ ਦਰਸ਼ੀ ਨਹੀਂ ਹਨ ਪ੍ਰੰਤੂ ਰਚਨਾ ਨੂੰ ਕਰੁਣਾ ਰਸ ਭਰਪੂਰ ਕਰਨ ਲਈ ਕਰੁਣਾ ਭਰਪੂਰ ਦ੍ਰਿਸ਼ ਖਿਚਿਆ ਹੈ। ਗੌਰਤਲਬ ਹੈ ਕਿ ਸਮੁੱਚੇ ਇਤਿਹਾਸ ਵਿਚ ਐਸਾ ਕੋਈ ਜ਼ਿਕਰ ਨਹੀਂ ਮਿਲਦਾ ਕਿ ਗੁਰੂ ਪਾਤਸ਼ਾਹ ਪੁਤਰਾਂ ਦੇ ਵਿਛੋੜੇ ਨੂੰ ਸੋਚ ਕੇ ਗ੍ਰਸਤ ਹੋਏ ਹੋਣ। ਇਤਿਹਾਸ ਗਵਾਹ ਹੈ ਕਿ ਅੰਮ੍ਰਿਤ ਸੰਸਕਾਰ ਉਪਰੰਤ ਦਸਮ ਪਿਤਾ ਨੇ ਨਾਦੀ ਅਤੇ ਬਿੰਦੀ ਸੰਤਾਨ ਵਿਚ ਕੋਈ ਫ਼ਰਕ ਨਹੀਂ ਸਮਝਿਆ, ਸਮੂਹ ਖਾਲਸੇ ਨੂੰ ਗੁਰੂ ਪੰਥ ਦਾ ਦਰਜਾ ਦਿੱਤਾ ਹੈ। ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਗੁਰੂ ਪਾਤਸ਼ਾਹ ਨੇ ਖਾਲਸੇ ਵੱਲ ਤੱਕ ਕੇ ਫ਼ੁਰਮਾਇਆ ਸੀ,

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥
ਚਾਰ ਮੁਏ ਤੋ ਕਿਆ ਭਯਾ ਜੀਵਤ ਕਈ ਹਜ਼ਾਰ॥

ਕੁਝ ਨਜ਼ਦੀਕੀਆਂ ਨੇ ਇਸੇ ਅਸਥਾਨ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਪ੍ਰਤੀ ਸ਼ੋਕ ਪ੍ਰਗਟ ਕੀਤਾ ਤਾਂ ਗੁਰੂ ਪਾਤਸ਼ਾਹ ਨੇ ਦ੍ਰਿੜਤਾ ਨਾਲ ਕਿਹਾ,

ਤਜੇ ਸੁਪੰਥ ਕੁਮਾਰਗ ਚਾਲੇ, ਸੋ ਸੋਚਨ ਕੇ ਹੋਤ ਬਿਸਾਲੇ।

ਅਰਥਾਤ :- ਸ਼ੋਕ ਤਾਂ ਉਨ੍ਹਾਂ ਪ੍ਰਤੀ ਪ੍ਰਗਟ ਕੀਤਾ ਜਾਂਦਾ ਹੈ ਜੋ ਧਰਮ-ਮਾਰਗ ਦਾ ਤਿਆਗ ਕਰ ਕੇ ਕੁਮਾਰਗ ਉਪਰ ਤੁਰ ਪੈਣ, ਪਰ ਜਿਹੜੇ ਧਰਮ ਹੇਤ ਸ਼ਹਾਦਤ ਪ੍ਰਾਪਤ ਕਰਨ ਉਨ੍ਹਾਂ ਦਾ ਕਾਹਦਾ ਅਫ਼ਸੋਸ?

ਔਰੰਗਜ਼ੇਬ ਨੂੰ ਲਿਖੇ ਚੜ੍ਹਦੀ ਕਲ੍ਹਾ ਦੇ ਪ੍ਰਤੀਕ ਪ੍ਰਸਿੱਧ 'ਜ਼ਫ਼ਰਨਾਮੇ' ਵਿਚ ਪੁੱਤਰਾਂ ਦੀ ਸ਼ਹਾਦਤ ਉਪਰੰਤ ਆਪਣੀ ਚੜ੍ਹਦੀ ਕਲ੍ਹਾ ਦੀ ਅਵਸਥਾ ਨੂੰ ਬਿਆਨ ਕਰਦੇ ਲਿਖਦੇ ਹਨ,

ਚਿਹਾ ਸ਼ੁੱਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥
ਕਿ ਬਾਕੀ ਬਿਮਾਂਦਅਸਤ ਪੇਚੀਦਾਹ ਮਾਰ॥੭੮॥

ਅਰਥਾਤ :- ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ, ਤੇਰੇ ਨਾਲ ਸਿੱਝਣ ਲਈ ਕੁੰਡਲੀਆਂ ਸੱਪ ਖਾਲਸਾ ਅਜੇ ਬਾਕੀ (ਜਿਉਂਦਾ) ਹੈ।

ਚਿਹ ਮਰਦੀ ਕਿ ਅਖ਼ਗਰ ਖ਼ਾਮੋਸ਼ਾਂ ਕੁਨੀ॥
ਕਿ ਆਤਿਸ਼ ਦਮਾਂ ਰਾ ਬਦੋਸ਼ਾ ਕੁਨੀ॥ (੭੯) (ਜ਼ਫ਼ਰਨਾਮਾ)

ਅਰਥਾਤ :- ਔਰੰਗਜ਼ੇਬ ਤੂੰ ਅੱਗ ਦੀਆਂ ਚੰਗਿਆੜੀਆਂ (ਸਾਹਿਬਜ਼ਾਦਿਆਂ ਦੀ ਸ਼ਹਾਦਤ ਪ੍ਰਤੀ) ਬੁਝਾ ਕੇ ਕੋਈ ਵਧੇਰੇ ਬਹਾਦਰੀ ਨਹੀ ਕੀਤੀ, ਸਗੋਂ ਤੂੰ ਪ੍ਰਚੰਡ ਅਗਨੀ ਦੇ ਸ਼ੋਅਲਿਆਂ (ਖ਼ਾਲਸਾ ਪੰਥ) ਨੂੰ ਆਪ ਹਵਾ ਦਿੱਤੀ ਹੈ।

29.

ਫ਼ੁਰਮਾਤੇ ਥੇ, "ਕਲ ਦੋਨੋਂ ਹੀ ਪਰਵਾਨ ਚੜ੍ਹੋਗੇ।
ਦੁੱਖ ਭੋਗੇਂਗੇ ਹਮ, ਖ਼ੁਲਦ ਮੇਂ ਤੁਮ ਚੈਨ ਕਰੋਗੇ।
ਹੋਤੇ ਹੀ ਸਹਰ ਦਾਗ਼ਿ-ਜੁਦਾਈ ਹਮੇਂ ਦੋਗੇ।
ਸੁਪਨੇ ਮੇਂ ਖ਼ਬਰ ਆ ਕੇ ਕਭੀ ਬਾਪ ਕੀ ਲੋਗੇ?
ਐ ਪਿਆਰੇ ਅਜੀਤ! ਐ ਮੇਰੇ ਜੁਝਾਰ ਪਿਆਰੇ।
ਹਮ ਕਹਤੇ ਹੈਂ ਕੁਛ ਸੁਨਤੇ ਹੋ ਦਿਲਦਾਰ ਪਿਆਰੇ।"

ਸ਼ਬਦ ਅਰਥ :- ਖ਼ੁਲਦ= ਸਵਰਗ, ਦਾਗ਼ਿ-ਜੁਦਾਈ= ਵਿਛੋੜੇ ਦੇ ਜ਼ਖ਼ਮ, ਪਰਵਾਨ ਚੜ੍ਹੋਗੇ= ਜ਼ਿੰਮੇਵਾਰੀ ਤੋਂ ਮੁਕਤ।

ਅਰਥ :- ਗੁਰੂ ਸਾਹਿਬ ਨੇ ਬੜੇ ਹੀ ਪਿਆਰ ਨਾਲ, ਬੱਚਿਆਂ ਦੇ ਸਿਰਾਂ ਉਪਰ ਆਪਣੇ ਕੋਮਲ ਹੱਥਾਂ ਨੂੰ ਫੇਰਦਿਆਂ ਹੋਇਆਂ ਕਿਹਾ, (ਚਿੱਤ ਅੰਦਰ ਸੋਚਿਆ) "ਕਲ੍ਹ ਤੁਸੀਂ ਦੋਵੇਂ ਹੀ ਪਰਵਾਨ ਚੜ੍ਹੋਗੇ, ਅਰਥਾਤ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਵੋਗੇ, ਮੈਂ ਕਈ ਤਰ੍ਹਾਂ ਦੇ ਦੁੱਖ ਝੱਲਾਂਗਾ, ਪ੍ਰੰਤੂ ਤੁਸੀਂ ਸਵਰਗ ਵਿਚ ਖੁਸ਼ੀਆਂ ਮਾਣੋਗੇ ਅਰਥਾਤ ਸ਼ਹਾਦਤ ਉਪਰੰਤ ਲੋਕ ਪ੍ਰਲੋਕ ਵਿਚ ਉਚੇਰੇ ਰੁਤਬੇ ਪ੍ਰਾਪਤ ਕਰੋਗੇ, ਸਵੇਰ ਹੁੰਦਿਆਂ ਹੀ ਭਾਰੀ ਗਿਣਤੀ ਵਿਚ ਆਏ ਹਮਲਾਵਰ ਲਸ਼ਕਰ ਨਾਲ ਜੂਝਦਿਆਂ, ਸ਼ਹੀਦੀ ਪ੍ਰਾਪਤ ਕਰਕੇ ਤੁਸੀਂ ਮੇਰੇ ਹਿਰਦੇ ਤੇ ਵਿਛੋੜੇ ਦਾ ਜ਼ਖ਼ਮ ਦੇਵੋਗੇ।"

ਕਵੀ ਆਪਣੀ ਰਚਨਾ ਵਿਚ ਪੁਤਰ ਮੋਹ ਦੀ ਕਲਪਨਾ ਦਾ ਮੁਜ਼ਾਹਰਾ ਕਰਦਾ ਅਤੇ ਕਾਵਿ ਉਡਾਰੀ ਵਿਚ ਕਰੁਣਾ-ਰਸ ਦਾ ਰੰਗ ਭਰਦਾ ਲਿਖਦਾ ਹੈ ਕਿ ਗੁਰੂ ਪਾਤਸ਼ਾਹ ਨੇ ਦੋਵਾਂ ਸਾਹਿਬਜ਼ਾਦਿਆਂ ਨੂੰ ਬੜੇ ਕਰੁਣਾਮਈ ਸ਼ਬਦਾਂ ਵਿਚ ਕਿਹਾ, "ਪਤਾ ਨਹੀਂ ਫਿਰ ਤੁਸੀਂ ਮੈਨੂੰ ਮਿਲੋਗੇ ਵੀ ਕਿ ਨਹੀਂ, ਕਦੀ ਆਪਣੇ ਬਾਪ ਦੀ ਖ਼ਬਰ ਵੀ ਲਵੋਗੇ ਕਿ ਨਹੀਂ। ਐ ਮੇਰੇ ਪਿਆਰੇ ਬੇਟੇ ਅਜੀਤ ਸਿੰਘ ਤੇ ਜੁਝਾਰ ਸਿੰਘ ਮੈਂ ਜਿਹੜੀਆਂ ਗੱਲਾਂ ਤੁਹਾਡੇ ਨਾਲ ਕਰ ਰਿਹਾਂ ਹਾਂ ਸੁਣ ਵੀ ਰਹੇ ਹੋ ਕਿ ਨਹੀਂ।"

30.

"ਮਾਸੂਮ ਹੋ, ਮਜ਼ਲੂਮ ਹੋ, ਦੁਨੀਆਂ ਸੇ ਭਲੇ ਹੋ!
ਲਖ਼ਤਿ ਦਿਲਿ ਗੋਬਿੰਦ ਹੋ ਨਾਜ਼ੋਂ ਸੇ ਪਲੇ ਹੋ!
ਦੁਨੀਆ ਹੁਈ ਅੰਧੇਰ, ਜਬ ਆਖੋਂ ਸੇ ਟਲੇ ਹੋ!
ਘਰ ਬਾਹਰ ਲੁਟਾ, ਬਾਪ ਕਟਾਂ, ਤੁਮ ਭੀ ਚਲੇ ਹੋ!"

ਬੱਚੇ ਇਸੀ ਹਾਲਤ ਮੇਂ ਅਭੀ ਸੋਏ ਪੜੇ ਥੇ।
ਬਾ-ਦੀਦਾਇਤਰ ਸਤਿਗੁਰੂ ਬਾਲੀਂ ਪਿ ਖੜੇ ਥੇ।

ਸ਼ਬਦ ਅਰਥ:- ਮਜ਼ਲੂਮ= ਨਿਮਾਣੇ, ਮਾਸੂਮ= ਨਾਜ਼ੁਕ, ਲਖਤਿ ਦਿਲਿ= ਜ਼ਿਗਰ ਦੇ ਟੁਕੜੇ, ਨਾਜ਼ੋਂ= ਚਾਵਾਂ ਮਲਾਰਾਂ ਨਾਲ ਬਾਲੀਂ= ਸਿਰਹਾਣੇ, ਪਿ= ਪਾਸੇ ਦੀ, ਦੀਦਾਇਤਰ= ਸੇਜਲ ਅੱਖਾਂ ਨਾਲ।

ਅਰਥਾਤ:- ਗੁਰੂ ਪਾਤਸ਼ਾਹ ਨੇ ਬੜੇ ਹੀ ਨਿੰਮੇ ਤੇ ਮਿੱਠੇ ਸ਼ਬਦਾਂ ਵਿਚ ਕਿਹਾ, "ਬੇਟੇ ਤੁਸੀਂ ਬੜੇ ਹੀ ਨਾਜ਼ੁਕ ਅਤੇ ਨਿਮਾਣੇ ਹੋ, ਦੁਨੀਆਂ ਤੋਂ ਵੱਖਰੇ ਸੋਹਣੇ ਹੋ, ਤੁਸੀਂ ਗੋਬਿੰਦ ਸਿੰਘ ਦੇ ਜ਼ਿਗਰ ਦੇ ਟੋਟੇ ਹੋ ਜਿਨ੍ਹਾਂ ਨੂੰ ਬੜੇ ਹੀ ਖੁਸ਼ੀਆਂ-ਚਾਵਾਂ ਅਤੇ ਮਲ੍ਹਾਰਾਂ ਨਾਲ ਪਾਲਿਆ ਹੈ। ਸਵੇਰੇ ਜਦੋਂ ਤੁਸੀਂ ਜਾਮ-ਏ-ਸ਼ਹਾਦਤ ਪ੍ਰਾਪਤ ਕਰੋਗੇ, ਅੱਖਾਂ ਅੱਗੇ ਹਨੇਰਾ ਛਾ ਜਾਵੇਗਾ, ਦੁਨੀਆਂ ਉਤੇ ਮੇਰੇ ਵਾਸਤੇ ਹਨੇਰਾ ਛਾ ਜਾਵੇਗਾ, ਅਨੰਦਪੁਰੀ ਦਾ ਅਨੰਦਮਈ ਰਾਜ ਜਾਂਦਾ ਰਿਹਾ, ਪਿਤਾ ਜੀ[1] ਸ਼ਹੀਦ ਹੋ ਗਏ, ਸਵੇਰੇ ਤੁਸੀਂ ਵੀ ਸ਼ਹਾਦਤ ਪ੍ਰਾਪਤ ਕਰ ਲਵੋਗੇ।"

ਬੱਚੇ (ਸਾਹਿਬਜ਼ਾਦੇ) ਉਸੇ ਹਾਲਤ ਵਿਚ ਹੀ ਬੜੀ ਗੂੜ੍ਹੀ ਨੀਂਦ ਸੁੱਤੇ ਪਏ ਸਨ ਅਤੇ ਗੁਰੂ ਪਾਤਸ਼ਾਹ ਮਨ ਅੰਦਰ ਉਪਰੋਕਤ ਵਿਚਾਰਾਂ ਨੂੰ ਸੋਚਕੇ, ਸੇਜਲ ਅੱਖਾਂ ਨਾਲ ਸੁੱਤੇ ਹੋਏ ਸਾਹਿਬਜ਼ਾਦਿਆਂ ਦੇ ਸਿਰਹਾਣੇ ਵਾਲੇ ਪਾਸੇ ਖੜੇ ਸਨ।

---

1. ਹਿੰਦੂ ਧਰਮ ਦੀ ਰੱਖਿਆ ਹੇਤ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਜ਼ਿਕਰ

31.

ਇਕ ਬਾਰ ਸੂ-ਏ-ਫ਼ਲਕ ਮੂੰਹ ਕਰਕੇ ਵੁਹ ਬੋਲੇ,
"ਹੋਨੀ ਹੈ ਜੋ ਕੁਝ ਆਸ਼ਕਿ ਸਾਦਕਿ ਪਿ ਵੁਹ ਹੋਲੇ।
ਬਰਛੀ, ਹੈ ਇਜਾਜ਼ਤ ਤੋ ਕਲੇਜੇ ਮੇਂ ਗੜੋ ਲੇ।
ਸਰ ਕਾਟ ਕੇ ਤਨ ਚਾਹੇ ਤੋ ਨੇਜ਼ੇ ਮੇਂ ਪਰੋ ਲੇ।

ਹੈ ਸ਼ੌਕ ਸ਼ਹਾਦਤ ਕਾ ਹਮੇ ਸਭ ਸੇ ਜ਼ਿਆਦਾ।
ਸੌ ਸਰ ਭੀ ਹੋ ਕੁਰਬਾਨ ਤੋ ਨਹੀਂ ਰਬ ਸੇ ਜ਼ਿਆਦਾ।"

ਸ਼ਬਦ ਅਰਥ:- ਸੂ-ਏ-ਫਲਕ= ਅਕਾਸ਼ ਵੱਲ, ਆਸ਼ਕਿ-ਸਾਦਿਕ= ਸਿਦਕ ਨਾਲ ਇਸ਼ਕ ਕਰਨ ਵਾਲਾ, ਸ਼ਹਾਦਤ= ਸ਼ਹੀਦੀ, ਸੌ= ਸੈਂਕੜੇ।

ਅਰਥ :- ਗੁਰੂ ਪਾਤਸ਼ਾਹ ਨੇ ਨੇਤਰ ਉਪਰ ਉਠਾਏ ਅਤੇ ਬੜੇ ਦ੍ਰਿੜ ਇਰਾਦੇ ਨਾਲ ਅਕਾਸ਼ ਵੱਲ ਤੱਕਿਆ ਤੇ ਕਿਹਾ, "ਹੇ ਅਕਾਲ ਪੁਰਖ, ਤੇਰੀ ਜੋ ਵੀ ਰਜ਼ਾ ਹੈ, ਮੈਂ ਸਤਿਕਾਰ ਨਾਲ ਕਬੂਲ ਕੀਤੀ ਹੈ, ਇਸ ਸਿਦਕ ਨਾਲ ਇਸ਼ਕ ਕਰਨ ਵਾਲੇ ਆਸ਼ਕ ਨੂੰ ਤੇਰਾ ਭਾਣਾ ਮਿੱਠਾ ਲੱਗਦਾ ਹੈ, ਹੇ ਵਾਹਿਗੁਰੂ ਜੇ ਤੂੰ ਪ੍ਰਸੰਨ ਹੈਂ ਤਾਂ ਭਾਵੇਂ ਮੇਰੇ ਕਲੇਜੇ ਵਿਚ ਬਰਛੀ ਵੱਜੇ ਤੇ ਭਾਵੇਂ ਮੇਰਾ ਸਿਰ ਕੱਟ ਕੇ ਨੇਜੇ ਉਪਰ ਪਰੋਇਆ ਜਾਵੇ, ਮੈਨੂੰ ਖ਼ੁਸ਼ੀ ਹੋਵੇਗੀ।"

'ਹੇ ਅਕਾਲ ਪੁਰਖ ! ਮੈਨੂੰ ਸ਼ਹਾਦਤ ਪ੍ਰਾਪਤ ਕਰਨ ਦਾ ਅਤਿਅੰਤ ਚਾਅ ਹੈ, ਜੇਕਰ ਤੂੰ ਪ੍ਰਸੰਨ ਹੈਂ ਤਾਂ ਤੇਰੀ ਰਜ਼ਾ ਵਿਚ ਸੈਂਕੜੇ ਸੀਸ ਭੇਟ ਕਰਨੇ ਵੀ ਤੁੱਛ-ਮਾਤਰ ਹਨ, ਅਰਥਾਤ ਹੇ ਵਾਹਿਗੁਰੂ, ਮੈਂ ਤੇਰੀ ਬਖਸ਼ੀ ਕ੍ਰਿਪਾ ਸਦਕਾ ਇਸ ਅਦੁੱਤੀ-ਪ੍ਰੇਮ-ਮਾਰਗ ਤੇ ਚਲਦਿਆਂ ਸਭ ਕੁਛ ਕੁਰਬਾਨ ਕਰਨ ਨੂੰ ਤਿਆਰ ਹਾਂ।

---

1. ਕਵੀ ਵਲੋਂ ਗੁਰੂ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਇਹ ਸ਼ਬਦ ਪ੍ਰਗਟ ਕਰਨ ਦਾ ਮਨਸ਼ਾ ਆਤਮਹੱਤਿਆ ਵੱਲ ਪ੍ਰੇਰਤ ਨਹੀਂ ਹੈ ਬਲਕਿ ਕਾਵਿ ਰਸ ਅਨੁਸਾਰ ਇਸ ਸਾਕੇ ਨੂੰ ਕਰੁਣਾ ਰਸ ਭਰਪੂਰ ਕਰਨ ਹੇਤ ਗੁਰੂ ਸਾਹਿਬ ਦੇ ਸ਼ਹਾਦਤ ਪ੍ਰਾਪਤ ਕਰਨ ਦੇ ਦ੍ਰਿੜ ਇਰਾਦੇ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਆਪਣੇ ਇਸ 'ਮੋਹੇ ਮਰਨੇ ਕਾ ਚਾਉ ਹੈ' ਦੀ ਤੀਬਰ ਤਾਂਘ ਦੀ ਇੱਛਾ ਗੁਰੂ ਪਾਤਸ਼ਾਹ ਦੀ ਬਾਣੀ ਵਿਚ ਸਾਫ ਝਲਕਦੀ ਹੈ,

੧. ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ॥ ੧॥

੨. ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ॥ ੨॥

(ਮਾਰੂ ਸਲੋਕ ਕਬੀਰ ਜੀ ਪੰਨਾ ੧੧੦੫)

ਮਾਰੂ ਮ: ੫ (ਅੰਜੁਲੀਆ)

ਜੋ ਸੂਰਾ ਤਿਸ ਹੀ ਹੋਇ ਮਰਣਾ॥ ਜੋ ਭਾਗੈ ਤਿਸੁ ਜੋਨੀ ਫਿਰਣਾ॥ (ਪੰਨਾ ੧੦੧੯)

ਵਡਹੰਸੁ ਮਹਲਾ ੧ (ਅਲਾਹਣੀਆ ੨)

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥ ੩॥ (ਪੰਨਾ ੫੭੯)

ਸੋ ਤੂਹੀ ਤੂਹੀ ਦਾ ਨਿਰੰਤਰ ਜਾਪ ਕਰਨ ਵਾਲੇ ਮਰਦ ਅਗੰਮੜੇ ਵਰਿਆਮ ਯੋਧੇ ਨੇ ਇਕ ਨੂਰਾਨੀ ਤੱਕਣੀ ਨਾਲ ਅਕਾਸ਼ ਵੱਲ ਤੱਕਿਆ ਅਤੇ ਮੋਹ ਭਿੱਜੀ ਮੁਸਕਾਨ ਨਾਲ ਮੁਖਾਰਬਿੰਦ ਤੋਂ ਜਾਮੇ-ਸ਼ਹਾਦਤ ਪੀਣ ਦਾ ਦ੍ਰਿੜ ਇਰਾਦਾ ਪ੍ਰਗਟ ਕੀਤਾ। ਪੰਥ ਦੇ ਵਾਲੀ ਸਰਬੰਸ ਦਾਨੀ ਨੇ ਮਨ ਹੀ ਮਨ ਅੰਦਰ 'ਪੰਥ ਵਸੈ ਮੈਂ ਉਜੜਾਂ' ਦੀ ਜੋਦੜੀ ਅਕਾਲ ਪੁਰਖ ਸਨਮੁੱਖ ਕੀਤੀ।

ਃਃਃਃਃ

32.

ਕਵੀ ਦੇ ਆਪਣੇ ਖਿਆਲ

ਮੈ ਨੇ ਹੀ ਬਰਸ ਚੋਦਹਾਂ ਕਾ ਬਨਬਾਸ ਥਾ ਝੇਲਾ।
ਮੈਂ ਵੁਹ ਹੂੰ, 'ਜਸ਼ੋਧਾ' ਕੀ ਜੁ ਆਗੋਸ਼ ਮੇਂ ਖੇਲਾ।
ਮਾਰਾ ਥਾ 'ਕੰਸ' ਮੈਂ ਨੇ, ਥਾ 'ਅਰਜੁਨ' ਮੇਰਾ ਚੇਲਾ।
'ਕੈਰੋਂ' ਸੇ ਲੜਾ ਮੈਂ ਮਹਾਂਭਾਰਤ ਮੈਂ ਅਕੇਲਾ।
ਥਾ 'ਬੁੱਧ' ਭੀ ਮੈਂ ਬਾਅਦ ਮੇਂ 'ਸ਼ੰਕਰ' ਭੀ ਬਨਾ ਹੂੰ।
'ਨਾਨਕ' ਕੇ ਭੀ ਚੋਲੇ ਮੇਂ ਮੈਂ 'ਬਾਬਰ' ਕੋ ਮਿਲਾ ਹੂੰ।

ਸ਼ਬਦ ਅਰਥ :- ਜਸ਼ੋਧਾ= ਕ੍ਰਿਸ਼ਨ ਦੀ ਪਾਲਣ ਹਾਰ, ਨੰਦ ਦੀ ਪਤਨੀ, ਆਗੋਸ਼= ਗੋਦ, ਕੰਸ= ਕ੍ਰਿਸ਼ਨ ਦਾ ਮਾਮਾ, ਜਰਾਸੰਧ ਦਾ ਜਵਾਈ, ਅਰਜੁਨ= ਕੁੰਤੀ ਦੇ ਪੇਟੋਂ ਜੰਮਿਆ, ਇੰਦਰ ਦਾ ਪੁੱਤਰ, ਪਾਂਡਵਾਂ ਦਾ ਭਰਾ, ਬੁੱਧ= ਮਹਾਤਮਾ ਬੁੱਧ ਸ਼ੰਕਰ= ਇਕ ਕੱਟੜ ਹਿੰਦੂ ਆਗੂ ਸ਼ੰਕਰਾਚਾਰੀਆ, ਨਾਨਕ= ਗੁਰੂ ਨਾਨਕ, ਬਾਬਰ= ਖ਼ੁਰਾਸਾਨ ਦਾ ਸੁਲਤਾਨ ਜੋ ਹਿੰਦ ਤੇ ਚੜ੍ਹਕੇ ਆਇਆ।

ਅਰਥਾਤ :- ਮੈਂ ਹੀ ਕ੍ਰਿਸ਼ਨ[1] ਦੇ ਰੂਪ ਵਿਚ ਨੰਦ ਦੀ ਪਤਨੀ ਜਾਸ਼ੋਧਾ ਦੀ ਗੋਦ ਵਿਚ ਖੇਡਿਆ ਸੀ, ਮੈਂ ਹੀ ਰਾਮ[2] ਦੇ ਰੂਪ ਵਿਚ ਦਸ਼ਰਥ ਦੇ ਘਰ ਜਨਮਿਆ ਸੀ ਅਤੇ ਚੋਦਾਂ ਸਾਲ ਦਾ ਬਨਵਾਸ ਕੱਟਿਆ ਸੀ। ਮੈਂ ਹੀ ਕ੍ਰਿਸ਼ਨ ਦੇ ਰੂਪ ਵਿਚ ਪਾਪੀ ਕੰਸ ਨੂੰ ਮਾਰਿਆ ਸੀ ਅਤੇ ਮਹਾਂਭਾਰਤ[3] ਦੇ ਯੁੱਧ ਵਿਚ ਮੈਂ ਅਰਜਨ (ਪਾਂਡਵਾਂ) ਦੀ ਮਦਦ ਕੀਤੀ ਸੀ ਅਤੇ ਕੋਰਵਾਂ ਨੂੰ ਹਰਾਇਆ ਸੀ।

ਮੈਂ ਹੀ ਮਹਾਤਮਾ ਬੁੱਧ ਦੇ ਰੂਪ ਵਿਚ ਸ਼ਾਂਤੀ ਅਤੇ ਸਦਾਚਾਰਕ ਗੁਣਾਂ ਦਾ ਸੰਦੇਸ਼ ਦਿੱਤਾ ਸੀ ਅਤੇ ਮੈਂ ਹੀ ਸ਼ੰਕਰਾਚਾਰੀਆ ਦੇ ਰੂਪ ਵਿਚ ਅਹਿੰਸਾਵਾਦੀ ਬੁੱਧ ਧਰਮ ਦਾ ਵਿਨਾਸ਼ ਕੀਤਾ ਸੀ। ਮੈਂ ਹੀ [4]ਨਾਨਕ ਦੇ ਰੂਪ ਵਿਚ ਖ਼ੁਰਾਮਾਨ ਤੋਂ ਹਮਲਾਵਰ ਹੋ ਕੇ ਗਏ ਬਾਬਰ ਨੂੰ ਮਿਲਿਆ ਸੀ।

1, 2, 3, 4. ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁਕਾ ਹੈ ਕਿ 'ਜੋਗੀ' ਆਪਣੀ ਇਸ ਰਚਨਾ ਨੂੰ ਗਾ ਕੇ ਸੁਣਾਇਆ ਕਰਦੇ ਸਨ ਅਨੰਦਪੁਰ ਦੇ ਬਜ਼ੁਰਗ ਵਸਨੀਕ ਨੇ ਲੇਖਕ ਨੂੰ ਦੱਸਿਆ ਕਿ ਮੈਂ ਇਸ ਰਚਨਾ ਨੂੰ ਜੋਗੀ ਜੀ ਦੇ ਮੁਖਾਰਬਿੰਦ ਤੋਂ ਸੁਣਿਆ ਹੈ, ਉਨ੍ਹਾਂ ਦੇ ਕਥਨ ਅਨੁਸਾਰ ਜੋਗੀ ਜੀ ਸੁਣਾਉਂਦੇ ਹੋਏ ਐਸਾ ਕਰੁਣਾਮਈ ਤੇ ਦਰਦਨਾਕ ਦ੍ਰਿਸ਼ ਵਰਨਣ ਕਰਦੇ ਸਨ ਕਿ ਸਰੋਤਿਆਂ ਦੇ ਨੇਤਰਾਂ ਵਿਚੋਂ ਮਲੋਮਲੀ ਨੀਰ ਦੀ ਧਾਰਾ ਵਹਿ ਤੁਰਦੀ ਸੀ।

ਪਿਛੇ ਦਿੱਤੇ ਗਏ ਕਾਵਿ-ਟੋਟੇ ਵਿਚ ਸਪਸ਼ਟ ਪ੍ਰਤੀਤ ਹੁੰਦਾ ਹੈ ਕਿ ਕਵੀ ਇਸਲਾਮੀ ਕੱਟੜ ਸਗ੍ਹਾ ਤੋਂ ਬੇਸ਼ਕ ਪਾਕ ਹੈ ਪਰੰਤੂ ਹਿੰਦੁਸਤਾਨੀ ਇਤਿਹਾਸ ਦੇ ਦਾਰੋਮਦਾਰ ਅਵਤਾਰ ਵਾਦ ਦਾ ਮੁਦਈ ਜਾਂ ਜਾਣਕਾਰ ਹੈ। ਬੇਸ਼ਕ ਉਸ ਵਲੋਂ ਵਰਣਿਤ ਪੌਰਾਣਿਕ ਪਾਤਰ ਗੁਰਮਤਿ ਦ੍ਰਿਸ਼ਟੀ ਨਾਲ ਮੇਲ ਨਹੀਂ ਖਾਂਦੇ ਪਰੰਤੂ ਕਵੀ ਇਹ ਸਭ ਕੁਝ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਉਚਾਰਿਆ ਦਰਸਾ ਰਿਹਾ ਹੈ। ਇਸ ਕਾਵਿ ਟੋਟੇ ਵਿਚ ਇਹ ਵੀ ਦ੍ਰਿਸ਼ਟੀ ਗੋਚਰ ਹੈ ਕਿ ਹੋ ਸਕਦਾ ਹੈ ਕਵੀ ਨੇ ਹਿੰਦੁਸਤਾਨੀ ਮਿਥਿਹਾਸਕ ਪਾਤਰਾਂ ਦਾ ਪਾਤਰ ਸਿਰਜਣ (ਰਾਮ, ਕ੍ਰਿਸ਼ਨ, ਕੰਸ) ਨੇਕੀ ਅਤੇ ਬਦੀ ਦੇ ਪ੍ਰਤੀਕ ਦੇ ਤੌਰ ਤੇ ਕੀਤਾ ਹੋਵੇ ਕਿਉਂਕਿ ਗੁਰੂ ਘਰ ਨੇ ਵੀ ਬਦੀ ਦਾ ਮੁਕਾਬਲਾ ਨੇਕੀ ਅਤੇ ਸਬਰ ਨਾਲ ਕੀਤਾ ਹੈ।

ਦੂਸਰਾ ਪੱਖ ਇਹ ਵੀ ਹੈ ਕਿ ਕਵੀ ਦੀ ਸ਼ਰਧਾ ਕਿਸੇ ਨੁਕਤਾ ਨਿਗਾਹ ਤੋਂ ਹਿੰਦੂ ਧਰਮੀ ਪਾਤਰਾਂ ਨਾਲ ਜੁੜੀ ਹੋਵੇ ਤੇ ਉਸੇ ਤਰ੍ਹਾਂ ਜਿਸ ਤਰ੍ਹਾਂ ਭੱਟਾਂ ਨੇ ਗੁਰੂ ਸਾਹਿਬ ਦੀ ਉਸਤਤਿ ਵਾਸਤੇ ਮਿਥਿਆਸਕ ਪਾਤਰਾਂ ਨਾਲ ਜੁੜੀ ਸ਼ਰਧਾ ਨੂੰ ਬਿੰਬ ਬਣਾਇਆ ਹੈ,

ਸਤਿਜੁਗਿ ਤੈ ਮਾਣਿਓ, ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ, ਰਾਮੁ ਰਘੁਵੰਸ ਕਹਾਇਓ॥
ਦੁਆਪੁਰਿ ਕ੍ਰਿਸ਼ਨ ਮੁਰਾਰਿ, ਕੰਸ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ, ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ, ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ॥

(ਸਵੈਯੇ ਮਹਲੇ ਪਹਿਲੇ ਕੇ ਪੰਨਾ ੧੩੯੦)

ਦਿੱਤੇ ਹੋਏ ਗੁਰਮਤਿ ਪ੍ਰਮਾਣ ਵਿਚ ਭੱਟਾਂ ਦਾ ਦ੍ਰਿਸ਼ਟੀਕੋਣ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਵਾਸਤੇ ਤਾਂ ਗੁਰੂ ਨਾਨਕ ਪਾਤਸ਼ਾਹ ਹੀ ਰਾਮ ਚੰਦਰ ਹੈ, ਗੁਰੂ ਪਾਤਸ਼ਾਹ ਹੀ ਕ੍ਰਿਸ਼ਨ ਹੈ ਠੀਕ ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਆਗਮਨ ਨੂੰ ਮਹਿਸੂਸ ਕਰਕੇ ਪੀਰ ਭੀਖਨ ਮੱਕੇ (ਪੱਛਮ) ਵੱਲ ਮੂੰਹ ਕਰਕੇ ਨਮਾਜ਼ ਪੜ੍ਹਨ ਦੀ ਬਜਾਇ ਪਟਨੇ ਵਲ ਮੂੰਹ ਕਰਕੇ ਨਮਾਜ਼ ਅਦਾ ਕੀਤੀ ਅਤੇ ਆਪਣੇ ਚੇਲਿਆਂ ਨੂੰ ਸਮਝਾਇਆ ਕਿ ਮੇਰੇ ਵਾਸਤੇ ਤਾਂ ਗੁਰੂ ਹੀ ਮੱਕਾ-ਮਦੀਨਾ ਹੈ।

ਸੋ ਜੇ ਹੋਰ ਗਹਿਰਾਈ ਨਾਲ ਅਧਿਐਨ ਕਰੀਏ ਤਾਂ 'ਜੋਗੀ' ਦੀ ਇਸ ਭਾਵਨਾ ਦਾ ਮਤਲਬ ਉਨ੍ਹਾਂ ਦੁਆਰਾ ਰਚੇ ਗਏ ਕਾਵਿ-ਬੰਦ ਨੰ: 116 ਵਿਚ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਅਤੇ ਪਤਾ ਚਲਦਾ ਹੈ ਕਵੀ ਨੇ ਇਥੇ ਕੇਵਲ ਨੇਕੀ ਅਤੇ ਬਦੀ ਦੇ ਪ੍ਰਤੀਕ ਵਜੋਂ ਹੀ ਹਿੰਦੂ ਧਰਮੀ ਅਵਤਾਰਾਂ ਦਾ ਜ਼ਿਕਰ ਕੀਤਾ ਹੈ। ਨਜ਼ਮ ਨੰ: 116 ਵਿਚ ਕਵੀ ਜੀ ਆਪਣੀ ਭਾਵਨਾ ਸਪੱਸ਼ਟ ਕਰਦੇ ਹਨ,

ਕਟਵਾ ਦੀਏ ਸ਼ਿਸ਼ ਸ਼ਾਮ ਨੇ ਗੀਤਾ ਕੋ ਸੁਨਾਕਰ॥
ਰੂਹ ਫੂਂਕ ਦੀ ਗੋਬਿੰਦ ਨੇ ਔਲਾਦ ਕਟਾ ਕਰ॥

(ਗੰਜਿ-ਸ਼ਹੀਦਾਂ)

33.

"ਅਕਬਰ ਭੀ ਪਿਆਦਾ ਮੇਰੇ ਦਰਬਾਰ ਮੇਂ ਆਯਾ।
ਬਰਕਤ ਨੇ ਮੇਰੀ ਫਤਹਿ ਥਾ 'ਆਸਾਮ' ਕਰਾਯਾ।
ਮੈ ਨੇ ਬੁਤੁ ਵ ਬੁਤਖਾਨਾ ਖੁਦਾਈ ਕੋ ਭੁਲਾਯਾ।
ਭਗਵਾਨ ਕਾ ਘਰ ਮੈ ਨੇ ਹੀ ਮਸਜਿਦ ਥਾ ਬਨਾਯਾ।

ਬਾਲੂ ਕੀ ਤਪੀ ਰੇਤ, ਮੇਰੇ ਤਨ ਪਿ ਪੜੀ ਥੀ।
ਮੈ ਵਹੁ ਹੂੰ ਉਬਲਨੇ ਪਿ ਭੀ 'ਉੱਫ਼' ਤਕ ਨ ਕਰੀ ਥੀ।"

ਸ਼ਬਦ ਅਰਥ:- ਅਕਬਰ= ਅਕਬਰ ਬਾਦਸ਼ਾਹ, ਬਰਕਤ= ਮਿਹਰ, ਕਿਰਪਾ, ਫਤਹਿ= ਜਿੱਤ, ਪਿਆਦਾ= ਚਲਕੇ, ਆਸਾਮ= ਗੁਰੂ ਤੇਗ ਬਹਾਦਰ ਨੇ ਆਸਾਮ ਫਤਿਹ ਕਰਨ ਵਿਚ ਰਾਜਾ ਬਿਸ਼ਨ ਸਿੰਘ ਦੀ ਮਦਦ ਦਾ ਜ਼ਿਕਰ ਸ਼ਾਇਦ, ਬਾਲੂ ਕੀ ਰੇਤ= ਗਰਮ ਰੇਤ, ਮੋਟੀ ਰੇਤ, ਉੱਫ਼= ਦਰਦ ਭਰੀ ਆਹ।

ਅਰਥਾਤ :- ਬਾਦਸ਼ਾਹ ਅਕਬਰ ਆਪ ਚੱਲ ਕੇ ਗੋਇੰਦਵਾਲ ਸਾਹਿਬ ਮੇਰੇ ਪਾਸ ਆਇਆ ਸੀ, ਮੇਰੀ ਹੀ ਬਰਕਤ (ਕਿਰਪਾ) ਸਦਕਾ ਮੁਗਲ ਬਾਦਸ਼ਾਹ ਦੀ ਅਸਾਮ ਉਪਰ ਵਿਜੈ ਹੋਈ ਸੀ। ਮੈਂ ਹੀ ਦੁਨੀਆਂ ਨੂੰ ਸੰਪਰਦਾਇਕਤਾ ਅਧਾਰਿਤ ਫਿਰਕਾਪ੍ਰਸਤੀ ਤੋਂ ਉਪਰ ਉਠ ਕੇ ਨੈਤਿਕ ਕਦਰਾਂ ਕੀਮਤਾਂ ਅਤੇ ਮਨੁੱਖਤਾ ਨਾਲ ਪਿਆਰ ਕਰਨ ਦਾ ਪਾਠ ਪੜ੍ਹਾਇਆ ਸੀ, ਮੈਂ ਬੁੱਤ ਪ੍ਰਸਤਾਂ ਅਤੇ ਬੁੱਤ ਸ਼ਿਕਨਾ ਨੂੰ ਐਸੇ ਕਰਮਕਾਂਡਾ ਤੋਂ ਉਪਰ ਉਠਾ ਕੇ ਜੀਵਨ ਦਾ ਸਹੀ ਮਨੋਰਥ ਦੱਸਿਆ। ਮੈਂ ਮੰਦਿਰ ਤੇ ਮਸਜਿਦ ਦੇ ਝਗੜੇ ਨੂੰ ਖਤਮ ਕਰ ਕੇ ਮਨੁੱਖ ਪਿਆਰ ਅਤੇ ਨੈਤਿਕ ਗੁਣਾਂ ਨਾਲ ਭਰਪੂਰ ਉਚ ਮਿਆਰੀ ਜੀਵਨ ਦਾ ਰਸਤਾ ਦਿਖਾਇਆ।

'ਮੈਨੂੰ ਹੀ ਜਹਾਂਗੀਰ ਸਮੇਂ ਤੱਤੀ ਤਵੀ ਤੇ ਬਿਠਾਇਆ ਗਿਆ ਸੀ ਅਤੇ ਅੰਤਾਂ ਦਾ ਤਸ਼ੱਦਦ ਕੀਤਾ ਗਿਆ ਸੀ। ਮੇਰੇ ਸਰੀਰ ਉਪਰ ਤਪਦੀ ਹੋਈ ਰੇਤ ਪਾਈ ਗਈ ਸੀ, ਦੇਗ ਵਿਚ ਉਬਾਲਿਆ ਗਿਆ ਸੀ, ਪਰ ਮੈਂ ਤੇਰੇ ਭਾਣੇ ਨੂੰ ਮਿੱਠਾ ਕਰਕੇ ਮੰਨਦਿਆਂ ਉੱਫ਼ ਤੱਕ ਨਹੀਂ ਕੀਤੀ ਸੀ।

---

1. ਜਹਾਂਗੀਰ ਵਲੋਂ ਗੁਰੂ ਅਰਜਨ ਸਾਹਿਬ ਨੂੰ ਇਸਲਾਮੀ ਕੱਟੜਵਾਦ ਅਧੀਨ 'ਸਿਆਸਤ ਵਾ ਬਾ ਯਾਸਾ' ਦੰਡਧਾਰਾ ਅਧੀਨ ਅਨੇਕ ਤਰ੍ਹਾਂ ਦੇ ਦਰਦ ਮਈ ਅਤੇ ਖੌਫਨਾਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

34.

"ਹਿੰਮਤ ਕਾ ਮਿਰੀ ਆਪ ਮੀਆਂ ਮੀਰ ਹੈ ਸ਼ਾਹਿਦ।
ਅਜ਼ਮਤ ਕਾ ਮਿਰੀ ਸ਼ਾਹ ਜਹਾਂਗੀਰ ਹੈ ਸ਼ਾਹਿਦ।
ਸਰ ਜਿਸ ਸੇ ਕਟਾ ਦਿੱਲੀ ਮੇਂ ਸ਼ਮਸ਼ੀਰ ਹੈ ਸ਼ਾਹਿਦ।
ਤੌ ਸਭ ਸੇ ਜਿਆਦਾ ਫ਼ਲਕਿ-ਪੀਰ ਹੈ ਸ਼ਾਹਿਦ।

ਜਬ ਜ਼ੁਲਮ ਸੇ ਜ਼ਾਲਿਮ ਨੇ ਜਹਾਂ ਪੀਸ ਦੀਆ ਥਾ।
ਹਮ ਨੇ ਹੀ ਧਰਮ ਕੇ ਲੀਏ ਫਿਰ ਸੀਸ ਦੀਆ ਥਾ।

ਸ਼ਬਦ ਅਰਥ :- ਮੀਆਂ ਮੀਰ= ਗੁਰੂ ਘਰ ਦਾ ਸ਼ਰਧਾਲੂ ਇਕ ਮੁਸਲਮਾਨ ਫ਼ਕੀਰ, ਸ਼ਾਹਿਦ= ਗਵਾਹ, ਜਹਾਂਗੀਰ= ਸੁਲਤਾਨ ਜਹਾਂਗੀਰ, ਸ਼ਮਸ਼ੀਰ= ਤਲਵਾਰ, ਫਲਕਿ= ਪੀਰ= ਅਕਾਸ਼, ਅਜ਼ਮਤ= ਉੱਚਤਾ, ਵਡਿਆਈ।

ਅਰਥਾਤ:- ਵੱਖ ਵੱਖ ਜਾਮਿਆਂ ਵਿਚ ਵਿਚਰੀ ਇਕ ਹੀ ਗੁਰੂ ਜੋਤਿ ਦੇ ਸਿਧਾਂਤ ਦਾ ਜਾਣਕਾਰ ਕਵੀ ਅਲੱਗ ਅਲੱਗ ਜਾਂਮਿਆਂ ਦੌਰਾਨ ਸਹੇ ਕਸ਼ਟਾਂ ਦੀ ਵਿਥਿਆ ਸਣਾਉਂਦਾ ਕਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮੁਖਾਰਬਿੰਦ ਤੋਂ ਇਹ ਗਲ ਪ੍ਰਗਟਾ ਰਿਹਾ ਹੈ ਕਿ ਇਕ ਹੀ ਜੋਤਿ ਵੱਖ-ਵੱਖ ਜਾਮਿਆਂ ਵਿਚ ਵਿਚਰੀ।

ਗੁਰੂ ਪਾਤਸ਼ਾਹ ਕਹਿੰਦੇ ਹਨ ਮੇਰੀ ਅਦੁਤੀ ਹਿੰਮਤ ਅਤੇ ਦਿੱਤੀ ਹੋਈ ਕੁਰਬਾਨੀ ਦਾ ਗਵਾਹ ਸਾਈਂ ਮੀਆਂ ਮੀਰ ਹੈ। ਜਿਸਨੇ ਮੇਰੀ ਸ਼ਹਾਦਤ ਨੂੰ ਅੱਖਾਂ ਨਾਲ ਤੱਕਿਆ ਹੈ ਜਹਾਂਗੀਰ ਵਰਗਾ ਜ਼ਾਲਿਮ ਬਾਦਸ਼ਾਹ ਵੀ ਮੇਰੀ ਅਜ਼ਮਤ ਦਾ ਕਾਇਲ ਹੋਇਆ ਸੀ।

ਔਰੰਗਜ਼ੇਬ ਦੇ ਹੁਕਮ ਸਦਕਾ ਜਿਸ ਤਲਵਾਰ ਨਾਲ ਮੇਰਾ ਸੀਸ ਕੱਟਿਆ ਗਿਆ ਸੀ, ਉਹ ਤਲਵਾਰ ਮੇਰੇ ਸਿਦਕ ਅਤੇ ਸਿਰੜ ਦੀ ਗਵਾਹ ਹੈ, ਜੇਕਰ ਫਿਰ ਵੀ ਕੋਈ ਸ਼ਕ ਰਹਿ ਗਿਆ ਹੋਵੇ ਤਾਂ ਅਕਾਸ਼ (ਫਲਕਿ-ਪੀਰ) ਤੋਂ ਸ਼ਾਹਦੀ ਲੈ ਲਵੋ ਜਿਸ ਨੇ ਇਨ੍ਹਾਂ ਸਾਰੇ ਸਾਕਿਆਂ ਨੂੰ ਅੱਖੀਂ ਤੱਕਿਆ ਹੈ।

ਦਰ ਅਸਲ ਜਦੋਂ ਜਦੋਂ ਵੀ ਜ਼ੁਲਮੀਆਂ ਜਾਬਰਾਂ ਨੇ ਧਰਮ ਦਾ ਨਾਸ਼ ਕੀਤਾ ਸੀ ਅਤੇ ਲੋਕਾਈ ਨੂੰ ਜ਼ੁਲਮਾਂ ਦੀ ਚੱਕੀ ਵਿਚ ਪੀਸਿਆ, ਉਸੇ ਸਮੇਂ ਹੀ ਮੈਂ ਧਰਮ ਦੀ ਰੱਖਿਆ ਹੇਤ ਬਲਿਦਾਨ ਦਿੱਤਾ।

35.

"ਜਬ ਜਬ ਭੀ ਜ਼ਰੂਰਤ ਹੁਈ ਬੰਦੋਂ ਕੋ ਹਮ ਆਏ।
ਜ਼ਾਲਿਮ ਕਾ ਕੀਆ ਖ਼ਾਤਮਾ ਮਜ਼ਲੂਮ ਬਚਾਏ।
ਚਿੜੀਓਂ ਸੇ ਅਗਰ ਚਾਹਾ ਤੋ ਫਿਰ ਬਾਜ਼ ਤੁੜਾਏ।
ਦੇਖਾ ਜਿਸੇ ਹੱਕਦਾਰ ਉਸੇ ਤਖ਼ਤ ਦਿਲਾਏ।
ਕਾਮ ਆਏ ਫਕੀਰੋਂ ਕੇ ਤੋ ਸ਼ਾਹੋਂ ਕੇ ਭੀ ਆਏ।
ਦੁਸ਼ਮਨ ਕੇ ਭੀ ਆਏ, ਹਵਾ ਖ਼ਾਹੋਂ ਕੇ ਭੀ ਆਏ।

ਸ਼ਬਦ ਅਰਥ :- ਜ਼ਾਲਿਮ= ਜ਼ੁਲਮ ਕਰਨ ਵਾਲਾ, ਮਜ਼ਲੂਮ= ਨਿਤਾਣੇ, ਜਿੰਨ੍ਹਾਂ ਪਰ ਜ਼ੁਲਮ ਹੁੰਦਾ ਹੈ, ਬਾਜ਼= ਸ਼ਿਕਾਰੀ ਪੰਛੀ, ਹਵਾ-ਖ਼ਾਹੋਂ= ਸ਼ੁਭਚਿੰਤਕਾਂ, ਫ਼ਕੀਰ= ਗਰੀਬ, ਸਾਈਂ ਲੋਕ, ਸ਼ਾਹੋਂ= ਰਜਵਾੜੇ, ਅਮੀਰ, ਸ਼ਾਹ।

ਅਰਥਾਤ :- ਜਦੋਂ-ਜਦੋਂ ਵੀ ਇਹ ਲੋਕਾਈ ਜਾਬਰਾਂ-ਜ਼ੁਲਮੀਆਂ ਹੱਥੋਂ ਦੁਖੀ ਹੋਈ, ਧਰਮ ਦੀ ਰੱਖਿਆ ਹੇਤ ਮੈਂ ਜਾਮਾ ਬਦਲ ਕੇ ਆਇਆ। ਹਰ ਹੀਲੇ ਜ਼ੁਲਮ ਦਾ ਨਾਸ ਕੀਤਾ ਅਤੇ ਮਜ਼ਲੂਮਾ, ਨਿਮਾਣਿਆਂ, ਨਿਤਾਣਿਆਂ ਦੀ ਰੱਖਿਆ ਕੀਤੀ। ਜ਼ਰੂਰਤ ਸਮੇਂ ਗਰੀਬਾਂ ਨਿਤਾਣਿਆਂ ਦੀ ਰੱਖਿਆ ਅਤੇ ਖੰਡੇ ਦੀ ਪਾਹੁਲ ਦੇ ਕੇ ਨਿਰਬਲਾਂ ਨੂੰ ਬਲੀ ਸੂਰਮੇ ਬਣਾ ਦਿੱਤਾ ਅਤੇ ਉਨ੍ਹਾਂ ਗਰੀਬਾਂ ਨਿਤਾਣਿਆਂ ਨੂੰ ਸ਼ਾਹੀ ਫੌਜਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਬਣਾ ਦਿੱਤਾ। ਜਿਸਦਾ ਵੀ ਹੱਕ ਖੁਸਿਆ ਸੀ, ਉਸ ਨੂੰ ਵਾਪਸ ਦਵਾਇਆ, ਕੇਵਲ [1]ਗ਼ਰੀਬਾਂ ਨਿਤਾਣਿਆਂ ਦੀ ਹੀ ਨਹੀਂ ਬਲਕਿ ਕਿਸੇ [2]ਅਮੀਰਜ਼ੇ ਸ਼ਾਹ ਨੂੰ ਵੀ ਜ਼ਰੂਰਤ ਪਈ ਤਾਂ ਦਿਲ ਖੋਲ ਕੇ ਬਖਸ਼ਿਸ਼ਾਂ ਦੇ ਭੰਡਾਰ ਵੰਡੇ ਇਥੋਂ ਤੱਕ ਕੇ ਸ਼ੁਭਚਿੰਤਕਾਂ ਦੇ ਕਾਰਜ ਤਾਂ ਸਵਾਰਨੇ ਹੀ ਸਨ ਦੁਸ਼ਮਣ ਨੂੰ ਵੀ ਖਾਲੀ ਝੋਲੀ ਨਹੀਂ ਪਰਤਣ ਦਿੱਤੀ।

---

1. ਗੁਰੂ ਘਰ ਦੀ ਸ਼ਰਨ ਆਏ ਨੂੰ ਪੂਰਨ ਸੁਰੱਖਿਆ ਦੇਣ ਦੀ ਗੌਰਵਮਈ ਮਰਿਆਦਾ ਦਾ ਜ਼ਿਕਰ ਕਰਦਾ ਕਵੀ ਆਪਣੀ ਨਜ਼ਮ ਵਿਚ ਬਿਆਨ ਕਰਦਾ ਹੈ ਇਸ ਦਰ ਤੇ ਭਾਵੇਂ ਕੋਈ ਗ਼ਰੀਬ ਨਿਤਾਣਾ ਆ ਗਿਆ ਤਾਂ ਵੀ ਉਸ ਦੀ ਮਦਦ ਕੀਤਾ ਗਈ, ਭਾਵੇਂ ਸੀਸ ਹੀ ਕਿਉਂ ਨਾਂ ਭੇਟ ਕਰਨਾ ਪਿਆ (ਕਸ਼ਮੀਰੀ ਬ੍ਰਾਹਮਣਾਂ ਦਾ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆਉਣਾ)

2. ਭਾਵੇਂ ਕੋਈ ਅਮੀਰ ਸ਼ਹਿਜਾਦਾ ਇਸ ਦਰ ਤੇ ਆ ਗਿਆ ਉਸ ਦੀ ਝੋਲੀ ਵੀ ਬਖਸ਼ਿਸ਼ ਨਾਲ ਭਰ ਦਿੱਤੀ ਗਈ ਅਤੇ ਹਰ ਪ੍ਰਕਾਰ ਦੀ ਮਦਦ ਕੀਤੀ (ਬਹਾਦਰਸ਼ਾਹ ਦਾ ਗੁਰੂ ਗੋਬਿੰਦ ਸਿੰਘ ਪਾਸੋਂ ਜੰਗ ਵਾਸਤੇ ਮਦਦ ਮੰਗਣਾ)

36.

ਲਖ-ਲੁੱਟ ਹੈ ਹਮੇਸ਼ਾਂ ਸੇ ਹੀ ਸਰਕਾਰ ਹਮਾਰੀ।
ਖਾਲੀ ਨਹੀਂ ਜਾਤਾ ਹੈ ਜੋ ਆਤਾ ਹੈ ਭਿਖਾਰੀ।
ਦੁਨੀਆਂ ਮੇਂ ਹੈਂ ਹਮ, ਬਾਗ ਮੇਂ ਜੂੰ ਬਾਦਿ-ਬਹਾਰੀ।
ਪਿਆਰੀ ਹਮੇਂ ਕਰਤਾਰ ਕੀ ਮਖ਼ਲੂਕ ਹੈ ਸਾਰੀ।
ਸਿੱਖ ਜਾਨ ਸੇ ਪਜਾਰੇ ਹਮੇਂ, ਬੱਚੋਂ ਸੇ ਸਿਵਾ ਹੈ।
ਤੋ ਹਿੰਦੂ ਉ ਮੁਸਲਮਾਨ ਪਿ ਭੀ ਦਰ ਫ਼ੈਜ ਕੇ ਵਾ ਹੈਂ।

ਸ਼ਬਦ ਅਰਥ :- ਲਖਲੁੱਟ= ਬੇਪਰਵਾਹ, ਬਾਦਿ-ਬਹਾਰੀ= ਬਸੰਤ ਬਹਾਰ, ਮਖ਼ਲੂਕ= ਕਾਦਰ ਦੀ ਰਚੀ ਸ੍ਰਿਸ਼ਟੀ, ਸਿਵਾ= ਵਧੇਰੇ, ਕਿਤੇ ਵੱਧ, ਦਰ= ਦਰਵਾਜ਼ਾ, ਫ਼ੈਜ= ਨੇਕੀ, ਰਹਿਮਤ, ਵਾ= ਖੁਲੇ।

ਅਰਥਾਤ :- ਗੁਰੂ ਘਰ ਤਾਂ ਹਮੇਸ਼ਾਂ ਤੋਂ ਹੀ ਬੇਪਰਵਾਹ ਹੋ ਕੇ ਬਖਸ਼ਿਸ਼ਾਂ ਵੰਡਦਾ ਰਿਹਾ ਹੈ ਇਸ ਦਰ ਤੇ ਆਇਆ ਕੋਈ ਵੀ ਮਨੁੱਖ ਖਾਲੀ ਹੱਥ ਨਹੀਂ ਗਿਆ। ਜੋ ਵੀ ਮੰਗਣ ਵਾਸਤੇ ਗੁਰੂ ਘਰ ਆਇਆ, ਉਸ ਦੀਆਂ ਝੋਲੀਆਂ ਰਹਿਮਤਾਂ ਨਾਲ ਭਰ ਦਿੱਤੀਆਂ ਗਈਆਂ। ਦੁਨੀਆਂ ਦੇ ਧਾਰਮਿਕ ਸੰਸਾਰ ਅੰਦਰ ਸਿੱਖੀ ਦਾ ਅਸਥਾਨ ਐਸਾ ਨਿਵੇਕਲਾ ਤੇ ਨਿਆਂਰਾ ਜਿਵੇਂ ਬਾਗ ਵਿਚ ਬਸੰਤ ਬਹਾਰ। ਗੁਰੂ ਘਰ ਨੇ ਮਨੁੱਖਤਾ ਨੂੰ ਆਤਮਿਕ ਗੁਣ, ਸਦਾਚਾਰਕ ਕਦਰਾਂ-ਕੀਮਤਾਂ ਅਤੇ ਮਨੁੱਖਤਾ ਨਾਲ ਪਿਆਰ ਦੇ ਸਬਕ ਨੂੰ ਬਿਨਾਂ ਕਿਸੇ ਵਿਤਕਰੇ ਦੇ ਪੜਾਇਆ ਹੈ। ਸਾਨੂੰ ਕਾਦਿਰ ਦੀ ਰਚੀ ਹੋਈ ਸਾਰੀ ਸ੍ਰਿਸ਼ਟੀ ਨਾਲ ਅਥਾਹ ਪਿਆਰ ਹੈ। ਸਿੱਖ ਮੈਨੂੰ ਜਾਨ ਤੋਂ ਪਿਆਰੇ ਹਨ ਅਤੇ ਮੇਰੇ ਬੱਚਿਆਂ ਵਾਂਗ ਹਨ ਪਰ ਮੈਨੂੰ ਦੂਜੇ ਧਰਮਾਂ ਨਾਲ ਕੋਈ ਨਫ਼ਰਤ ਨਹੀਂ ਹੈ, ਇਸ ਗੁਰੂ ਘਰ ਦੇ ਦਰਵਾਜ਼ੇ ਹਰ ਧਰਮ ਅਤੇ ਮਜ਼ਹਬ ਉਪਰ ਰਹਿਮਤ ਤੇ ਕਰਮ ਵਾਸਤੇ ਹਮੇਸ਼ਾਂ ਖੁਲੇ ਹਨ।

37.

'ਮਰਦਾਨੇ' ਕੋ ਹਮ ਨੇ ਹੀ ਰਫ਼ਾਕਤ ਮੇਂ ਥਾ ਰੱਖਾ।
'ਕੌਲਾਂ' ਕੋ ਭੀ ਹਮਨੇ ਹਿਫ਼ਾਜ਼ਤ ਮੇ ਥਾ ਰੱਖਾ।
ਜਿਸ ਨੇ ਭੀ ਕਦਮ ਅਪਨੀ ਜਮਾਅੱਤ ਮੇਂ ਥਾ ਰੱਖਾ।
ਮਹਿਫ਼ੂਜ਼ ਉਸੇ ਹਮਨੇ ਹਰ ਆਫ਼ਤ ਮੇਂ ਥਾ ਰੱਖਾ।
ਅੱਬ ਭੀ ਵੁਹੀ ਅੱਦਾਤ, ਵੁਹੀ ਨੀਅਤ ਹੈ ਹਮਾਰੀ।
ਯਕਸਾਂ ਹਰਮੁ-ਦੈਰ ਸੇ ਸ਼ਫਕਤ ਹੈ ਹਮਾਰੀ।

ਸ਼ਬਦ ਅਰਥ:- ਰਫ਼ਾਕਤ= ਨਾਲ, ਸਾਥ, ਹਿਫ਼ਾਜ਼ਤ= ਸੁਰੱਖਿਆ, ਜਮਾਅੱਤ= ਸ਼ਰਨ ਇਕੱਠ, ਮਹਿਫ਼ੂਜ਼= ਸਹੀ ਸਲਾਮਤ ਬਚਾ ਕੇ, ਆਫ਼ਤ= ਮੁਸੀਬਤ, ਅੱਦਾਤ= ਆਦਤ, ਮਰਿਆਦਾ, ਨੀਅਤ= ਇਰਾਦਾ, ਯਕਸਾਂ= ਇਕਸਮਾਨ, ਹਰਮੁ= ਪਾਕ ਪਵਿੱਤਰ ਅਸਥਾਨ, ਮੱਕੇ ਮਦੀਨੇ ਦਾ ਅਹਾਤਾ ਜਿਥੇ ਹਰ ਬੁਰਾ ਕਰਮ ਵਰਜਿਤ ਹੈ, ਦੈਰ= ਮੰਦਰ, ਗਿਰਜਾਘਰ, ਬੁਤਖਾਨਾ, ਸ਼ਫਕਤ= ਮਿਹਰਬਾਨੀ, ਦਿਆ, ਮੁਹੱਬਤ ਪਿਆਰ, ਮਰਦਾਨਾ= ਗੁਰੂ ਨਾਨਕ ਸਾਹਿਬ ਦਾ ਕਰੀਬੀ ਸਾਥੀ, ਕੌਲਾਂ= ਕਾਜ਼ੀ ਰੁਸਤਮ ਖ਼ਾਨ ਦੀ ਪਾਲਿਤ ਪੁਤਰੀ ਜਿਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਰਨ ਵਿਚ ਜੀਵਨ ਬਤੀਤ ਕੀਤਾ।

ਅਰਥਾਤ :- ਜਾਤੀ ਭੇਦ ਭਾਵ ਅਤੇ ਵਿਤਕਰੇ ਤੋਂ ਉਪਰ ਉਠ ਕੇ ਪਹਿਲੇ ਜਾਮੇ ਵਿਚ ਅਖੌਤੀ ਨੀਚ ਜਾਤੀ ਨਾਲ ਸੰਬੰਧਤ ਮਰਦਾਨੇ ਨੂੰ ਮੈਂ ਹਮੇਸ਼ਾਂ ਨਾਲ ਰੱਖਿਆ ਸੀ। ਛੇਵੇਂ ਜਾਮੇ ਵਿਚ ਬੀਬੀ ਕੌਲਾਂ ਨੂੰ ਪੂਰੀ ਇੱਜ਼ਤ ਅਤੇ ਸਤਿਕਾਰ ਨਾਲ ਆਪਣੀ ਸ਼ਰਨ ਵਿਚ ਰੱਖਿਆ ਸੀ। ਜਿਸ ਨੇ ਵੀ ਦੁਨਿਆਵੀ ਜ਼ੁਲਮੋ-ਸਿਤਮ ਤੋਂ ਤੰਗ ਆ ਕੇ ਗੁਰੂ ਘਰ ਦੀ ਸ਼ਰਨ ਲਈ ਅਸੀਂ ਉਸ ਨੂੰ ਹਰ ਆਫ਼ਤ ਤੋਂ ਬਚਾਇਆ ਤੇ ਆਪਣੀ ਸ਼ਰਨ ਵਿਚ ਸੁਰੱਖਿਅਤ ਰੱਖਿਆ।

ਗੁਰੂ ਘਰ ਦੀ ਹੁਣ ਵੀ ਉਹੀ ਮਰਿਆਦਾ ਅਤੇ ਨਿਯਮ ਹੈ, ਮੇਰਾ (ਗੁਰੂ ਗੋਬਿੰਦ ਸਿੰਘ) ਵੀ ਇਹੀ ਕਾਇਦਾ ਅਤੇ ਇਰਾਦਾ ਹੈ। ਮੇਰੇ ਮਨ ਅੰਦਰ ਕਿਸੇ ਪ੍ਰਤੀ ਕੋਈ ਨਫ਼ਰਤ ਨਹੀਂ ਸਗੋਂ ਮੇਰੇ ਚਿੱਤ ਅੰਦਰ ਮੱਕੇ ਮਦੀਨੇ, ਮੰਦਰ (ਬੁਤਖਾਨਾ) ਅਤੇ ਗਿਰਜਾਘਰ ਪ੍ਰਤੀ ਅਜ਼ੀਮ ਪਿਆਰ ਮੁਹੱਬਤ ਅਤੇ ਸਤਿਕਾਰ ਹੈ।

38.

'ਮਿਰਜ਼ੇ' ਕਈ 'ਸੈਦੇ' ਸੇ ਭੀ ਕੁਰਬਾਨ ਹੁਏ ਹੈਂ।
'ਮਾਮੂੰ' ਸੇ ਤਸੱਦਕ ਭੀ ਕਈ ਖ਼ਾਨ ਹੁਏ ਹੈਂ।
'ਚੰਦੂ' ਸੇ ਭੀ 'ਗੰਗੂ' ਸੇ ਭੀ ਸ਼ੈਤਾਨ ਹੁਏ ਹੈਂ।
'ਬਾਇਜ਼ੀਦ' ਸੇ ਭੀ ਬਅੱਜ ਬੇਈਮਾਨ ਹੁਏ ਹੈਂ।

ਹਿੰਦੂ ਹੈ ਸਭ ਅੱਛੇ ਨ ਮੁਸਲਮਾਨ ਹੈਂ ਅੱਛੇ।
ਦਿਲ ਨੇਕ ਹੈ ਜਿਨਕੇ ਵੁਹੀ ਇਨਸਾਨ ਹੈ ਅੱਛੇ।

ਸ਼ਬਦ ਅਰਥ:- ਖ਼ਾਨ- ਤੁਰਕਿਸਤਾਨ ਦੇ ਬਾਦਸ਼ਾਹ ਦਾ ਲੱਕਬ, ਪਰ ਫਿਰ ਹਰ ਅਮੀਰ ਦੇ ਪਿਛੇ ਲੱਗਾ

ਅਰਥ:- ਮਾਮੂੰ-ਉਚਾਰਣ ਹੈ ਮਾਮੂੰਨ ਅਰਥ ਹੈ 1. ਅਮਨ ਅਮਾਨ ਵਿਚ, ਬਿਨਾਂ ਡਰ ਦੇ। 2. ਅੱਬਾਸੀ ਖਲੀਫ਼ਿਆਂ ਵਿਚੋਂ ਸਤਵਾਂ ਖਲੀਫ਼ਾ ਜੋ ਹਾਰੂਨ ਰਸ਼ੀਦ ਦਾ ਪੁੱਤਰ ਸੀ, ਬਹਾਦਰੀ ਅਤੇ ਦਾਨ ਵਾਸਤੇ ਜਗਤ ਪ੍ਰਸਿੱਧ ਸੀ। ਮਾਮੂੰ ਬੇਗ ਨਾਮਕ ਇਕ ਸੈਨਾਪਤੀ ਵੀ ਗੁਰੂ ਸਾਹਿਬ ਪਾਸ ਸੀ। ਤਸੱਦਕ-ਸਦਕਾ ਕਰਨਾ, ਖ਼ੈਰ ਦੇਣਾ, ਨਿਰਵਾਨਤ ਕਰਨਾ, ਚੰਦੂ= ਗੁਰੂ ਅਰਜਨ ਸਾਹਿਬ ਸਮੇਂ ਇਕ ਈਰਖਾਲੂ ਬ੍ਰਾਹਮਣ ਜੋ ਗੁਰੂ ਘਰ ਦਾ ਦੋਖੀ ਸੀ, ਗੁਰੂ ਸਾਹਿਬ ਦੀ ਸ਼ਹਾਦਤ ਵਿਚ ਭਾਵੇਂ ਇਹ ਮੁੱਖ ਕਾਰਨ ਤਾਂ ਨਹੀਂ ਪਰ ਸਹਿ-ਕਾਰਨ ਹੋਣ ਤੋਂ ਦੋਸ਼ ਮੁਕਤ ਨਹੀਂ ਕੀਤਾ ਜਾ ਸਕਦਾ ਹੈ।

ਸੈਦਾ- 1. ਸ਼ਿਕਾਰ ਕੀਤਾ ਜਾਨਵਰ, 2. ਕੁਝ ਸੋਮਿਆਂ ਵਿਚ ਰੰਗਪੁਰ ਖੇੜੇ ਦੇ ਵਸਨੀਕ ਹੀਰ ਦੇ ਮੰਗੇਤਰ ਦਾ ਨਾਮ ਸੈਦਾ ਹੀ ਮਿਲਦਾ ਹੈ।

ਗੰਗੂ- ਕੁਝ ਨਵੀਨਤਮ ਸੋਮਿਆਂ ਅਨੁਸਾਰ ਗੁਰੂ ਸਾਹਿਬ ਦਾ ਨੌਕਰ ਜਿਸਨੇ ਨਮਕ ਹਰਾਮੀ ਕਰਕੇ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਮੁਰਿੰਡੇ ਦੇ ਹਾਕਮਾਂ ਜਾਨੀ ਖਾਨ ਅਤੇ ਮਾਨੀ ਖ਼ਾਨ ਪਾਸ ਗ੍ਰਿਫ਼ਤਾਰ ਕਰਵਾਇਆ।

ਬਾਇਜ਼ੀਦ-ਵਜ਼ੀਰਖਾਨ ਜੋ ਕੁੰਜਪੁਰੇ ਦਾ ਵਸਨੀਕ ਸੀ, ਅਤੇ ਸਰਹੰਦ ਦਾ ਸੂਬਾ ਬਣਿਆ, ਜ਼ੁਲਮੀ ਸੀ। ਗਿਆਨੀ ਗਿਆਨ ਸਿੰਘ ਨੇ ਇਸ ਨੂੰ ਬਾਜ਼ੀਦਖ਼ਾਨ ਲਿਖਿਆ ਹੈ।

ਮਿਰਜ਼ਾ-ਅਮੀਰ ਦਾ ਪੁੱਤਰ, ਦਾਨਾਬਾਦ ਦੇ ਵਸਨੀਕ ਖਰਲ ਜਾਤੀ ਦੇ ਮੁਸਲਮਾਨ

ਖਿੰਡਲ ਦਾ ਪੁੱਤਰ. ਜਿਸਦੇ ਨਾਨਕੇ ਝੰਗ ਵਿਚ ਸਨ. ਇਹ ਨਾਨਕਿਆਂ ਪਾਸ ਹੀ ਪਲਿਆ ਇਥੇ ਝੰਗ ਵਿਚ ਹੀ ਇਸ ਦੀ ਪ੍ਰੇਮ ਕਹਾਣੀ ਦੀ ਸ਼ੁਰੂਆਤ ਸਿਆਲ ਜਾਤੀ ਦੇ ਮੁਸਲਮਾਨ ਖੀਵੇਖਾਨ ਦੀ ਸੁੰਦਰ ਪੁੱਤਰੀ ਸਾਹਿਬਾਂ ਨਾਲ ਆਰੰਭ ਹੋਈ। ਬੱਅਜ- ਕਈ

ਅਰਥਾਤ :- ਇਸ ਕਾਵਿ ਬੰਦ ਵਿਚ ਕਵੀ ਨੇ ਬੜੀ ਸੁੰਦਰ ਤਰੀਕੇ ਨਾਲ ਇਸ ਗਲ ਦਾ ਪ੍ਰਗਟਾ ਕੀਤਾ ਹੈ ਕਿ ਕੋਈ ਵੀ ਮਜ਼ਹਬ ਜਾਂ ਧਰਮ ਬੁਰਾ ਨਹੀਂ ਹੈ। ਹਰ ਧਰਮ ਵਿਚ ਬੜੇ ਨੇਕ ਅਤੇ ਧਰਮੀ ਪੁਰਸ਼ ਵੀ ਪੈਦਾ ਹੁੰਦੇ ਹਨ ਅਤੇ ਕਪਟੀ ਤੇ ਜ਼ਾਲਿਮ ਲੋਕ ਵੀ ਜਨਮ ਲੈਂਦੇ ਹਨ। ਇਨਸਾਨੀਅਤ ਅਤੇ ਮਨੁੱਖੀ ਜੀਵਨ ਦੀਆਂ ਉਚ ਮਿਆਰੀ ਕਦਰਾਂ ਕੀਮਤਾਂ ਹੇਤ ਮਨੁੱਖਤਾ ਦੀ ਰਾਖੀ ਕਰਨ ਵਾਲੇ ਲੋਕ ਧਰਮ ਨੂੰ ਬੁਲੰਦੀਆਂ ਤੇ ਲੈ ਜਾਂਦੇ ਹਨ ਤੇ ਦੂਸਰੇ ਪਾਸ ਮਨੁੱਖਤਾ ਦੀਆਂ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਕਰਨ ਵਾਲੇ ਲੋਕ ਧਰਮ ਨੂੰ ਨਿਵਾਣ ਵਾਲੇ ਪਾਸੇ ਲੈ ਜਾਂਦੇ ਹਨ। ਇਸ ਕਾਵਿ ਬੰਦ ਵਿਚ ਕਵੀ ਸਪਸ਼ਟ ਕਰਨਾ ਚਾਹੁੰਦਾ ਹੈ, ਮੁਸਲਮਾਨ ਧਰਮ ਵਿਚ ਕੇਵਲ ਵਜ਼ੀਰਖਾਨ ਵਰਗੇ ਜ਼ਾਲਿਮ ਹੀ ਪੈਦਾ ਨਹੀਂ ਹੋਏ ਬਲਕਿ ਮਾਮੂੰਨ ਵਰਗੇ ਮਹਾਨ ਦਾਨੀ ਤੇ ਆਪਾ ਨਿਛਾਵਰ ਕਰਨ ਵਾਲੇ ਪਾਕਿ-ਦਿਲ ਮੁਸਲਮਾਨ ਵੀ ਪੈਦਾ ਹੋਏ ਹਨ। ਦੂਸਰੇ ਪਾਸੇ ਹਿੰਦੂ ਧਰਮ ਵਿਚ ਵੀ ਸਾਰੇ ਸਾਫ ਦਿਲ ਜਾਂ ਇਨਸਾਨੀਅਤ ਨਾਲ ਭਰਪੂਰ ਮਨੁੱਖ ਨਹੀਂ ਹਨ ਬਲਕਿ ਚੰਦੂ ਵਰਗੇ ਜ਼ਾਲਿਮ ਅਤੇ ਗੰਗੂ ਵਰਗੇ ਵਿਸ਼ਵਾਸ ਘਾਤੀ ਤੇ ਨਮਕ-ਹਰਾਮੀ ਵੀ ਪੈਦਾ ਹੋਏ ਹਨ।

ਅਖੀਰ ਕਵੀ ਇਸ ਸਿੱਟੇ ਉਪਰ ਪਹੁੰਚਦਾ ਹੈ ਕਿ ਨਾਂ ਤਾਂ ਸਾਰੇ ਹਿੰਦੂ ਹੀ ਚੰਗੇ ਹਨ ਅਤੇ ਨਾਂ ਹੀ ਸਾਰੇ ਮੁਸਲਮਾਨ ਚੰਗੇ ਹਨ ਪਰ ਧਰਮ ਕੋਈ ਵੀ ਹੋਵੇ ਜਿਨ੍ਹਾਂ ਦੇ ਹਿਰਦੇ ਅੰਦਰ ਨੇਕੀ ਅਤੇ ਪ੍ਰਭੂ ਪ੍ਰੇਮ ਵਸਿਆ ਹੋਇਆ ਹੈ ਉਹ ਇਨਸਾਨ ਹੀ ਚੰਗੇ ਅਤੇ ਸ੍ਰੇਸ਼ਠ ਹਨ।

---

1. ਮਹਾਨ ਕਵੀ ਪ੍ਰੋ: ਮੋਹਨ ਸਿੰਘ ਹੋਰਾ ਨੇ ਸੰਜੋਗ ਸ਼ਿੰਗਾਰ ਰਸ ਨਾਲ ਭਰਪੂਰ ਆਪਣੀ ਇਕ ਕਵਿਤਾ ਵਿਚ ਸੈਦਾ ਅਤੇ ਸਬਜਾਂ ਦੀ ਇਸ਼ਕ ਮਿਜ਼ਾਜੀ ਦਾ ਜ਼ਿਕਰ ਕੀਤਾ ਹੈ। ਇਸ ਕਵਿਤਾ ਵਿਚ ਕਵੀ ਬਿਆਨ ਕਰਦਾ ਹੈ :-

ਤਕ ਸਬਜਾਂ ਦੀ ਅਹਿਲ ਜਵਾਨੀ, ਚੰਦਨ-ਵੰਨਾ ਮੱਥਾ।
ਦਿਲ ਸੈਦੇ ਦਾ ਗਿਆ ਮਰੁੰਡਿਆ, ਝੱਟ ਘੋੜੀ ਤੋਂ ਲੱਥਾ।

39.

ਰਾਤ ਦਾ ਸੁੰਦਰ ਦ੍ਰਿਸ਼ ਵਰਨਣ

ਤਾਰੋਂ ਸੇ ਥਾ ਆਕਾਸ਼, ਚਰਾਗੋਂ ਭਰੀ ਥਾਲੀ।
ਥੀ ਰੁਖ ਪਿ ਬੜੇ ਬੁਤ ਕੇ ਪੜੀ ਨੂਰ ਕੀ ਜਾਲੀ।
ਅਬ ਚਲ ਚੁੱਕੀ ਥੀ ਚਰਖ਼ ਕੇ ਮੰਦਿਰ ਮੇਂ ਦੀਵਾਲੀ।
ਥੀ ਪੂਜ ਚੁਕੀ ਜ਼ੁਹਰਾ ਜਬੀਂ ਪੂਜਨੇ ਵਾਲੀ।
ਫਿਰ ਸ਼ਰਕ ਕੀ ਜ਼ਾਨਿਬ ਸੇ ਸਫ਼ੈਦੀ ਨਿਕਲ ਆਈ।
ਜ਼ੁਲਮਾਤ ਮੇਂ ਇਕ ਨੂਰ ਕੀ ਨਦੀ ਉਬਲ ਆਈ।

ਸ਼ਬਦ ਅਰਥ :- ਚਰਾਗੋਂ= ਦੀਪਕ, ਰੁਖ= ਮੂੰਹ, ਜ਼ੁਲਮਾਤ= ਹਨੇਰਾ, ਉਬਲ= ਪ੍ਰਗਟ ਹੋਈ, ਬੁਤ= ਚੰਦਰਮਾ, ਚਰਖ਼= ਅਸਮਾਨ, ਮੰਦਿਰ= ਘਰ, ਨੂਰ= ਚਾਨਣ, ਦੀਵਾਲੀ= ਦੀਪਾਵਲੀ, ਸ਼ਰਕ= ਪੂਰਬ, ਜਾਨਿਬ= ਪਾਸਿਓਂ, ਸਫ਼ੈਦੀ= ਚਾਨਣ, ਜ਼ੁਹਰਾ= ਸ਼ੁਕਰਤਾਰੀ, ਜ਼ੁਹਰਾਜ਼ਬੀਂ= ਅਤਿ ਸੋਹਣਾ ਮੁਖੜਾ।

ਅਰਥਾਤ:- ਰਾਤ ਦਾ ਨਜ਼ਾਰਾ ਬੜਾ ਸੁੰਦਰ ਸੀ। ਸਾਰਾ ਅਕਾਸ਼ ਤਾਰਿਆਂ ਨਾਲ ਭਰਿਆ ਹੋਇਆ ਸੀ, ਤਾਰੇ ਟਿਮਟਿਮਾਉਂਦੇ ਸਨ ਇਸ ਤਰ੍ਹਾਂ ਸੁੰਦਰ ਲੱਗ ਰਹੇ ਸਨ ਜਿਵੇਂ ਥਾਲੀ ਵਿਚ ਦੀਪਕ ਜਗਾ ਕੇ ਰੱਖੇ ਹੋਣ। ਚੰਦ੍ਰਮਾ ਦੇ ਸੁਹਾਣੇ ਮੁਖੜੇ ਉਪਰ ਨੂਰ (ਚਾਨਣ) ਦਾ ਜਲਵਾ ਸੀ। ਜੋ ਬਹੁਤ ਹੀ ਸੁੰਦਰ ਲੱਗ ਰਿਹਾ ਸੀ। ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਅਕਾਸ਼ ਦੇ ਘਰ ਵਿਚ ਦੀਵਾਲੀ ਮਨਾਈ ਜਾ ਰਹੀ ਹੋਵੇ। ਹਰ ਪਾਸੇ ਤਾਰੇ ਟਿਮ-ਟਿਮਾ ਰਹੇ ਤੇ ਚੰਦਰਮਾਂ ਦਾ ਜਲਵਾ ਵੀ ਵੇਖਣ ਯੋਗ ਸੀ। ਸ਼ੁਕਰ ਤਾਰੇ ਦੀ ਪੂਜਾ ਅਰਚਨਾ ਕਰਨ ਵਾਲੇ ਆਪਣਾ ਧਰਮ ਕਾਰਜ ਕਰ ਚੁੱਕੇ ਸਨ। ਰਾਤ ਗੁਜ਼ਰਦੀ ਜਾ ਰਹੀ ਸੀ।

ਜਿਉਂ ਜਿਉਂ ਰਾਤ ਗੁਜਰਦੀ ਜਾ ਰਹੀ ਸੀ ਦਿਨ ਦੇ ਚੜਾਅ ਦੀ ਪ੍ਰਕ੍ਰਿਆ ਆਰੰਭ ਹੋ ਗਈ, ਪੂਰਬ ਵਾਲੇ ਪਾਸਿਉਂ ਚਾਨਣ (ਸੂਰਜ ਦਾ) ਉਭਰਦਾ ਪ੍ਰਤੀਤ ਹੋ ਰਿਹਾ ਸੀ, ਇੰਝ ਲਗ ਰਿਹਾ ਸੀ ਕਿ ਜਿਵੇਂ ਹਨੇਰੇ ਵਿਚ ਚਾਨਣ ਦੀ ਨਦੀ ਦਾ ਵਹਾਅ ਉਭਰਿਆ ਹੋਵੇ।

40.

ਦਿਨ ਚੜ੍ਹਨ ਦਾ ਜ਼ਿਕਰ

ਇਸ ਜ਼ੋਰ ਸੇ ਸੈਲਾਬ ਹੂਆ ਨੂਰ ਕਾ ਜਾਰੀ।
ਕੱਫ਼ ਕੀ ਤਰਹ ਬਹਨੇ ਲੱਗੀ ਅੰਜੁਮ ਕੀ ਕਿਆਰੀ।
ਤਾਰੇ ਨੇ ਸਹਰ ਕੇ ਅਭੀ ਹਿੰਮਤ ਨ ਥੀ ਹਾਰੀ।
ਤੂਫ਼ਾਨ ਹੂਆ ਮਾਹ ਕੀ ਕਸ਼ਤੀ ਪਿ ਵੀ ਤਾਰੀ।

ਇਸ ਸੈਲ ਸੇ ਸਯਾਰੇ ਸਭੀ ਔਜ ਪਿ ਟੂਟੇ।
ਜਿਸ ਤਰਹ ਹਬਾਬ ਆ ਕੇ ਸਰਿ-ਮੌਜ ਪਿ ਟੂਟੇ।

ਸ਼ਬਦ ਅਰਥ:- ਸੈਲਾਬ= ਹੜ, ਕੱਫ= ਝੱਗ, ਅੰਜੁਮ= ਤਾਰੇ, ਸਹਰ= ਸਵੇਰ, ਮਾਹ= ਚੰਦਰਮਾ, ਸੈਲ= ਹੜ, ਸਯਾਰੇ= ਚੱਕਰੇਲ ਤਾਰੇ, ਔਜ= ਉਚਾਈ, ਹਬਾਬ= ਬੁਲਬੁਲਾ, ਸਰਿ= ਮੌਜ਼ ਲਹਿਰ ਦੇ ਬਿਲਕੁਲ ਉਪਰ, ਵੀ ਤਾਰੀ= ਭਾਰੂ।

ਅਰਥਾਤ :- ਦਿਨ ਦੇ ਚੜਾਅ ਦੀ ਪ੍ਰਕ੍ਰਿਆ ਜ਼ੋਰ ਸ਼ੋਰ ਨਾਲ ਆਰੰਭ ਹੋ ਗਈ। ਇਸ ਤਰ੍ਹਾਂ ਲਗ ਰਿਹਾ ਸੀ ਕਿ ਜਿਵੇਂ ਪ੍ਰਕਾਸ਼ ਦਾ ਹੜ੍ਹ ਆ ਗਿਆ ਹੋਵੇ, ਇਸ ਦੇ ਤੀਬਰ ਹੜ੍ਹ ਦੇ ਨਾਲ ਤਾਰਿਆਂ ਦੀ ਕਿਆਰੀ ਇਸ ਤਰ੍ਹਾਂ ਵਹਿਣ ਲਗ ਪਈ ਜਿਵੇਂ ਪਾਣੀ ਦੇ ਤੀਬਰ ਵੇਗ ਨਾਲ ਝੱਗ ਵਹਿਣੀ ਸ਼ੁਰੂ ਹੋ ਜਾਂਦੀ ਹੈ। ਅਰਥਾਤ ਜਿਉਂ ਜਿਉਂ ਚਾਨਣ ਦੀ ਆਰੰਭਤਾ ਦੀ ਪ੍ਰਕ੍ਰਿਆ ਚਲੀ, ਤਾਰੇ ਅੱਖਾਂ ਤੋਂ ਦੂਰ ਹੁੰਦੇ ਜਾ ਰਹੇ ਸਨ। ਬੇਸ਼ਕ ਰਾਤ ਦੇ ਤਾਰੇ ਪ੍ਰਕਾਸ਼ ਨਾਲ ਅਦ੍ਰਿਸ਼ਟ ਹੁੰਦੇ ਜਾ ਰਹੇ ਸਨ ਪ੍ਰੰਤੂ ਸਵੇਰ ਤੱਕ ਰਹਿਣ ਵਾਲੇ ਤਾਰੇ ਅਜੇ ਪ੍ਰਕਾਸ਼ਮਾਨ ਸਨ ਅਤੇ ਚਮਕ ਰਹੇ ਸਨ। ਸਵੇਰ ਦਾ ਚਾਨਣ ਰੂਪੀ ਹੜ ਚੰਦਰਮਾਂ ਦੀ ਕਿਸ਼ਤੀ ਤੇ ਭਾਰੂ ਹੁੰਦਾ ਜਾ ਰਿਹਾ ਸੀ, ਅਰਥਾਤ ਚੰਦਰਮਾਂ ਦਾ ਚਾਨਣ ਘੱਟਦਾ ਜਾ ਰਿਹਾ ਸੀ।

ਚਾਨਣ ਦੇ ਇਸ ਤੀਬਰ ਵੇਗ ਨਾਲ ਤਾਰੇ ਇਸ ਤਰ੍ਹਾਂ ਟੁੱਟ ਰਹੇ ਸਨ ਅਰਥਾਤ ਚਾਨਣ ਤੋਂ ਰਹਿਤ ਹੋ ਰਹੇ ਸਨ ਜਿਵੇਂ ਪਾਣੀ ਦੀ ਲਹਿਰ ਦੇ ਸਿਰੇ ਤੇ ਆ ਕੇ ਬੁਲਬੁਲਾ ਟੁੱਟ ਜਾਂਦਾ ਹੈ।

41.

ਜਿਤਨੀ ਥੀ ਕਮਾਂ ਨੂਰ ਕੀ ਖੈਂਚੀ ਚਲੀ ਆਤੀ।
ਥੀ ਉਤਨੀ ਸ਼ਿਆਹੀ ਪਿ ਸੁਫ਼ੈਦੀ ਮਿਲੀ ਜਾਤੀ।
ਹਰ ਏਕ ਕਿਰਨ ਤੀਰ ਕੀ ਤੇਜ਼ੀ ਥੀ ਦਿਖਾਤੀ।
ਨੇਜ਼ੋਂ ਸੇ ਸੁਆਓਂ ਕੇ ਛਨੀ ਚਰਖ ਕੀ ਛਾਤੀ।
ਖ਼ੁਰਸ਼ੈਦ ਨਿਕਲਨੇ ਹੀ ਕੋ ਥਾ ਅਬ ਕੋਈ ਦਮ ਮੇਂ।
ਹੋਨੇ ਕੋ ਥਾ ਫਿਰ ਹਸ਼ਰ ਬਪਾ ਅੱਰਬੋ-ਅੱਜ਼ਮ ਮੇਂ।

ਸ਼ਬਦ ਅਰਥ:- ਕਮਾਂ= ਕਮਾਨ, ਨੂਰ= ਚਾਨਣ, ਖੈਂਚੀ= ਖਿੱਚੀ, ਸ਼ਿਆਹੀ= ਹਨੇਰਾ, ਕਾਲਾਪਨ, ਸੁਆਓਂ= ਕਿਰਨਾਂ, ਛਨੀ= ਛਲਣੀ ਹੋ ਗਈ, ਖ਼ੁਰਸ਼ੈਦ= ਸੂਰਜ ਹਸ਼ਰ= ਅੰਤਕਾਲ, ਪਰਲੋ, ਅਰਬੋ-ਅੱਜ਼ਮ= ਈਰਾਨ, ਬਪਾ= ਖੜਾ।

ਅਰਥਾਤ :- ਜਿਉਂ ਜਿਉਂ ਚਾਨਣ ਰੂਪੀ ਕਮਾਨ ਖਿੱਚੀ ਜਾ ਰਹੀ ਸੀ, ਉਨਾ ਹੀ ਹਨੇਰਾ ਚਾਨਣ ਵਿਚ ਬਦਲਦਾ ਜਾ ਰਿਹਾ ਸੀ, ਅਰਥਾਤ ਜਿਉਂ ਜਿਉਂ ਸੂਰਜ ਦੀਆਂ ਕਿਰਨਾਂ ਦੀ ਰੋਸ਼ਨੀ ਜ਼ੋਰ ਫੜਦੀ ਜਾ ਰਹੀ ਸੀ ਤਿਉਂ ਤਿਉਂ ਹੀ ਚਾਨਣ ਹਨੇਰੇ ਉਪਰ ਭਾਰੂ ਹੁੰਦਾ ਜਾ ਰਿਹਾ ਸੀ। ਇੰਝ ਲਗਦਾ ਸੀ ਜਿਵੇਂ ਸੂਰਜ ਦੀ ਹਰ ਕਿਰਨ ਤੀਰ ਦੀ ਤੇਜੀ ਵਾਂਗ ਨਿਕਲ ਰਹੀ ਸੀ, ਜਾਂ ਇੰਝ ਲਗਦਾ ਸੀ ਜਿਵੇਂ ਚਾਨਣ ਰੂਪੀ ਨੇਜ਼ਿਆਂ ਦੀਆਂ ਅਣੀਆ ਨਾਲ ਹਨੇਰੇ ਅਕਾਸ਼ ਦੀ ਛਾਤੀ ਛਾਨਣੀ-ਛਾਨਣੀ ਹੋ ਗਈ ਹੋਵੇ।

ਸੂਰਜ ਨਿਕਲਣ ਵਿਚ ਕੁਝ ਹੀ ਸਮਾ ਬਾਕੀ ਸੀ, ਅਤੇ ਦੂਰ ਦੇਸ਼ (ਈਰਾਨ) ਤੱਕ ਚਾਨਣ ਦੀ ਪਰਲੋ ਚੜਨ ਨੂੰ ਤਿਆਰ ਸੀ, ਅਰਥਾਤ ਸੂਰਜ ਚੜ੍ਹਨ ਨਾਲ ਇਸ ਏਸ਼ੀਆਈ ਖਿੱਤੇ (ਅਰਬੋ-ਅੱਜ਼ਮ) ਵਿਚ ਹਨੇਰੇ ਦੇ ਖਾਤਮੇ ਦੀ ਪ੍ਰਕ੍ਰਿਆ ਆਰੰਭ ਹੋ ਗਈ ਸੀ ਅਤੇ ਦਿਨ ਦਾ ਚੜਾਅ ਸ਼ੁਰੂ ਹੋ ਗਿਆ ਸੀ।

42.

ਸਵੇਰ ਦਾ ਅੰਮ੍ਰਿਤ ਵੇਲਾ

ਬੇਦਾਰ ਥੇ ਸਭ ਖ਼ਾਲਸਾ ਜੀ ਹੋ ਚੁਕੇ ਕਬ ਕੇ।
ਨਹਾ ਧੋ ਕੇ ਬੈਠੇ ਹੂਏ ਥੇ ਧਯਾਨ ਮੇਂ ਰਬ ਕੇ।
ਦੀਵਾਨ ਬੜੀ ਸ਼ਾਨ ਕਾ, ਜਲਵੇ ਥੇ ਗ਼ਜ਼ਬ ਕੇ।
ਖ਼ੁਦ ਰਖਤੇ ਥੇ ਤਸ਼ਰੀਫ਼ ਗੁਰੂ ਸਾਮਨੇ ਸਬ ਕੇ।
ਥੇ ਪਾਸ 'ਅਜੀਤ' ਔਰ ਥੇ 'ਜੁਝਾਰ' ਪਿਆਰੇ।
ਗੁਰਿਆਈ ਕੇ ਚੜ੍ਹਤੇ ਹੂਏ ਦਰਿਯਾ ਕੇ ਕਿਨਾਰੇ।

ਸ਼ਬਦ ਅਰਥ :- ਬੇਦਾਰ= ਸਾਵਧਾਨ, ਜਾਗਣਾ, ਗ਼ਜ਼ਬ= ਕਹਿਰ ਦੇ ਜਲਵੇ= ਛੱਬਤ, ਨਜ਼ਾਰੇ, ਤਸ਼ਰੀਫ਼= ਵਡਿਆਈ ਨਾਲ, ਸਤਿਕਾਰ ਨਾਲ।

ਅਰਥਾਤ :- ਕਾਫੀ ਦਿਨਾਂ ਤੋਂ ਘਮਸਾਣ ਦੇ ਯੁੱਧਾਂ, ਭੁੱਖ ਤ੍ਰੇਹ ਨਾਲ ਨਿਢਾਲ ਹੋਏ ਗੁਰੂ ਕੇ ਖਾਲਸਿਆਂ ਨੂੰ ਕਾਫੀ ਦਿਨਾਂ ਬਾਅਦ ਸੌਣਾ ਨਸੀਬ ਹੋਇਆ ਸੀ ਪਰ ਕੁਝ ਸਮਾਂ ਸੌਣ ਉਪਰੰਤ ਹੁਣ ਸਾਰੇ ਖਾਲਸੇ ਜਾਗ ਚੁੱਕੇ ਸਨ। ਇਸ਼ਨਾਨ ਕਰਕੇ ਸਾਰੇ ਸੂਰਮੇ ਇਕਾਗਰ ਚਿੱਤ ਬੈਠ ਕੇ ਸਿਮਰਨ ਵਿੱਚ ਜੁੜੇ ਹੋਏ ਸਨ। ਬੜਾ ਸੁੰਦਰ ਦੀਵਾਨ ਲੱਗਾ ਪ੍ਰਤੀਤ ਹੋ ਰਿਹਾ ਸੀ। ਅਜੀਬ ਆਤਮਿਕ ਅਨੰਦ ਦੇ ਹੁਲਾਰਿਆਂ ਦੇ ਜਲਵਿਆਂ ਦੀ ਛੱਬਤ ਕਹਿਰ ਦੀ ਸੀ। ਗੁਰੂ ਪਾਤਸ਼ਾਹ ਸਾਰੇ ਸਿੰਘਾਂ ਦੇ ਸਨਮੁੱਖ ਬੈਠੇ ਹੋਏ ਸਨ।

ਗੁਰੂ ਸਾਹਿਬ ਦੇ ਸੱਜੇ ਖੱਬੇ ਦੋਵੇਂ ਪਾਸੀ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਬੈਠੇ ਹੋਏ ਸਨ। ਕਵੀ ਕਾਲਪਨਿਕ ਪੱਖ ਤੋਂ ਸੋਚਦਾ ਹੋਇਆ ਦੋਹਾਂ ਸਾਹਿਬਜ਼ਾਦਿਆਂ ਨੂੰ ਗੁਰਗੱਦੀ ਦੇ ਹੱਕਦਾਰ ਸਮਝ ਰਿਹਾ ਹੈ ਤੇ ਦੂਸਰੇ ਸ਼ਬਦਾਂ ਵਿਚ ਇਹ ਅਰਥ ਵੀ ਹੈ ਕਿ ਦੋਵੇਂ ਸਾਹਿਬਜ਼ਾਦੇ ਗੁਰੂ ਪਾਤਸ਼ਾਹ ਦੀ ਚੜ੍ਹਦੀ ਕਲਾ ਦੇ ਪ੍ਰਤੀਕਾਂ ਵਜੋਂ ਗੁਰੂ ਪਾਤਸ਼ਾਹ ਪਾਸ ਅਡੋਲ ਚਿੱਤ ਬੈਠੇ ਹੋਏ ਸਨ।

43.

ਸਾਹਿਬਜ਼ਾਦਿਆਂ ਦੀ ਸੁੰਦਰਤਾ ਦਾ ਵਰਨਣ

ਗੱਦੀ ਪੇ ਪਿਤਾ, ਬੇਟੇ ਭੀ ਮਸਨਦ ਕੇ ਕਰੀ ਥੇ।
ਦੋ ਚਾਂਦ ਕੇ ਟੁਕੜੋਂ ਮੇ ਗਿਰਦ ਮਾਹੁ-ਮੁਬੀਂ ਥੇ।
ਥੇ ਨੂਰ ਸੇ ਤਨ ਪੈਕਰਿ, ਖ਼ਾਕੀ ਯਿਹ ਨਹੀਂ ਥੇ।
ਸ਼ਾਹਜਾਦੋਂ ਸੇ ਸ਼ਾਹਿ-ਸ਼ਾਹ ਕੇ ਸ਼ਹਜ਼ਾਦੇ ਹੁਸੀਂ ਥੇ।

ਅੱਮਾਮੋਂ ਪਿ ਕਲਗੀ ਕਾ ਅੱਜਬ ਤੁੱਰਾ ਸਜਾ ਥਾ।
ਇਕ ਉਅੰਕਾਰ ਸਾਫ਼ ਗੁਰਮੁਖੀ ਮੇਂ ਲਿਖਾ ਥਾ।

ਸ਼ਬਦ ਅਰਥ :- ਮਸਨਦ= ਤਖਤ, ਸਿੰਘਾਸਨ, ਮਾਂਹ= ਚੰਦ, ਮੁਬੀਂ= ਦੱਸੇ ਹੋਏ, ਪੈਕਰਿ= ਮੂਰਤ, ਸਰੀਰ, ਖ਼ਾਕੀ= ਮਿੱਟੀ ਦੇ ਤੱਤਾਂ ਦੇ, ਅੱਮਾਮੋਂ= ਦਸਤਾਰ, ਅਜਬ= ਸੁਹਣਾ, ਅਜ਼ੀਬ, ਤੁੱਰਾ= ਫੱਰਾ।

ਅਰਥਾਤ :- ਜਿਵੇਂ ਪਹਿਲਾਂ ਦੱਸਿਆ ਜਾ ਚੁਕਾ ਕਿ ਸਿੰਘਾਂ ਨੇ ਆਪਣੇ ਕੁਝ ਬਸਤਰਾਂ ਅਤੇ ਵੱਡੇ ਦਸਤਾਰਿਆਂ ਨਾਲ ਗੁਰੂ ਸਾਹਿਬ ਦੇ ਬੈਠਣ ਵਾਸਤੇ ਗਦੇਲਾ ਜਿਹਾ ਤਿਆਰ ਕਰ ਦਿੱਤਾ ਸੀ। ਗੜ੍ਹੀ ਅੰਦਰ ਕੋਈ ਸ਼ਾਹੀ ਤਖਤ ਮਸਨਦ ਆਦਿ ਨਹੀਂ ਸੀ।

ਗੁਰੂ ਸਾਹਿਬ ਉਸ ਗੱਦੀ (ਸਿੰਘਾਸਨ) ਉਪਰ ਬੈਠੇ ਹੋਏ ਸਨ। ਦੋਵੇਂ ਪਾਸੇ ਪਿਤਾ ਪਾਸ ਦੋਵੇਂ ਸਾਹਿਬਜ਼ਾਦੇ ਬੈਠੇ ਹੋਏ ਸਨ। ਸਾਹਿਬਜ਼ਾਦਿਆਂ ਦੇ ਨੂਰਾਨੀ ਮੁਖੜਿਆਂ ਵੱਲ ਤੱਕਿਆ ਨਹੀਂ ਸੀ ਜਾ ਰਿਹਾ ਇਸ ਤਰ੍ਹਾਂ ਲਗਦਾ ਸੀ ਜਿਵੇਂ ਚੰਦ ਦੇ ਦੋ ਟੁਕੜਿਆਂ ਵਿਚਕਾਰ ਨੂਰਾਨੀ ਪ੍ਰਕਾਸ਼ ਦਾ ਸੋਮਾ ਹੋਵੇ। ਜਿਸਮ ਕਿਸੇ ਆਤਮਿਕ ਤੇ ਆਲੌਕਿਕ ਨੂਰ ਨਾਲ ਪ੍ਰਕਾਸ਼ਮਾਨ ਸਨ ਨਾਂ ਕਿ ਪੰਜ ਤੱਤਾਂ ਜਾਂ ਮਿੱਟੀ ਤੋਂ ਬਣੇ ਹੋਏ ਪ੍ਰਤੀਤ ਹੋ ਰਹੇ ਸਨ। ਸਾਰੀ ਦੁਨੀਆਂ ਦੇ ਸ਼ਾਹੀ ਅਮੀਰੜਿਆਂ ਦੇ ਸ਼ਹਿਜਾਦਿਆਂ ਨਾਲੋਂ ਗੁਰੂ ਸਾਹਿਬ ਦੇ ਸਾਹਿਬਜ਼ਾਦੇ ਸੋਹਣੇ (ਹੁਸੀਨ) ਸਨ। ਸੀਸ ਉਪਰ ਸੁੰਦਰ ਦਸਤਾਰਾਂ ਸੱਜੀਆਂ ਹੋਈਆਂ ਸਨ। ਅਤੇ ਸੁੰਦਰ ਦਸਤਾਰਾਂ ਉਪਰੋਂ ਫੱਰਾ ਨਿਕਲਿਆ ਹੋਇਆ ਸੀ। ਦਸਤਾਰ ਉਪਰ ਸੱਜੇ ਫੱਰੇ ਉਪਰ ਗੁਰਮੁੱਖੀ ਦੇ ਸੁੰਦਰ ਅੱਖਰਾਂ ਨਾਲ ਇਕ ਉਅੰਕਾਰ (੧ੴ) ਲਿਖਿਆ ਹੋਇਆ ਸੀ।

44.

ਗੁਰੂ ਗੋਬਿੰਦ ਸਿੰਘ ਜੀ ਦੀ ਨਕਸ਼ ਨੁਹਾਰ ਦਾ ਵਰਨਣ

ਪੇਸ਼ਾਨੀਇ ਪੁਰ ਆਬ ਪਿ ਯੂੰ ਕੇਸ ਥੇ ਕਾਰੇ।
ਸੁੰਬਲ ਕਾ ਗੋਜਾ ਖੇਤ ਥਾ ਦਰਿਯਾ ਕੇ ਕਿਨਾਰੇ।
ਅਬਰੂ ਤਲੇ ਆਂਖੇ ਥੀ ਯਾ ਜੰਗਲ ਮੇਂ ਚਿਕਾਰੇਂ।
ਵੁਹ ਨਾਕ ਕਾ ਨਕਸ਼ਾ ਜੁ ਨ 'ਮਾਨੀ' ਭੀ ਉਤਾਰੇ।

ਇਨ ਕਾਨੋ ਕੀ ਖ਼ੂਬੀ ਉਸੇ ਹੈਰਤ ਮੇਂ ਜਕੜ ਲੇ।
ਦੇਖੇ ਉਨ੍ਹੇ 'ਬਹਿਜ਼ਾਦ' ਤੋਂ ਕਾਨ ਅਪਨਾ ਪਕੜ ਲੇ।

ਸ਼ਬਦ ਅਰਥ:- ਪੇਸ਼ਾਨੀ= ਮੱਥਾ, ਆਬ= ਪਾਣੀ; ਕਾਰੇ= ਕਾਲੇ, ਸੁੰਬਲ= ਇਕ ਬਹੁਤ ਹੀ ਨਰਮ ਤੇ ਸੁਹਣਾ ਘਾਹ, ਅਬਰੂ= ਭਰਵੱਟੇ, ਚਿਕਾਰੇ= ਬਾਰਾਂ ਸਿੰਗੇ, ਮਾਨੀ= ਰੋਮ (ਇਟਲੀ) ਦਾ ਇਕ ਪ੍ਰਸਿੱਧ ਚਿੱਤਰਕਾਰ, ਜਿਸ ਨੇ ਨਬੀ ਹੋਣ ਦਾ ਦਾਅਵਾ ਕੀਤਾ ਤੇ ਆਪਣੀ ਚਿੱਤਰਕਾਰੀ ਨੂੰ 'ਮੁਅੱਜਜਾ' ਦੱਸਿਆ। ਉਸ ਦੇ ਚਿੱਤਰ ਦਾ ਸੰਗ੍ਰਹਿ 'ਅਰਜ਼ੰਗ' ਹੈ,
ਮੁਅੱਜਜਾ= ਖ਼ੁਦਾ ਦਾ ਬਖਸ਼ਿਆ ਹੋਇਆ, ਬਹਿਜ਼ਾਦ= ਈਰਾਨ ਦਾ ਇਕ ਮਸ਼ਹੂਰ ਮੁਸੱਵਰ।

ਅਰਥਾਤ :- ਗੁਰੂ ਪਾਤਸ਼ਾਹ ਦੇ ਮੱਥੇ ਉਪਰ ਪਾਣੀ ਦੀਆਂ ਕੁਝ ਬੂੰਦਾਂ ਮੋਤੀਆਂ ਵਾਂਗ ਠਹਿਰੀਆਂ ਹੋਈਆਂ ਸਨ ਤੇ ਮੱਥੇ ਉਪਰੋਂ ਨਜ਼ਰ ਆ ਰਹੇ ਸੁੰਦਰ ਤੇ ਮਖ਼ਮਲੀ ਕੇਸ ਇੰਝ ਲਗ ਰਹੇ ਸਨ ਜਿਵੇਂ ਕਿਸੇ ਸਾਂਤ ਰਸ ਵਹਿ ਰਹੇ ਨਿਰਮਲ ਦਰਿਆ ਦੇ ਕੰਢੇ ਉਪਰ ਬੜਾ ਹੀ ਨਰਮ ਸੁੰਬਲ ਘਾਹ ਉਗਿਆ ਹੋਵੇ। ਗੁਰੂ ਸਾਹਿਬ ਦੇ ਨੇਤਰ ਏਨੇ ਸੁੰਦਰ ਸਨ ਜਦੋਂ ਇਕ ਪਾਸੇ ਤੋਂ ਦੂਜੇ ਪਾਸੇ ਘਮਾਉਂਦੇ ਸਨ ਤਾਂ ਇੰਝ ਲਗਦਾ ਸੀ ਜਿਵੇਂ ਕਿਸੇ ਘਣੇ ਜੰਗਲ ਵਿਚ ਬਾਰਾ ਸਿੰਗੇ ਘੁੰਮ ਰਹੇ ਹੋਣ। ਭਰਵੱਟੇ ਕਾਲੇ ਔਰ ਸੰਘਣੇ ਸਨ ਇਸੇ ਕਰਕੇ ਹੀ ਕਵੀ ਨੇ ਘਣੇ ਜੰਗਲ ਸ਼ਬਦ ਦੀ ਵਰਤੋਂ ਕੀਤੀ ਹੈ।

ਗੁਰੂ ਸਾਹਿਬ ਦੇ ਨਕਸ਼ਾ ਦੀ ਤੱਰੀਫ਼ ਕਰਦਾ ਕਵੀ ਲਿਖਦਾ ਹੈ ਕਿ ਗੁਰੂ ਸਾਹਿਬ ਦਾ ਨੱਕ ਇਨ੍ਹਾਂ ਸੁੰਦਰ ਸੀ ਕਿ ਮਾਨੀ ਵਰਗਾ ਪ੍ਰਸਿੱਧ ਚਿੱਤਰਕਾਰ ਵੀ ਉਸਦਾ ਨਕਸ਼ਾ ਨਹੀਂ ਉਤਾਰ ਸਕਦਾ ਅਰਥਾਤ ਆਪਣੀ ਕਲਾਕ੍ਰਿਤ ਵਿਚ ਕੈਦ ਨਹੀਂ ਕਰ ਸਕਦਾ। ਗੁਰੂ ਸਾਹਿਬ ਦੇ ਕੰਨ

ਇਤਨੇ ਸੁੰਦਰ ਸਨ ਕਿ ਜੇਕਰ ਬਹਿਜ਼ਾਦ ਵਰਗਾ ਮੁਸੱਵਰ ਆਪਣੀ ਚਿੱਤਰਕਲਾ ਰਾਹੀਂ ਪ੍ਰਗਟ ਕਰਨਾ ਚਾਹੇ ਤਾਂ ਕਰ ਨਹੀਂ ਸਕੇਗਾ ਸਗੋਂ ਤੋਬਾ ਕਰਦਾ ਹੋਇਆ ਆਪਣੇ ਕੰਨ ਫੜ ਕੇ ਬੈਠ ਜਾਵੇਗਾ।

45.

ਦੋ ਚਾਂਦ ਕੇ ਟੁਕੜੇ ਹੈਂ ਯਿਹ ਰੁਖ਼ਸਾਰ ਨਹੀਂ ਹੈਂ।
ਸੁਰਖ਼ ਹੋਨੇ ਪਿ ਭੀ ਨੂਰ ਹੈਂ ਯਿਹ ਨਾਰ ਨਹੀਂ ਹੈਂ।
ਅਬ ਆਗੈ ਦਹਨ ਮਿਲਨੇ ਕੇ ਆਸਾਰ ਨਹੀਂ ਹੈ।
ਜੋਗੀ ਜਿਸੇ ਪਾ ਲੇ ਯਿਹ ਵੁਹ ਅਸਰਾਰ ਨਹੀਂ ਹੈ।

ਹੋਠੋਂ ਕੇ ਮੁਕਾਬਿਲ ਮੇਂ ਨਿਬਾਤ ਹੋ ਨਹੀਂ ਸਕਤੀ।
ਲਬ ਮਿਲਤੇ ਹੀ ਸ਼ੀਰੀ ਸੇ ਬਾਤ ਹੋ ਨਹੀਂ ਸਕਤੀ।

ਸ਼ਬਦ ਅਰਥ :- ਰੁਖ਼ਸਾਰ= ਗੱਲਾਂ, ਸੁਰਖ਼= ਲਾਲ, ਨਾਰ= ਅੱਗ, ਜੋਗੀ= ਸਰੀਰਕ ਭੇਦਾਂ ਨੂੰ ਜਾਨਣ ਵਾਲਾ, ਅਸਰਾਰ= ਭੇਦ, ਨਿਬਾਤ= ਮਿਸ਼ਰੀ, ਲਬ= ਬੁੱਲ ਸ਼ੀਰੀ= ਮਠਿਆਈ।

ਅਰਥਾਤ :- ਗੁਰੂ ਪਾਤਸ਼ਾਹ ਦੀਆਂ ਗੱਲਾਂ ਚੰਦ ਦੇ ਦੋ ਟੁਕੜਿਆਂ ਵਾਂਗ ਨੂਰਾਨੀ ਸਨ, ਅਜੀਬ ਰੂਹਾਨੀ ਨੂਰ ਨਾਲ ਭਰਪੂਰ ਸਨ। ਗੱਲਾਂ ਦੀ ਲਾਲੀ ਦੀ ਪ੍ਰਕਾਸ਼ ਮਾਨਤਾ ਅੰਗਿਆਰਾਂ ਵਾਂਗ ਨਹੀਂ ਬਲਕਿ ਅਜੀਬ ਤੇ ਰਹੱਸਮਈ ਨੂਰ ਨਾਲ ਭਰਪੂਰ ਸੀ, ਗੱਲ ਕੀ ਅੰਗ-ਅੰਗ ਦੇ ਵਿਚੋਂ ਇਲਾਹੀ ਨੂਰ ਦੇ ਚਸ਼ਮੇ ਫੁੱਟ ਰਹੇ ਸਨ ਜਿੰਨਾਂ ਕੋਈ ਭੇਦ ਕੋਈ ਨਹੀਂ ਸੀ ਪਾ ਸਕਦਾ, ਹਰ ਤਰ੍ਹਾਂ ਦੇ ਸਰੀਰਕ ਭੇਦਾਂ ਦਾ ਜਾਣਕਾਰ ਵੀ ਗੁਰੂ ਸਾਹਿਬ ਦੇ ਨੂਰਾਨੀ ਜਿਸਮ ਦੇ ਅਗੰਮੀ ਜਲਵਿਆਂ ਦਾ ਭੇਦ ਨਹੀਂ ਸੀ ਪਾ ਸਕਦਾ।

ਗੁਰੂ ਸਾਹਿਬ ਦੇ ਬੁੱਲਾਂ (ਹੋਠਾਂ) ਦੀ ਤਾਰੀਫ਼ ਤਾਂ ਲਿਖੀ ਹੀ ਨਹੀਂ ਜਾ ਸਕਦੀ ਕਿਉਂਕਿ ਬੁੱਲਾਂ ਦੀ ਮਿੱਠਤ ਦਾ ਮੁਕਾਬਲਾ ਤਾਂ ਮਿਸ਼ਰੀ ਵੀ ਨਹੀਂ ਕਰ ਸਕਦੀ। ਪਾਤਸ਼ਾਹ ਮੁਖਾਰਬਿੰਦ ਤੋਂ ਬਚਨ ਫੁਰਮਾਉਂਦੇ ਤਾਂ ਫੁੱਲ ਝੜਦੇ ਸਨ, ਸ਼ਬਦਾਂ ਵਿਚ ਮਠਿਆਈ ਵਰਗੀ ਮਿਠਤ ਸੀ।

46.

ਚਿਹਰਾ ਥਾ ਮਾਹਿ-ਚਾਰ-ਦਹਮ ਰੀਸ਼ ਥੀ ਹਾਲਾ।
ਮੂਛੇ ਥੀਂ ਯਾ ਖ਼ਤਿ-ਨੂਰ ਕੀ ਮਿਸਤ੍ਰ ਪਿ ਥਾ ਕਾਲਾ।
ਕਹਿਤਾ ਲਬਿ-ਲਾਲੀ ਕੋ ਥਾ ਹਰ ਦੇਖਨੇ ਵਾਲਾ।
ਕਸਤੂਰੀ ਕੇ ਜੰਗਲ ਮੇਂ ਖਿਲਾ ਹੈ ਗੁਲਿ-ਲਾਲਾ।

ਗਰਦਨ ਪਿ ਰੁਏ-ਸ਼ਾਹ ਕੀ ਤਮਸੀਲ ਕਯਾ ਲਿਖੂੰ।
ਥੀ ਪੀੜ੍ਹੇ ਪਿ ਗਰੰਥ ਮੁਕੱਦਸ ਖੁਲਾ ਕਿਹਾ ਲਿਖੂੰ।

ਸ਼ਬਦ ਅਰਥ :- ਮਾਹਿ-ਚਾਰ-ਦਹਮ= ਚੌਧਵੀਂ ਦਾ ਚੰਦ, ਰੀਸ਼= ਦਾਹੜਾ, ਹਾਲਾ= ਪਰਵਾਰ (ਗੋਲਾਕਾਰ ਗੂੜਾ ਘੇਰਾ), ਕਸਤੂਰੀ ਕੇ ਜੰਗਲ= ਜਿਸ ਜੰਗਲ ਵਿਚ ਮਹਿਕ ਖਿਲਰੀ ਹੋਵੇ। ਮਿਸਤ੍ਰ= ਉਹ ਕਾਗਜ ਜਿਸ ਉਪਰ ਸਿਧੀਆਂ ਲੀਕਾਂ ਖਿੱਚ ਕੇ ਲਿਖਾਰੀ ਲਿਖਣ ਵਾਲੇ ਕਾਗਜ਼ ਹੇਠ ਰਖਦੇ ਸਨ, ਲਬਿ-ਲਾਲੀ= ਬੁਲਾਂ ਦੀ ਲਾਲਗੀ, ਗੁਲਿ-ਲਾਲਾ= ਪੋਸਤ ਦਾ ਸੁਰਖ ਲਾਲ ਫੁੱਲ, ਰੁਏ-ਸ਼ਾਹ= ਗੁਰੂ ਸਾਹਿਬ ਦਾ ਚਿਹਰਾ, ਤਮਸੀਲ= ਪ੍ਰਮਾਣ, ਉਦਾਹਰਨ, ਮਕੱਦਸ= ਰੂਹਾਨੀ ਗਿਆਨ ਦਾ ਸੋਮਾ, ਗ੍ਰੰਥ ਕਸਤੂਰੀ= ਸੁਗੰਧਿਤ ਫੁੱਲ, ਮਿਰਗ ਅੰਦਰ ਪਰਗਟ ਹੋਈ ਕਸਤੂਰੀ।

ਅਰਥਾਤ :- ਗੁਰੂ ਸਾਹਿਬ ਦਾ ਨੂਰਾਨੀ ਮੁਖੜਾ ਚੋਧਵੀਂ ਦੇ ਚੰਦ ਦੀ ਤਰ੍ਹਾਂ ਪ੍ਰਕਾਸ਼ਮਾਨ ਸੀ, ਸੁੰਦਰ ਮੁਖੜੇ ਉਪਰ ਪਾਵਨ ਦਾਹੜਾ ਇਸ ਤਰ੍ਹਾਂ ਸੋਭ ਰਿਹਾ ਸੀ ਜਿਵੇਂ ਚੰਦਰਮਾਂ ਦੁਆਲੇ ਪਰਵਾਰ ਪਿਆ ਹੋਵੇ। ਮੁਛਾਂ ਐਸੀਆਂ ਸੁੰਦਰ ਸਨ ਜਿਵੇਂ ਕਿਸੇ ਲਿਖਾਰੀ ਦੀ ਲਿਖਣ ਲਈ ਤਿਆਰ ਕੀਤੀ ਮਿਸਤ੍ਰ ਹੋਵੇ ਅਰਥਾਤ ਬੜੇ ਹੀ ਸੁੰਦਰ ਅਕਾਰ ਵਿਚ ਸੋਭ ਰਹੀਆਂ ਸਨ। ਗੁਰੂ ਸਾਹਿਬ ਦੇ ਬੁਲਾਂ ਦੀ ਲਾਲੀ ਏਨੀ ਖ਼ੂਬਸੂਰਤ ਸੀ ਕਿ ਹਰ ਕੋਈ ਵੇਖਣ ਵਾਲਾ ਤੱਕ ਕੇ ਕਹਿੰਦਾ ਸੀ ਕਿ ਪਾਵਨ ਮੁੱਖੜੇ ਉਪਰ ਬੁੱਲ ਏਸ ਤਰ੍ਹਾਂ ਸੋਭ ਰਹੇ ਹਨ ਜਿਵੇਂ ਕਸਤੂਰੀ ਦੇ ਸੁਗੰਧਮਈ ਜੰਗਲ ਵਿਚ ਪੋਸਤ ਦਾ ਗੂੜਾ ਲਾਲ ਫੁੱਲ ਖਿੜਿਆ ਹੋਵੇ।

ਗੋਰੀ ਤੇ ਸੁੰਦਰ ਗਰਦਨ ਉਪਰ ਗੁਰੂ ਪਾਤਸ਼ਾਹ ਦੇ ਨੂਰਾਨੀ ਚਿਹਰੇ ਦੀ ਤਾਰੀਫ਼ ਤਾਂ ਲਿਖੀ ਨਹੀਂ ਜਾ ਸਕਦੀ, ਇਸ ਤਰ੍ਹਾਂ ਲਗਦਾ ਸੀ ਜਿਵੇਂ ਪੀੜੇ ਉਪਰ ਕੋਈ ਪਵਿੱਤਰ ਗ੍ਰੰਥ ਖੁੱਲਾ ਪਿਆ ਹੋਵੇ।

47.

ਦਾਹੜੀ ਥੀ ਯਾ ਕਿ ਮੁਸਹਫਿ-ਰੁਖ਼ ਕਾ ਗਿਲਾਫ਼ ਥਾ।
ਕਾਲੇ ਉਛਾੜ ਪਰ ਜੋ ਖੁਲ੍ਹਾ ਸਾਫ਼ ਸਾਫ਼ ਥਾ।
ਸ਼ਾਨੋ ਕੀ ਸਜ ਕਾ ਗ਼ੈਰ ਕੋ ਭੀ ਏਅੱਤਰਾਫ਼ ਥਾ।
ਬਾਜ਼ੂ ਕੇ ਬਲ ਕਾ ਗ਼ੁਲਗ਼ੁਲਾ ਜਾ ਪਹੁੰਚਾ ਕਾਫ਼ ਥਾ।
ਕੁੱਵਤ ਸੇ ਦੇਵ ਜਚਤੇ ਨ ਜਿੱਨ ਥੇ ਨਿਗਾਹ ਮੇਂ।
ਬਖਸ਼ਾ ਥਾ ਹੱਕ ਨੇ ਜ਼ੋਰ ਵੁਹ ਬਾਜ਼-ਇ-ਸ਼ਾਹ ਮੇਂ।

ਸ਼ਬਦ ਅਰਥ:- ਮੁਸਹਫਿ ਰੁਖ਼= ਪਾਵਨ ਕੁਰਾਨ ਸ਼ਰੀਫ਼, ਗਿਲਾਫ਼= ਉਹ ਕਪੜਾ ਜਿਸ ਵਿਚ ਰੂਹਾਨੀ ਇਲਮ ਦੀਆਂ ਕਿਤਾਬਾਂ ਨੂੰ ਸਤਿਕਾਰ ਸਹਿਤ ਲਪੇਟਿਆ ਜਾਂਦਾ ਹੈ। ਸ਼ਾਨੋਂ= ਮੋਢਿਆਂ, ਸਜ= ਫੱਬਤ, ਇਅੱਤਰਾਫ= ਹੁੰਗਾਰਾ ਭਰਨਾ, ਮੰਨਣਾ, ਬਾਜ਼ੂ= ਬਾਹਵਾਂ, ਗ਼ੁਲਗ਼ੁਲਾ= ਬੋਲਬਾਲਾ, ਕਾਫ਼= ਕੈਸਪੀਅਨ ਤੇ ਕਾਲੇ ਸਾਗਰ ਵਿਚਕਾਰ ਇਕ ਪਹਾੜ, ਕੁਵੱਤ= ਸ਼ਕਤੀ, ਬਲ ਦੇਵ= ਦੇਵਤੇ, ਜਿੰਨ= ਦੈਂਤ, ਹੱਕ= ਪ੍ਰਮਾਤਮਾ, ਬਾਜ਼ੂ-ਇ-ਸ਼ਾਹ= ਪਾਤਸ਼ਾਹ ਦੀਆਂ ਬਾਹਵਾਂ।

ਅਰਥਾਤ:- ਪਾਤਸ਼ਾਹ ਦੇ ਪਵਿੱਤਰ ਦਾਹੜੇ ਦੀ ਤਾਰੀਫ਼ ਕਰਦਾ ਕਵੀ, ਉਚੇਰੀ ਬੁਲੰਦੀ ਦੀ ਕਾਵਿ ਉਡਾਰੀ ਸਦਕਾ ਬਿਆਨ ਕਰਦਾ ਹੈ, ਕਿ ਗੁਰੂ ਸਾਹਿਬ ਦੇ ਕਾਲੇ ਅਤੇ ਮਖ਼ਮਲੀ ਦਾਹੜੇ ਵਿਚ ਸੋਭਦਾ ਸੁੰਦਰ ਮੁਖੜਾ ਇੰਝ ਲਗ ਰਿਹਾ ਸੀ ਜਿਵੇਂ ਕਾਲੇ ਗਿਲਾਫ਼ ਨੂੰ ਵਿਛਾ ਕੇ ਉਪਰ ਮੁਕੱਦਸ ਕੁਰਾਨ ਸ਼ਰੀਫ਼ ਖੁਲਾ ਪਿਆ ਹੋਵੇ, ਅਰਥਾਤ ਕਾਲੇ ਦਾਹੜੇ ਨਾਲ ਪ੍ਰਕਾਸ਼ਮਾਨ ਮੁਖੜਾ ਏਨਾ ਸੋਭ ਰਿਹਾ ਸੀ ਜਿਸਦੀ ਸਿਫ਼ਤ ਲਿਖੀ ਨਹੀਂ ਜਾ ਸਕਦੀ।

ਮੋਢੇ ਏਨੇ ਬਲਵਾਨ ਅਤੇ ਸੁੰਦਰ ਸਨ ਜਿਨ੍ਹਾਂ ਦਾ ਲੋਹਾ ਵਿਰੋਧੀ ਨੂੰ ਵੀ ਮੰਨਣਾ ਪੈਂਦਾ ਸੀ। ਗੁਰੂ ਸਾਹਿਬ ਦੇ ਬਾਹੂਬਲ ਦਾ ਬੋਲਬਾਲਾ ਤਾਂ ਕਾਲੇ ਸਾਗਰ ਤੱਕ ਮਸ਼ਹੂਰ ਸੀ। ਗੁਰੂ ਪਾਤਸ਼ਾਹ ਦਾ ਜਿਸਮ ਐਸੀ ਸ਼ਕਤੀ ਨਾਲ ਬਾਹੂਬਲ ਨਾਲ ਭਰਪੂਰ ਸੀ ਜਿਸਦੇ ਸਾਹਮਣੇ ਆਕਾਸ਼ੀ ਦੇਵਤੇ ਤੇ ਦੈਂਤ ਕੋਈ ਅਹਿਮੀਅਤ ਨਹੀਂ ਰੱਖਦੇ ਸਨ। ਦਰਅਸਲ ਪਾਤਸ਼ਾਹ ਦੀਆਂ ਬਾਹਵਾਂ ਵਿਚ ਅਕਾਲ ਪੁਰਖ ਨੇ ਐਸੀ ਅਦੁੱਤੀ ਸ਼ਕਤੀ ਬਖਸ਼ੀ ਸੀ ਜੋ ਕਿਸੇ ਹੋਰ ਵਿਚ ਨਹੀਂ ਸੀ।

48.

ਕੁਹਣੀ ਗਠੀ ਹੂਈ ਥੀ ਕਲਾਈ ਭਰੀ ਹੂਈ।
ਕੁੱਵਤ ਸੇ ਜਿਹ ਭੀ ਔਰ ਥੀ, ਵੁਹ ਭੀ ਭਰੀ ਹੂਈ।
ਪੰਜੇ ਮੇ ਪਾਂਚ ਸ਼ੇਰੋਂ ਕੀ ਕੱਸ ਥੀ ਭਰੀ ਹੂਈ।
ਉਂਗਲੀ ਕੀ ਪੋਰ ਪੋਰ ਮੇਂ ਬਿਜਲੀ ਭਰੀ ਹੂਈ।

ਸੀਨਾ ਮਿਸਾਲ ਆਈਨੇ ਕੀ ਸਾਫ਼ ਪਾਕ ਥਾ।
ਸਤਿਗੁਰ ਕੇ ਦੁਸ਼ਮਨੋਂ ਕੋ ਭੀ ਜਿਹ ਏਅੱਤਰਾਫ ਥਾ।

ਸ਼ਬਦ ਅਰਥ:- ਕੁਹਣੀ= ਅਰਕ, ਕੁੱਵਤ= ਬਲ, ਸ਼ਕਤੀ, ਪੋਰ-ਪੋਰ= ਪੋਟੇ ਪੋਟੇ, ਕੱਸ= ਸ਼ਕਤੀ, ਆਇਨਾ= ਸ਼ੀਸ਼ਾ, ਪਾਕ= ਪਵਿੱਤਰ, ਮਿਸਾਲ= ਵਰਗਾ, ਏਅੱਤਰਾਫ= ਮੰਨਣਾ, ਸਤਿਗੁਰ= ਗੋਬਿੰਦ ਸਿੰਘ।

ਅਰਥਾਤ :- ਗੁਰੂ ਸਾਹਿਬ ਦੇ ਅਦੁੱਤੀ ਬਾਹੂਬਲ ਦਾ ਨਕਸ਼ਾ ਖਿੱਚਦਾ ਕਵੀ ਵਰਨਣ ਕਰਦਾ ਹੈ ਕਿ ਗੁਰੂ ਸਾਹਿਬ ਦੀ ਅਰਕਾ ਗਠੀਲੀਆਂ ਸਨ ਤੇ ਗੁੱਟਾਂ ਦੇ ਨੇੜਿਉਂ ਕਲਾਈ ਭਰੀ ਹੋਈ ਸੀ। ਸ਼ਕਤੀ ਦੇ ਨਾਲ ਗੁਰੂ ਸਾਹਿਬ ਦੀਆਂ ਬਾਹਵਾਂ ਬਲ ਨਾਲ ਭਰਪੂਰ ਲੱਗਦੀਆਂ ਸਨ। ਹੱਥਾਂ ਦੇ ਪੰਜਿਆਂ ਵਿਚ ਪੰਜ-ਪੰਜ ਸ਼ੇਰਾਂ ਦੇ ਬਲ ਜਿੰਨੀ ਜਕੜਨ ਦੀ ਤਾਕਤ ਭਰੀ ਹੋਈ ਸੀ। ਉਂਗਲੀ ਦਾ ਪੋਟਾ-ਪੋਟਾ ਅਦੁੱਤੀ ਸ਼ਕਤੀ ਦੇ ਨਾਲ ਭਰਪੂਰ ਸੀ ਜਿਵੇਂ ਕੋਈ ਬਿਜਲਈ ਊਰਜਾ ਪੋਟੇ-ਪੋਟੇ ਦੇ ਵਿਚ ਭਰੀ ਹੋਈ ਸੀ।

ਗੁਰੂ ਸਾਹਿਬ ਦਾ ਸੀਨਾ ਸ਼ੀਸ਼ੇ ਵਾਂਗ ਸਾਫ ਅਤੇ ਹਿਰਦਾ ਪਵਿੱਤਰ ਸੀ, ਗੁਰੂ ਸਾਹਿਬ ਦੇ ਦੁਸ਼ਮਣ ਵੀ ਪਾਤਸ਼ਾਹ ਦੇ ਬਾਹੂਬਲ ਦਾ ਲੋਹਾ ਮੰਨਦੇ ਸਨ।

49.

ਗੁਰੂ ਘਰ ਦੀ ਮਰਿਆਦਾ

ਯਿਹ ਪੁਸ਼ਤਿ-ਪਾਕ ਪੁਸ਼ਤਿ ਪਨਾਹਿ ਜਹਾਨ ਹੈ।
ਸਿਖੋਂ ਕੋ ਇਨ ਕਾ ਫ਼ਖਰ ਹੈ, ਸਿੰਘੋਂ ਕੋ ਮਾਨ ਹੈ।
ਬਚਤੀ ਇਸੀ ਕੇ ਸਾਯਾ ਮੇਂ ਬੇਕਸ ਕੀ ਜਾਨ ਹੈ।
ਹਿੰਦੁਸਤਾਂ ਕੀ ਢਾਲ ਯਿਹੀ ਬੇਗੁਮਾਨ ਹੈ।
ਜਿਸ ਸਰ ਪਿ ਛਾਈ ਉਸ ਪਿ ਆਫ਼ਤ ਗਿਰੀ ਨਹੀਂ।
ਹੈ ਚਰਖ ਭੀ ਗਵਾਹ ਯਿਹ ਰਨ ਮੇਂ ਫਿਰੀ ਨਹੀਂ।

ਸ਼ਬਦ ਅਰਥ:- ਪੁਸ਼ਤਿ ਪਾਕ= ਪੀੜ੍ਹੀਆਂ ਤੋਂ ਪਵਿੱਤਰ, ਪੁਸ਼ਤਿ ਪਨਾਹਿ= ਖਾਨਦਾਨੀ ਰੱਖਿਅਕ, ਸਾਯਾ= ਛਾਂ ਹੇਠਾਂ, ਬੇਕਸ= ਲਾਚਾਰ, ਬੇਗੁਮਾਨ= ਬਿਨਾ ਸ਼ਕ, ਸਰ= ਸਿਰ, ਆਫ਼ਤ= ਮੁਸੀਬਤ, ਚਰਖ਼= ਅਸਮਾਨ।

ਅਰਥਾਤ :- ਗੁਰੂ ਘਰ ਦੀ 'ਸ਼ਰਨ ਆਏ, ਕੰਠ ਲਾਏ' ਦੀ ਮਹਾਨ ਮਰਿਆਦਾ ਦਾ ਜਿਕਰ ਕਰਦਾ ਕਵੀ ਲਿਖਦਾ ਹੈ ਇਹ ਗੁਰੂ ਘਰ ਪੀੜੀਆਂ ਤੋਂ ਪਵਿੱਤਰ ਕਾਰਜਾਂ ਨਾਲ ਜੁੜਿਆ ਹੋਇਆ ਹੈ, ਪੀੜੀਆਂ (ਪੁਸ਼ਤਾਂ) ਤੋਂ ਹੀ ਇਹ ਸ਼ਰਨ ਆਏ ਨੂੰ ਸੀਨੇ ਨਾਲ ਲਗਾਉਂਦਾ ਰਿਹਾ ਹੈ। ਗੁਰੂ ਸਿੱਖਾਂ ਅਤੇ ਖਾਲਸੇ ਸੂਰਮਿਆਂ ਨੂੰ ਗੁਰੂ ਘਰ ਦੀ ਇਸ ਮਹਾਨ ਮਰਿਆਦਾ ਉਪਰ ਗੌਰਵ ਅਤੇ ਮਾਣ ਹੈ। ਸਾਰੇ ਜਾਣਦੇ ਹਨ ਕਿ ਜਿਹੜਾ ਵੀ ਇਸ ਮਰਿਆਦਾ ਪੂਰਨ ਗੁਰੂ ਘਰ ਦੀ ਸ਼ਰਨ ਵਿਚ ਆਇਆ ਹੈ ਜਾਂ ਜਿਸ ਵੀ ਨਿਮਾਣੇ ਲਾਚਾਰ ਨੇ ਇਸ ਦਰ-ਘਰ ਦਾ ਓਟ ਆਸਰਾ ਲਿਆ ਹੈ, ਉਸ ਨੂੰ ਪੂਰਨ ਸੁਰੱਖਿਆ ਅਤੇ ਸਤਿਕਾਰ ਦਿੱਤਾ ਗਿਆ ਹੈ। ਕੋਈ ਅਤਿਕਥਨੀ ਨਹੀਂ ਹੈ ਕਿ ਇਹ ਖਾਲਸਾ ਹਿੰਦੁਸਤਾਨ ਦੀ ਢਾਲ ਹੈ।

ਜਿਹੜਾ ਵੀ ਇਸ ਢਾਲ ਦੀ ਛਾਂ ਹੇਠ ਆ ਗਿਆ ਜਾਂ ਸ਼ਰਨ ਲੈ ਲਈ ਉਹ ਮਹਿਫ਼ੂਜ਼ ਹੋ ਗਿਆ। ਆਕਾਸ਼ ਵੀ ਇਸ ਗੱਲ ਦਾ ਗਵਾਹ ਹੈ ਕਿ ਜਿਹੜਾ ਵੀ ਗੁਰੂ-ਘਰ ਜਾਂ ਗੁਰੂ ਕੇ ਖਾਲਸੇ ਦੀ ਸ਼ਰਨ ਆ ਗਿਆ, ਖਾਲਸੇ ਨੇ ਹਰ ਔਕੜ ਵਿਚ ਮਦਦ ਕੀਤੀ ਅਤੇ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਤੋਂ ਪਾਸਾ ਨਹੀਂ ਵੱਟਿਆ।

50.

ਖੋਲ੍ਹੇ ਗ੍ਰੰਥ ਪਾਕ ਕੋ ਬੈਠੇ ਹਜ਼ੂਰ ਥੇ।
ਉਪਦੇਸ਼ ਸੁਨ ਕੇ ਹੋ ਚੁਕੇ ਸਭ ਕੋ ਸਰੂਰ ਥੇ।
ਜਿਤਨੇ ਭੀ ਸਾਮੱਈਨ ਵੁਹ ਨਜ਼ਦੀਕੁ-ਦੂਰ ਥੇ।
ਉਨ ਸਭ ਕੇ ਰੁਖ਼ ਪਿ ਨੂਰ ਕੇ ਪੈਦਾ ਜ਼ਹੂਰ ਥੇ।

ਤਾਸੀਰ ਥੀ ਜ਼ੁਬਾ ਮੇ ਯਿਹ ਤਾਕਤ ਥੀ ਬਯਾਂ ਮੇਂ।
ਰੂਹ ਫੂੰਕ ਗਈ ਧਰਮ ਕੀ ਥੀ ਇਕ ਇਕ ਜਵਾਂ ਮੇਂ।

ਸ਼ਬਦ ਅਰਥ :- ਪਾਕ= ਪਵਿੱਤਰ, ਸਰੂਰ= ਨਸ਼ਾ, ਖ਼ੁਮਾਰੀ, ਸਾਮਈਨ= ਸਰੋਤੇ, ਰੁਖ਼ ਪਿ= ਚਿਹਰੇ ਉਪਰ, ਨੂਰ= ਰੱਬੀ ਝਲਕ ਦਾ ਚਾਨਣ, ਜ਼ਹੂਰ= ਪ੍ਰਗਟ ਪ੍ਰਤੱਖ, ਤਾਸੀਰ= ਅਸਰ, ਜ਼ਬਾਂ= ਜ਼ੁਬਾਨ, ਬਯਾਂ= ਬਿਆਨ, ਕਥਨ ਜਵਾਂ=ਸੂਰਮਾ, ਜਵਾਨ।

ਅਰਥਾਤ :- ਅੰਮ੍ਰਿਤ ਵੇਲੇ ਦਾ ਸਮਾਂ ਸੀ ਗੁਰੂ ਪਾਤਸ਼ਾਹ ਪਾਵਨ ਗੁਰਬਾਣੀ ਦਾ ਕੋਈ ਮੁਕੱਦਸ ਗ੍ਰੰਥ[1] ਖੋਲ ਕੇ ਸਿੰਘਾਂ ਨੂੰ ਗੁਰਬਾਣੀ ਸੁਣਾ ਰਹੇ ਸਨ, ਪਾਵਨ ਗੁਰਬਾਣੀ ਦੇ ਅੰਮ੍ਰਿਤਮਈ ਉਪਦੇਸ਼ਾਂ ਨੂੰ ਸੁਣ-ਸੁਣ ਕੇ ਸਿੰਘ ਨੂੰ ਅਗੰਮੀ ਖ਼ੁਮਾਰੀਆਂ (ਸਰੂਰ) ਚੜ੍ਹੀਆਂ ਹੋਈਆਂ ਸਨ। ਗੁਰੂ ਪਾਤਸ਼ਾਹ ਦੇ ਪਾਵਨ ਮੁਖਾਰਬਿੰਦ ਤੋਂ ਗੁਰਬਾਣੀ ਅਤੇ ਗੁਰ-ਸ਼ਬਦ ਦੀ ਵਿਚਾਰ ਸੁਣਨ ਵਾਸਤੇ ਸਾਰੇ ਸਿੰਘ ਬੜੇ ਇਕ ਮਨ ਇਕ ਚਿੱਤ ਹੋ ਕੇ ਨੇੜੇ ਤੇ ਦੂਰ ਬੈਠੇ ਹੋਏ ਸਨ ਪ੍ਰੰਤੂ ਸਾਰੇ ਹੀ ਅੰਮ੍ਰਿਤਬਾਣੀ ਵਿਚ ਲੀਨ ਹੋਏ ਪਏ ਸਨ। ਸਾਰਿਆਂ ਦੇ ਚਿਹਰਿਆਂ ਉਪਰ ਰੱਬੀ ਨੂਰ ਦੀ ਝਲਕ ਦਾ ਚਾਨਣ ਪ੍ਰਤੱਖ ਰੂਪ ਵਿਚ ਨਜ਼ਰ ਆ ਰਿਹਾ ਸੀ।

ਗੁਰੂ ਪਾਤਸ਼ਾਹ ਜਦੋਂ ਸ਼ਬਦ ਗੁਰੂ ਦੇ ਅੰਮ੍ਰਿਤਮਈ ਪ੍ਰਵਚਨਾਂ ਨੂੰ ਸਿੰਘਾਂ ਨੂੰ ਸੁਣਾ ਰਹੇ ਸਨ ਤਾਂ ਗੁਰੂ ਸਾਹਿਬ ਦੇ ਲਫ਼ਜ਼ਾਂ ਵਿਚ ਇਕ ਖਾਸ ਤਰ੍ਹਾਂ ਦੀ ਰੂਹਾਨੀ ਤਾਕਤ ਸੀ ਅਤੇ ਜ਼ੁਬਾਨ ਵਿਚੋਂ ਨਿਕਲ ਰਹੇ ਸ਼ਬਦਾਂ ਵਿਚ ਖ਼ਾਸ ਤਰ੍ਹਾਂ ਦਾ ਅਸਰ ਸੀ। ਗੁਰੂ ਉਪਦੇਸ਼ਾਂ ਦੇ ਅਗੰਮੀ ਅਸਰ ਸਦਕਾ ਹਰੇਕ ਸੂਰਮੇ ਅੰਦਰ ਕੋਈ ਨੂਰਾਨੀ ਜੋਸ਼ ਭਰ ਚੁਕਿਆ ਸੀ, ਤੇ ਅਗੰਮੀ ਖ਼ੁਮਾਰੀਆਂ ਦੇ ਨਸ਼ੇ ਚੜ੍ਹ ਚੁਕੇ ਸਨ।

---

1. ਕਵੀ ਆਪਣੀ ਨਜ਼ਮ ਵਿਚ ਬਿਆਨ ਕਰਦਾ ਹੈ ਕਿ ਗੜ੍ਹੀ ਦੇ ਅੰਦਰ ਗੁਰੂ ਸਾਹਿਬ ਅੰਮ੍ਰਿਤ ਵੇਲੇ ਇਕ ਧਾਰਮਿਕ ਗ੍ਰੰਥ ਤੋਂ ਗੁਰਬਾਣੀ ਉਚਾਰਣ ਕਰ ਰਹੇ ਸਨ। ਭਾਵੇਂ ਕਿ ਕਿਸੇ ਹੋਰ ਲਿਖਤ ਜਾਂ

ਪੁਰਾਤਨ ਖਰੜੇ ਵਿਚ ਐਸਾ ਕੋਈ ਜ਼ਿਕਰ ਨਹੀਂ ਮਿਲਦਾ ਕਿ ਇਹ ਗ੍ਰੰਥ ਜਾਂ ਪੋਥੀ ਸੀ ਪਰੰਤੂ ਕਵੀ ਦੇ ਇਸ ਤੱਥ ਨੂੰ ਵੀ ਬਿਲਕੁਲ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਗੁਰੂ ਪਾਤਸ਼ਾਹ ਜਾਂ ਸਿੰਘਾਂ ਪਾਸ ਜ਼ਰੂਰ ਕੋਈ ਗੁਰਬਾਣੀ ਦੀ ਪੋਥੀ ਹੋਵੇਗੀ, ਜਿਸ ਦਾ ਮੁਕੱਦਸ ਗ੍ਰੰਥ ਦੇ ਰੂਪ ਵਿਚ ਜ਼ਿਕਰ ਹੈ। ਕਿਉਂ ਇਸ ਸਮੇਂ ਤੱਕ ਤਾਂ ਸਗੋਂ ਚਮਕੌਰ ਦੀ ਗੜ੍ਹੀ ਛੱਡਣ ਉਪਰੰਤ ਗੁਰੂ ਸਾਹਿਬ ਨੇ ਤਾਂ ਔਰੰਗਜ਼ੇਬ ਦੀ ਕਸਮ ਵਾਲੀ ਕੁਰਾਨ ਤੱਕ ਸਾਂਭ ਕੇ ਰੱਖੀ ਹੋਈ ਸੀ।

'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਨੇ ਅਨੰਦਪੁਰ ਛੱਡਣ ਸਮੇਂ ਔਰੰਗਜ਼ੇਬ ਦੁਆਰਾ ਕਾਜ਼ੀ ਹੱਥ ਭੇਜੀ ਕੁਰਾਨ ਸ਼ਰੀਫ਼ ਜਿਸ ਦੀ ਜਿਲਦ ਉਪਰ ਔਰੰਗਜ਼ੇਬ ਵਲੋਂ ਅਨੰਦਪੁਰ ਛੱਡਣ ਦੀ ਬੇਨਤੀ ਲਿਖੀ ਹੋਈ ਸੀ ਭਾਈ ਮੋਹਕਮ ਸਿੰਘ (ਪਿਆਰਾ) ਨੂੰ ਸੰਭਾਲ ਕੇ ਨਾਲ ਲਿਆਉਣ ਲਈ ਦਿੱਤੀ। ਭਾਈ ਮੋਹਕਮ ਸਿੰਘ ਜੀ ਤਾਂ ਚਮਕੌਰ ਦੀ ਗੜ੍ਹੀ ਦੇ ਸਾਕੇ ਦੌਰਾਨ ਜਾਮੇ-ਸ਼ਹਾਦਤ ਪੀ ਗਏ। ਫਿਰ ਇਹ ਕੁਰਾਨ ਸ਼ਰੀਫ਼ ਦੀ ਪੋਥੀ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਣ ਤੱਕ ਗੁਰੂ ਸਾਹਿਬ ਪਾਸ ਸੀ, ਜਿਸ ਦਾ ਜ਼ਿਕਰ ਕਰਕੇ ਪਾਤਸ਼ਾਹ ਜ਼ਫ਼ਰਨਾਮਾ ਵਿਚ ਲਿਖਦੇ ਹਨ,

ਤੁਰਾ ਗਰ ਬਬਾਯਦ ਓ ਕੌਲਿ ਕੁਰਆਂ॥
ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ॥ (੫੭) (ਜ਼ਫ਼ਰਨਾਮਾ)
ਕਿਹ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨੱਦ॥
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵੱਦ॥ (੫੮) (ਜ਼ਫ਼ਰਨਾਮਾ)

ਅਰਥਾਤ, ਐ ਔਰੰਗਜ਼ੇਬ, ਜੇ ਤੂੰ ਕੁਰਾਨ ਦੀ ਉਹ ਪੋਥੀ ਵੇਖਣਾ ਚਾਹੁੰਦਾ ਹੈਂ ਜਿਸ ਉਪਰ ਤੂੰ ਇਕਰਾਰਨਾਮਾ ਲਿਖਿਆ ਹੋਇਆ ਸੀ ਤਾਂ ਮੈਂ ਵਿਖਾ ਸਕਦਾ ਹਾਂ, ਮੇਰੇ ਪਾਸ ਮਹਿਫ਼ੂਜ਼ ਹੈ।

ਤੂੰ ਲਿਖਿਆ ਸੀ ਕਿ ਤੁਸੀ (ਗੁਰੂ ਜੀ) ਅਨੰਦਪੁਰ ਨੂੰ ਛੱਡ ਕੇ ਕਸਬਾ ਕਾਂਗੜ ਵਲ ਆ ਜਾਉ ਉਥੇ ਛੇਤੀ ਹੀ ਸਾਡੀ ਦੋਹਾਂ ਦੀ ਮੁਲਾਕਾਤ ਹੋ ਸਕੇਗੀ।

ਸੋ ਸਪਸ਼ਟ ਹੈ ਕਿ ਜੇ ਗੁਰੂ ਸਾਹਿਬ ਔਰੰਗਜ਼ੇਬ ਦੀ ਭੇਜੀ ਕੁਰਾਨ ਸ਼ਰੀਫ਼ ਦੀ ਪੋਥੀ ਨੂੰ ਜੋ ਕਿ ਇਕ ਦਸਤਾਵੇਜ਼ੀ ਸਬੂਤ ਸੀ ਇਨਾ ਮਹੱਤਵ ਦੇ ਕੇ ਸਾਂਭ ਸਕਦੇ ਹਨ ਤਾਂ ਕੁਝ ਗੁਰਬਾਣੀ ਦੀਆਂ ਪੋਥੀਆਂ ਵੀ ਜ਼ਰੂਰ ਪਾਤਸ਼ਾਹ ਪਾਸ ਜਾਂ ਸਿੰਘਾਂ ਪਾਸ ਹੋਣਗੀਆਂ।

51.

ਦੀਵਾਨ ਕਾ ਅਭੀ ਨ ਹੂਆ ਇਖ਼ਤਿਤਾਮ ਥਾ।
ਗਰਦਸ਼ ਮੇਂ ਅਭੀ ਬਾਦਾਇ-ਇੱਰਫ਼ਾਂ ਕਾ ਜ਼ਾਮ ਥਾ।
ਇਤਨੇ ਮੇਂ ਆ ਕੇ ਕਹਿਨੇ ਲਗਾ ਇਕ ਗ਼ੁਲਾਮ ਥਾ।
ਪਹਰੇ ਪਿ ਜੁ ਖੜਾ ਹੂਆ ਬਾਲਾ-ਇ-ਬਾਮ ਥਾ।
ਬੋਲਾ, "ਅਦੂੱਅ ਕੀ ਫ਼ੌਜ ਹੈ ਘੇਰੇ ਹਿਸਾਰ ਕੋ।
ਕਿਆ ਹੁਕਮ ਅਬ ਹਜ਼ੂਰ ਕਾ ਹੈ?, ਜਾਂ-ਨਿਸਾਰ ਕੋ।

ਸ਼ਬਦ ਅਰਥ :- ਇਖ਼ਤਿਤਾਮ= ਸਮਾਪਤ, ਬਾਦਾਇ ਇੱਰਫਾਂ= ਆਤਮ ਗਿਆਨ ਦਾ ਭੰਡਾਰ ਜ਼ਾਮ= ਪਿਆਲਾ, ਗਰਦਸ਼= ਘੁੰਮਣਾ, ਗ਼ੁਲਾਮ= ਸੇਵਕ, ਬਾਲਾ-ਇ-ਬਾਮ = ਉਚੇ ਕੋਠੇ ਉਪਰ, ਮੰਮਟੀ ਜਾਂ ਗੁਬੰਦ ਉਪਰ, ਅਦੂੱਅ= ਦੁਸ਼ਮਣ, ਹਿਸਾਰ= ਗੜ੍ਹੀ, ਛੋਟਾ ਕਿਲ੍ਹਾ, ਜਾਂ-ਨਿਸਾਰ= ਸਦਕੇ ਹੋਣ ਵਾਲਾ, ਕੁਰਬਾਨ ਹੋਣ ਵਾਲਾ।

ਅਰਥਾਤ :- ਨੂਰਾਨੀ ਚਿਹਰਿਆਂ ਵਾਲੇ ਸਿੰਘ ਸੂਰਮੇਂ[1] ਗੁਰੂ ਪਾਤਸ਼ਾਹ ਦੇ ਗਿਰਦ ਬੜੇ ਸਤਿਕਾਰ ਅਤੇ ਪਿਆਰ ਸਹਿਤ ਬੈਠੇ ਹੋਏ ਸਨ। ਆਤਮਿਕ ਅਨੰਦ ਨਾਲ ਭਰਪੂਰ ਗੁਰੂ ਪਾਤਸ਼ਾਹ ਦੇ ਮੁਖ਼ਾਰਬਿੰਦ ਵਿਚੋਂ ਆਤਮਿਕ ਸ਼ਾਂਤੀ ਦੀ ਝੜੀ ਲਗਾਉਣ ਵਾਲੇ ਸ਼ਬਦ ਫੁੱਲਾਂ ਵਾਂਗ ਝੜਦੇ ਪ੍ਰਤੀਤ ਹੋ ਰਹੇ ਸਨ। ਦੂਜੇ ਪਾਸੇ ਕਵੀ ਦੇ ਸ਼ਬਦਾਂ ਵਿਚ ਆਤਮਿਕ ਗਿਆਨ ਨਾਲ ਭਰਪੂਰ ਪਿਆਲੇ ਸੰਗਤ ਵਿਚ ਵੰਡੇ ਜਾ ਰਹੇ ਸਨ।

ਇਸੇ ਸਮੇਂ ਇਕ ਸਿੱਖ (ਗ਼ੁਲਾਮ)[2] ਫਤਹਿ ਬੁਲਾ ਕੇ ਸਤਿਸੰਗਤ ਵਿਚ ਆਣ ਖੜਾ ਹੋਇਆ, ਇਹ ਸਿੰਘ ਸੂਰਮਾ ਕੋਠੇ ਉਪਰ ਪਹਿਰਾ ਦੇ ਰਿਹਾ ਸੀ, ਇਸ ਸਿੰਘ ਨੇ ਨਿਮਰਤਾ ਸਹਿਤ ਗੁਰੂ ਜੀ ਸਨਮੁੱਖ ਬੇਨਤੀ ਕੀਤੀ ਕਿ ਪਾਤਸ਼ਾਹ ਜੀ, ਦੁਸ਼ਮਣ ਦੀ ਅਣਗਿਣਤ ਫ਼ੌਜ[3] ਨੇ ਕਿਲ੍ਹੇ ਨੂੰ ਪੂਰੀ ਤਰ੍ਹਾਂ ਨਾਲ ਘੇਰ ਲਿਆ ਹੈ, ਹੁਣ ਆਪ ਜੀ ਦਾ ਦਾਸ ਪ੍ਰਤੀ ਕੀ ਹੁਕਮ ਹੈ?

1.ਗੜ੍ਹੀ ਦੇ ਅੰਦਰ ਮੌਜੂਦ ਸਿੰਘਾਂ ਦੀ ਗਿਣਤੀ ਅਤੇ ਨਾਵਾਂ ਬਾਰੇ ਅਲੱਗ-ਅਲੱਗ ਇਤਿਹਾਸਕਾਰਾਂ ਦੀ ਰਾਏ ਵੱਖੋ ਵੱਖਰੀ ਹੈ। ਪਰੰਤੂ ਸਾਰੇ ਹੀ ਸੋਮੇ ਇਸ ਮਤ ਉਪਰ ਸਹਿਮਤ ਹਨ ਗੜ੍ਹੀ ਦੇ ਅੰਦਰ ਸਿੰਘਾਂ ਦੀ ਗਿਣਤੀ 40 ਤੋਂ 50 ਦੇ ਦਰਮਿਆਨ ਸੀ। ਆਪਣੀ ਪ੍ਰਸਿੱਧ ਰਚਨਾ ਜ਼ਫ਼ਰਨਾਮੇ ਵਿਚ ਵੀ ਗੁਰੂ ਸਾਹਿਬ ਸਿੰਘ ਦੀ ਗਿਣਤੀ ਕੋਈ 40 ਕੁ ਦੇ ਕਰੀਬ ਹੀ ਦਸਦੇ ਹਨ.

ਹਮਾਖ਼ਰ ਚਿਹ ਮਰਦੀ ਕੁਨੱਦ ਕਾਰਜ਼ਾਰ ॥
ਕਿਹਾ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ ॥ (੪੧) (ਜ਼ਫ਼ਰਨਾਮਾ

ਅਰਥਾਤ :- ਔਰੰਗਜ਼ੇਬ ! ਆਖ਼ਰ ਇਸ ਅਸਾਵੀਂ ਲੜਾਈ ਵਿਚ ਇਕੱਲੀ ਬਹਾਦਰੀ ਵ ਕੀ ਕਰਦੀ ਜਦੋਂ ਭੁਖੇ ਪਿਆਸੇ ਚਾਲੀ ਕੁ ਸੂਰਮਿਆਂ ਉਪਰ ਬੇਸ਼ੁਮਾਰ ਫੌਜ ਟੁੱਟ ਕੇ ਪੈ ਗਈ।

ਭੱਟ ਵਹੀਆਂ ਉਪਰ ਅਧਾਰਿਤ ਸਰੋਤਾਂ ਵਿਚ ਗੜ੍ਹੀ ਅੰਦਰ ਗੁਰੂ ਸਾਹਿਬ ਦੁਆਰਾ ਯੁਧਨੀਤੀ ਅਨੁਸਾਰ ਜਿਸ ਵਿਉਂਤ ਵਿਚ ਸਿੰਘਾਂ ਨੂੰ ਤੈਨਾਤ ਕਰਨ ਦਾ ਜ਼ਿਕਰ ਮਿਲਦਾ ਹੈ ਉਸ ਅਨੁਸਾਰ ਵੀ ਸਿੰਘ ਦੀ ਗਿਣਤੀ 40 ਤੋਂ 50 ਦੇ ਦਰਮਿਆਨ ਪ੍ਰਤੀਤ ਹੁੰਦੀ ਹੈ:

ਦਰਵਾਜ਼ੇ ਉਪਰ :- ਮਦਨ ਸਿੰਘ, ਕਾਠਾ ਸਿੰਘ


ਚਾਰ ਦਿਸ਼ਾਵਾਂ ਦੀ ਤਕੜਾਈ ਵਾਸਤੇ :- ਹਰ ਪਾਸੇ 8-8 ਸਿੰਘ

ਅੰਦਰ ਤਕੜਾਈ ਵਾਸਤੇ :- ਧਰਮ ਸਿੰਘ (ਪਿਆਰਾ), ਆਲਮ ਸਿੰਘ, ਮਾਨ ਸਿੰਘ

ਗੁਰੂ ਸਾਹਿਬ ਨਾਲ :- ਦੋ ਸਾਹਿਬਜ਼ਾਦੇ, ਦਯਾ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ
ਹਿੰਮਤ ਸਿੰਘ, ਸੰਤ ਸਿੰਘ, ਸੰਗਤ ਸਿੰਘ, ਦਯਾ ਸਿੰਘ 'ਪੁਰੋਹਿਤ'

ਗੜ੍ਹੀ ਅੰਦਰ ਸਿੰਘਾਂ ਦੀ ਮੋਰਚੇ ਬੰਦੀ ਦੀ ਤਰਤੀਬ (ਅਧਾਰਿਤ ਭੱਟ ਵਹੀਆਂ)

ਪਾਸਾ ਉਤਰ



ਸੋ ਭੱਟ ਵਹੀਆਂ ਅਧਾਰਿਤ ਸ੍ਰੋਤਾਂ ਅਨੁਸਾਰ ਗੜ੍ਹੀ ਅੰਦਰ ਮੌਜੂਦ ਸਿੰਘਾਂ ਦੀ ਗਿਣਤੀ 46 ਜਾਂ 47 ਬਣਦੀ ਹੈ।

2. ਗੁਲਾਮ ਮੂਲ ਰੂਪ ਵਿਚ ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਲੁੱਟ ਵਿਚ ਹੱਥ ਆਇਆ ਜਾਂ ਮੁੱਲ ਲਿਆ ਗਿਆ ਸੇਵਕ। ਪੁਰਾਣੇ ਸਮਿਆਂ ਵਿਚ ਵੈਰੀ ਦੇ ਫੜੇ ਹੋਏ ਆਦਮੀਆਂ ਨੂੰ ਜਾਨੋਂ ਨਹੀਂ

ਸਨ ਮਾਰਦੇ, ਸਗੋਂ ਕਾਬੂ ਕਰ ਲੈਂਦੇ ਸਨ ਜਿਨ੍ਹਾਂ ਨੂੰ ਜਾਂ ਤਾਂ ਅੱਗੇ ਵੇਚ ਦਿੱਤਾ ਜਾਂਦਾ ਸੀ ਜਾਂ ਸਖ਼ਤ ਕੰਮ ਕਰਵਾਇਆ ਜਾਂਦਾ ਸੀ ਇੰਨ੍ਹਾਂ ਦੀ ਹਾਲਤ ਡੰਗਰਾ ਵਾਂਗ ਸੀ ਇਨ੍ਹਾਂ ਨੂੰ ਗੁਲਾਮ ਆਖਦੇ ਸਨ, ਗੁਲਾਮ ਪਸ਼ੂ ਸਮਾਨ ਆਪਣੇ ਮਾਲਕ ਦੇ ਅਧੀਨ ਹੁੰਦਾ ਸੀ ਅਤੇ ਕੋਈ ਵੀ ਕਾਰਜ ਆਪਣੀ ਮਰਜ਼ੀ ਅਨੁਸਾਰ ਨਹੀ ਸੀ ਕਰ ਸਕਦਾ। ਕਿਸੇ ਸਮੇਂ ਭਾਰਤ ਵਿਚ ਵੀ ਗੁਲਾਮੀ ਪ੍ਰਥਾ ਪ੍ਰਚਲਤ ਸੀ ਪਰੰਤੂ ਇਸਲਾਮੀ ਮੁਲਕਾਂ ਵਿਚ ਇਸ ਪ੍ਰਥਾ ਦਾ ਰਿਵਾਜ ਬਹੁਤ ਪੁਰਾਣਾ ਹੈ। ਇਨ੍ਹਾਂ ਮੁਲਕਾਂ ਵਿਚ ਗੁਲਾਮੀ ਪ੍ਰਥਾ ਹਜ਼ਰਤ ਮੁਹੰਮਦ ਸਾਹਿਬ ਤੋਂ ਵੀ ਪਹਿਲਾਂ ਚਲੀ ਆਉਂਦੀ ਸੀ।

ਕਵੀ ਅੱਲ੍ਹਾਯਾਰ ਜੀ ਨੇ ਇਥੇ ਗੁਲਾਮ ਸ਼ਬਦ ਸਿੱਖ ਵਾਸਤੇ ਵਰਤਿਆਂ ਹੈ ਜੋ ਗੁਰੂ ਸ਼ਬਦ ਸਦਕਾ ਗੁਰੂ ਨਾਲ ਪ੍ਰੀਤ ਪਾ ਕੇ ਗੁਰੂ ਦਾ ਗੁਲਾਮ ਬਣ ਚੁੱਕਾ ਸੀ,

ਮੁਲ ਖਰੀਦੀ ਲਾਲਾ ਗੋਲਾ (ਮਾਰੂ ਮ: ੧)

ਐਸਾ ਸਿੱਖ ਜੋ ਸਭ ਕੁਝ ਗੁਰ ਚਰਨਾਂ ਵਿਚ ਅਰਪਿਤ ਚੁੱਕਾ ਸੀ ਅਤੇ ਜਿਸ ਦੇ ਜੀਵਨ ਦਾ ਸੰਕਲਪ ਸੀ,

ਜਿਸ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ॥
ਧ੍ਰਿਗ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ॥ ੨॥ ਮਹਲਾ ੨ (ਵਾਰ ਸਿਰੀਰਾਗ)

3. ਗੜ੍ਹੀ ਦੇ ਅੰਦਰ ਜੂਝਣ ਵਾਲੇ ਸਿੰਘਾਂ ਦੇ ਮੁਕਾਬਲੇ ਦੇ ਵਿਚ ਗੜ੍ਹੀ ਨੂੰ ਘੇਰਾ ਪਾਉਣ ਵਾਲੇ ਸਿਪਾਹਿਆਂ (ਵੈਰੀ ਦਲਾਂ) ਦੀ ਗਿਣਤੀ ਬੇਸ਼ੁਮਾਰ ਸੀ ਜਿਸ ਦੀ ਗਵਾਹੀ ਭਰਦੇ ਗੁਰੂ ਗੋਬਿੰਦ ਸਿੰਘ ਜੀ ਜਿੱਤ-ਪੱਤਰ ਵਿਚ ਫ਼ਰਮਾਉਂਦੇ ਹਨ,

ਗੁਰਸਨਹ ਚਿਹ ਕਾਰਿ ਕੁਨੱਦ ਚਿਹਲ ਨਰ॥
ਕਿਹ ਦਹ ਲੱਕ ਬਰਾਯਦ ਬਰੋ ਬੇਖ਼ਬਰ॥ (੧੯) (ਜ਼ਫ਼ਰਨਾਮਾ)

ਚਾਲੀ ਕੁ ਦੇ ਕਰੀਬ ਭੁਖੇ ਪਿਆਸੇ ਸਿੰਘ ਕੀ ਕਰ ਸਕਦੇ ਸਨ ਜਦੋਂ ਉਨ੍ਹਾਂ ਉਪਰ ਲੱਖਾਂ ਦੀ ਗਿਣਤੀ ਵਿਚ ਬੇਸ਼ੁਮਾਰ ਫ਼ੌਜ ਨੇ ਹਮਲਾ ਕਰ ਦਿੱਤਾ।

ਕਿ ਪੈਮਾਂ ਸ਼ਿਕਨ ਬੇਦਰੰਗ ਆਮਦੰਦ॥
ਮਯਾਂ ਤੇਗੋਂ ਤੀਰੋ ਤੁਫ਼ੰਗ ਆਮਦੰਦ॥ (੨੦) (ਜ਼ਫ਼ਰਨਾਮਾ)

ਅਣਗਿਣਤ ਹੀ ਬਚਨ-ਭੰਗੀਏ (ਵੈਰੀ) ਅਚਾਨਕ ਆਏ ਅਤੇ ਬੰਦੂਕਾਂ ਤੀਰਾਂ ਤਲਵਾਰਾਂ ਨਾਲ ਹਮਲਾ ਕਰ ਦਿੱਤਾ।

ਬ ਰੰਗਿ ਮਗਸ ਸਯਾਹਪੋਸ਼ ਆਮਦੰਦ॥
ਬ-ਯਕ-ਬਾਰਗੀ ਦਰ ਖ਼ਰੋਸ਼ ਆਮਦੰਦ॥ (੨੬) (ਜ਼ਫ਼ਰਨਾਮਾ)

ਤੇਰੀ ਕਾਲੇ ਕਪੜਿਆਂ ਵਾਲੀ ਬੇਸ਼ੁਮਾਰ ਫ਼ੌਜ ਮਖਿਆਲ ਦੇ ਵਾਂਗਰ ਆਈ ਅਤੇ ਇਕ ਦਮ ਸ਼ੋਰ ਮਚਾਉਣ ਲਗ ਪਈ।

52.

ਇਰਸ਼ਾਦ ਹੋ ਤੋ ਸਭ ਕੋ ਅਕੇਲਾ ਭਗਾ ਕੇ ਆਊਂ।
'ਅਜ਼ਮੇਰ ਚੰਦ' ਆਨ ਮੈਂ ਕੈਦੀ ਬਨਾ ਕੇ ਆਊਂ।
'ਬਾਜ਼ੀਦ ਖਾਂ' ਕਾ ਸਰ ਭੀ ਅਬੀ ਜਾ ਕੇ ਮੈਂ ਉੜਾਊਂ।
ਇਕ ਸਿੰਘ ਏਕ ਲਾਖ ਪਿ ਗ਼ਾਲਿਬ ਹੁਆ ਦਿਖਾਊਂ।
"ਸ਼ਾਬਾਸ਼"! ਕਹਿ ਕੇ ਸਤਿਗੁਰੁ ਫੌਰਨ ਖੜੇ ਹੁਏ।
ਜੁਅਰਤ ਪਿ ਪਹਿਰੇਦਾਰ ਕੀ ਵੁਹ ਖ਼ੁਸ਼ ਬੜੇ ਹੁਏ।

ਸ਼ਬਦ ਅਰਥ:- ਇਰਸ਼ਾਦ= ਹੁਕਮ, ਗ਼ਾਲਿਬ= ਭਾਰੂ, ਫੌਰਨ= ਇਕਦਮ ਜੁਅਰਤ= ਦਲੇਰੀ, ਸ਼ਾਬਾਸ਼= ਖ਼ੁਸ਼ੀ ਨਾਲ ਪ੍ਰਸ਼ੰਸਾ।

ਅਰਥਾਤ:- ਪਹਿਰੇ ਉਪਰ ਖੜੇ ਸਿੰਘ ਨੇ ਗੁਰੂ ਪਾਤਸ਼ਾਹ ਸਨਮੁਖ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਅਤੇ ਆਪਣੀ ਦਲੇਰੀ ਅਤੇ ਦ੍ਰਿੜਤਾ ਦਾ ਮੁਜ਼ਾਹਿਰਾ ਕਰਦਿਆਂ ਕਿਹਾ ਕਿ ਪਾਤਸ਼ਾਹ ਜੀਓ, ਜੇਕਰ ਆਪ ਜੀ ਦਾ ਹੁਕਮ ਹੋਵੇ ਤਾਂ ਮੈਂ ਇਕੱਲਾ ਹੀ ਸਾਰੇ ਦੁਸ਼ਮਣ ਦੇ ਦਲ ਨੂੰ ਭਜਾ ਸਕਦਾ ਹਾਂ। ਆਪ ਆਗਿਆ ਬਖ਼ਸ਼ੋ ਤਾਂ ਕਹਿਲੂਰ ਦੇ ਰਾਜੇ ਅਜਮੇਰ ਚੰਦ[1] ਨੂੰ ਹੁਣੇ ਹੀ ਕੈਦੀ ਬਣਾ ਕੇ ਆਪ ਦੇ ਸਨਮੁੱਖ ਆਣ ਹਾਜ਼ਰ ਕਰਾਂ, ਅਤੇ ਸੂਬੇ ਸਰਹੰਦ ਬਾਜ਼ੀਦ ਖਾਨ[2] ਦਾ ਸਿਰ ਵੀ ਹੁਣੇ ਧੜ ਤੋਂ ਵਖਰਾ ਕਰਕੇ ਆਪ ਦੇ ਚਰਨਾਂ ਵਿਚ ਸੁੱਟ ਦੇਵਾਂ।

ਗੁਰੂ ਪਾਤਸ਼ਾਹ ਸਿੰਘ ਸੂਰਮੇ ਦੀ ਹਿੰਮਤ ਅਤੇ ਦਲੇਰੀ ਤੋਂ ਬਹੁਤ ਪ੍ਰਸੰਨ ਹੋਏ ਅਤੇ ਦਲੇਰੀ ਦਾ ਥਾਪੜਾ ਦਿੰਦੇ ਹੋਏ ਖੜੇ ਹੋ ਗਏ, ਅਤੇ ਸਿੰਘ ਸੂਰਮੇ ਦੀ ਦਲੇਰੀ ਤੇ ਅਤਿਅੰਤ ਪ੍ਰਸੰਨ ਹੋਏ।

---

1. ਅਜਮੇਰ ਚੰਦ:- ਇਹ ਕਹਿਲੂਰ ਰਿਆਸਤ ਦਾ ਮੁੱਖੀ ਸੀ, ਅਤੇ ਭੀਮ ਚੰਦ ਦਾ ਪੁੱਤਰ ਸੀ। ਇਸ ਦੀ ਬੰਸਾਵਲੀ ਇਸ ਪ੍ਰਕਾਰ ਹੈ:-

(ਰਾਜ ਬੰਸਾਵਲੀ)

ਰਾਜ ਕਲਿਆਣ ਚੰਦ (1658-1693 ਬਿਕ੍ਰਮੀ)
ਤਾਰਾ ਚੰਦ (1693-1710 ਬਿਕ੍ਰਮੀ)

ਦੀਪ ਚੰਦ	(1710-1722 ਬਿ:)
ਭੀਮ ਚੰਦ	(1722-1749 ਬਿ:)
ਅਜਮੇਰ ਚੰਦ	(1749-1798ਬਿ:)
ਦੇਵੀ ਚੰਦ	(1798-1835 ਬਿ:)
ਮਹਾਂ ਚੰਦ	(1835-1895)
ਖੜਗ ਚੰਦ	(1865-1895)
ਜਗਤ ਚੰਦ	(1895-1939)
ਅਮਰ ਚੰਦ	(1939-1945 ਬਿ:)
ਬਿਜੈ ਚੰਦ	(1945 ਤੋਂ ਬਾਅਦ ਆਖਰੀ ਮੁੱਖੀ)

ਅਜਮੇਰ ਚੰਦ ਨੇ ਅਨੰਦਪੁਰ ਦੇ ਘੇਰਿਆਂ ਵਿਚ ਅਹਿਮ ਭੂਮਿਕਾ ਨਿਭਾਈ ਅਨੰਦਪੁਰ ਦਾ ਕਿਲ੍ਹਾ ਛੱਡਣ ਉਪਰੰਤ ਭਾਈ ਉਦੈ ਸਿੰਘ ਜੀ ਦੀ ਅਗਵਾਈ ਹੇਠ ਸ਼ਿਆਹੀ (ਸ਼ਾਹੀ) ਟਿੱਬੀ ਉਪਰ ਘਮਸਾਣ ਦੀ ਲੜਾਈ ਵਿਚ ਇਸ ਅਜਮੇਰ ਚੰਦ ਦੀ ਫੌਜ ਨਾਲ ਜੂਝਦੇ ਹੋਏ ਕਈ ਸਿੰਘ ਸ਼ਹੀਦ ਹੋਏ। ਭਾਈ ਉਦੈ ਸਿੰਘ ਜੀ ਨੇ ਇਸ ਸਮੇਂ ਹੀ ਸ਼ਹਾਦਤ ਪ੍ਰਾਪਤ ਕੀਤੀ। ਉਦੈ ਸਿੰਘ ਜੀ ਨੇ ਇਸ ਸਮੇਂ ਗੁਰੂ ਸਾਹਿਬ ਦੇ ਵਸਤਰ ਪਹਿਨੇ ਹੋਏ ਸਨ ਅਤੇ ਇਸੇ ਹੀ ਭੁਲੇਖੇ ਵਿਚ ਅਜਮੇਰ ਚੰਦ ਨੇ ਭਾਈ ਉਦੈ ਸਿੰਘ ਜੀ ਦਾ ਸੀਸ ਕੱਟ ਕੇ ਰੋਪੜ ਭੇਜ ਦਿੱਤਾ ਕਿ ਅਸੀਂ ਗੁਰੂ ਨੂੰ ਖ਼ਤਮ ਕਰ ਦਿੱਤਾ ਹੈ।

2. ਵਜ਼ੀਦ ਖ਼ਾਨ:- ਇਸ ਦਾ ਅਸਲ ਨਾਮ ਵਜ਼ੀਰ ਖਾਨ ਸੀ। ਇਹ ਕੁੰਜਪੁਰੇ ਦਾ ਵਸਨੀਕ ਅਤੇ ਸਰਹਿੰਦ ਦਾ ਮੁੱਖੀ ਸੀ।

ਗੜ੍ਹੀ ਨੂੰ ਘੇਰਾ ਪਾਉਣ ਵਾਲੇ ਹੋਰ ਨਾਜ਼ਮ ਤੇ ਜਰਨੈਲ :-

ਦਿਲਾਵਰ ਖ਼ਾਨ :- ਇਹ ਔਰੰਗਜ਼ੇਬ ਦਾ ਪੰਜ-ਹਜ਼ਾਰੀ ਜਰਨੈਲ ਸੀ ਜੋ ਪਹਾੜੀ ਰਾਜਿਆਂ ਤੋਂ ਕਰ ਵਸੂਲਿਆ ਕਰਦਾ ਸੀ। ਇਹ ਲਾਹੌਰ ਦਾ ਨਾਜ਼ਮ ਸੀ। ਇਸ ਦਾ ਪੁੱਤਰ ਵੀ ਅਨੰਦਪੁਰ ਸਾਹਿਬ ਤੇ ਹਮਲਾਵਰ ਹੋ ਕੇ ਆਇਆ ਸੀ ਪਰੰਤੂ ਬਿਨ੍ਹਾਂ ਯੁੱਧ ਕੀਤਿਆਂ ਹੀ ਵਾਪਸ ਮੁੜ ਗਿਆ ਸੀ।

ਹੁਸੈਨ ਖ਼ਾਨ :- ਲਾਹੌਰ ਦੇ ਨਵਾਬ ਦਿਲਾਵਰ ਖਾਨ ਦਾ ਇਕ ਪ੍ਰਮੁੱਖ ਜਰਨੈਲ।

ਰੁਸਤਮ ਖ਼ਾਨ:- ਔਰੰਗਜ਼ੇਬ ਦਾ ਪੰਜ-ਹਜ਼ਾਰੀ ਜਰਨੈਲ (ਨੋਟ:- ਇਕ ਰੁਸਤਮ ਖਾਨ ਹੋਰ ਵੀ ਸੀ ਜੋ ਨਿਰਮੋਹਗੜ੍ਹ ਦੇ ਜੰਗ ਸਮੇਂ ਗੁਰੂ ਗੋਬਿੰਦ ਸਿੰਘ ਜੀ ਹਥੋਂ ਮਾਰਿਆ ਗਿਆ ਸੀ ਅਤੇ ਇਸੇ ਹੀ ਜੰਗ ਵਿਚ ਇਸ ਦਾ ਛੋਟਾ ਭਰਾ ਨਾਸਰ ਅਲੀ ਖ਼ਾਨ ਭਾਈ ਉਦੈ ਸਿੰਘ ਦੇ ਹੱਥੋਂ ਮਾਰਿਆ ਗਿਆ ਸੀ।)

ਜ਼ਬਰਦਸਤਖਾਨ :- ਇਹ ਜੰਮੂ-ਕਸ਼ਮੀਰ ਦਾ ਸੂਬਾ ਮੁੱਖੀ ਸੀ। ਕੁਝ ਸੋਮਿਆਂ ਨੇ ਇਸ ਨੂੰ ਲਾਹੌਰ ਦਾ ਪ੍ਰਮੁੱਖ ਵੀ ਲਿਖਿਆ ਹੈ।

ਨਜੀਬ ਖ਼ਾਨ, ਰਹਿਮਤ ਖਾਨ:- ਜਲੰਧਰ ਦੇ ਮੁੱਖੀ ਅਹਿਲਕਾਰ।

ਹਿੰਮਤ ਖਾਨ, ਉਸਮਾਨ ਖਾਨ :- ਕਸੂਰ ਦੇ ਮੁੱਖੀ ਜਰਨੈਲ।

ਸਭਾ ਚੰਦ :- ਫਗਵਾੜੇ ਦਾ ਹਿੰਦੂ ਚੋਧਰੀ।

ਫਤਹਿ ਮੁਹੰਮਦ ਖ਼ਾਨ :- ਕੁੰਜਪੁਰੇ ਦਾ ਚੋਧਰੀ।

ਜਾਨੀ ਖ਼ਾਨ, ਮਾਨੀ ਖ਼ਾਨ :- ਮੋਰਿੰਡੇ ਦੇ ਦੋ ਹਾਕਮ ਭਰਾ।

ਸਆਦਤ ਅਲੀ ਖ਼ਾਨ:- ਸਢੌਰੇ ਦਾ ਹਾਕਮ।

ਸ਼ਮਸ਼ ਖ਼ਾਨ:- ਬਿਜਵਾੜੇ ਦਾ ਹਾਕਮ।

ਨਾਹਰ ਖ਼ਾਨ :- ਨੁਸਰਤ ਖਾਨ ਅਤੇ ਵਲੀ ਮੁਹੰਮਤ ਸ਼ੇਰ ਖਾਨ ਦਾ ਭਰਾ ਜੋ ਮਲੇਰਕੋਟਲਾ ਦਾ ਨਾਜ਼ਮ ਸੀ ਇਹ ਵਜੀਰਖਾਨ (ਸੂਬਾ ਸਰਹਿੰਦ) ਦਾ ਬਹੁਤ ਨਜ਼ਦੀਕੀ ਸੀ ਅਤੇ ਉਸ ਦੇ ਹੁਕਮ ਨਾਲ ਹੀ ਚਮਕੌਰ ਦੇ ਘੇਰੇ ਵਿਚ ਸ਼ਾਮਿਲ ਹੋਇਆ ਸੀ।

ਨਜ਼ੀਬ ਖ਼ਾਨ :- ਔਰੰਗਜ਼ੇਬ ਦਾ ਜਰਨੈਲ

ਖ਼ਵਾਜਾ ਖਿਜ਼ਰ ਖ਼ਾਨ:- ਇਹ ਮਲੇਰਕੋਟਲੇ ਦਾ ਇਕ ਮਸ਼ਹੂਰ ਜਰਨੈਲ ਸੀ ਜੋ ਔਰੰਗਜ਼ੇਬ ਦਾ ਖਾਸ ਵਿਸ਼ਵਾਸਪਾਤਰ ਸੀ। ਅਨੰਦਪੁਰ ਸਾਹਿਬ ਨੂੰ ਘੇਰਨ ਵਾਸਤੇ ਦਿੱਲੀ ਤੋਂ ਆਏ ਲਸ਼ਕਰ ਦੀ ਅਗਵਾਈ ਇਸ ਨੇ ਹੀ ਕੀਤੀ ਸੀ। ਇਹ ਸ਼ੇਰ ਮੁਹੰਮਦ ਖਾਨ ਮਲੇਰਕੋਟਲਾ ਦਾ ਭਰਾ ਸੀ ਅਤੇ ਵਜ਼ੀਰ ਖਾਨ (ਸੂਬਾ ਸਰਹਿੰਦ) ਦੀ ਮਦਦ ਵਾਸਤੇ ਆਇਆ ਸੀ।

ਸੈਦਖਾਨ:- ਔਰੰਗਜ਼ੇਬ ਦਾ ਇਕ ਹਜ਼ਾਰੀ ਜਰਨੈਲ ਜੋ ਇਸ ਘੇਰੇ ਵਿਚ ਸ਼ਾਮਲ ਸੀ

(ਨੋਟ :- ਇਕ ਸੈਦਖਾਨ ਹੋਰ ਵੀ ਸੀ ਜੋ ਅਨੰਦਪੁਰ ਸਰ ਕਰਨ ਵਾਸਤੇ ਆਇਆ ਸੀ ਪਰ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ ਸੀ।)

ਸ਼ੇਰ ਮੁਹੰਮਦ ਖ਼ਾਨ :- ਮਲੇਰਕੋਟਲੇ ਦੇ ਖ਼ਵਾਜਾ ਖਿਜਰ ਖਾਨ ਦਾ ਭਰਾ, ਇਹ ਚਮਕੌਰ ਦੇ ਘੇਰੇ ਵਿਚ ਸ਼ਾਮਲ ਸੀ (ਇਹ ਸਰਹਿੰਦ ਫ਼ਤਹਿ ਸਮੇਂ ਸਿੰਘਾਂ ਹਥੋਂ ਮਾਰਿਆ ਗਿਆ ਸੀ)

ਮੀਆਂ ਖ਼ਾਨ:- ਔਰੰਗਜ਼ੇਬ ਦਾ ਪਹਾੜੀ ਫ਼ੌਜਦਾਰ ਜੋ ਪਹਾੜੀ ਰਾਜਿਆਂ ਤੋਂ ਕਰ ਵਸੂਲਣ ਦੀ ਜ਼ਿੰਮੇਵਾਰੀ ਨਿਭਾਇਆ ਕਰਦਾ ਸੀ।

ਹਯਾਤ ਖ਼ਾਨ:- ਔਰੰਗਜ਼ੇਬ ਦਾ ਇਕ ਹਜ਼ਾਰੀ ਜਰਨੈਲ (ਨੋਟ:- ਇਕ ਹਯਾਤਖਾਨ ਨਾਮਕ ਜਰਨੈਲ ਭੰਗਾਣੀ ਦੇ ਯੁੱਧ ਵਿਚ ਕ੍ਰਿਪਾਲ ਦਾਸ ਉਦਾਸੀ ਦੇ ਹਥੋਂ ਵੀ ਮਾਰਿਆ ਗਿਆ ਸੀ।)

ਉਪਰੋਕਤ ਤੋਂ ਇਲਾਵਾ ਹੋਰ ਵੀ ਕਈ ਰੰਗੜ ਗੁਜ਼ਰ ਆਦਿ ਇਸ ਘੇਰੇ ਵਿਚ ਲੁੱਟ ਮਾਰ ਦੀ ਨੀਅਤ ਨਾਲ ਸ਼ਾਮਲ ਹੋਏ ਸਨ।

ਘਮੰਡ ਚੰਦ :- ਹੁਕਮਰਾਨ ਕਾਂਗੜ ਦਾ ਬੀਰ ਸਿੰਘ ਜਸਵਾਲ ਦਾ

ਹੋਰ ਰਿਆਸਤੀ ਫ਼ੌਜਾਂ :- ਨਾਲਾਗੜ੍ਹ, ਕੁਲੂ, ਮੰਡੀ, ਨੂਰਪੁਰ, ਡਢਵਾਲ, ਬਿਝੜਵਾਲ

ਹੋਰ ਸਥਾਨਕ ਚੌਧਰੀਆਂ ਦੀਆਂ ਫ਼ੌਜਾਂ :- ਸਰਸਾ, ਰਾਣੀਆਂ, ਫ਼ਤਿਆਬਾਦ, ਬੁਢਲਾਡਾ, ਆਂਡਕੂ, ਸਮਾਣਾ, ਝੰਗ, ਬਹਾਵਲਪੁਰ, ਬੋਹਿਆ।

53.

ਖ਼ੈਮੇ ਕੋ ਅਪਨੇ ਅਪਨੇ ਰਵਾਂ, ਫਿਰ ਜਵਾਂ ਹੂਏ।
ਹਥਿਆਰ ਕੱਸ ਕੇ ਓਪਚੀ ਸ਼ੇਰਿ-ਯਿਆਂ ਹੂਏ।
ਜਬ ਕਿਲ੍ਹਾ ਮੇਂ ਬੁਲੰਦ ਗੁਰੂ ਕੇ ਨਿਸ਼ਾਂ ਹੂਏ।
ਸਾਮਨੇ ਜੰਗ ਦੇਖ ਕੇ ਸਭ ਸ਼ਾਦਮਾਂ ਹੂਏ।
ਸਿੰਘੋਂ ਕੀ ਫ਼ੌਜ ਹੋ ਚੁੱਕੀ ਆਹਨ ਮੇਂ ਗ਼ਰਕ ਥੀ।
ਥੇ ਸਰ ਪਿ ਖੋਦ ਬਰਮੇ ਜਿਰਹਾ ਤਾਬ-ਫ਼ਰਕ ਥੀ।

ਸ਼ਬਦ ਅਰਥ:- ਖ਼ੈਮੇ= ਤੰਬੂ ਰਵਾਂ= ਤੁਰੇ ਓਪਚੀ= ਸ਼ਸ਼ਤਰਧਾਰੀ ਜੋਧੇ ਸ਼ੇਰਿ-ਯਿਆਂ= ਰੋਹ ਭਰੇ ਸਿੰਘ ਸੂਰਮੇ, ਨਿਸ਼ਾਂ= ਨਿਸ਼ਾਨ, ਝੰਡੇ ਸ਼ਾਦਮਾ= ਪ੍ਰਸੰਨ, ਖੁਸ਼ ਆਹਨ= ਲੋਹੇ ਦੇ ਹਥਿਆਰ ਗ਼ਰਕ= ਭਰਪੂਰ, ਭਰ ਚੁਕੀ, ਡੁੱਬ ਚੁਕੀ, ਖੋਦ= ਲੋਹ ਟੋਪ ਜਿਰਹਾ= ਲੋਹੇ ਦੀਆਂ ਬਰੀਕ ਤਾਰਾਂ ਦੀ ਪੋਸ਼ਾਕ, ਸੰਜੋਅ, ਤਾਬ= ਚਮਕ, ਫ਼ਰਕ= ਟੀਸੀ ਤੇ, ਉਚੇਰੀ, ਵੇਖਣ ਵਾਲੀ, ਫ਼ਰਕ= ਸਿਰ, ਬਰਮੇ: ਐਸੀ ਸੰਜੋਅ ਜਿਸ ਨਾਲ ਕੱਛਾਂ ਵਾਲਾ ਪਾਸਾ ਵੀ ਢਕਿਆ ਹੋਵੇ।

ਅਰਥਾਤ :- ਗੁਰੂ ਪਾਤਸ਼ਾਹ ਦੇ ਉਠ ਕੇ ਖੜੇ ਹੋਣ ਦੀ ਦੇਰ ਸੀ ਕਿ ਸਾਰੇ ਸਿੰਘ ਸੂਰਮੇ ਉਠ ਕੇ ਖੜੇ ਹੋ ਗਏ ਅਤੇ ਆਪਣੇ-ਆਪਣੇ ਥਾਵਾਂ ਵੱਲ ਤੁਰ ਪਏ ਜਿਥੇ ਉਨ੍ਹਾਂ ਦੇ ਸ਼ਸ਼ਤਰ ਪਏ ਹੋਏ ਸਨ। ਸਿੰਘਾਂ ਨੇ ਸ਼ਸ਼ਤਰ ਪਹਿਨਣੇ ਆਰੰਭ ਕੀਤੇ। ਰੋਹ ਭਰੇ ਸਿੰਘ ਸੂਰਮੇ ਹਥਿਆਰ ਕਸ ਕੇ ਲੋਹੇ ਨਾਲ ਜੜੇ ਹੋਏ ਪ੍ਰਤੀਤ ਹੋ ਰਹੇ ਸਨ। ਖਾਲਸਈ ਸ਼ਾਨ ਦੇ ਪ੍ਰਤੀਕ ਨਿਸ਼ਾਨ ਸਾਹਿਬ ਸਿੰਘਾਂ ਨੇ ਕਿਲ੍ਹੇ (ਕੱਚੀ ਗੜ੍ਹੀ) ਵਿਚ ਗੱਡ ਦਿੱਤੇ। ਸਿੰਘਾਂ ਦੇ ਚੇਹਰਿਆਂ ਉਪਰ ਅਗੰਮੀ ਨੂਰ ਝਲਕ ਰਿਹਾ ਸੀ। ਆਮ ਇਨਸਾਨ ਤਾਂ ਸਾਹਮਣੇ ਅਣਗਿਣਤ ਦੁਸ਼ਮਣਾਂ ਨੂੰ ਵੇਖ ਕੇ ਘੋਬਰਦਾ ਹੋ ਜਾਂਦਾ ਹੈ ਪਰੰਤੂ ਗੁਰੂ ਪਾਤਸ਼ਾਹ ਦੇ ਪੁੱਤਰ ਸਿੰਘ ਸੂਰਮੇ ਸਾਹਮਣੇ ਦੁਸ਼ਮਣਾਂ ਦੀ ਆਮਦ ਨੂੰ ਵੇਖ ਕੇ ਪ੍ਰਸੰਨ ਚਿੱਤ ਹੋ ਰਹੇ ਸਨ। ਸਾਰਿਆਂ ਦੇ ਚਿਹਰਿਆਂ ਉਪਰ ਖੁਸ਼ੀ ਅਤੇ ਜਾਮ-ਏ-ਸ਼ਹਾਦਤ ਪੀਣ ਦਾ ਚਾਅ ਝਲਕ ਰਿਹਾ ਸੀ।

ਸਿੰਘ ਸੂਰਮੇ ਪੂਰੀ ਤਰ੍ਹਾਂ ਤਿਆਰ ਹੋ ਚੁੱਕੇ ਸਨ। ਸੰਜੋਆਂ ਨਾਲ ਸਾਰੇ ਤਨ ਢੱਕੇ ਹੋਏ ਪ੍ਰਤੀਤ ਹੋ ਰਹੇ ਸਨ। ਸੀਸ ਉਪਰ ਸਜਾਈਆਂ ਦਸਤਾਰਾਂ ਉਪਰ ਪਹਿਨੇ ਲੋਹ ਚੱਕਰ ਇਸ ਤਰ੍ਹਾਂ ਚਮਕ ਰਹੇ ਸਨ ਜਿਵੇਂ ਸਿਰ ਉਪਰ ਲੋਹ ਟੋਪ ਪਾਇਆ ਹੋਇਆ ਹੋਵੇ। ਲੋਹੇ ਦੀਆਂ ਬਰੀਕ ਚਮਕਦਾਰ ਤਾਰਾਂ ਦੀ ਬਣੀ ਹੋਈ ਸੰਜੋਅ ਦੀ ਚਮਕ ਅੱਖ ਨੂੰ ਚੁੰਧਿਆ ਰਹੀ ਸੀ।

54.

ਸ਼ੈਮੋ ਸੇ ਲੈਸ ਹੋਕਰ ਅਕਾਲੀ ਨਿਕਲ ਪੜੇ।
ਖੰਜ਼ਰ ਉਠਾਯਾ, ਤੇਗ਼ ਸੰਭਾਲੀ ਨਿਕਲ ਪੜੇ।
ਲੇਕਰ ਤੁਫ਼ੰਗ-ਬਅੱਜ ਦੁਨਾਲੀ ਨਿਕਲ ਪੜੇ।
ਇਤਨੇ ਮੇਂ ਗ਼ੁਲ ਹੂਆ ਸ਼ਾਹਿ-ਆੱਲੀ ਨਿਕਲ ਪੜੇ।
ਖ਼ੁਰਸ਼ੈਦ ਦੇਖ ਸਰਵਰਿ-ਫ਼ੌਜ਼ਿ-ਅਕਾਲ ਕੋ।
ਕਿਬਲ ਅਜ ਦੁਪਹਿਰ ਸ਼ਰਮ ਸੇ ਪਹੁੰਚਾ ਜ਼ਵਾਲ ਕੋ।

ਸ਼ਬਦ ਅਰਥ:- ਲੈਸ= ਸ਼ਸ਼ਤਰਧਾਰੀ, ਤੁਫ਼ੰਗ= ਬੰਦੂਕ, ਬਅੱਜ਼= ਨਾਲ ਹੀ ਕਈ, ਦੁਨਾਲੀ= ਦੁਨਾਲੀ, ਦੋ ਨਾਲੀਆਂ ਵਾਲੀ ਬੰਦੂਕ, ਗ਼ੁਲ= ਝਲਕਾਰਾ, ਸ਼ਾਹਿ-ਅੱਲੀ= ਉਚੇ ਮਰਤਬੇ ਵਾਲਾ ਸ਼ਹਿਨਸ਼ਾਹ, ਖ਼ੁਰਸੈਦ= ਸੂਰਜ, ਸਰਵਰਿ-ਫ਼ੌਜ਼ਿ-ਅਕਾਲ= ਅਕਾਲੀ ਸੈਨਾ ਦਾ ਮੁਖੀ, ਕਿਬਲ= ਪੱਛਮ, ਪਹਿਲਾ ਅਜ ਦੁਪਹਿਰ= ਦੁਪਹਿਰ ਤੋਂ ਪਹਿਲਾਂ, ਜ਼ਵਾਲ= ਪੱਤਣ, ਅਧੋਗਤੀ, ਘਾਟਾ।

ਅਰਥਾਤ :- ਆਪਣੇ ਆਪਣੇ ਸ਼ਸ਼ਤਰਾਂ ਅਤੇ ਸੰਜੋਆਂ ਨਾਲ ਲੈਸ ਹੋ ਕੇ ਗੁਰੂ ਪਾਤਸ਼ਾਹ ਦੇ ਸਿੰਘ ਸੂਰਮੇ ਤਿਆਰ ਹੋ ਗਏ। ਕਿਸੇ ਨੇ ਹੱਥ ਵਿਚ ਖੰਜ਼ਰ ਅਤੇ ਕਿਸੇ ਨੇ ਤੇਗ਼ ਫੜੀ ਹੋਈ ਸੀ। ਕੋਈ ਬੰਦੂਕ ਨਾਲ ਲੈਸ ਸੀ ਅਤੇ ਕਈਆਂ ਨੇ ਦੁਨਾਲੀ ਬੰਦੂਕਾਂ[1] ਸੰਭਾਲੀਆਂ ਹੋਈਆਂ ਸਨ। ਸਿੰਘ ਸੂਰਮੇ ਸ਼ਸ਼ਤਰਾਂ ਨਾਲ ਲੈਸ ਹੋ ਕੇ ਮੈਦਾਨ-ਏ-ਜੰਗ ਵਿਚ ਜੂਝਣ ਵਾਸਤੇ ਤਿਆਰ ਹੀ ਖੜੇ ਸਨ ਕਿ ਇੰਝ ਝਲਕਾਰਾ ਪਿਆ ਕਿ ਜਿਵੇਂ ਉਚੇ ਮਰਤਬੇ ਵਾਲੇ ਸ਼ਾਹਿਨਸ਼ਾਹ ਨਿਕਲ ਆਏ ਹੋਣ ਅਰਥਾਤ ਗੁਰੂ ਗੋਬਿੰਦ ਸਿੰਘ ਮਹਾਰਾਜ ਵੀ ਤਿਆਰ ਹੋ ਸ਼ਸਤਰਧਾਰੀ ਹੋ ਕੇ ਸਿੰਘ ਦਰਮਿਆਨ ਆ ਖੜੇ ਹੋਏ।

ਗੁਰੂ ਪਾਤਸ਼ਾਹ ਸ਼ਸਤਰ ਨਾਲ ਲੈਸ ਹੋ ਕੇ ਬੜੇ ਹੀ ਸੁੰਦਰ ਲਗ ਰਹੇ ਸਨ, ਸ਼ਸਤਰਾਂ ਦੀ ਤਾਬ ਤਾਂ ਸੂਰਜ ਪਾਸੋਂ ਵੀ ਨਹੀਂ ਝੱਲੀ ਜਾ ਰਹੀ। ਸੂਰਜ ਵੀ ਪਾਤਸ਼ਾਹ ਦੇ ਜਾਹੋਜਲਾਲ ਨੂੰ ਵੇਖ ਕੇ, ਚਮਕ ਦਮਕ ਵੇਖ ਕੇ ਸ਼ਰਮਸਾਰ ਹੁੰਦਾ ਜਾ ਰਿਹਾ ਸੀ। ਕਵੀ ਦੇ ਸ਼ਬਦਾਂ ਵਿਚ ਸੂਰਜ ਤਾਂ ਸ਼ਾਮ ਤੋਂ ਪਹਿਲਾਂ ਹੀ ਘਟਦਾ ਜਾ ਰਿਹਾ ਅਤੇ ਪੱਛਮ ਵੱਲ ਛੁੱਪਦਾ ਜਾ ਰਿਹਾ ਸੀ।

1. ਦੁਨਾਲੀ ਬੰਦੂਕ :- ਬੇਸ਼ਕ ਜੈਸਿਆਂ ਦੁਨਾਲੀ ਬੰਦੂਕਾਂ ਅਜੌਕੇ ਸਮੇਂ ਪ੍ਰਚਲਿਤ ਹਨ ਉਸ ਸਮੇਂ ਐਸੀਆਂ ਨਹੀਂ ਸਨ ਪ੍ਰੰਤੂ ਉਸ ਸਮੇਂ ਇਕ ਨਾਲੀ ਅਤੇ ਬਹੁ ਨਾਲੀ ਤੋੜੇਦਾਰ ਬੰਦੂਕਾਂ ਦੀ ਵਰਤੋਂ ਜੰਗਾਂ-ਯੁੱਧਾਂ ਦੌਰਾਨ ਕੀਤੀ ਜਾਂਦੀ ਸੀ।

55.

ਜਿਸ ਜਾ ਕੀਆ ਹਜ਼ੂਰ ਨੇ ਜਾਕਰ ਕਯਾਮ ਥਾ।
ਚਮਕੌਰ ਕੀ ਗੜ੍ਹੀ ਮੇਂ ਯੇ ਏਕ ਊਚਾ ਬਾਮ ਥਾ।
ਇਸ ਜਾ ਸੇ ਚਾਰ ਕੂੰਟ ਕਾ ਨਜ਼ਾਰਾ ਅੱਮ ਥਾ।
ਦਿਖਤਾ ਯਹਾਂ ਸੇ ਲਸ਼ਕਰਿ ਅੱਦਾਅ ਤਮਾਮ ਥਾ।
ਅਸਵਾਰ ਹੀ ਅਸਵਾਰ ਥੇ ਫੈਲੇ ਹੂਏ ਰਨ ਮੇਂ।
ਪਿਆਦੇ ਥੇ, ਯਾ ਥੇ ਆਦਮੀ-ਘਾਸ ਉਗਪੜੀ ਬਨ ਮੇਂ।

ਸ਼ਬਦ ਅਰਥ:- ਜਾ= ਜਗ੍ਹਾ, ਕਯਾਮ= ਡੇਰਾ ਲਗਾਇਆ, ਬਾਮ= ਕੋਠਾ, ਮੰਮਟੀ, ਛੱਤ, ਚਾਰ ਕੂੰਟ= ਚਾਰ ਦਿਸ਼ਾਵਾਂ, ਲਸ਼ਕਰਿ= ਫੌਜ, ਅੱਦਾਅ= ਦੁਸ਼ਮਣ, ਤਮਾਮ= ਸਾਰਾ, ਬਹੁਤ।

ਅਰਥਾਤ:- ਚਮਕੌਰ ਦੇ ਨਗਰ ਵਿਚ ਇਸ ਗੜ੍ਹੀ ਜਿਸ ਵਿਚ ਗੁਰੂ ਪਾਤਸ਼ਾਹ ਠਹਿਰੇ ਹੋਏ ਸਨ, ਡੇਰਾ ਕੀਤਾ ਹੋਇਆ ਸੀ ਇਹ ਇਸ ਨਗਰ ਦਾ ਸਭ ਤੋਂ ਉਚਾ ਅਸਥਾਨ ਸੀ। ਇਸ ਗੜ੍ਹੀ ਉਪਰ ਇਕ ਉਚਾ ਕੱਚਾ ਕੋਠਾ ਬਣਿਆ ਹੋਇਆ ਸੀ, ਜਿਸ ਉਪਰ ਖੜ੍ਹੇ ਹੋ ਕੇ ਚਾਰੇ ਪਾਸੇ ਦਾ ਨਜ਼ਾਰਾ ਅਰਾਮ ਨਾਲ ਵੇਖਿਆ ਜਾ ਸਕਦਾ ਸੀ। ਇਸ ਅਸਥਾਨ ਤੋਂ ਖੜੇ ਹੋ ਕੇ ਦੇਖਿਆਂ ਦੁਸ਼ਮਣ ਦੀ ਬੇਸ਼ੁਮਾਰ ਫੌਜ ਨਜ਼ਰ ਆ ਰਹੀ ਸੀ।

ਚਮਕੌਰ ਦੀ ਗੜ੍ਹੀ ਦੇ ਦੁਆਲੇ ਫੈਲੇ ਹੋਏ ਸਥਾਨ ਵਿਚ ਚਾਰੇ ਪਾਸੇ ਦੁਸ਼ਮਣ ਦੀ ਫ਼ੌਜ ਦੇ ਘੋੜਸਵਾਰ ਜਵਾਨ ਖਿਲਰੇ ਹੋਏ ਸਨ। ਪੈਦਲ ਫੌਜਾਂ[1] ਦੀ ਗਿਣਤੀ ਵੀ ਬੇਸ਼ੁਮਾਰ ਸੀ। ਇਸ ਤਰ੍ਹਾਂ ਦੀ ਵਧੇਰੇ ਗਿਣਤੀ ਵਿਚ ਦੁਸ਼ਮਣ ਦਾ ਲਸ਼ਕਰ ਇੰਝ ਲੱਗ ਰਿਹਾ ਸੀ ਜਿਵੇਂ ਜੰਗਲ ਵਿਚ ਸੰਘਣਾ ਘਾਹ ਉਗਿਆ ਹੋਵੇ।

---

1. ਦੁਸ਼ਮਣ ਦੀ ਅਣਗਿਣਤ ਫ਼ੌਜ ਦਾ ਜ਼ਿਕਰ ਕਰਦੇ ਕਲਗੀਧਰ ਪਾਤਸ਼ਾਹ ਜ਼ਫ਼ਰਨਾਮੇ ਵਿਚ ਲਿਖਦੇ ਹਨ।

ਬ ਰੰਗਿ ਮਗਸ ਸਯਾਹਪੋਸ਼ ਆਮਦੰਦ॥
ਬ ਯਕ-ਬਾਰਗੀ ਦਰ ਖ਼ਰੋਸ਼ ਆਮਦੰਦ॥ (ਜ਼ਫ਼ਰਨਾਮਾ)

56.


ਸਤਿਗੁਰ ਨੇ ਮੌਕਾ ਮੌਕਾ ਸੇ ਸਭ ਕੋ ਬਿਠਾ ਦਿਆ।
ਹਰ ਬੁਰਜ ਪਿ, ਫ਼ਸੀਲ ਪਿ ਪਹਰਾ ਲਗਾ ਦਿਆ।
ਯਿਹ ਮੋਰਚਾ ਇਸੇ, ਉਸੇ ਵੁਹ ਦਮਦਮਾ ਦਿਆ।
ਸਿੰਘੋਂ ਕਾ ਇਕ ਹਿਸਾਰ ਕਿਲੇ ਮੇਂ ਬਨਾ ਦਿਆ।
ਦੀਵਾਰੁ-ਦਰ ਪਿ, ਪੁਸ਼ਤੋਂ ਪਿ, ਜਬ ਸਿੰਘ ਡਟ ਗਏ।
ਡਰ ਕਰ ਮੁਹਾਸਰੀਨ ਸਭੀ ਪੀਛੇ ਹਟ ਗਏ।

ਸ਼ਬਦ ਅਰਥ:- ਮੌਕਾ-ਮੌਕਾ= ਜੰਗਨੀਤੀ ਅਨੁਸਾਰ ਜਗ੍ਹਾ-ਜਗ੍ਹਾ, ਬੁਰਜ਼= ਉਚੀਮੰਮਟੀ, ਫ਼ਸੀਲ= ਕੰਧ, ਦਮਦਮਾ= ਦੀਵਾਰ ਨਾਲ ਮੋਰਚਾ ਹਿਸਾਰ= ਘੇਰਾ, ਚੱਕਰਵਿਊ, ਪੁਸ਼ਤੋਂ= ਪਿਛਵਾੜੇ, ਦਰ= ਦਰਵਾਜੇ, ਮੁਹਾਸਰੀਨ= ਘੇਰਾ ਪਾਉਣ ਵਾਲੇ ਵੈਰੀ ਦਲ।

ਅਰਥਾਤ :- ਯੁਧਨੀਤੀ ਅਤੇ ਸ਼ਸ਼ਤਰ ਵਿਦਿਆ ਦੇ ਮਾਹਿਰ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਬੜੀ ਹੀ ਸੁੰਦਰ ਕਾਰਜ ਵਿਉਂਤ ਨਾਲ ਸਿੰਘਾਂ ਨੂੰ ਜਗ੍ਹਾ-ਜਗ੍ਹਾ ਉਪਰ ਗੜ੍ਹੀ ਦੇ ਅੰਦਰ ਤਾਇਨਾਤ ਕਰ ਦਿੱਤਾ। ਗੜ੍ਹੀ ਦੇ ਹਰ ਬੁਰਜ਼ ਅਤੇ ਹਰ ਕੰਧ ਦੇ ਨਾਲ ਸਿੰਘਾਂ ਦਾ ਬੜੇ ਵਧੀਆ ਤਰੀਕੇ ਨਾਲ ਪਹਿਰਾ ਲਗਾ ਦਿੱਤਾ ਤਾਂ ਜੋ ਗੜ੍ਹੀ ਉਪਰ ਹੋਏ ਹਮਲੇ ਸਮੇਂ ਚੰਗੇ ਤਰੀਕੇ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਜਾ ਸਕੇ। ਸਿੰਘਾਂ ਨੂੰ ਪਾਤਸ਼ਾਹ ਨੇ ਗੜ੍ਹੀ ਦੇ ਵੱਖ ਵੱਖ ਹਿਸਿਆਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਕਿਸੇ ਨੂੰ ਮੋਰਚਾਬੰਦੀ ਕਰਨ ਲਈ ਕਿਹਾ ਅਤੇ ਕਿਸੇ ਨੂੰ ਹੋਰ ਮੋਰਚਾ ਬਖਸ਼ ਦਿੱਤੀ ਅਤੇ ਯੁੱਧਨੀਤੀ ਦੇ ਗੁਰ ਸਮਝਾਏ ਅਤੇ ਵਿਉਂਤਬੰਦੀ ਤੋਂ ਜਾਣੂ ਕਰਵਾਇਆ। ਗੁਰੂ ਪਾਤਸ਼ਾਹ ਨੇ ਸਿੰਘਾਂ ਨੂੰ ਕਿਲ੍ਹੇ ਅੰਦਰ ਇਨ੍ਹੇ ਵਧੀਆ ਤਰੀਕੇ ਨਾਲ ਤਾਇਨਾਤ ਕੀਤਾ ਅਤੇ ਮੋਰਚਾਬੰਦੀ ਕੀਤੀ ਜਿਵੇਂ ਕਿਲ੍ਹੇ ਅੰਦਰ ਚੱਕਰਵਿਊਂ ਦੀ ਰਚਨਾ ਕਰ ਦਿੱਤੀ ਹੋਵੇ।

ਕਿਲ੍ਹੇ ਦੀ ਹਰ ਦੀਵਾਰ, ਹਰ ਦਰਵਾਜੇ ਅਤੇ ਚਮਕੌਰ ਦੀ ਕੱਚੀ ਗੜ੍ਹੀ ਦੇ ਪਿਛਵਾੜੇ ਵੱਲ ਕਲਗੀਧਰ ਦੇ ਸ਼ਸਤਰਧਾਰੀ ਜੋਧੇ ਡੱਟ ਗਏ। ਜਦੋਂ ਸਿੰਘਾਂ ਦੀ ਯੁਧਨੀਤੀ ਦਾ ਅਜੀਬੋ ਗਰੀਬ ਨਜ਼ਾਰਾ ਦੁਸ਼ਮਣ ਦੀ ਫ਼ੌਜ ਨੇ ਵੇਖਿਆ ਤਾਂ ਦਹਿਲ ਗਏ ਅਤੇ ਡਰ ਕੇ ਹੀ ਗੜ੍ਹੀ ਤੋਂ ਕਾਫ਼ੀ ਪਿਛਾਂਹ ਹੱਟ ਗਏ।

1. ਚੱਕਰਵਿਊ:- ਚੱਕਰ ਦੇ ਅਕਾਰ ਦਾ ਫ਼ੌਜ ਦਾ ਇਕ ਐਸਾ ਘੇਰਾ ਤਿਆਰ ਕਰ ਦੇਣਾ ਜਿਸ ਵਿਚ ਵੜ ਕੇ ਵੈਰੀ ਬਾਹਰ ਜਿਊਂਦਾ ਨਾਂ ਨਿਕਲ ਸਕੇ। ਚੱਕਰਵਿਊ ਦੀ ਬਣਤਰ ਵਾਸਤੇ ਵਧੇਰੇ ਫੌਜ ਦੀ ਜ਼ਰੂਰਤ ਹੁੰਦੀ ਹੈ। ਬੇਸ਼ਕ ਗੁਰੂ ਜੀ ਪਾਸ ਚੱਕਰਵਿਊ ਤਿਆਰ ਕਰਨ ਜਿੰਨੀ ਫੌਜ ਨਹੀਂ ਸੀ ਪਰ ਫਿਰ ਵੀ ਗੁਰੂ ਸਾਹਿਬ ਨੇ ਗੜ੍ਹੀ ਅੰਦਰ ਬੜੀ ਵਧੀਆ ਤਰਤੀਬ ਅਨੁਸਾਰ ਕਿਲ੍ਹੇ ਬੰਦੀ ਕੀਤੀ।



57.

ਫ਼ਰਮਾਏ ਕਲਗ਼ੀਧਰ ਕਿ "ਅਬ ਇਕ-ਇਕ ਜਵਾਂ ਚਲੇ।"
ਪਾ-ਪਾ ਕੇ ਹੁਕਮ ਭੇੜੋਂ ਮੇ ਸ਼ੇਰਿ-ਯਿਆਂ ਚਲੇ।
ਬਚ ਕਰ ਅਦੂੱਅ ਕੇ ਦਾਉ ਸੇ ਯੂੰ ਪਹਲਵਾਂ ਚਲੇ।
ਦਾਤੋਂ ਮੇਂ ਜੈਸੇ ਘਿਰ ਕੇ ਦਹਨ ਮੇਂ ਜ਼ੁਬਾਂ ਚਲੇ।
ਘੁਸਤੇ ਹੀ ਰਨ ਮੇਂ ਜੰਗ ਕਾ ਪੱਲਾ ਝੁਕਾ ਦੀਆ।
ਜਿਸ ਸੱਮਤ ਤੇਗ਼ ਤੋਲ ਕੇ ਪਹੁੰਚੇ ਭਗਾ ਦੀਆ।

ਸ਼ਬਦ ਅਰਥ:- ਸ਼ੇਰਿ ਯਿਆਂ= ਰੋਹ ਭਰੇ ਸ਼ੇਰ, ਅੱਦੂਅ= ਦੁਸ਼ਮਣ, ਦਾਉ= ਦਾਅ-ਪੇਚ, ਦਹਨ= ਮੂੰਹ, ਜ਼ੁਬਾਂ= ਜ਼ੁਬਾਨ, ਸੱਮਤ= ਪਾਸੇ।

ਅਰਥਾਤ :- ਸਿੰਘਾਂ ਨੂੰ ਗੜ੍ਹੀ ਦੇ ਅੰਦਰ ਦੀ ਰੱਖਿਆ ਵਾਸਤੇ ਸਿੰਘਾਂ ਨੂੰ ਤਾਇਨਾਤ ਕਰਨ ਉਪਰੰਤ ਬਾਕੀ ਸਿੰਘਾਂ ਨੂੰ ਗੁਰੂ ਪਾਤਸ਼ਾਹ ਨੇ ਇਕੱਤਰ ਕੀਤਾ ਅਤੇ ਜੰਗ ਦਾ ਆਦੇਸ਼ ਦਿੰਦੇ ਹੋਏ ਫ਼ੁਰਮਾਇਆ ਕਿ ਹੁਣ ਇਕੱਲਾ ਇਕੱਲਾ ਸਿੰਘ ਗੜ੍ਹੀ ਤੋਂ ਬਾਹਰ ਜਾਵੇਗਾ ਅਤੇ ਦੁਸ਼ਮਣ ਦੇ ਨਾਲ ਮੈਦਾਨ-ਏ-ਜੰਗ ਵਿਚ ਦੋ ਹੱਥ ਕਰੇਗਾ। ਗੁਰੂ ਪਾਤਸ਼ਾਹ ਦੇ ਹੁਕਮ ਪਾ ਕੇ ਸਿੰਘ ਇਕੱਲੇ-ਇਕੱਲੇ ਨਿਕਲਦੇ ਅਤੇ ਵੈਰੀ ਦਲ ਵਿਚ ਦਾਖਲ ਹੋ ਕੇ ਇਸ ਤਰ੍ਹਾਂ ਕੁਹਰਾਮ ਮਚਾ ਦਿੰਦੇ ਜਿਵੇਂ ਭੇਡਾਂ ਦੇ ਇੱਜੜ ਵਿਚ ਸ਼ੇਰ ਹਮਲਾਵਰ ਹੋ ਕੇ ਆ ਗਿਆ ਹੋਵੇ। ਦੁਸ਼ਮਣ ਦੀ ਫ਼ੌਜ ਦੀ ਗਿਣਤੀ ਬੇਸ਼ੁਮਾਰ ਸੀ। ਕਿਉਂਕਿ ਇਹ ਦੁਨੀਆਂ ਦੀ ਸਭ ਤੋਂ ਅਸਾਵੀਂ ਜੰਗ ਸੀ ਜੋ ਚਮਕੌਰ ਦੇ ਅਸਥਾਨ ਉਪਰ ਲੜੀ ਜਾਣੀ ਸੀ। ਕਲਗੀਧਰ ਪਾਤਸ਼ਾਹ ਦੇ ਹੁਕਮ ਸਦਕਾ ਸਿੰਘ ਸੂਰਮੇ ਵੈਰੀ ਦਲਾਂ ਵਿਚ ਬੜਾ ਸੰਭਲ-ਸੰਭਲ ਕੇ ਜੰਗ ਕਰ ਰਹੇ ਸਨ। ਆਪ ਵੈਰੀ ਦਲ ਦੇ ਵਾਰ ਤੋਂ ਬਚਾ ਕਰਦੇ ਹੋਏ, ਬੜੀ ਸਿਆਣਪ ਨਾਲ ਵੈਰੀ ਦਲ ਦਾ ਨੁਕਸਾਨ ਕਰ ਰਹੇ ਸਨ। ਕਵੀ ਬੜਾ ਸੁੰਦਰ ਬਿਆਨ ਕਰਦਾ ਹੈ ਕਿ ਸਿੰਘ ਵੈਰੀ ਦਲ ਵਿਚ ਇਸ ਤਰ੍ਹਾਂ ਬਚ-ਬਚ ਕੇ ਜੰਗ ਕਰ ਰਹੇ ਸਨ ਜਿਵੇਂ ਦੰਦਾਂ ਵਿਚ ਜ਼ੁਬਾਨ ਘੁੰਮਦੀ ਹੈ।

ਜਦੋਂ ਵੀ ਸਿੰਘ ਸੂਰਮੇ ਵੈਰੀ ਦਲ ਵਿਚ ਜਾ ਵੜਦੇ ਜਾਂਦਿਆਂ ਹੀ ਦੁਸ਼ਮਣ ਦੇ ਦੰਦ ਖੱਟੇ ਕਰਕੇ ਜੰਗ ਦਾ ਪਾਸਾ ਬਦਲ ਦਿੰਦੇ, ਜਿਸ ਪਾਸੇ ਵੀ ਤੇਗ਼ ਸੂਤ ਕੇ ਨਿਕਲਦੇ, ਲਾਸ਼ਾਂ ਦੇ ਢੇਰ ਲਗਾ ਕੇ ਪਾਸਾ ਵਿਹਲਾ ਕਰ ਦਿੰਦੇ।

58.

ਏਕ ਏਕ ਲਾਖ ਲਾਖ ਸੇ ਮੈਦਾਨ ਮੇਂ ਲੜਾ।
ਜਿਸ ਜਾ ਪਿ ਸਿੰਘ ਅੜ ਗਏ, ਝੰਡਾ ਵਹਾਂ ਗੜਾ।
ਚਸ਼ਮਿ-ਫ਼ਲਕ ਨੇ ਥਾ ਜੋ ਨਾ ਦੇਖਾ ਵੁਹ ਰਨ ਪੜਾ।
ਘੋੜੇ ਪਿ ਝੂਮਤਾ ਇਕ ਅਕਾਲੀ ਜਵਾਂ ਬੜਾ।

ਗ਼ੁੱਲ ਮਚ ਗਿਆ, 'ਯਿਹ ਪਾਂਚ ਪਿਆਰੋਂ ਮੇਂ ਏਕ ਹੈ।
ਬੇ-ਮਿਸਾਲ ਹੈ ਸ਼ੁਜਾਅ, ਹਜ਼ਾਰੋਂ ਮੇਂ ਏਕ ਹੈ।

ਸ਼ਬਦ ਅਰਥ:- ਝੰਡਾ= ਨਿਸ਼ਾਨ, ਚਸ਼ਮਿ-ਫ਼ਲਕ= ਅਕਾਸ਼ ਦੀ ਅੱਖ, ਗ਼ੁੱਲ= ਸ਼ੋਰ, ਬੇਮਿਸਾਲ= ਇਸ ਵਰਗਾ ਹੋਰ ਕੋਈ ਨਹੀਂ, ਸ਼ੁਜਾਅ= ਬਹਾਦੁਰ।

ਅਰਥਾਤ:- ਗੁਰੂ ਪਾਤਸ਼ਾਹ ਦਾ ਹੁਕਮ ਪਾ ਕੇ ਸਿੰਘ ਸੂਰਮੇ ਮੈਦਾਨ-ਏ-ਜੰਗ ਵਿਚ ਜੂਝ ਰਹੇ ਸਨ। ਇਕੱਲਾ-ਇਕੱਲਾ ਸਿੰਘ ਸੂਰਮਾ ਅਨੇਕਾਂ ਹੀ ਵੈਰੀਆਂ ਦਾ ਖ਼ਾਤਮਾ ਕਰਕੇ ਜਾਮ-ਏ-ਸ਼ਹਾਦਤ ਪੀ ਰਿਹਾ ਸੀ। ਜਿਸ ਜਗ੍ਹਾ ਤੇ ਵੀ ਸਿੰਘ ਸੂਰਮੇ ਡੱਟ ਜਾਂਦੇ ਉਥੇ ਹੀ ਆਪਣੀ ਫਤਹਿ ਦਾ ਝੰਡਾ ਗੱਡ ਦਿੰਦੇ ਅਤੇ ਵੈਰੀ ਦਲ ਦੀਆਂ ਲਾਸ਼ਾਂ ਦੇ ਢੇਰ ਲਗਾ ਦਿੰਦੇ। ਸਿੰਘਾਂ ਦੀ ਗਿਣਤੀ ਬਹੁਤ ਘੱਟ ਅਤੇ ਵੈਰੀ ਦਲ ਬੇਸ਼ੁਮਾਰ ਸੀ। ਭਿਆਨਕ ਯੁੱਧ ਹੋ ਰਿਹਾ ਸੀ। ਲੋਹੇ ਦੀਆਂ ਟਣਕਾਰਾਂ ਨਾਲ ਮਾਹੌਲ ਅਤਿ ਭਿਆਨਕ ਸੀ। ਐਸਾ ਭਿਆਨਕ ਯੁੱਧ ਅਕਾਸ਼ ਦੀ ਅੱਖ ਨੇ ਇਸ ਤੋਂ ਪਹਿਲਾਂ ਕਦੀ ਨਹੀਂ ਸੀ ਵੇਖਿਆ। ਇਨ੍ਹੇ ਨੂੰ ਇਕ ਘੋੜ ਸਵਾਰ ਸਿੰਘ ਸੂਰਮਾ ਮੈਦਾਨ-ਏ-ਜੰਗ ਵਿਚ ਦਾਖਲ ਹੋਇਆ।

ਘੋੜ ਸਵਾਰ ਇਸ ਸਿੰਘ ਸੂਰਮੇ ਦੀ ਫ਼ਬਤ ਬੜੀ ਵੱਖਰੀ ਸੀ। ਇਸ ਦੇ ਮੈਦਾਨ ਵਿਚ ਦਾਖਲ ਹੁੰਦਿਆਂ ਹੀ ਵੈਰੀ ਦਲ ਵਿਚ ਸ਼ੋਰ ਮਚ ਗਿਆ ਕਿ ਇਹ ਸਿੰਘ ਸੂਰਮਾ ਪੰਜ-ਪਿਆਰਿਆਂ ਵਿਚੋਂ ਇਕ ਹੈ। ਇਹ ਬਹਾਦਰੀ ਵਿਚ ਬੇਮਿਸਾਲ ਹੈ, ਅਤੇ ਹਜ਼ਾਰਾਂ ਵਿਚ ਕੋਈ ਇਸ ਵਰਗਾ ਸਿੰਘ ਸੂਰਮਾ ਨਹੀਂ ਹੈ।

59.

ਚਿਲਾਏ ਬਆਜ਼ 'ਲੋ ਵੁਹ ਦਿਆ ਸਿੰਘ ਜੀ ਬੜੇ[1]।
ਖਾਂਡਾ ਪਕੜ ਕੇ ਹਾਥ ਮੇਂ ਜੀਵਤ ਬਲੀ ਚੜੇ
ਸਤਿਗੁਰ ਕੇ ਬਾਗ ਕੇ ਹੈ ਯੇ ਸਰੂ-ਏ-ਸਹੀ ਬੜੇ।
ਲਾਸ਼ੋਂ ਕੇ ਪਾਟਨੇ ਕੋ ਸਫ਼ਰ-ਜ਼ੱਨਤੀ ਬੜ੍ਹੇ।

ਇਨ ਸਾ ਦਲੇਰ ਕੋਈ ਨਹੀਂ ਹੈ ਸਿਪਾਹ ਮੇਂ।
ਨਜ਼ਰ ਕਰ ਚੁਕੇ ਹੈਂ ਯਹ ਮੌਲਾ ਕੀ ਰਾਹ ਮੇਂ।

ਸ਼ਬਦ ਅਰਥ :- ਬਅਜ= ਨਾਲ ਹੀ, ਕਈ, ਜੀਵਤ ਬਲੀ= ਅਮਰ ਸੂਰਮਾ, ਸਰੂ-ਏ-ਸਹੀ= ਸਭ ਤੋਂ ਉਚਾ ਸਰੂ ਦਾ ਰੁੱਖ, ਪਾਟਨੇ= ਤਹਿ ਲਗਾਉਣ ਲਈ, ਨਜ਼ਰ= ਭੇਂਟ ਮੌਲਾ= ਅਕਾਲ ਪੁਰਖ, ਸਫ਼ਰ-ਜੱਨਤੀ= ਸਵਰਗ ਦਾ ਸਫ਼ਰ, ਸ਼ਹਾਦਤ ਦਾ ਰੁਤਬਾ।

ਅਰਥਾਤ:- ਘੋੜ ਸਵਾਰ ਸਿੰਘ ਸੂਰਮੇ ਦੇ ਮੈਦਾਨ ਅੰਦਰ ਦਾਖਲ ਹੁੰਦਿਆਂ ਹੀ ਵੈਰੀ ਦਲ ਦੀਆਂ ਅੱਖਾਂ ਅੱਢੀਆਂ ਰਹਿ ਗਈਆਂ, ਡਰ ਨਾਲ ਦਿਲ ਦੀਆਂ ਧੜਕਣਾਂ ਤੇਜ ਹੋ ਗਈਆਂ ਅਤੇ ਕਈ ਤਾਂ ਇਕ ਦਮ ਤ੍ਰਬਕ ਕੇ ਬੋਲ ਉਠੇ ਕਿ ਇਹ ਤਾਂ ਦਇਆ ਸਿੰਘ[1] ਜੀ ਹਨ। ਵੈਰੀ ਦਲਾਂ ਦੇ ਯੋਧਿਆਂ ਨੂੰ ਪਤਾ ਸੀ ਕਿ ਭਾਈ ਦਇਆ ਸਿੰਘ ਜੀ ਪੰਜ ਪਿਆਰਿਆਂ ਵਿਚੋਂ ਇਕ ਹਨ, ਅਤੇ ਇਹ ਗੁਰੂ ਪਾਤਸ਼ਾਹ ਦੇ ਪਾਵਨ ਕਰ-ਕਮਲਾਂ ਸਦਕਾ ਅੰਮ੍ਰਿਤ ਦੀ ਦਾਤ ਹਾਸਲ ਕਰਕੇ ਆਤਮਿਕ ਜੀਵਨ ਪ੍ਰਾਪਤ ਕਰ ਚੁੱਕੇ ਹਨ। ਇਹ ਗੁਰੂ ਪਾਤਸ਼ਾਹ ਦੇ ਬਾਗ ਦੇ ਉਚੇ ਸਰੂ ਰੁੱਖ ਹਨ ਅਰਥਾਤ ਬਹਾਦਰ ਸੂਰਮੇ ਹਨ। ਇਹ ਲਾਸ਼ਾਂ ਦੇ ਢੇਰ ਲਗਾ ਕੇ ਜਾਮੇ-ਸ਼ਹਾਦਤ ਪੀਣ ਵਾਸਤੇ ਮੈਦਾਨੇ-ਜੰਗ ਵਿਚ ਦਾਖਲ ਹੋਏ ਹਨ।

ਇਨ੍ਹਾਂ ਵਰਗਾ ਕੋਈ ਵੀ ਦਲੇਰ ਸੂਰਮਾ ਫ਼ੌਜ ਵਿਚ ਨਹੀਂ ਹੈ ਕਿਉਂਕਿ ਇਹ ਆਪਣਾ ਤਨ-ਮਨ-ਧਨ ਸਭ ਪਾਤਸ਼ਾਹ ਨੂੰ ਭੇਟਾ ਕਰ ਚੁੱਕੇ ਹਨ।

---

1. ਦਯਾ ਸਿੰਘ ਜੀ (ਪਿਆਰਾ) :- ਕਵੀ ਅੱਲ੍ਹਾ ਯਾਰ ਖਾਂ 'ਜੋਗੀ' ਜੀ ਨੂੰ ਇਥੇ ਕਾਫੀ ਵੱਡਾ ਮੁਤਾਲਕਾ (ਟਪਲਾ) ਲੱਗਾ ਹੈ। ਭਾਈ ਦਯਾ ਸਿੰਘ ਜੀ ਨੇ ਗੜ੍ਹੀ ਅੰਦਰੋਂ ਤੀਰਾਂ, ਨੇਜ਼ਿਆਂ, ਬੰਦੂਕਾਂ, ਆਦਿ ਨਾਲ ਵੈਰੀ ਦਲ ਦਾ ਮੁਕਾਬਲਾ ਤਾਂ ਜਰੂਰ ਕੀਤਾ ਹੋਵੇਗਾ ਪਰੰਤੂ ਭਾਈ ਦਯਾ ਸਿੰਘ ਜੀ ਇਸ

ਜੰਗ ਵਿਚ ਸ਼ਹੀਦ ਨਹੀਂ ਹੋਏ। ਭਾਈ ਦਯਾ ਸਿੰਘ ਜੀ ਖੱਤਰੀ ਸਨ ਜੋ ਲਾਹੌਰ ਦੇ ਵਸਨੀਕ ਸਨ। ਆਪ ਦਾ ਜਨਮ ਪਾਰੋ ਖਤਰੀ ਦੀ ਬੰਸ ਵਿਚ ਸੁਧੇ ਦੇ ਘਰ ਮਾਈ ਦਿਆਲੀ ਦੀ ਕੁਖੋਂ ਹੋਇਆ। ਆਪ ਜੀ ਨੇ ਵਿਸਾਖੀ ਦੇ ਦਿਨ ਗੁਰੂ ਪਾਤਸ਼ਾਹ ਦੇ ਹੱਥੋਂ ਸਭ ਤੋਂ ਪਹਿਲਾਂ ਖੰਡੇ ਦੀ ਪਾਹੁਲ ਲਈ। ਦੀਨੇ ਕਾਂਗੜ ਦੇ ਮੁਕਾਮ ਤੋਂ ਔਰੰਗਜ਼ੇਬ ਨੂੰ ਲਿਖੀ ਚਿੱਠੀ (ਜ਼ਫ਼ਰਨਾਮਾ) ਭਾਈ ਦਯਾ ਸਿੰਘ ਜੀ ਲੈ ਕੇ ਅਹਿਮਦ ਨਗਰ ਗਏ ਸਨ।

ਆਪ ਦਾ ਦੇਹਾਂਤ 11 ਅੱਸੂ 1705 ਬਿ: ਨੂੰ ਨੰਦੇੜ ਵਿਖੇ ਹੋਇਆ।

60.

'ਮੁਹਕਮ' ਕੀ ਸ਼ਕਲ ਦੇਖ ਕੇ, ਲਹੂ ਨੁਚੜ ਗਿਆ।
ਧੱਬਾ ਅੱਦੂਅ ਕੇ ਜਾਮਾ-ਇ-ਜੁਰਅਤ ਪੇ ਪੜ ਗਿਆ।
ਪਟਕਾ ਮਰੋੜ ਕਰ ਉਸੇ ਹੱਥੇ ਜੁ ਚੜ ਗਿਆ।
ਦਹਿਸ਼ਤ ਸੇ ਹਰ ਜਵਾਂ ਕਾ ਹੁਲੀਆ ਬਦਲ ਗਿਆ।
'ਸਾਹਿਬ' ਕੋ ਦੇਖ ਮਸਖ਼ ਖ਼ਤੋ ਖ਼ਾਲ ਹੋ ਗਏ।
ਡਰ ਕੇ ਸਫ਼ੈਦ ਜ਼ਾਲਿਮੋਂ ਕੇ ਬਾਲ ਹੋ ਗਏ।

ਸ਼ਬਦ ਅਰਥ:- ਧੱਬਾ= ਦਾਗ, ਅਦੂਅ= ਦੁਸ਼ਮਨ, ਜਾਮਾ-ਇ-ਜੁਰੱਅਤ= ਹਿੰਮਤ, ਦਲੇਰੀ ਦਾ ਵਿਖਾਵਾ, ਦਹਸ਼ਤ= ਡਰ, ਖ਼ਤੋ ਖ਼ਾਲ= ਹੁਲੀਏ ਬਦਲ ਗਏ, ਹਾਲੋਂ ਬੇਹਾਲ, ਮਸ਼ਖ= ਹੁਲੀਆ ਵਿਗੜ ਜਾਣਾ, ਬੇ-ਪਛਾਣ, ਔਖੀ ਸੂਰਤ ਤੋਂ ਬੁਰੀ ਸੂਰਤ।

ਅਰਥਾਤ :- ਭਾਈ ਮੋਹਕਮ ਸਿੰਘ ਜੀ (ਪਿਆਰਾ) ਜਦੋਂ ਤੇਗ਼ ਫੜ ਕੇ ਮੈਦਾਨ-ਏ-ਜੰਗ ਵਿਚ ਨਿਤਰੇ ਤਾਂ ਸਿੰਘ ਸੂਰਮੇ ਨੂੰ ਤੱਕ ਕੇ ਦੁਸ਼ਮਣ ਫੌਜਾਂ ਦੇ ਲਹੂ ਨੁੱਚੜ ਗਏ। ਦੁਸ਼ਮਣ ਦੀ ਫੌਜ ਜੋ ਬੜੀ ਜੁਅਰਤ ਅਤੇ ਦਲੇਰੀ ਦਾ ਵਿਖਾਵਾ ਕਰ ਰਹੀ ਸੀ, ਜਦੋਂ ਭਾਈ ਮੋਹਕਮ ਸਿੰਘ ਨੂੰ ਤੱਕਿਆ ਤਾ ਸਾਰੀ ਜੁਅਰਤ ਅਤੇ ਦਲੇਰੀ ਜਾਂਦੀ ਰਹੀ। ਇੰਝ ਲਗਦਾ ਸੀ ਜਿਵੇਂ ਸਿੰਘ-ਸੂਰਮੇ ਨੂੰ ਤੱਕਦਿਆਂ ਹੀ ਵੈਰੀਆਂ ਦੀ ਬਹਾਦਰੀ ਤੇ ਕਾਇਰਤਾ ਦਾ ਧੱਬਾ ਲਗ ਗਿਆ ਹੋਵੇ। ਭਾਈ ਮੋਹਕਮ ਸਿੰਘ ਨੇ ਮੈਦਾਨ-ਏ-ਜੰਗ ਵਿਚ ਦੁਸ਼ਮਣਾਂ ਦੇ ਆਹੂ ਲਾਹ ਕੇ ਰੱਖ ਦਿੱਤੇ। ਜਿਹੜਾ ਵੀ ਸਾਹਮਣੇ ਆਇਆ, ਸਿੰਘ ਸੂਰਮੇ ਨੇ ਸਦਾ ਦੀ ਨੀਂਦ ਸੁਆ ਦਿੱਤਾ। ਮੈਦਾਨੇ-ਜੰਗ ਵਿਚ ਮੋਹਕਮ ਸਿੰਘ ਇੰਨੀ ਬਹਾਦਰੀ ਨਾਲ ਲੜੇ ਕਿ ਹਰ ਪਾਸੇ ਦਹਸ਼ਤ ਮੱਚ ਗਈ, ਵੈਰੀਆਂ ਦੇ ਹੁਲੀਏ ਦਹਿਸ਼ਤ ਨਾਲ ਬਦਲ ਗਏ।

ਜਦੋਂ ਭਾਈ ਸਾਹਿਬ ਸਿੰਘ ਜੀ (ਪਿਆਰਾ) ਮੈਦਾਨੇ-ਜੰਗ ਵਿਚ ਆ ਗੱਜੇ ਤਾਂ ਦੁਸ਼ਮਣਾਂ ਦੇ ਚਿਹਰੇ ਪੀਲੇ ਹੋ ਗਏ। ਸਿੰਘ ਸੂਰਮੇ ਨੂੰ ਲੜਦਾ ਵੇਖ ਕੇ ਹੁਲੀਏ ਬਦਲ ਗਏ। ਡਰ ਨਾਲ ਇਸ ਤਰ੍ਹਾਂ ਦੀਆਂ ਸ਼ਕਲਾਂ ਬਣ ਗਈਆਂ ਸਨ ਜਿਵੇਂ ਬੁੱਢੇ ਹੋ ਗਏ ਹੋਵਣ।

61.

ਜਿਸ ਸੱਮਤ ਗ਼ੁਲ ਮਚਾ ਥਾ, ਉਧਰ ਜਬ ਨਿਗਾਹ ਕੀ।
ਆਵਾਜ਼ ਸਾਫ਼ ਆਨੇ ਲਗੀ ਆਹ ਆਹ ਕੀ।
ਇਕ ਖਾਲਸੇ ਨੇ ਹਾਲਤਿ-ਲਸ਼ਕਰ ਤਬਾਹ ਕੀ।
ਰਨ ਮੇਂ ਕਹੀਂ ਜਗ੍ਹਾ ਨਾਂ ਰਹੀ ਥੀ ਪਨਾਹ ਕੀ।
"ਭਾਗੋ! ਕਿ ਅਬ ਬਚਾਉ ਕੀ ਸੂਰਤ ਨਹੀਂ ਰਹੀ।
ਆਏ 'ਧਰਮ' ਤੋਂ ਜੰਗ ਕੀ ਹਿੰਮਤ ਨਹੀਂ ਰਹੀ।

ਅਰਥ :- ਸਮਤ= ਪਾਸੇ, ਗ਼ੁਲ= ਸ਼ੋਰ, ਹਾਲਤਿ-ਲਸ਼ਕਰ= ਫੌਜ ਦੀ ਹਾਲਤ, ਪਨਾਹ= ਆਸਰਾ, ਲੁਕੋਂ ਬਚਾਉ= ਬਚਣ, ਸੂਰਤ= ਹਾਲਤ, ਕੋਈ ਵਾਹ ਨਹੀਂ ਰਹੀ, ਹਿੰਮਤ= ਹੌਂਸਲਾ, ਸੱਤਿਆ।

ਅਰਥਾਤ :- ਮੈਦਾਨੇ-ਜੰਗ ਵਿਚ ਇਕ ਦਮ ਇਕ ਪਾਸੇ ਵੱਲ ਬਹੁਤ ਸ਼ੋਰ ਮੱਚ ਗਿਆ। ਇਕ ਪਾਸੇ ਤੋਂ ਆਹ ! ਆਹ! ਦੀਆਂ ਅਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਜਦੋਂ ਦੁਸ਼ਮਣ ਫੌਜਾਂ ਨੇ ਉਸ ਪਾਸੇ ਧਿਆਨ ਕੀਤਾ ਤਾਂ ਵੇਖਿਆ ਕਿ ਇਕ ਸਿੰਘ ਸੂਰਮੇ ਨੇ ਤਰਥੱਲੀ ਮਚਾਈ ਹੋਈ ਸੀ ਇਕੋ ਹੀ ਸਿੰਘ ਨੇ ਮੁਗਲ ਫੌਜਾਂ ਦੀ ਹਾਲਤ ਵਿਗਾੜ ਕੇ ਰੱਖ ਦਿੱਤੀ ਸੀ। ਦੁਸ਼ਮਣ ਦੇ ਸਿਪਾਹੀ ਜਾਨ-ਬਚਾਉਣ ਵਾਸਤੇ ਰਣ-ਖੇਤਰ ਵਿਚ ਇਧਰ-ਉਧਰ ਭਜ ਰਹੇ ਸਨ ਪਰ ਕਿਸੇ ਪਾਸੇ ਵੀ ਆਪਣੇ ਆਪ ਨੂੰ ਮਹਿਫ਼ੂਜ਼ ਮਹਿਸੂਸ ਨਹੀਂ ਸਨ ਕਰ ਰਹੇ।

ਜਾਨ ਬਚਾਉਣ ਲਈ ਇਧਰ ਉਧਰ ਦੌੜ ਰਹੇ ਮੁਗਲ ਸਿਪਾਹੀ ਚਿੱਲਾ ਰਹੇ ਸਨ ਕਿ ਹੁਣ ਬਚਣ ਦਾ ਕੋਈ ਹੀਲਾ ਬਾਕੀ ਨਹੀਂ ਰਿਹਾ, ਮੈਦਾਨੇ ਜੰਗ ਵਿਚੋਂ ਭੱਜ ਕੇ ਹੀ ਬਚਿਆ ਜਾ ਸਕਦਾ ਹੈ, ਧਰਮ ਸਿੰਘ ਜੀ (ਪਿਆਰਾ) ਵੀ ਮੈਦਾਨੇ ਜੰਗ ਵਿਚ ਪਹੁੰਚ ਚੁੱਕੇ ਹਨ। ਉਨ੍ਹਾਂ ਦੇ ਸਾਹਮਣੇ ਮੈਦਾਨੇ ਜੰਗ ਵਿਚ ਲੜਨ ਦੀ ਹਿੰਮਤ ਸਾਡੇ ਵਿਚ ਨਹੀਂ ਹੈ।

62.

ਲਾਖੋਂ ਕੋ ਕਤਲ ਕਰਕੇ ਪਯਾਰੇ ਗੁਜ਼ਰ ਗਏ।
ਏਕ-ਏਕ ਕਰਕੇ ਖ਼ਾਲਸੇ ਸਾਰੇ ਗੁਜ਼ਰ ਗਏ।
ਸਦਹਾ ਫ਼ਨਾਹ ਕੇ ਘਾਟ ਉਤਾਰੇ ਗੁਜ਼ਰ ਗਏ।
ਭੁਸ ਮੇਂ ਲਗਾ ਕੇ ਆਗ ਸ਼ੱਰਾਰੇ ਗੁਜ਼ਰ ਗਏ।

ਜ਼ਖਮੋਂ ਸੇ ਸਿੰਘ ਸੂਰਮੇ ਜਬ ਚੂਰ ਹੋ ਗਏ
ਸੂਦਾਰ ਸਰ ਕਟਾਨੇ ਪਿ ਮਜ਼ਬੂਰ ਹੋ ਗਏ।

ਅਰਥ:- ਪਯਾਰੇ= ਪੰਜ ਪਿਆਰੇ, ਸਦਹਾ= ਸੈਂਕੜੇ, ਫ਼ਨਾਹ= ਤਬਾਹ, ਭੁਸ= ਤੂੜੀ, ਸ਼ੱਰਾਰੇ= ਅੱਗ ਦੇ ਅੰਗਾਰੇ, ਚੂਰ= ਟੁੱਟ ਗਏ, ਸਰ= ਸਿਰ।

ਅਰਥਾਤ :- ਅਨੇਕਾਂ ਹੀ ਮੁਗ਼ਲ ਸੈਨਕਾਂ ਨੂੰ ਮੌਤ ਦੇ ਘਾਟ ਉਤਾਰ ਕੇ 'ਪੰਜ ਪਿਆਰੇ'[1] ਸ਼ਹਾਦਤ ਦਾ ਜਾਮ ਪੀ ਗਏ। ਕਈ ਸਿੰਘ ਸੂਰਮੇ ਵੀ ਮੁਗ਼ਲ ਫੌਜਾਂ ਨਾਲ ਜੂਝਦੇ ਹੋਏ ਸ਼ਹੀਦ ਹੋ ਗਏ। ਸੈਂਕੜੇ ਹੀ ਮੁਗ਼ਲ ਸਿਪਾਹੀਆਂ ਨੂੰ ਤਬਾਹੀ ਦੇ ਘਾਟ ਉਤਾਰਦੇ ਹੋਏ ਕਾਫੀ ਖਾਲਸੇ ਜਾਮ-ਏ-ਸ਼ਹਾਦਤ ਪੀ ਗਏ। ਸਿੰਘ ਸੂਰਮੇ ਜਿਧਰ ਵੀ ਮੂੰਹ ਕਰਦੇ ਇਸ ਤਰ੍ਹਾਂ ਦੁਸ਼ਮਣ ਦੀਆਂ ਲਾਸ਼ਾਂ ਦੇ ਢੇਰ ਲਗਾ ਰਹੇ ਸਨ ਜਿਵੇਂ ਅੱਗ ਦੀ ਚੰਗਿਆੜੀ ਤੂੜੀ ਦੇ ਢੇਰ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ।

ਮੈਦਾਨ ਵਿਚ ਜੂਝ ਰਹੇ ਸੂਰਮਿਆਂ ਦੇ ਤਨ ਜ਼ਖ਼ਮਾਂ ਨਾਲ ਚੂਰ ਹੋ ਚੁੱਕੇ ਸਨ। ਜ਼ਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਸਿੰਘ ਸੂਰਮੇ ਸ਼ਹੀਦੀ ਜਾਮ ਪੀ ਰਹੇ ਸਨ।

---

1. ਪੰਜ ਪਿਆਰੇ:- ਜਿਸ ਤਰ੍ਹਾਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਕਵੀ ਜੀ ਨੂੰ ਪੰਜ ਪਿਆਰਿਆਂ ਦੀ ਸ਼ਹਾਦਤ ਬਾਰੇ ਕਾਫ਼ੀ ਵੱਡਾ ਟਪਲਾ ਲੱਗਾ ਹੈ। ਕਵੀ ਨੇ ਆਪਣੀ ਨਜ਼ਮ ਨੰ: 62 ਵਿਚ ਵੀ ਇਹੀ ਦਰਸਾਇਆ ਹੈ ਕਿ ਲੱਖਾਂ ਨੂੰ ਕਤਲ ਕਰਕੇ ਪੰਜ ਪਿਆਰੇ ਸ਼ਹੀਦ ਹੋ ਗਏ। ਜ਼ਿਕਰ ਯੋਗ ਹੈ ਕਿ ਚਮਕੌਰ ਦੀ ਗੜ੍ਹੀ ਦੇ ਯੁੱਧ ਦੌਰਾਨ ਤਿੰਨ ਪਿਆਰਿਆਂ, ਸਾਹਿਬ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਜੀ ਨੇ ਜਾਮੇ-ਸ਼ਹਾਦਤ ਪੀਤਾ। ਭਾਈ ਦਯਾ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ (ਪਿਆਰਾ) ਗੁਰੂ ਸਾਹਿਬ ਨਾਲ ਸਹੀ ਸਲਾਮਤ ਗੜ੍ਹੀ ਵਿਚੋਂ ਨਿਕਲ ਗਏ ਸਨ। ਭਾਈ ਧਰਮ ਸਿੰਘ ਜੀ ਵੀ 'ਜ਼ਫ਼ਰਨਾਮਾ'[1] ਪਹੁੰਚਾਉਣ ਵਾਸਤੇ ਭਾਈ ਦਯਾ ਸਿੰਘ ਜੀ ਨਾਲ ਅਹਿਮਦਨਗਰ ਔਰੰਗਜ਼ੇਬ ਪਾਸ ਗਏ ਸਨ।

1. ਜ਼ਫ਼ਰਨਾਮਾ ਪਹੁੰਚਾਉਣ ਵਾਲੇ ਪੰਜ ਸਿੰਘ ਸਨ

1 ਭਾਈ ਦਯਾ ਸਿੰਘ ਜੀ ਪਿਆਰਾ

2. ਭਾਈ ਧਰਮ ਸਿੰਘ ਜੀ ਪਿਆਰਾ

3. ਭਾਈ ਦੇਸਾ ਸਿੰਘ ਜੀ

4. ਭਾਈ ਸ਼ਿਵ ਸਿੰਘ

5. ਭਾਈ ਜੇਠਾ ਸਿੰਘ।

ਕੁਰਸੀਨਾਮਾ ਭਾਈ ਧਰਮ ਸਿੰਘ

↕

ਸੰਤ ਰਾਮ

↕

ਧਰਮ ਸਿੰਘ

↕

ਬਾਜ਼ ਸਿੰਘ

↕

ਅਜਬ ਸਿੰਘ

↕

ਚਤਰ ਸਿੰਘ

ਚਮਕੌਰ ਦੀ ਗੜ੍ਹੀ ਦੇ ਹੋਏ ਇਸ ਸੰਸਾਰ ਤੋਂ ਵਿਲੱਖਣ ਯੁੱਧ ਵਿਚ 40 ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਹਾਸਲ ਕੀਤੀ। ਇਸ ਯੁੱਧ ਵਿਚ ਸ਼ਹੀਦ ਹੋਣ ਵਾਲੇ 40 ਸਿੰਘਾਂ ਦੇ ਵੇਰਵੇ ਇਸ ਪ੍ਰਕਾਰ ਹਨ।

ਚਮਕੌਰ ਦੀ ਗੜ੍ਹੀ ਵਿਚ ਸ਼ਹਾਦਤ ਪ੍ਰਾਪਤ ਕਰਨ ਵਾਲੇ 40 ਸਿੰਘਾਂ ਦੇ ਨਾਮ:-

1. ਮਦਨ ਸਿੰਘ 2. ਕਾਠਾ ਸਿੰਘ —

7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਣ ਵਾਲਿਆਂ ਵਿਚੋਂ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਸਭ ਤੋਂ ਪਹਿਲੇ ਸਿੰਘ ਸਨ। ਸਰਹਿੰਦੀ ਫ਼ੌਜ ਨੇ ਗੜ੍ਹੀ ਤੇ ਪੁਜਦਿਆਂ ਹੀ ਇਕ ਦਮ ਹਮਲਾ ਕਰ ਦਿੱਤਾ। ਹਜ਼ਾਰਾਂ ਸਿਪਾਹੀਆਂ ਦਾ ਹਮਲਾ ਰੋਕਣ ਵਾਸਤੇ ਸਿੰਘਾਂ ਨੇ ਇਕ ਦਮ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਇਸ ਨਾਲ ਤੁਰਕ ਫ਼ੌਜ ਦਾ ਮੁਖੀ ਨਾਹਰ ਖਾਂ ਤੀਰ ਕਮਾਨ ਫੜ ਕੇ ਅੱਗੇ ਵਧਿਆ। ਉਹ ਮੰਨਿਆ ਹੋਇਆ ਯੋਧਾ ਸੀ ਤੇ ਉਸ ਨੇ ਯਕੀਨਨ ਦੋ ਚਾਰ ਸਿੱਖ ਆਪਣੇ ਤੀਰਾਂ ਨਾਲ ਸ਼ਹੀਦ ਕਰ ਦੇਣੇ ਸਨ। ਇਸ ਗੱਲ ਨੂੰ ਭਾਂਪਦੇ ਹੋਏ ਗੁਰੂ ਸਾਹਿਬ ਨੇ ਇਕ ਤੀਰ ਸਿੱਧਾ ਨਾਹਰ ਖਾਂ ਵੱਲ ਚਲਾਇਓਆ। ਗੁਰੂ ਜੀ ਦੇ ਤੀਰ ਨਾਲ ਨਾਹਰ ਖਾਂ ਥਾਇ ਹੀ ਢੇਰੀ ਹੋ ਗਿਆ। ਨਾਹਰ ਖਾਂ ਦੇ ਮਰਨ ਨਾਲ ਤੁਰਕ ਫ਼ੌਜ ਦੇ ਹੌਂਸਲੇ ਟੁੱਟ ਗਏ ਤੇ ਉਹ ਪਿਛੇ ਹੱਟ ਗਈ। ਪਰ ਉਨ੍ਹਾਂ ਵਿਚੋਂ ਇਕ ਪਠਾਣ ਉਥੋਂ ਨਾ ਹਿਲਿਆ। ਉਸ ਜੋਸ਼ੀਲੇ ਪਠਾਣ ਨੇ ਵਾਰ ਵਾਰ ਅੱਗੇ ਵੱਧ ਕੇ ਗੜ੍ਹੀ ਤੇ ਹਮਲਾ

ਕੀਤਾ। ਉਸ ਉਤੇ ਚਲਾਏ ਕੁਝ ਤੀਰ ਬੇਅਸਰ ਰਹੇ ਤੇ ਉਹ ਗੜ੍ਹੀ ਦੇ ਦਰਵਾਜ਼ੇ ਤਕ ਪੁੱਜ ਗਿਆ। ਦਰਵਾਜ਼ੇ ਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਖੜੇ ਸਨ। ਉਨ੍ਹਾਂ ਦੋਹਾਂ ਨੇ ਉਸ ਪਠਾਣ ਤੇ ਕਈ ਵਾਰ ਹਮਲੇ ਕੀਤੇ। ਪਰ ਉਹ ਪਠਾਣ ਵੀ ਕੋਈ ਮੰਨਿਆ ਯੋਧਾ ਸੀ। ਉਸ ਨੇ ਕਈ ਵਾਰ ਬਚਾਏ ਤੇ ਉਲਟਾ ਕਈ ਪਰਤਵੇਂ ਵਾਰ ਉਨ੍ਹਾਂ ਦੋਹਾਂ ਤੇ ਕੀਤੇ। ਇਸ ਹੱਥੋ-ਹੱਥ ਲੜਾਈ ਵਿਚ ਉਹ ਪਠਾਣ ਵੀ ਮਾਰਿਆ ਗਿਆ ਅਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਵੀ ਸ਼ਹੀਦ ਹੋ ਗਏ। ਇਹ ਦੋਵੇਂ ਚਮਕੌਰ ਦੀ ਗੜ੍ਹੀ ਦੇ ਪਹਿਲੇ ਸ਼ਹੀਦ ਸਨ।

3. ਭਾਈ ਸ਼ੇਰ ਸਿੰਘ ਤੇ 4. ਭਾਈ ਨਾਹਰ ਸਿੰਘ

ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦੀ ਜਾਮ ਪੀਤਾ ਸੀ। ਭਾਈ ਸ਼ੇਰ ਸਿੰਘ ਅਤੇ ਨਾਹਰ ਸਿੰਘ ਉਨ੍ਹਾਂ 5 ਸੌ ਸਿੱਖਾਂ ਵਿਚੋਂ ਸਨ ਜਿਹੜੇ ਦਸੰਬਰ 1705 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਅਨੰਦਪੁਰ ਸਾਹਿਬ ਵਿਚ ਹਾਜ਼ਿਰ ਸਨ। ਮਈ 1705 ਵਿਚ ਜਦੋਂ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਤਾਂ ਬਾਕੀ ਸਿੰਘਾਂ ਦੇ ਨਾਲ ਨਾਲ ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਵੀ ਉਥੇ ਹੀ ਘਿਰ ਗਏ। ਗੁਰੂ ਸਾਹਿਬ ਨੇ ਗੜ੍ਹੀ ਵਿਚ ਹਾਜ਼ਿਰ ਸਾਰੇ ਸਿੰਘਾਂ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡ ਕੇ ਡਿਊਟੀਆਂ ਲਾ ਦਿੱਤੀਆਂ। ਉਨ੍ਹਾਂ ਨੇ ਗੜ੍ਹੀ ਦੇ ਗੇਟ 'ਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਨੂੰ ਤਾਇਨਾਤ ਕੀਤਾ। ਉਨ੍ਹਾਂ ਦੋਹਾਂ ਨੇ ਤੁਰਕ ਹਮਲੇ ਦਾ ਡਟ ਕੇ ਮੁਕਾਬਲਾ ਕੀਤਾ ਪਰ ਅਖ਼ੀਰ ਸ਼ਹੀਦੀ ਹਾਸਿਲ ਕੀਤੀ। ਉਨ੍ਹਾਂ ਦੋਹਾਂ ਦੀ ਸ਼ਹੀਦੀ ਮਗਰੋਂ ਗੁਰੂ ਸਾਹਿਬ ਨੇ ਭਾਈ ਸ਼ੇਰ ਸਿੰਘ ਅਤੇ ਭਾਈ ਨਾਹਰ ਸਿੰਘ ਨੂੰ ਗੜ੍ਹੀ ਦੇ ਦਰਵਾਜ਼ੇ 'ਤੇ ਤਾਇਨਾਤ ਕੀਤਾ। ਭਾਈ ਸ਼ੇਰ ਸਿੰਘ ਅਤੇ ਭਾਈ ਨਾਹਰ ਸਿੰਘ ਨੇ ਸ੍ਰੀ ਸਾਹਿਬ ਸੂਤ ਲਈਆਂ ਅਤੇ ਹਮਲਾਵਰ ਫ਼ੌਜ ਦੇ ਬਹੁਤ ਸਾਰੇ ਸਿਪਾਹੀਆਂ ਨੂੰ ਪਾਰ ਬੁਲਾਇਆ। ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਅਖ਼ੀਰ ਇਹ ਦੋਵੇ ਯੋਧੇ ਵੀ ਸ਼ਹੀਦ ਹੋ ਗਏ।

5. ਭਾਈ ਅਨਕ ਸਿੰਘ ਪਰਮਾਰ—

ਭਾਈ ਅਨਕ ਸਿੰਘ ਨੇ 7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦੀ ਹਾਸਿਲ ਕੀਤੀ ਸੀ। ਭਾਈ ਅਨਕ ਸਿੰਘ ਦਾ ਜਨਮ 7 ਮਾਰਚ 1668 ਦੇ ਦਿਨ ਭਾਈ ਮਨੀ ਸਿੰਘ ਦੇ ਘਰ ਪਿੰਡ ਅਲੀਪੁਰ (ਜ਼ਿਲਾ ਮੁਜ਼ੱਫ਼ਰ ਗੜ੍ਹ) ਵਿਚ ਹੋਇਆ ਸੀ। ਆਪ ਦੇ ਦਾਦਾ ਭਾਈ ਮਾਈ ਦਾਸ, ਪੜਦਾਦਾ ਸ਼ਹੀਦ ਭਾਈ ਬੱਲੂ ਪਰਮਾਰ ਅਤੇ ਨਾਨਾ ਭਾਈ ਲੱਖੀ ਰਾਏ ਵਣਜਾਰਾ ਦੇ ਪਰਿਵਾਰ ਸਿੱਖ ਪੰਥ ਨਾਲ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਜੁੜੇ ਹੋਏ ਸਨ। ਆਪ ਨੇ ਗੜ੍ਹੀ ਦੇ ਦਰਵਾਜ਼ੇ ਦੇ ਬਾਹਰ ਕਈ ਘੜੀਆਂ ਖ਼ੂਬ ਸ੍ਰੀ ਸਾਹਿਬ ਵਾਹੀ ਅਤੇ ਤੁਰਕ ਫ਼ੌਜਾਂ ਦੇ ਆਹੂ ਲਾਹੇ। ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰਦਿਆਂ-ਉਤਾਰਦਿਆਂ ਭਾਈ ਅਨਕ ਸਿੰਘ ਆਪ ਵੀ ਅਖ਼ੀਰ ਸ਼ਹੀਦ ਹੋ ਗਏ।

6. ਭਾਈ ਅਜਬ ਸਿੰਘ ਪਰਮਾਰ —

ਭਾਈ ਅਜਬ ਸਿੰਘ (ਪਰਮਾਰ) ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਦੇ ਬਾਹਰ ਜੂਝਦਿਆਂ ਸ਼ਹੀਦੀ ਜਾਮ ਪੀਤਾ ਸੀ। ਭਾਈ ਅਜਬ ਸਿੰਘ (ਜਨਮ 17 ਜੂਨ 1772) ਭਾਈ ਮਨੀ ਸਿੰਘ ਦੇ ਪੁੱਤਰ ਭਾਈ ਮਾਈਦਾਸ ਦੇ ਪੋਤੇ ਅਤੇ ਭਾਈ ਬੱਲੂ ਸ਼ਹੀਦ ਦੇ ਪੜਪੋਤੇ ਸਨ। ਭਾਈ ਅਜਬ ਸਿੰਘ ਪਹਿਲਿਆਂ ਦਸਤਿਆਂ ਵਿਚ ਹੀ ਸ੍ਰੀ ਸਾਹਿਬ ਹੱਥ ਵਿਚ ਲੈ ਕੇ ਲੜਨ ਵਾਸਤੇ ਅੱਗੇ ਵਧੇ ਤੇ ਉਨ੍ਹਾਂ

ਨੇ ਕਈ ਤੁਰਕ ਸਿਪਾਹੀਆਂ ਨੂੰ ਮਾਰ ਕੇ ਆਪ ਵੀ ਸ਼ਹੀਦੀ ਜ਼ਾਮ ਪੀਤਾ।

7. ਭਾਈ ਅਜਾਇਬ ਸਿੰਘ ਪਰਮਾਰ —

ਭਾਈ ਅਜਾਇਬ ਸਿੰਘ ਅਨੰਦਪੁਰ ਸਾਹਿਬ ਦੇ ਚਾਲੀ ਮੁਕਤਿਆਂ ਵਿਚੋਂ ਇਕ ਸਨ। ਉਨ੍ਹਾਂ ਦੀ ਸ਼ਹੀਦੀ 7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਦੇ ਬਾਹਰ ਤੁਰਕ ਫ਼ੌਜਾਂ ਨਾਲ ਲੜਦਿਆਂ ਹੋਈ ਸੀ। ਭਾਈ ਅਜਾਇਬ ਸਿੰਘ (ਜਨਮ 10 ਜਨਵਰੀ 1677) ਭਾਈ ਮਨੀ ਸਿੰਘ ਦੇ ਬੇਟੇ, ਭਾਈ ਮਾਈ ਦਾਸ ਦੇ ਪੋਤੇ, ਸ਼ਹੀਦ ਭਾਈ ਬੱਲੂ ਦੇ ਪੜਪੋਤੇ ਅਤੇ ਭਾਈ ਲੱਖੀ ਰਾਏ ਯਾਦਵ ਵਣਜਾਰਾ ਦੇ ਦੋਹਤੇ ਸਨ। ਆਪ ਭਾਈ ਮਨੀ ਸਿੰਘ ਦੇ ਦਸਾਂ ਬੱਚਿਆਂ ਵਿਚੋਂ ਪੰਜਵੇਂ ਥਾਂ ਸਨ। ਭਾਈ ਅਜਾਇਬ ਸਿੰਘ ਉਨ੍ਹਾਂ ਸਿੰਘਾਂ ਵਿਚੋਂ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਗੜ੍ਹੀ ਤੋਂ ਬਾਹਰ ਆ ਕੇ ਲੜਾਈ ਕੀਤੀ। ਉਨ੍ਹਾਂ ਨੇ ਬਹੁਤ ਸਾਰੇ ਹਮਲਾਵਰ ਸਿਪਾਹੀ ਮਾਰਨ ਮਗਰੋਂ ਆਪ ਵੀ ਸ਼ਹੀਦੀ ਜ਼ਾਮ ਪੀ ਲਿਆ ਆਪ ਦਾ ਜਿਸਮ ਬਾਕੀ ਸਿੰਘਾਂ ਵਾਂਗ ਹੀ, ਜ਼ਖ਼ਮਾਂ ਨਾਲ ਭਰਿਆ ਪਿਆ ਸੀ।

8. ਭਾਈ ਦਾਨ ਸਿੰਘ ਪਰਮਾਰ —

ਭਾਈ ਦਾਨ ਸਿੰਘ ਪਰਮਾਰ ਨੇ 7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦੀ ਹਾਸਿਲ ਕੀਤੀ ਸੀ। ਭਾਈ ਦਾਨ ਸਿੰਘ ਭਾਈ ਮਾਈ ਦਾਸ ਦੇ ਬੇਟੇ ਸ਼ਹੀਦ ਭਾਈ ਬੱਲੂ ਦੇ ਪੋਤੇ ਤੇ ਭਾਈ ਮੂਲਾ ਦੇ ਪੜਪੋਤੇ ਸਨ। ਆਪ ਭਾਈ ਮਨੀ ਸਿੰਘ ਦੇ ਛੋਟੇ ਭਰਾ ਸਨ। ਆਪ ਦਾ ਬਚਪਨ ਦਾ ਨਾਂ ਦੁਨੀ ਚੰਦ ਸੀ ਤੇ ਖੰਡੇ ਦੀ ਪਾਹੁਲ ਹਾਸਿਲ ਕਰਨ ਮਗਰੋਂ ਆਪ ਭਾਈ ਦਾਨ ਸਿੰਘ ਬਣੇ ਸਨ। 7 ਦਸੰਬਰ ਦੀ ਸਵੇਰ ਵੇਲੇ ਆਪ ਗੁਰੂ ਸਾਹਿਬ ਦੇ ਨਾਲ ਚਮਕੌਰ ਦੀ ਗੜ੍ਹੀ ਵਿਚ ਪੁੱਜ ਚੁੱਕੇ ਸਨ। ਦੁਪਹਿਰ ਵੇਲੇ ਇਸ ਗੜ੍ਹੀ ਨੂੰ ਮੁਗ਼ਲ ਫ਼ੌਜਾਂ ਨੇ ਘੇਰ ਲਿਆ ਛੇਤੀ ਹੀ ਇਨ੍ਹਾਂ 47 ਸਿੰਘਾਂ ਅਤੇ ਮੁਗ਼ਲ ਫ਼ੌਜਾਂ ਵਿਚ ਲੜਾਈ ਸ਼ੁਰੂ ਹੋ ਗਈ। ਗੜ੍ਹੀ ਵਿਚੋਂ ਦੋ-ਦੋ ਸਿੰਘ ਨਿਕਲ ਕੇ ਮੁਗ਼ਲ ਫ਼ੌਜਾਂ ਨਾਲ ਲੜਦੇ ਸਨ। ਉਹ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮਾਰਦੇ ਉਦੋਂ ਤਕ ਲੜਦੇ ਰਹਿੰਦੇ ਸਨ ਜਦੋਂ ਤੱਕ ਉਹ ਆਪ ਵੀ ਸ਼ਹੀਦ ਨਹੀਂ ਹੋ ਜਾਂਦੇ ਸਨ। ਹੋਰਨਾਂ ਦੇ ਨਾਲ-ਨਾਲ ਭਾਈ ਦਾਨ ਸਿੰਘ ਇਸ ਮੌਕੇ 'ਤੇ ਡੱਟ ਕੇ ਲੜੇ ਅਤੇ ਸ਼ਹੀਦੀ ਜ਼ਾਮ ਪੀਤਾ।

9. ਭਾਈ ਨਾਨੂ ਸਿੰਘ ਦਿਲਵਾਲੀ —

ਭਾਈ ਨਾਨੂ ਸਿੰਘ ਭਾਈ ਬਾਘਾ ਦੇ ਬੇਟੇ, ਭਾਈ ਊਦਾ ਦੇ ਪੋਤੇ ਅਤੇ ਭਾਈ ਕਲਿਆਣਾ ਦੇ ਪੜਪੋਤੇ ਸਨ। ਆਪ ਛਿਬਾ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਆਪ ਦਿਲੀ ਦੇ ਦਿਲਵਾਲੀ ਇਲਾਕੇ ਵਿਚ ਰਿਹਾ ਕਰਦੇ ਸਨ, ਆਪ ਦੇ ਪੜਦਾਦਾ ਭਾਈ ਕਲਿਆਣਾ ਨੇ ਆਪਣੇ ਘਰ ਦੇ ਇਕ ਹਿੱਸੇ ਵਿਚ ਧਰਮਸ਼ਾਲਾ ਬਣਾਈ ਹੋਈ ਸੀ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਵਿਚ ਸ਼ਹੀਦ ਹੋਏ ਸਨ ਤਾਂ ਭਾਈ ਨਾਨੂ ਉਥੇ ਹੀ ਸਨ। ਜਦੋਂ ਭਾਈ ਜੈਤਾ ਗੁਰੂ ਸਾਹਿਬ ਦਾ ਸੀਸ ਚਾਂਦਨੀ ਚੌਕ ਤੋਂ ਚੁੱਕ ਕੇ ਲਿਆਏ ਤਾਂ ਭਾਈ ਨਾਨੂ ਰਾਮ, ਭਾਈ ਊਦਾ, ਭਾਈ ਜੈਤਾ ਤੇ ਭਾਈ ਆਗਿਆ (ਪਿਤਾ ਭਾਈ ਜੈਤਾ) ਦੇ ਨਾਲ ਗੁਰੂ ਸਾਹਿਬ ਦਾ ਸੀਸ ਲੈ ਕੇ ਚੱਕ ਨਾਨਕੀ ਗਏ ਸਨ। ਜਦੋਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪ੍ਰਗਟ ਕੀਤਾ ਤੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾਂ ਭਾਈ ਨਾਨੂ ਰਾਮ ਨੇ ਪਹਿਲੇ ਦਿਨ ਚੌਥੇ ਦਸਤੇ ਵਿਚ ਅੰਮ੍ਰਿਤ ਛਕਿਆ ਅਤੇ ਭਾਈ ਨਾਨੂ ਸਿੰਘ ਬਣ ਗਏ। ਚਮਕੌਰ ਵਿਚ ਆਪ ਗੁਰੂ ਜੀ ਦੇ ਨਾਲ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰੇ ਉਸੇ ਦਿਨ ਦੁਪਹਿਰ ਵੇਲੇ ਮੁਗ਼ਲ

ਫ਼ੌਜਾਂ ਨੇ ਗੜ੍ਹੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ ਉਸ ਵੇਲੇ ਗੜ੍ਹੀ ਦੇ ਅੰਦਰ ਸਿਰਫ 47 ਸਿੱਖ ਸਨ। ਦੂਜੇ ਪਾਸੇ ਘੇਰਾ ਪਾਉਣ ਵਾਲਿਆਂ ਫ਼ੌਜਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇੰਨ੍ਹਾਂ ਗਿਣਤੀ ਦੇ ਸਿੰਘਾਂ ਨੇ ਇਕ-ਇਕ ਦੋ-ਦੋ ਕਰਕੇ ਗੜ੍ਹੀ ਵਿਚੋਂ ਨਿਕਲ ਕੇ ਮੁਗ਼ਲ ਫ਼ੌਜਾਂ ਨਾਲ ਹੱਥੋ-ਹੱਥ ਲੜਾਈ ਕੀਤੀ ਤੇ ਬਹੁਤ ਸਾਰੇ ਮੁਗ਼ਲ ਸਿਪਾਹਿਆਂ ਨੂੰ ਮਾਰ ਮੁਕਾਇਆ। ਸ਼ਾਮ ਤਕ ਬਹੁਤੇ ਸਿੰਘ ਸ਼ਹੀਦ ਹੋ ਚੁਕੇ ਸਨ। ਇੰਨ੍ਹਾਂ ਵਿਚੋਂ ਭਾਈ ਨਾਨੂ ਸਿੰਘ ਦਿਲਵਾਲੀ ਵੀ ਸਨ।

10. ਭਾਈ ਆਲਿਮ ਸਿੰਘ ਨੱਚਣਾ (ਚੌਹਾਨ)

11. ਭਾਈ ਬੀਰ ਸਿੰਘ ਚੌਹਾਨ

12. ਭਾਈ ਮੋਹਰ ਸਿੰਘ ਚੌਹਾਨ

13. ਭਾਈ ਅਮੋਲਕ ਸਿੰਘ ਚੌਹਾਨ —

ਭਾਈ ਆਲਿਮ ਸਿੰਘ ਨੱਚਣਾ ਵਤਸ-ਚੌਹਾਨ ਗੋਤ ਦੇ ਰਾਜਦੂਤ ਸਨ। ਇੰਨ੍ਹਾਂ ਦੇ ਵੱਡੇ-ਵਡੇਰੇ ਸੋਧਰਾ (ਜ਼ਿਲ੍ਹਾ ਵਜ਼ੀਰਾ ਬਾਦ) ਦੇ ਰਹਿਣ ਵਾਲੇ ਸਨ। ਮਗਰੋਂ ਇਹ ਜ਼ਿਲ੍ਹਾ ਸਿਆਲਕੋਟ ਦੇ ਨੇੜੇ ਦੇ ਪਿੰਡ ਦਬੁਰਜੀ ਵਿਚ ਚਲੇ ਗਏ ਸਨ। ਚਮਕੌਰ ਵਿਚ ਹੋਰਨਾਂ ਤੋਂ ਇਲਾਵਾ ਭਾਈ ਆਲਮ ਸਿੰਘ ਨੱਚਣਾ, ਉਨ੍ਹਾਂ ਦੇ ਭਰਾ ਭਾਈ ਬੀਰ ਸਿੰਘ ਤੇ ਭਾਈ ਆਲਮ ਸਿੰਘ ਦੇ ਦੋ ਪੁੱਤਰ ਭਾਈ ਮੋਹਰ ਸਿੰਘ ਅਤੇ ਭਾਈ ਅਮੋਲਕ ਸਿੰਘ ਵੀ ਸਨ। ਕੁਝ ਘੰਟਿਆਂ ਮਗਰੋਂ ਹੀ ਸਰਹਿੰਦ ਦੇ ਨਵਾਬ ਦੀਆਂ ਫ਼ੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾ ਲਿਆ। ਦੁਪਹਿਰ ਤੋਂ ਲੈ ਕੇ ਰਾਤ ਤੱਕ ਹੱਥੋ-ਹੱਥ ਲੜਾਈ ਹੁੰਦੀ ਰਹੀ। ਹਜਾਰਾਂ ਮੁਗ਼ਲਾਂ ਫ਼ੌਜਿਆਂ ਦੇ ਟਾਕਰੇ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ, ਪੰਜ ਪਿਆਰੇ ਅਤੇ 40 ਹੋਰ ਸਿੰਘ ਗੁਰੂ ਸਾਹਿਬ ਦੀ ਅਗਵਾਈ ਵਿਚ ਜੂਝਦੇ ਰਹੇ। ਆਖ਼ੀਰ ਦੋਵੇਂ ਸਾਹਿਬਜ਼ਾਦੇ, ਪੰਜਾਂ ਵਿਚੋ ਤਿੰਨ ਪਿਆਰੇ (ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੁਹਕਮ ਸਿੰਘ) ਅਤੇ 37 ਸਿੰਘ ਸ਼ਹੀਦ ਹੋ ਗਏ। ਲੜਾਈ ਦੌਰਾਨ ਭਾਈ ਆਲਮ ਸਿੰਘ ਜੈਕਾਰਿਆਂ ਨਾਲ ਗੜ੍ਹੀ ਅੰਦਰ ਬੈਠੇ ਸਿੰਘਾਂ ਦੇ ਹੌਸਲੇ ਵੀ ਵਧਾਉਂਦੇ ਰਹੇ ਅਤੇ ਮੁਗ਼ਲ ਫ਼ੌਜਿਆਂ ਨੂੰ ਅੰਦਰਲੇ ਸਿੰਘਾਂ ਦੀ ਗਿਣਤੀ ਵਧੇਰੇ ਹੋਣ ਦਾ ਡਰ ਵੀ ਦੇਂਦੇ ਰਹੇ। ਜਾਪਦੈ ਕਿ 7 ਦਸੰਬਰ ਦੇ ਦਿਨ ਸ਼ਹੀਦੀ ਹਾਸਿਲ ਕਰਨ ਵਾਲੇ ਸਿੰਘਾਂ ਵਿਚੋਂ ਭਾਈ ਆਲਮ ਸਿੰਘ ਸ਼ਾਇਦ ਆਖ਼ਰੀ ਸਿੱਖਾਂ ਵਿਚੋਂ ਹੋਣਗੇ। ਇਨ੍ਹਾਂ 40 ਸ਼ਹੀਦਾਂ, ਜਿੰਨ੍ਹਾਂ ਨੂੰ ਦਸਮ ਪਾਤਸ਼ਾਹ ਨੇ ਜ਼ਫ਼ਰਨਾਮਾ ਵਿਚ 40 ਮੁਕਤੇ ਦਾ ਦਰਜਾ ਦਿੱਤਾ ਹੈ ਉਨ੍ਹਾਂ ਵਿਚ ਭਾਈ ਆਲਮ ਸਿੰਘ ਦੇ ਦੋਵੇਂ ਸਪੁੱਤਰ ਭਾਈ ਮੋਹਰ ਸਿੰਘ ਤੇ ਭਾਈ ਅਮੋਲਕ ਸਿੰਘ ਤੇ ਉਨ੍ਹਾਂ ਦੇ ਭਰਾ ਬੀਰ ਸਿੰਘ ਵੀ ਸ਼ਾਮਿਲ ਸਨ।

14. ਭਾਈ ਕਿਰਪਾ ਰਾਮ (ਭਾਈ ਕਿਰਪਾ ਸਿੰਘ ਦੱਤ) 15. ਭਾਈ ਸਨਮੁੱਖ ਸਿੰਘ ਦੱਤ-

ਸਿੱਖ ਤਵਾਰੀਖ ਵਿਚ ਭਾਈ ਕਿਰਪਾ ਰਾਮ ਦੱਤ ਦਾ ਜ਼ਿਕਰ ਵਧੇਰੇ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦੀ ਸਾਖੀ ਵਿਚ ਆਉਂਦਾ ਹੈ। ਉਸ ਸਾਖੀ ਮੁਤਾਬਿਕ 25 ਮਈ 1675 ਦੇ ਦਿਨ 16 ਕਸ਼ਮੀਰੀ ਪੰਡਿਤ ਭਾਈ ਕਿਰਪਾ ਰਾਮ ਦਤ ਦੀ ਅਗਵਾਈ ਵਿਚ ਚੱਕ ਨਾਨਕੀ ਆਏ ਅਤੇ ਔਰੰਗਜ਼ੇਬ ਵੱਲੋਂ ਜ਼ਬਰੀ ਇਸਲਾਮ ਫੈਲਾਉਣ ਦੀ ਮੁਹਿੰਮ ਤੋਂ ਬਚਾਉਣ ਵਾਸਤੇ ਮਦਦ ਮੰਗੀ ਸੀ। ਜਦੋਂ ਗੁਰੂ ਸਾਹਿਬ ਆਨੰਦਪੁਰ ਸਾਹਿਬ ਛੱਡ ਕੇ ਚਮਕੌਰ ਗਏ ਤਾਂ ਉਨ੍ਹਾਂ ਨਾਲ ਰਹਿ ਜਾਣ ਵਾਲੇ 47 ਸਿੰਘਾਂ ਵਿਚ ਭਾਈ ਕਿਰਪਾ ਸਿੰਘ ਦੱਤ ਅਤੇ ਭਾਈ ਸਨਮੁੱਖ ਸਿੰਘ ਦੱਤ ਵੀ ਸਨ। 7 ਦਸੰਬਰ 1705

ਦੀ ਲੜਾਈ ਵਿਚ ਦੋਹਾਂ ਦੱਤ ਭਰਾਵਾਂ ਨੇ ਮੁਗ਼ਲ ਫ਼ੌਜਾਂ ਦਾ ਡੱਟ ਕੇ ਟਾਕਰਾ ਕੀਤਾ ਅਤੇ ਸ਼ਹੀਦੀ ਪਾਈ।

16. ਭਾਈ ਮੁਕੰਦ ਸਿੰਘ —

ਭਾਈ ਮੁਕੰਦ ਸਿੰਘ ਸ਼ਹੀਦ ਭਾਈ ਮਤੀ ਦਾਸ ਦੇ ਸਪੁੱਤਰ ਭਾਈ ਹੀਰਾ ਮੱਲ ਦੇ ਪੋਤੇ ਤੇ ਭਾਈ ਦਵਾਰਕਾ ਦਾਸ ਦੇ ਪੜਪੋਤੇ ਸਨ। ਆਪ ਛਿੱਬਰ-ਬ੍ਰਾਹਮਣ ਖ਼ਾਨਦਾਨ ਨਾਲ ਸਬੰਧ ਰਖਦੇ ਸਨ ਤੇ ਆਪ ਦਾ ਪਰਿਵਾਰ ਕਈ ਪੀੜ੍ਹੀਆਂ ਤੋਂ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਚਮਕੌਰ ਵਿਚ ਆਪ ਗੁਰੂ ਜੀ ਦੇ ਨਾਲ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰੇ ਉਸੇ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਉਸ ਵੇਲੇ ਗੜ੍ਹੀ ਦੇ ਅੰਦਰ ਸਿਰਫ 45 ਸਿੱਖ ਤੇ ਦੋ ਸਾਹਿਬਜ਼ਾਦੇ ਸਨ। ਦੂਜੇ ਪਾਸੇ ਘੇਰਾ ਪਾਉਣ ਵਾਲੀਆਂ ਫ਼ੌਜਾਂ ਦੀ ਗਿਣਤੀ ਬਹੁਤ ਹੀ ਜ਼ਿਆਦਾ ਸੀ। ਇੰਨ੍ਹਾਂ ਸੰਤਾਲੀ ਸਿੰਘਾਂ ਨੇ ਇਕ-ਇਕ ਦੋ-ਦੋ ਕਰ ਕੇ ਗੜ੍ਹੀ ਵਿਚੋਂ ਨਿਕਲ ਕੇ, ਮੁਗ਼ਲ ਫ਼ੌਜਾਂ ਨਾਲ ਹੱਥੋ-ਹੱਥ ਲੜਾਈ ਕੀਤੀ ਤੇ ਬਹੁਤ ਸਾਰੇ ਹਮਲਾਵਰ ਸਿਪਾਹੀਆਂ ਨੂੰ ਮਾਰ ਮੁਕਾਇਆ। ਰਾਤ ਪੈਣ ਤਕ ਕਈ ਸਿੰਘ ਅਤੇ ਦੋ ਸਾਹਿਬਜ਼ਾਦੇ ਸ਼ਹੀਦ ਹੋ ਚੁਕੇ ਸਨ। ਇਨ੍ਹਾਂ ਵਿਚ ਭਾਈ ਮੁਕੰਦ ਸਿੰਘ ਵੀ ਸ਼ਾਮਿਲ ਸਨ।

17. ਭਾਈ ਮੁਕੰਦ ਸਿੰਘ (ਦੂਜਾ) —

ਬਾਬਾ ਸੰਤੀ ਦਾਸ ਦੇ ਪੁਤਰ ਭਾਈ ਮੁਕੰਦ ਸਿੰਘ ਨੇ ਵੀ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦੀ ਹਾਸਿਲ ਕੀਤੀ ਸੀ। ਭਾਈ ਮੁਕੰਦ ਸਿੰਘ ਭਾਈ ਬਾਬਾ ਸੰਤੀ ਦਾਸ ਦੇ ਸਪੁੱਤਰ, ਬਾਵਾ ਕਬੂਲਾ ਦੇ ਪੋਤਰੇ ਅਤੇ ਬਾਬਾ ਦਵਾਰਕਾ ਦਾਸ (ਉਰਫ ਲੱਖੀ ਦਾਸ) ਦੇ ਪੜਪੋਤੇ ਸਨ। ਆਪ ਛਿਬਰ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਰਖਦੇ ਸਨ। ਉਨ੍ਹੀਂ ਦਿਨੀ ਆਪ ਪਿੰਡ ਕਰਿਆਲਾ (ਜ਼ਿਲ੍ਹਾ ਜਿਹਲਮ, ਪਾਕਿਸਤਾਨ) ਵਿਚ ਰਹਿੰਦੇ ਸਨ। ਇਹ ਪਰਿਵਾਰ ਕਈ ਪੀੜ੍ਹੀਆਂ ਤੋਂ ਗੁਰੂ-ਘਰ ਨਾਲ ਜੁੜਿਆ ਹੋਇਆ ਸੀ। ਬਾਵਾ ਦਵਾਰਕਾ ਦਾਸ ਦੇ ਪਿਤਾ ਭਾਈ ਪਰਾਗ ਦਾਸ (ਪਰਾਗਾ) 3 ਅਕਤੂਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿਚ ਸ਼ਹੀਦ ਹੋਏ ਸਨ। ਸ਼ਹੀਦ ਭਾਈ ਮਤੀ ਦਾਸ ਤੇ ਸਤੀ ਦਾਸ ਆਪ ਦੇ ਦਾਦਕਿਆਂ ਵਿਚੋਂ ਸਨ। ਗੜ੍ਹੀ ਅੰਦਰ ਘਿਰੇ ਹੋਏ 47 ਸਿੰਘ ਅਤੇ 2 ਸਾਹਿਬਜ਼ਾਦਿਆਂ ਨੇ ਇਕ-ਇਕ ਦੋ-ਦੋ ਕਰ ਕੇ ਗੜ੍ਹੀ ਵਿਚੋਂ ਨਿਕਲ ਕੇ ਮੁਗ਼ਲ ਫ਼ੌਜਾਂ ਨਾਲ ਹੱਥੋ-ਹੱਥ ਲੜਾਈ ਕੀਤੀ ਤੇ ਬਹੁਤ ਸਾਰੇ ਹਮਲਾਵਰ ਸਿਪਾਹੀਆਂ ਨੂੰ ਮਾਰ ਮੁਕਾਇਆ। ਰਾਤ ਪੈਣ ਤੱਕ ਗੁਰੂ ਸਾਹਿਬ ਅਤੇ 7 ਸਿੰਘਾਂ ਤੋਂ ਸਿਵਾ ਬਾਕੀ ਸਾਰੇ ਸਿੰਘ ਸ਼ਹੀਦ ਹੋ ਚੁਕੇ ਸਨ। ਇੰਨ੍ਹਾਂ ਵਿਚ ਭਾਈ ਮੁਕੰਦ ਸਿੰਘ ਵੀ ਸਨ।

18. ਭਾਈ ਸਾਹਿਬ ਸਿੰਘ (ਪਿਆਰਾ) —

ਭਾਈ ਸਾਹਿਬ ਸਿੰਘ ਭਾਈ ਚੰਮਨ ਲਾਲ ਦੇ ਸਪੁੱਤਰ ਸਨ। ਭਾਈ ਚਮਨ ਲਾਲ ਨੇ ਇਕ ਨਾਈ ਪਰਿਵਾਰ ਵਿਚ ਜਨਮ ਲਿਆ ਸੀ। ਉਹ ਬਿਦਰ (ਕਰਨਾਟਕ) ਦੇ ਵਾਸੀ ਸਨ। ਜਦੋਂ ਗੁਰੂ ਨਾਨਕ ਸਾਹਿਬ ਆਪਣੀ ਉਦਾਸੀ ਦੌਰਾਨ ਬਿਦਰ ਗਏ ਤਾਂ ਉਨ੍ਹਾਂ ਨੇ ਉਸ ਇਲਾਕੇ ਵਿਚ ਵਾਹਿਗੁਰੂ ਦੇ ਪੈਗਾਮ ਦੀ ਅਵਾਜ਼ ਦਿੱਤੀ। ਇਸ ਅਵਾਜ ਨੇ ਬੜੇ ਪਰਿਵਾਰਾਂ ਨੂੰ ਸਿੱਖ ਪੰਥ ਵਿਚ ਸ਼ਾਮਿਲ ਕੀਤਾ। ਭਾਈ ਸਾਹਿਬ ਸਿੰਘ ਨੇ ਆਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਵਿਚ ਹੋਏ ਹਮਲਿਆਂ ਵਿਚੋਂ ਦੁਸ਼ਮਨ

ਦੇ ਖਿਲਾਫ਼ ਡੱਟ ਕੇ ਲੜਾਈ ਲੜੀ। 5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਨੰਦਪੁਰ ਛੱਡਿਆ ਤਾਂ ਆਪ ਉਹਨਾਂ ਚਾਲੀ ਆਨੰਦਪੁਰੀ ਮੁਕਤਿਆਂ ਵਿਚ ਸਨ ਜੋ ਗੁਰੂ ਸਾਹਿਬ ਦੇ ਨਾਲ ਰਹੇ ਸਨ। ਆਪ ਆਨੰਦਪੁਰ ਤੋਂ ਨਿਕਲ ਕੇ 7 ਦਸੰਬਰ ਨੂੰ ਚਮਕੌਰ ਪਹੁੰਚ ਚੁੱਕੇ ਸਨ। ਉਸੇ ਦਿਨ ਦੁਪਹਿਰ ਵੇਲੇ ਮੁਗਲ ਫੌਜ ਨੇ ਚਮਕੌਰ ਨੂੰ ਘੇਰਾ ਪਾ ਲਿਆ। ਉਸ ਵੇਲੇ ਚਮਕੌਰ ਦੀ ਗੜ੍ਹੀ ਵਿਚ ਗਹਿ-ਗੱਚ ਲੜਾਈ ਹੋਈ। ਇਸ ਹੱਥੋਂ-ਹੱਥ ਲੜਾਈ ਵਿਚ ਇਕ-ਇਕ ਸਿੰਘ ਨੇ ਕਈ ਮੁਗਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਮੌਕੇ ਤੇ ਚਾਲੀ ਸਿੰਘ ਸ਼ਹੀਦੀਆਂ ਪਾ ਗਏ। ਚਮਕੌਰ ਦੇ ਇਨ੍ਹਾਂ ਚਾਲੀ ਮੁਕਤਿਆਂ ਵਿਚ ਭਾਈ ਸਾਹਿਬ ਸਿੰਘ ਵੀ ਸਨ।

19. ਭਾਈ ਮੋਹਕਮ ਸਿੰਘ (ਪਿਆਰਾ)—

ਭਾਈ ਮੋਹਕਮ ਸਿੰਘ ਭਾਈ ਤੀਰਥ ਚੰਦ ਦੇ ਸਪੁੱਤਰ ਸਨ। ਆਪ ਨੇ ਛੀਂਬਾ ਦਰਜੀ ਪਰਿਵਾਰ ਵਿਚੋਂ 1663 ਵਿਚ ਜਨਮ ਲਿਆ ਸੀ। ਆਪ ਦਵਾਰਕਾ ਪਿੰਡ ਦੇ ਵਾਸੀ ਸਨ। ਆਪ ਦਾ ਪਰਿਵਾਰ ਬੜੇ ਚਿਰਾਂ ਤੋਂ ਗੁਰੂ ਘਰ ਦਾ ਸ਼ਰਧਾਲੂ ਸੀ। ਆਪ ਆਪਣੇ ਪਿਤਾ ਦੇ ਨਾਲ ਛੋਟੀ ਉਮਰ ਵਿਚ ਆਨੰਦਪੁਰ ਸਾਹਿਬ ਆ ਗਏ ਸਨ। ਆਪ ਦਾ ਗੁਰੂ ਸਾਹਿਬ ਨਾਲ ਬਹੁਤ ਪਿਆਰ ਸੀ ਉਹ ਹਮੇਸ਼ਾ ਉਨ੍ਹਾਂ ਦੇ ਨਾਲ ਹੀ ਰਿਹਾ ਕਰਦੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ 'ਪਾਉਂਟਾ' ਗਏ ਤਾਂ ਭਾਈ ਮੋਹਕਮ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਉਥੇ ਜਾ ਕੇ ਰਹਿਣ ਲੱਗ ਪਏ। ਉਨ੍ਹਾਂ ਨੇ ਆਪਣੀ ਉਮਰ ਦਾ ਬਹੁਤ ਹਿੱਸਾ ਗੁਰੂ ਸਾਹਿਬ ਨਾਲ ਹੀ ਬਿਤਾਇਆ ਸੀ। ਜਦੋਂ 5-6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਛੱਡਣ ਦਾ ਫੈਸਲਾ ਕੀਤਾ ਤਾਂ ਜਿਹੜੇ 50 ਸਿੰਘ ਗੁਰੂ ਸਾਹਿਬ ਦੇ ਅੰਗ-ਸੰਗ ਰਹਿਣ ਅਤੇ ਇਕੱਠੇ ਜੀਣ-ਮਰਨ ਵਾਸਤੇ ਤਿਆਰ ਹੋਏ ਸਨ ਉਨ੍ਹਾਂ ਵਿਚ ਆਪ ਵੀ ਸਨ। ਗੁਰੂ ਸਾਹਿਬ ਇੰਨ੍ਹਾਂ ਚਾਲੀਆਂ ਸਣੇ, 500 ਸਿੱਖਾਂ ਦੇ ਕਾਫ਼ਲੇ ਨਾਲ ਆਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਤਕ ਬਿਨ੍ਹਾਂ ਕਿਸੇ ਰੁਕਾਵਟ ਦੇ ਪਹੁੰਚ ਗਏ ਅਤੇ ਫਿਰ ਇਥੋਂ 12-13 ਕਿਲੋਮੀਟਰ ਦੂਰ ਸਰਸਾ ਨਦੀ ਵਲ ਗਏ ਤਾਂ ਭਾਈ ਮੋਹਕਮ ਸਿੰਘ ਆਪ ਦੇ ਨਾਲ ਹੀ ਸਨ। 7 ਦਸੰਬਰ ਦੀ ਸਵੇਰ ਨੂੰ ਗੁਰੂ ਜੀ ਅਤੇ 47 ਸਿੱਖ ਚਮਕੌਰ ਵਿਚ ਪਹੁੰਚ ਗਏ। ਆਪ ਸਾਰੇ ਚਮਕੌਰ ਦੀ ਗੜ੍ਹੀ ਹਾਜ਼ਿਰ 47 ਸਿੱਖਾਂ ਨੇ ਮੁਗਲਾਂ ਦੀ ਵੱਡੀ ਫ਼ੌਜ ਦਾ ਡੱਟ ਕੇ ਟਾਕਰਾ ਕੀਤਾ। ਸਾਰੇ ਸਿੰਘ ਇਕ-ਇਕ ਦੋ-ਦੋ ਕਰ ਕੇ ਗੜ੍ਹੀ 'ਚੋਂ ਬਾਹਰ ਨਿਕਲ ਕੇ ਲੜਾਈ ਕਰਦੇ ਰਹੇ। ਇਕ-ਇਕ ਸਿੰਘ ਨੇ ਕਈ-ਕਈ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਤੇ ਆਪ ਵੀ ਸ਼ਹੀਦੀ ਹਾਸਿਲ ਕੀਤੀ। ਇਹ ਲੜਾਈ ਹਨੇਰਾ ਪੈਣ ਤੱਕ ਚਲਦੀ ਰਹੀ। ਭਾਈ ਮੋਹਕਮ ਸਿੰਘ ਵੀ ਇਸ ਮੌਕੇ ਤੇ ਜੂਝਦੇ ਹੋਏ ਸ਼ਹੀਦੀ ਜਾਮ ਪੀ ਗਏ।

20. ਭਾਈ ਹਿੰਮਤ ਸਿੰਘ (ਪਿਆਰਾ) —

ਭਾਈ ਹਿੰਮਤ ਸਿੰਘ, ਭਾਈ ਗੁਲਜ਼ਾਰੀ, ਜੋ ਇਕ ਝਿਊਰ ਸਨ, ਦੇ ਘਰ 1661 ਵਿਚ ਜਗਨ ਨਾਥ ਪੁਰੀ ਵਿਚ ਪੈਦਾ ਹੋਏ ਸਨ। ਆਪ ਦੇ ਪੜਦਾਦੇ ਤੇ ਹੋਰ ਵੱਡੇ-ਵਡੇਰੇ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਪੰਥ ਨਾਲ ਜੁੜੇ ਹੋਏ ਸਨ। ਇਹ ਪਰਿਵਾਰ ਪਿਛਲੇ ਡੇਢ ਸੌ ਸਾਲ ਤੋਂ ਕਰਤਾਰਪੁਰ, ਗੋਇੰਦਵਾਲ, ਗੁਰੂ ਦਾ ਚੱਕ (ਅੰਮ੍ਰਿਤਸਰ) ਕੀਰਤਪੁਰ ਅਤੇ ਚੱਕ ਨਾਨਕੀ ਵਿਚ ਆਉਂਦਾ ਰਹਿੰਦਾ ਸੀ। ਭਾਈ ਹਿੰਮਤ ਸਿੰਘ ਪਹਿਲੀ ਵਾਰ 17 ਸਾਲ ਦੀ ਉਮਰ ਵਿਚ ਚੱਕ ਨਾਨਕੀ ਆਏ ਸਨ ਤੇ ਉਸ ਮਗਰੋਂ ਉਹ ਗੁਰੂ ਘਰ ਦਾ ਹਿੱਸਾ ਹੀ ਬਣ ਗਏ। ਇਕ ਤਾਂ ਉਹ ਗੁਰੂ ਸਾਹਿਬ ਦੇ ਹਮ ਉਮਰ ਸਨ

ਤੇ ਦੂਜਾ ਉਹ ਅਕਸਰ ਗੁਰੂ ਸਾਹਿਬ ਦੇ ਅੰਗ-ਸੰਗ ਰਿਹਾ ਕਰਦੇ ਸਨ ਇਸ ਕਰਕੇ ਉਨ੍ਹਾਂ ਦਾ ਗੁਰੂ ਸਾਹਿਬ ਨਾਲ ਹਮੇਸ਼ਾਂ ਬੜਾ ਪਿਆਰ ਬਣਿਆ ਰਿਹਾ 7 ਦਸੰਬਰ ਦੀ ਰਾਤ ਤਕ ਮੁਗ਼ਲਾਂ ਦਾ ਮੁਕਾਬਲਾ ਕਰਦੇ ਹੋਏ 38 ਸਿੱਖ ਤੇ ਦੋ ਸਾਹਿਬਜ਼ਾਦੇ ਸ਼ਹੀਦ ਹੋ ਚੁਕੇ ਸਨ ਤੇ ਗੜ੍ਹੀ ਵਿਚ ਸਿਰਫ 7 ਸਿੰਘ ਹੀ ਬਚੇ ਸਨ। ਇੰਨ੍ਹਾਂ ਸ਼ਹੀਦ ਹੋਣ ਵਾਲੇ 38 ਮੁਕਤਿਆਂ ਵਿਚੋਂ ਭਾਈ ਹਿੰਮਤ ਸਿੰਘ ਵੀ ਇਕ ਸਨ। ਭਾਈ ਹਿੰਮਤ ਸਿੰਘ ਨੇ 44 ਸਾਲ ਦੀ ਉਮਰ ਵਿਚ ਸ਼ਹੀਦੀ ਜ਼ਾਮ ਪੀਤਾ। ਆਪ ਨੇ ਆਪਣੀ ਉਮਰ ਦੇ 31 ਸਾਲ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੇਵਾ ਵਿਚ ਗੁਜ਼ਾਰੇ ਸਨ।

21. ਭਾਈ ਦੇਵਾ ਸਿੰਘ —

7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦੀ ਹਾਸਿਲ ਕਰਨ ਵਾਲੇ ਭਾਈ ਦੇਵਾ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਬੁਢੇਆਣਾ ਦੇ ਰਹਿਣ ਵਾਲੇ ਸਨ। ਭਾਈ ਦੇਵਾ ਸਿੰਘ ਦਾ ਪਹਿਲਾ ਨਾਂ ਭਾਈ ਦੇਵਾ ਰਾਮ ਸੀ। ਜਦੋਂ ਸੀਸ ਭੇਟ ਕੌਤਕ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਪੰਜਵੇ ਪਿਆਰੇ ਭਾਈ ਹਿੰਮਤ ਸਿੰਘ ਤੋਂ ਮਗਰੋਂ ਪੰਜ ਹੋਰ ਸਿੱਖ ਵੀ ਸੀਸ ਭੇਟ ਕਰਨ ਵਾਸਤੇ ਖੜੇ ਹੋਏ ਸਨ। ਇੰਨ੍ਹਾਂ ਨੂੰ ਗੁਰੂ ਸਾਹਿਬ ਨੇ 'ਪੰਜ ਮੁਕਤੇ' ਦਾ ਦਰਜਾ ਦਿੱਤਾ ਸੀ। ਭਾਈ ਦੇਵਾ ਰਾਮ ਉਨ੍ਹਾਂ ਪੰਜਾਂ ਵਿਚੋਂ ਸਭ ਤੋਂ ਪਹਿਲੇ ਖੜੇ ਹੋਏ ਸਨ। ਪੰਜਾਂ ਪਿਆਰਿਆਂ ਨੇ ਜਦੋਂ ਖੰਡੇ ਦੀ ਪਾਹੁਲ ਲੈਣ ਮਗਰੋਂ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੇਣੀ ਸ਼ੁਰੂ ਕੀਤੀ ਤਾਂ ਭਾਈ ਦੇਵਾ ਸਿੰਘ ਨੇ ਪੰਜ ਮੁਕਤਿਆਂ ਵਿਚੋਂ ਸਭ ਤੋਂ ਪਹਿਲਾਂ ਪਾਹੁਲ ਹਾਸਿਲ ਕੀਤੀ ਅਤੇ ਭਾਈ ਦੇਵਾ ਸਿੰਘ ਬਣ ਗਏ। ਯਾਨਿ ਉਹ ਛੇਵੇਂ ਖਾਲਸਾ ਸਨ। ਇਸ ਮਗਰੋਂ ਭਾਈ ਦੇਵਾ ਸਿੰਘ ਹਮੇਸ਼ਾਂ ਆਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਿਰ ਰਹੇ। ਭਾਈ ਦੇਵਾ ਸਿੰਘ ਗੁਰੂ ਸਾਹਿਬ ਦੀ ਫ਼ੌਜ ਦੇ ਖ਼ਾਸ ਸਿਪਾਹੀਆਂ ਵਿਚੋਂ ਇਕ ਸਨ ਆਪ ਨੇ ਆਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਸਨ। ਜਦੋਂ 5 ਤੇ 6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਛੱਡਣ ਦਾ ਫੈਸਲਾ ਕੀਤਾ ਤਾਂ ਜਿਹੜੇ 40 ਸਿੰਘ ਗੁਰੂ ਸਾਹਿਬ ਦੇ ਨਾਲ ਜੀਣ-ਮਰਨ ਵਾਸਤੇ ਤਿਆਰ ਹੋਏ ਉਨ੍ਹਾਂ ਵਿਚ ਆਪ ਵੀ ਸ਼ਾਮਿਲ ਸਨ। ਗੁਰੂ ਸਾਹਿਬ ਇਨ੍ਹਾਂ ਚਾਲਿਆਂ ਸਣੇ, ਹੋਰ 460 ਸਿੱਖਾਂ ਦੇ ਕਾਫ਼ਲੇ ਨਾਲ, ਆਨੰਦਪੁਰ ਤੋਂ ਕੀਰਤਪੁਰ ਸਾਹਿਬ ਤਕ ਬਿਨ੍ਹਾਂ ਕਿਸੇ ਰੁਕਾਵਟ ਦੇ ਪਹੁੰਚ ਗਏ ਅਤੇ ਫਿਰ 12-13 ਕਿਲੋ: ਮੀ: ਦੂਰ ਸਰਸਾ ਨਦੀ ਵੱਲ ਚਲੇ ਗਏ। ਸਰਸਾ ਨਦੀ ਪਾਰ ਕਰਨ ਵੇਲੇ ਭਾਈ ਦੇਵਾ ਸਿੰਘ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਲ ਹੀ ਸਨ। 7 ਦਸੰਬਰ ਦੀ ਸਵੇਰ ਵੇਲੇ ਗੁਰੂ ਸਾਹਿਬ ਦੋ ਵੱਡੇ ਸਾਹਿਬਜ਼ਾਦੇ 37 ਆਨੰਦਪੁਰੀ ਮੁਕਤੇ ਅਤੇ 8 ਹੋਰ ਸਿੱਖ ਚਮਕੌਰ ਵਿਚ ਪਹੁੰਚ ਗਏ। ਆਪ ਸਾਰੇ ਚਮਕੌਰ ਦੀ ਗੜ੍ਹੀ ਵਿਚ ਅਰਾਮ ਕਰ ਰਹੇ ਸਨ ਕਿ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਗੜ੍ਹੀ ਵਿਚ ਹਾਜ਼ਿਰ ਇੰਨ੍ਹਾਂ ਸਿੱਖਾਂ ਨੇ ਮੁਗ਼ਲਾਂ ਦੀ ਫ਼ੌਜ ਦਾ ਡੱਟ ਕੇ ਮੁਕਾਬਲਾ ਕੀਤਾ। ਸਾਰੇ ਸਿੰਘ ਇਕ-ਇਕ ਦੋ-ਦੋ ਕਰ ਕੇ ਗੜ੍ਹੀ 'ਚੋਂ ਬਾਹਰ ਨਿਕਲ ਕੇ ਜੂਝਦੇ ਰਹੇ। ਇਕ-ਇਕ ਸਿੰਘ ਨੇ ਕਈ-ਕਈ ਮੁਗ਼ਲਾਂ ਨੂੰ ਤਲਵਾਰ ਭੇਟ ਕੀਤਾ ਅਤੇ ਆਪ ਵੀ ਸ਼ਹੀਦੀ ਹਾਸਿਲ ਕੀਤੀ। ਇਹ ਲੜਾਈ ਰਾਤ ਤਕ ਚਲਦੀ ਰਹੀ। ਇਸ ਦਿਨ ਦੀ ਲੜਾਈ ਵਿਚ 2 ਸਾਹਿਬਜ਼ਾਦੇ ਅਤੇ 38 ਸਿੰਘ ਸ਼ਹੀਦੀਆਂ ਹਾਸਿਲ ਕਰ ਗਏ। 7 ਦਸੰਬਰ ਨੂੰ ਸ਼ਹੀਦ ਹੋਣ ਵਾਲਿਆਂ ਇੰਨ੍ਹਾਂ 38 ਸਿੰਘਾਂ ਵਿਚ ਭਾਈ ਦੇਵਾ ਸਿੰਘ ਵੀ ਸ਼ਾਮਿਲ ਸਨ।

22. ਭਾਈ ਰਾਮ ਸਿੰਘ —

ਭਾਈ ਰਾਮ ਸਿੰਘ ਨੂੰ ਚਮਕੌਰ ਦੀ ਲੜਾਈ ਵਿਚ 7 ਦਸੰਬਰ 1705 ਦੇ ਦਿਨ ਸ਼ਹੀਦੀ ਦੇਣ ਦਾ ਮਾਣ ਹਾਸਿਲ ਹੈ। ਬੁਘੇਆਣਾ ਵਾਸੀ ਭਾਈ ਰਾਮ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ "ਮੁਕਤਾ" ਦੀ ਪਦਵੀ ਨਾਲ ਨਿਵਾਜਿਆ ਸੀ। ਸੀਸ ਭੇਟ ਕੌਤਕ ਵਾਲੇ ਦਿਨ ਪੰਜ ਸਿੱਖਾਂ ਵਲੋਂ ਗੁਰੂ ਸਾਹਿਬ ਦੀ ਅਵਾਜ ਤੇ ਸੀਸ ਭੇਟ ਕਰਨ ਮਗਰੋਂ ਜਿਹੜੇ ਪੰਜ ਹੋਰ ਸਿੱਖ ਵੀ ਸੀਸ ਭੇਟ ਕਰਨ ਵਾਸਤੇ ਤਿਆਰ ਹੋਏ ਸਨ, ਭਾਈ ਰਾਮ ਸਿੰਘ ਉਨ੍ਹਾਂ ਵਿਚੋਂ ਇਕ ਸਨ। ਗੜ੍ਹੀ ਵਿਚ ਹਾਜ਼ਿਰ ਦੋ ਸਾਹਿਬਜ਼ਾਦਿਆਂ ਅਤੇ 45 ਸਿੱਖਾਂ ਨੇ ਮੁਗਲਾਂ ਦੀ ਵੱਡੀ ਫ਼ੌਜ ਦਾ ਡੱਟ ਕੇ ਟਾਕਰਾ ਕੀਤਾ। ਸਾਰੇ ਸਿੰਘ ਇਕ-ਇਕ ਦੋ-ਦੋ ਕਰਕੇ ਗੜ੍ਹੀ 'ਚੋਂ ਬਾਹਰ ਨਿਕਲ ਕੇ ਲੜਾਈ ਕਰਦੇ ਰਹੇ ਅਤੇ ਸ਼ਹੀਦੀ ਹਾਸਿਲ ਕੀਤੀ। ਇਹ ਲੜਾਈ ਹਨੇਰਾ ਪੈਣ ਤੱਕ ਚਲਦੀ ਰਹੀ। ਭਾਈ ਰਾਮ ਸਿੰਘ ਮੁਕਤਾ ਵੀ ਇਸ ਮੌਕੇ ਤੇ ਜੂਝਦੇ ਹੋਏ ਸ਼ਹੀਦੀ ਜ਼ਾਮ ਹਾਸਿਲ ਕਰ ਗਏ।

ਜ਼ਿਕਰ ਯੋਗ ਹੈ ਕਿ ਗੜ੍ਹੀ ਅੰਦਰ ਇਕ ਹੋਰ ਭਾਈ ਰਾਮ ਸਿੰਘ ਵੀ ਸਨ ਜੋ ਭਾਈ ਬਚਿੱਤਰ ਸਿੰਘ ਦੇ ਸਪੁੱਤਰ ਸਨ। ਆਪ ਗੁਰੂ ਸਾਹਿਬ ਨਾਲ ਚਮਕੌਰ ਦੀ ਕਚੀ ਗੜ੍ਹੀ ਵਿਚੋਂ ਸਹੀ ਸਲਾਮਤ ਨਿਕਲੇ ਸਨ।

23. ਭਾਈ ਟਹਿਲ ਸਿੰਘ —

ਭਾਈ ਟਹਿਲ ਸਿੰਘ ਜਿਸ ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਵਿਚ ਸ਼ਹੀਦੀ ਜ਼ਾਮ ਪੀਤਾ, ਪਿੰਡ ਡੱਲਵਾਂ ਦੇ ਰਹਿਣ ਵਾਲੇ ਸਨ। 5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਛੱਡਣ ਦਾ ਫੈਸਲਾ ਕੀਤਾ ਤਾਂ ਭਾਈ ਟਹਿਲ ਸਿੰਘ ਅਤੇ 39 ਹੋਰ ਸਿੱਖਾਂ ਨੇ ਪ੍ਰਣ ਕੀਤਾ ਕਿ ਉਹ ਆਪਣੇ ਆਖਰੀ ਸਾਹਾਂ ਤਕ ਗੁਰੂ ਸਾਹਿਬ ਦੇ ਨਾਲ ਰਹਿਣਗੇ। ਉਹ ਗੁਰੂ ਸਾਹਿਬ ਦੇ ਕਾਫ਼ਲੇ ਨਾਲ ਆਨੰਦਪੁਰ ਸਾਹਿਬ ਤੋਂ ਟੁਰੇ ਅਤੇ ਕੀਰਤਪੁਰ, ਸਰਸਾ ਨਦੀ ਲੰਘ ਕੇ ਪਿੰਡਾਂ ਅਤੇ ਜੰਗਲ ਵਿਚੋਂ ਲੰਘਦੇ ਹੋਏ ਚਮਕੌਰ ਪੁੱਜੇ। ਉਥੇ ਗੁਰੂ ਸਾਹਿਬ ਦੋ ਵੱਡੇ ਸਾਹਿਬਜ਼ਾਦੇ ਅਤੇ 45 ਸਿੱਖ, ਭਾਈ ਬੁਧੀ ਚੰਦ, ਰਾਵਤ ਦੀ ਗੜ੍ਹੀ ਵਿਚ ਅਰਾਮ ਕਰਨ ਲਈ ਰੁਕ ਗਏ। ਕੁਝ ਹੀ ਘੰਟਿਆਂ ਮਗਰੋਂ ਸਰਹਿੰਦੀ ਫ਼ੌਜ ਨੇ ਚਮਕੌਰ ਵਲ ਧਾਵਾ ਬੋਲ ਦਿੱਤਾ ਅਤੇ ਪਿੰਡ ਨੂੰ ਸਾਰੇ ਪਾਸਿਆਂ ਤੋਂ ਘੇਰ ਲਿਆ। ਹਜ਼ਾਰਾਂ ਦੀ ਗਿਣਤੀ ਵਿਚ ਆਈ ਹੋਈ ਮੁਗਲ ਫ਼ੌਜ 'ਚੋਂ ਘੇਰਾ ਤੋੜ ਕੇ ਨਿਕਲ ਜਾਣਾ ਔਖਾ ਹੋਣ ਕਰਕੇ ਗੁਰੂ ਸਾਹਿਬ ਨੇ ਗੁਰੀਲਾ ਲੜਾਈ ਲੜਨ ਦਾ ਫੈਸਲਾ ਕਰ ਲਿਆ। ਇਕ-ਇਕ ਦੋ-ਦੋ ਸਿੱਖ ਗੜ੍ਹੀ ਦੇ ਦਰਵਾਜੇ ਤੇ ਆ ਕੇ ਮੁਗਲ ਹਮਲਾਵਰਾਂ ਨਾਲ ਜੂਝਦੇ ਤੇ ਸ਼ਹੀਦ ਹੁੰਦੇ ਰਹੇ। ਚਮਕੌਰ ਸਾਹਿਬ ਵਿਚ ਸ਼ਹੀਦੀ ਜਾਮ ਪੀਣ ਵਾਲੇ ਇਨ੍ਹਾਂ ਚਾਲੀ ਮੁਕਤਿਆਂ ਵਿਚ ਆਨੰਦਪੁਰ ਦਾ ਇਹ ਮੁਕਤਾ ਭਾਈ ਟਹਿਲ ਸਿੰਘ ਵੀ ਸ਼ਾਮਿਲ ਸੀ।

24. ਭਾਈ ਈਸ਼ਰ ਸਿੰਘ (ਦੂਜਾ) —

ਪਿੰਡ ਡੱਲ ਦਾ ਵਾਸੀ ਭਾਈ ਈਸ਼ਰ ਸਿੰਘ ਵੀ 7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦੀ ਹਾਸਿਲ ਕਰਨ ਵਾਲਿਆਂ ਵਿਚੋਂ ਇਕ ਸੀ। ਯਾਦ ਰਹੇ ਗੁਰੂ ਸਾਹਿਬ ਦੇ ਇਕ ਹੋਰ ਵੀ ਨਜ਼ਦੀਕੀ ਸਿੰਘ ਦਾ ਨਾਮ ਈਸ਼ਰ ਸਿੰਘ ਸੀ। ਇਸ ਈਸ਼ਰ ਸਿੰਘ (ਪਹਿਲਾ) 29 ਅਗਸਤ 1700 ਨੂੰ ਤਾਰਾਗੜ੍ਹ ਦੇ ਯੁੱਧ ਦੌਰਾਨ ਸ਼ਹੀਦ ਹੋਏ ਸਨ।

ਇਨ੍ਹਾਂ ਦੀ ਬੰਸਾਵਲੀ ਇਸ ਪ੍ਰਕਾਰ ਹੈ :-

ਭਾਈ ਰਣਮਲ,
↕
ਰੂਪਾ,
↕
ਭਗਵਾਨਾ,
↕
ਜਗਨਾ,
↕
ਆੜੂ,
↕
ਕੇਵਲ ਸਿੰਘ,
↕
ਈਸ਼ਰ ਸਿੰਘ।

25. ਭਾਈ ਫਤਹਿ ਸਿੰਘ —

ਭਾਈ ਫਤਹਿ ਸਿੰਘ 7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦੀ ਹਾਸਿਲ ਕਰਨ ਵਾਲੇ 40 ਮੁਕਤਿਆਂ ਵਿਚੋਂ ਇਕ ਸਨ। ਆਪ ਸੀਸ ਭੇਟ ਕੌਤਕ ਵਾਲੇ ਦਿਨ ਦੇ ਪੰਜ ਮੁਕਤਿਆਂ ਵਿਚੋਂ ਵੀ ਇਕ ਸਨ। ਭਾਈ ਫਤਹਿ ਸਿੰਘ ਦਾ ਕੁਰਸੀਨਾਮਾ ਤੇ ਭਾਵੇਂ ਨਹੀ ਮਿਲਦਾ ਪਰ ਏਨਾ ਜ਼ਰੂਰ ਪਤਾ ਲਗਦਾ ਹੈ ਕਿ ਉਹ ਪਿੰਡ ਖ਼ਰਦਪੁਰ, ਮਾਂਗਟ, ਦੇ ਰਹਿਣ ਵਾਲੇ ਸਨ। ਭਾਈ ਫ਼ਤਹਿ ਸਿੰਘ ਆਨੰਦਪੁਰ ਸਾਹਿਬ ਵਿਚ ਰਹਿਣ ਵਾਲੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। 5 ਤੇ 6 ਦਸੰਬਰ 1705 ਦੇ ਦਿਨ ਗੁਰੂ ਸਾਹਿਬ ਦੇ ਆਨੰਦਪੁਰ ਸਾਹਿਬ ਛੱਡਣ ਵੇਲੇ ਉਨ੍ਹਾਂ ਦੇ ਅੰਗ-ਸੰਗ ਰਹਿਣ ਦਾ ਪ੍ਰਣ ਕਰਨ ਵਾਲੇ "40 ਆਨੰਦਪੁਰੀ ਮੁਕਤਿਆਂ" ਵਿਚ ਭਾਈ ਫਤਹਿ ਸਿੰਘ ਵੀ ਸ਼ਾਮਿਲ ਸਨ ਤੇ ਉਨ੍ਹਾਂ ਨੇ ਆਪਣਾ ਇਹ ਪ੍ਰਣ ਤੋੜ ਤਕ ਨਿਭਾਇਆ। ਆਪ 7 ਦਸੰਬਰ 1705 ਦੇ ਦਿਨ, ਸ਼ਾਮ ਵੇਲੇ ਚਮਕੌਰ ਦੀ ਗੜ੍ਹੀ ਦੇ ਬਾਹਰ ਮੁਗ਼ਲ ਫ਼ੌਜਾਂ ਦੀ ਧਾੜ ਨਾਲ ਲੜਦੇ-ਲੜਦੇ ਸ਼ਹੀਦੀ ਜਾਮ ਪੀ ਗਏ।

26. ਭਾਈ ਜਵਾਹਰ ਸਿੰਘ —

ਭਾਈ ਜਵਾਹਰ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਮੁੱਖ ਸਿੱਖਾਂ ਵਿਚੋ ਇਕ ਸਨ। ਆਪ ਨੇ 7 ਦਸੰਬਰ 1705 ਦੇ ਦਿਨ ਚਮਕੌਰ ਵਿਖੇ ਸ਼ਹੀਦੀ ਹਾਸਿਲ ਕੀਤੀ ਸੀ।

27. ਭਾਈ ਕੀਰਤ ਸਿੰਘ —

ਭਾਈ ਕੀਰਤ ਸਿੰਘ ਉਨ੍ਹਾਂ 40 ਮੁਕਤਿਆਂ ਵਿਚੋਂ ਇਕ ਸਨ ਜਿਨ੍ਹਾਂ ਨੇ ਚਮਕੌਰ ਦੀ ਲੜਾਈ ਵਿਚ 7 ਦਸੰਬਰ ਦੇ ਦਿਨ ਸ਼ਹੀਦੀ ਜਾਮ ਪੀਤਾ ਸੀ। ਭਾਈ ਕੀਰਤ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੀ

ਫ਼ੌਜ ਦੇ ਇਕ ਪ੍ਰਮੁੱਖ ਸਿਪਾਹੀ ਸਨ। ਉਹ ਗੁਰੂ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ।

28. ਭਾਈ ਸ਼ਾਮ ਸਿੰਘ —

ਭਾਈ ਸ਼ਾਮ ਸਿੰਘ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਪ੍ਰਮੁੱਖ ਸਿਪਾਹੀ ਸਨ। ਉਨ੍ਹਾਂ ਨੇ ਚਮਕੌਰ ਦੀ ਗੜ੍ਹੀ ਦੀ ਲੜਾਈ ਵਿਚ 7 ਦਸੰਬਰ 1705 ਦੇ ਦਿਨ ਸ਼ਹੀਦੀ ਹਾਸਿਲ ਕੀਤੀ ਸੀ।

29. ਭਾਈ ਸੁੱਖਾ ਸਿੰਘ —

ਭਾਈ ਸੁੱਖਾ ਸਿੰਘ 7 ਦਸੰਬਰ 1705 ਦੀ ਸ਼ਾਮ ਨੂੰ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਣ ਵਾਲੇ ਚਾਲ੍ਹੀ ਸਿੰਘਾਂ ਵਿਚੋਂ ਇਕ ਸਨ। ਆਪ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਆਪ ਨੇ ਆਨੰਦਪੁਰ ਸਾਹਿਬ ਅਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਭਰਪੂਰ ਹਿੱਸਾ ਲਿਆ ਸੀ ਅਤੇ ਆਪਣੀ ਬਹਾਦਰੀ ਦੇ ਜ਼ੌਹਰ ਦਿਖਾਏ ਸਨ।

30. ਭਾਈ ਕੇਸਰਾ ਸਿੰਘ —

ਭਾਈ ਕੇਸਰਾ ਸਿੰਘ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਵਿਚੋਂ ਇਕ ਸਨ। ਆਪ ਦੀ ਸ਼ਹੀਦੀ 7 ਦਸੰਬਰ 1705 ਦੀ ਦੁਪਹਿਰ ਤੋਂ ਮਗਰੋਂ ਤੇ ਹਨੇਰਾ ਸ਼ੁਰੂ ਹੋਣ ਤੋਂ ਪਹਿਲਾਂ ਹੋਈ ਸੀ। ਭਾਈ ਕੇਸਰਾ ਸਿੰਘ ਇਕ ਦਲੇਰ ਸਿਪਾਹੀ ਸਨ ਤੇ ਗੁਰੂ ਸਾਹਿਬ ਦੀ ਫ਼ੌਜ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ।

31. ਭਾਈ ਲਾਲ ਸਿੰਘ —

7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਦੇ ਬਾਹਰ ਹੋਈ ਲੜਾਈ ਵਿਚ ਸ਼ਹੀਦ ਹੋਏ ਭਾਈ ਲਾਲ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਨੇ ਪੰਜ ਪਿਆਰਿਆਂ, ਪੰਜ ਮੁਕਤਿਆਂ ਅਤੇ ਪਾਈ ਮਨੀ ਸਿੰਘ ਵਾਲੇ ਦਸਤੇ ਦੇ ਯਾਰ੍ਹਾਂ ਸਿੱਖਾਂ ਤੋਂ ਬਅਦ ਦੇ ਦਸਤੇ ਵਿਚ ਖੰਡੇ ਦੀ ਪਾਹੁਲ ਲਈ ਸੀ ਅਤੇ ਲਾਲ ਚੰਦ ਤੋਂ ਭਾਈ ਲਾਲ ਸਿੰਘ ਬਣੇ ਸਨ।

32. ਭਾਈ ਹੁਕਮ ਸਿੰਘ —

ਭਾਈ ਹੁਕਮ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਜਾਣੇ-ਪਛਾਣੇ ਸਿਪਾਹੀ ਸਨ। ਆਪ ਨੇ ਆਪਣੀ ਉਮਰ ਦਾ ਆਖ਼ਰੀ ਹਿੱਸਾ ਆਨੰਦਪੁਰ ਸਾਹਿਬ ਵਿਚ, ਗੁਰੂ ਸਾਹਿਬ ਦੀ ਸੰਗਤ ਵਿਚ, ਬਿਤਾਇਆ ਸੀ ਅਤੇ ਆਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਹਿੱਸਾ ਵੀ ਲਿਆ ਸੀ।

33. ਭਾਈ ਖ਼ਜ਼ਾਨ ਸਿੰਘ —

ਭਾਈ ਖ਼ਜ਼ਾਨ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਜ਼ਦੀਕੀ ਸਿੰਘਾਂ ਵਿਚੋਂ ਇਕ ਸਨ। ਆਪ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਪ੍ਰਮੁੱਖ ਸਿਪਾਹੀ ਸਨ। ਆਪ ਨੇ ਆਪਣੀ ਉਮਰ ਦਾ ਕਾਫ਼ੀ ਹਿੱਸਾ ਆਨੰਦਪੁਰ ਸਾਹਿਬ ਵਿਚ ਬਿਤਾਇਆ ਸੀ। ਆਪ ਅਕਸਰ ਗੁਰੂ ਸਾਹਿਬ ਦੇ ਨਾਲ ਰਿਹਾ ਕਰਦੇ ਸਨ। ਆਪ ਦਾ ਗੁਰੂ ਸਾਹਿਬ ਨਾਲ ਗੂੜ੍ਹਾ ਪਿਆਰ ਸੀ। 5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਆਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਗੁਰੂ ਸਾਹਿਬ ਦੇ ਨਾਲ ਜੀਣ ਮਰਨ ਦਾ ਪ੍ਰਣ ਕੀਤਾ ਸੀ।

34. ਭਾਈ ਬਖ਼ਸ਼ਿਸ਼ ਸਿੰਘ —

ਭਾਈ ਬਖ਼ਸ਼ਸ਼ / ਬਖ਼ਸ਼ਿਸ਼ / ਬਖ਼ਸ਼ੀਸ਼ ਸਿੰਘ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿੰਨ੍ਹਾਂ ਨੇ ਚਮਕੌਰ ਦੀ ਗੜ੍ਹੀ ਦੇ ਬਾਹਰ ਮੁਗਲ ਫ਼ੌਜਾਂ ਨਾਲ ਲੜਾਈ ਕਰਦਿਆਂ ਸ਼ਹੀਦੀ ਹਾਸਿਲ ਕੀਤੀ ਸੀ। ਭਾਈ ਬਖ਼ਸ਼ਿਸ਼ ਸਿੰਘ ਭੈਰੋਵਾਲ (ਜ਼ਿਲ੍ਹਾ ਲਾਹੌਰ) ਦੇ ਰਹਿਣ ਵਾਲੇ ਸਨ। ਕੁਝ ਸੋਮਿਆਂ ਮੁਤਾਬਿਕ ਆਪ 'ਕਲਾਲ' ਸਨ। ਆਪ ਦੇ ਵੱਡੇ-ਵਡੇਰੇ ਪਹਿਲੋਂ ਸ਼ਰਾਬ ਬਣਾਉਣ ਦਾ ਕਾਰੋਬਾਰ ਕਰਦੇ ਸਨ ਪਰ ਗੁਰੂ ਸਾਹਿਬ ਦੀ ਸਿੱਖਿਆ ਲੈਣ ਮਗਰੋਂ ਉਹ ਇਸ ਧੰਧੇ ਨੂੰ ਛੱਡ ਗਏ ਸਨ। ਉਂਞ ਸ: ਜੱਸਾ ਸਿੰਘ ਆਹਲੂਵਾਲੀਆ ਵਾਂਗ ਇਸ ਪਰਿਵਾਰ ਦੇ ਨਾਂ ਨਾਲ ਵੀ ਕਲਾਲ ਅੱਲ ਚੱਲਦੀ ਸੀ।

ਬਖਸ਼ ਸਿੰਘ ਬਖਸ਼ੀਸ਼ ਸਿੰਘ ਪੁਨ। ਸਿੰਘ ਕਲਾਲ ਜਤਿ ਰਹਿ ਤੈ ਸੁਨਿ।
ਭੈਰੋਵਾਰ ਗ੍ਰਾਮ ਕੇ ਸੋਇ। ਰਹੇ ਹਜ਼ੂਰ ਸਦਾ ਈ ਦੋਇ॥ ੨॥

(ਸੂਰਜ ਪ੍ਰਕਾਸ਼ ਗ੍ਰੰਥ-ਸੰਤੋਖ ਸਿੰਘ, ਐਡਿਟ ਭਾਈ ਵੀਰ ਸਿੰਘ, ਸਫਾ ੫੦੬੨)

ਭਾਈ ਬਖ਼ਸ਼ਿਸ਼ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚ ਇਕ ਸਨ। ਆਪ ਗੁਰੂ ਸਾਹਿਬ ਕੋਲ ਆਨੰਦਪੁਰ ਸਾਹਿਬ ਹੀ ਰਿਹਾ ਕਰਦੇ ਸਨ।

35. ਭਾਈ ਗੁਰਬਖ਼ਸ਼ਿਸ਼ ਸਿੰਘ / ਗੁਰਬਖ਼ਸ਼ਸ਼ ਸਿੰਘ —

7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦੀ ਗਾਨੇ ਬੰਨ੍ਹ ਕੇ ਜੂਝਣ ਵਾਲਿਆਂ ਵਿਚ ਭਾਈ ਗੁਰਬਖ਼ਸ਼ੀਸ਼ ਸਿੰਘ ਵੀ ਸ਼ਾਮਿਲ ਸਨ। ਭਾਈ ਗੁਰਬਖ਼ਸ਼ੀਸ਼ ਸਿੰਘ ਦਾ ਪਹਿਲਾ ਨਾਂ ਭਾਈ ਗੁਰਬਖ਼ਸ਼ੀਸ਼ ਰਾਏ ਸੀ। ਜਦੋਂ ਗੁਰੂ ਸਾਹਿਬ ਨੇ ਖਾਲਸਾ ਪ੍ਰਗਟ ਕੀਤਾ ਅਤੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾਂ ਆਪ ਅੰਮ੍ਰਿਤ ਛਕ ਕੇ ਗੁਰਬਖ਼ਸ਼ੀਸ਼ ਸਿੰਘ ਬਣ ਗਏ। ਆਪ ਨੇ ਪੰਜ ਪਿਆਰਿਆਂ ਤੋਂ ਤੀਜੇ ਦਸਤੇ ਵਿਚ ਅੰਮ੍ਰਿਤ ਛਕਿਆ। ਆਪ ਦੇ ਨਾਲ ਅੰਮ੍ਰਿਤ ਛੱਕਣ ਵਾਲੇ ਹੋਰ ਸਿੰਘ ਸਨ :-

ਭਾਈ ਕਿਰਪਾ ਸਿੰਘ ਦਤ, ਭਾਈ ਦਯਾ ਸਿੰਘ ਪੁਰੋਹਿਤ, ਭਾਈ ਨਾਨੂੰ ਸਿੰਘ ਦਿਲਵਾਲੀ, ਸੋਢੀ ਦੀਪ ਸਿੰਘ ਤੇ ਨੰਦ ਸਿੰਘ (ਦੋਵੇਂ ਪੁੱਤਰ ਬਾਬਾ ਸੂਰਜ ਮਲ), ਕਵੀ ਬਰਨ ਸਿੰਘ, ਅਣੀ ਸਿੰਘ ਅਤੇ ਸਰਹਿੰਦ ਵਾਲੇ ਤਿੰਨ ਬਾਣੀਏ ਭਰਾ:- (ਭਾਈ ਹਜ਼ਾਰੀ ਸਿੰਘ, ਭੰਡਾਰੀ ਸਿੰਘ ਅਤੇ ਦਰਬਾਰੀ ਸਿੰਘ)

36. ਭਾਈ ਆਨੰਦ ਸਿੰਘ —

ਭਾਈ ਆਨੰਦ ਸਿੰਘ ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਕਈ ਮੁਗ਼ਲ ਫ਼ੌਜੀਆਂ ਦੇ ਆਹੂ ਲਾਹ ਕੇ ਸ਼ਹੀਦੀ ਜਾਮ ਪੀਤਾ। ਭਾਈ ਆਨੰਦ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਉਹ ਆਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਦੇ ਕੋਲ ਹੀ ਰਿਹਾ ਕਰਦੇ ਸਨ। ਉਨ੍ਹਾਂ ਆਪਣਾ ਘਰ-ਬਾਰ ਸਭ ਛੱਡ ਕੇ ਗੁਰੂ ਦਰਬਾਰ ਨੂੰ ਹੀ ਆਪਣਾ ਘਰ ਬਣਾਇਆ ਹੋਇਆ ਸੀ। ਭਾਈ ਆਨੰਦ ਸਿੰਘ ਖਾਲਸਾ ਫ਼ੌਜ ਦਾ ਵੀ ਇਕ ਅਹਿਮ ਜੁਝਾਰੂ ਸੀ। ਜਦੋਂ ਮੁਗ਼ਲ ਫ਼ੌਜਾਂ ਨੇ ਹਮਲਾ ਕੀਤਾ ਭਾਈ ਆਨੰਦ ਸਿੰਘ ਨੇ ਤਲਵਾਰ ਧੂਹ ਕੇ ਮੂਹਰੇ ਹੋ ਕੇ ਲੜਾਈ ਕੀਤੀ। ਭਾਈ ਆਨੰਦ ਸਿੰਘ ਆਪਣੀ ਜ਼ਿੰਦਗੀ ਨੂੰ ਗੁਰੂ ਦੇ ਕਦਮਾਂ ਵਿਚ ਭੇਟ ਕਰਨ ਵਾਲੇ ਗਿਣਵੇਂ ਸਿੱਖਾਂ ਵਿਚ ਸ਼ਾਮਿਲ ਸਨ।

37. ਭਾਈ ਧੰਨਾ ਸਿੰਘ –

ਭਾਈ ਧੰਨਾ ਸਿੰਘ ਨੇ ਚਮਕੌਰ ਵਿਚ 7 ਦਸੰਬਰ 1705 ਦੇ ਦਿਨ ਸ਼ਹੀਦੀ ਜ਼ਾਮ ਪੀਤਾ ਸੀ। ਚਮਕੌਰ ਦੇ ਚਾਲੀ ਮੁਕਤਿਆਂ ਵਿਚੋਂ ਇਕ ਭਾਈ ਧੰਨਾ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਇਕ ਸੋਮੇ ਮੁਤਾਬਿਕ ਭਾਈ ਧੰਨਾ ਸਿੰਘ ਇਕ ਕਵੀ ਸਨ। ਉਨ੍ਹਾਂ ਦੀ ਇਕ ਮਸ਼ਹੂਰ ਕਵੀ ਚੰਦਨ ਨਾਲ ਟੱਕਰ ਦਾ ਜ਼ਿਕਰ ਕੁਝ ਸਿੱਖ ਸਾਖੀਕਾਰਾਂ ਨੇ ਕੀਤਾ ਹੈ।

38. ਭਾਈ ਬੁੱਢਾ ਸਿੰਘ –

ਭਾਈ ਬੁੱਢਾ ਸਿੰਘ ਉਨ੍ਹਾਂ ਸਿੱਖਾਂ ਵਿਚੋਂ ਇਕ ਸਨ ਜਿਨ੍ਹਾਂ ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦੀ ਜ਼ਾਮ ਪੀਤੇ ਸਨ ਤੇ ਚਾਲੀ ਮੁਕਤੇ ਅਖਵਾਏ ਸਨ। ਭਾਈ ਬੁੱਢਾ ਸਿੰਘ ਦਾ ਗੁਰੂ ਸਾਹਿਬ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਡੂੰਘਾ ਪਿਆਰ ਸੀ।

39. ਭਾਈ ਸੰਤ ਸਿੰਘ ਬੰਗੇਸ਼ਰੀ –

ਭਾਈ ਸੰਤ ਸਿੰਘ ਬੰਗੇਸ਼ਰੀ ਨੇ 8 ਦਸੰਬਰ 1705 ਦੇ ਦਿਨ ਸਵੇਰ ਵੇਲੇ ਮੁਗ਼ਲ ਫੌਜਾਂ ਨਾਲ ਲੜਦਿਆਂ ਸ਼ਹੀਦੀ ਜ਼ਾਮ ਪੀਤਾ। ਉਹ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋਣ ਵਾਲੇ ਆਖ਼ਰੀ ਦੋ ਸਿੰਘਾਂ ਵਿਚੋਂ ਇਕ ਸਨ। ਭਾਈ ਸੰਤ ਸਿੰਘ ਭਾਈ ਨਠੀਆ ਦੇ ਪੁੱਤਰ ਤੇ ਸ਼ਹੀਦ ਭਾਈ ਬੱਲੂ ਦੇ ਪੋਤਰੇ ਸਨ। ਭਾਈ ਸੰਤ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਉਹ ਹਮੇਸ਼ਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕੋਲ ਰਿਹਾ ਕਰਦੇ ਸਨ। ਉਨ੍ਹਾਂ ਆਪਣੀ ਜ਼ਿੰਦਗੀ ਦੇ ਆਖਰੀ ਕਈ ਸਾਲ ਗੁਰੂ ਸਾਹਿਬ ਦੀ ਸੇਵਾ ਵਿਚ ਬਿਤਾਏ ਸਨ। ਖ਼ਾਲਸਾ ਪਰਗਟ ਹੋਣ ਤੋਂ ਚਮਕੌਰ ਦੀ ਲੜਾਈ ਤੱਕ ਉਹ ਗੁਰੂ ਸਾਹਿਬ ਦੇ ਅੰਗ-ਸੰਗ ਹੀ ਰਹੇ ਸਨ।

40. ਭਾਈ ਸੰਗਤ ਸਿੰਘ ਛਾਬੜਾ –

ਭਾਈ ਸੰਗਤ ਸਿੰਘ ਛਾਬੜਾ ਨੇ ਚਮਕੌਰ ਵਿਚ 8 ਦਸੰਬਰ 1705 ਦੇ ਦਿਨ ਸਵੇਰ ਵੇਲੇ ਮੁਗ਼ਲ ਫ਼ੌਜਾਂ ਨਾਲ ਲੜਦਿਆਂ ਸ਼ਹੀਦੀ ਪਾਈ ਸੀ। ਇਸ ਲੜਾਈ ਵਿਚ ਸ਼ਹੀਦ ਹੋਣ ਵਾਲੇ 40 ਮੁਕਤਿਆਂ ਵਿਚੋਂ ਆਖ਼ਰੀ ਦੋਹਾਂ ਵਿਚੋਂ ਉਹ ਇਕ ਸਨ। ਭਾਈ ਸੰਗਤ ਸਿੰਘ ਛਾਬੜਾ ਗੋਤ ਦੇ ਅਰੋੜਾ ਸਿੱਖ ਸਨ। ਉਨ੍ਹਾਂ ਦਾ ਪਿਛੋਕੜ ਪੱਟੀ (ਉਦੋਂ ਜ਼ਿਲ੍ਹਾ ਲਾਹੌਰ, ਹੁਣ ਜ਼ਿਲ੍ਹਾ ਅੰਮ੍ਰਿਤਸਰ) ਦਾ ਸੀ। ਆਪ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋਂ ਇਕ ਸਨ।

63.

ਫ਼ਵਾਰਾ-ਇ-ਖ਼ੂੰ ਹਰ ਬੁਨੇ-ਮੂ ਸੇ ਰਵਾਂ ਹੂਆ।
ਜ਼ਖਮੋਂ ਸੇ ਚੂਰ ਚੂਰ ਇਕ ਇਕ ਜਵਾਂ ਹੂਆ।
ਖਾ ਖਾ ਕੇ ਤੀਰ ਸਿੰਘ ਹਰ ਇਕ ਨਾਤਵਾਂ ਹੂਆ।
ਸਰ ਤਨ ਪਿ ਸ਼ੌਕ-ਏ-ਕਤਲ ਮੇਂ ਬਾਰਿ-ਗਿਰਾਂ ਹੂਆ।

ਲਾਖੋਂ ਕੀ ਜਾਨ ਲੇ ਕੇ ਦਲੇਰੋਂ ਨੇ ਜਾਨ ਦੀ।
ਸਤਿਗੁਰ ਗੁਰੂ ਗੋਬਿੰਦ ਕੇ ਸ਼ੇਰੋਂ ਨੇ ਜਾਨ ਦੀ।

ਸ਼ਬਦ ਅਰਥ :- ਫ਼ਵਾਰਾ-ਇ-ਖ਼ੂੰ= ਖ਼ੂੰਨ ਦਾ ਫੁਹਾਰਾ, ਬੁਨੇ-ਮੂ= ਰੋਮ ਦੀ ਜੜ੍ਹ, ਵਾਲ ਦੀ ਜੜ੍ਹ, ਜਵਾਂ= ਸੂਰਮਾ, ਨਾਤਵਾਂ= ਕਮਜ਼ੋਰ, ਨਤਾਕਤ, ਬਾਰਿ-ਗਿਰਾਂ= ਭਾਰੀ ਬੋਝ।

ਅਰਥਾਤ :- ਅਣਗਿਣਤ ਫ਼ੌਜਾਂ ਨਾਲ ਜੂਝ ਰਹੇ ਮੁੱਠੀ ਭਰ ਸੂਰਮੇ ਮੈਦਾਨ-ਏ-ਜੰਗ ਵਿਚ ਸੂਰਮਤਾਈ ਦੇ ਜੌਹਰ ਦਿਖਾਉਂਦੇ ਹੋਏ ਹਾਲੋ-ਬੇਹਾਲ ਹੋ ਚੁਕੇ ਸਨ। ਸਿਰ ਤੋਂ ਪੈਰਾਂ ਤੱਕ ਖ਼ੂਨ ਨਾਲ ਲੱਥ ਪੱਥ ਸਨ ਇਸ ਤਰ੍ਹਾਂ ਲਗਦਾ ਸੀ ਜਿਵੇਂ ਹਰ ਰੋਮ-ਰੋਮ ਵਿਚੋਂ ਖ਼ੂਨ ਦਾ ਫੁਹਾਰਾ ਛੁੱਟ ਪਿਆ ਹੋਵੇ। ਤਨ ਤੇ ਸ਼ਸ਼ਤਰਾਂ ਦੁਆਰਾ ਹੋਏ ਅਨੇਕਾਂ ਜ਼ਖਮਾਂ ਨਾਲ ਸਿੰਘ ਸੂਰਮੇ ਚੂਰ-ਚੂਰ ਹੋ ਚੁੱਕੇ ਸਨ। ਇਕ ਇਕ ਸੂਰਮੇ ਦੇ ਤਨ ਵਿਚ ਅਨੇਕਾਂ ਤੀਰ ਖੁੱਭ ਚੁੱਕੇ ਸਨ ਜਿਸ ਕਰਕੇ ਉਹ ਬੜੇ ਲਾਚਾਰ ਹੋ ਚੁੱਕੇ ਸਨ। ਕਮਜ਼ੋਰ ਹੋ ਚੁੱਕੇ ਸਨ ਪਰ ਮਨ ਅੰਦਰ ਜਾਮ-ਏ-ਸ਼ਹਾਦਤ ਪੀਣ ਦੀ ਤਮੰਨਾ ਉਛਾਲੇ ਖਾ ਰਹੀ ਸੀ।

ਅਨੇਕਾਂ ਹੀ ਸਿਪਾਹੀਆਂ ਨੂੰ ਸਦਾ ਦੀ ਨੀਂਦ ਸੁਆ ਕੇ ਸਿੰਘ ਸੂਰਮੇ ਜ਼ਾਮੇ ਸ਼ਹਾਦਤ ਪੀਂਦੇ ਜਾ ਰਹੇ ਸਨ, ਕਲਗੀਧਰ ਪਾਤਸ਼ਾਹ ਦੇ ਸਿੰਘ ਸੂਰਮੇ, ਸ਼ੇਰ ਮਰਦ ਅਨੇਕਾਂ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹੀਦੀ ਪਿਆਲੇ ਪੀ ਰਹੇ ਸਨ।

64.

ਐ ਤਬਾ-ਏ-ਰਸਾ ਆਜ ਦਿਖਾ ਅਪਨੀ ਰਸਾਈ।
ਐ ਤੇਗ਼ਿ-ਸੁਖ਼ਨ ਤੂੰ ਭੀ ਬਤਾ ਅਪਨੀ ਸਫ਼ਾਈ।
ਸ਼ਹਿਬਾਜ਼ ਨੇ ਮੇਰੇ ਕਭੀ ਮੂੰਹ ਕੀ ਨਹੀਂ ਖਾਈ।
ਹੈਂ ਦੁਰ ਦੋ ਅਸਰਿ-ਖ਼ੈਰ ਸੇ ਦੋਨੋਂ ਸਗੇ ਭਾਈ।

ਖ਼ਾਕ ਉੜਨੇ ਲਗੇ ਬਹਰ ਗਰ ਆਹ! ਭਰੂੰ ਮੈਂ।
ਗੁਲਬੁਨ ਬਨੇ ਗੁਲਜ਼ਾਰ ਅਗਰ ਵਾਹ! ਕਹੂੰ ਮੈਂ।

ਅਰਥ :- ਤਬਾ-ਏ-ਰਸਾ= ਕਾਵਿ ਯੋਗਤਾ, ਰਸਾਈ= ਪਹੁੰਚ, ਕਮਾਲ, ਤੇਗ਼ਿ-ਸੁਖ਼ਨ= ਕਵੀ ਦੀ ਤਲਵਾਰ, ਕਲਮ ਸ਼ਹਿਬਾਜ਼= ਸ਼ਾਹੀ ਬਾਜ, ਦੁਰ= ਮੋਤੀ, ਅਸਰ= ਨਿਚੋੜ, ਬਹਰ= ਸਮੁੰਦਰ, ਗੁਲਬਨ= ਅਣਖਿੜਿਆ ਗੁਲਾਬ ਦਾ ਫੁੱਲ, ਗੁਲਜ਼ਾਰ= ਖਿੜ ਜਾਣਾ, ਫੁਲਵਾੜੀ, ਤਬਾ-ਏ-ਰਸਾ= ਕਾਵਿ ਯੋਗਤਾ, ਅਸਾਰਿ-ਖੈਰ= ਚਿੰਨ੍ਹ।

ਅਰਥਾਤ :- ਕਵੀ ਆਪਣੀ ਕਾਵਿ ਯੋਗਤਾ ਨੂੰ ਬੜੇ ਹੀ ਫ਼ਖ਼ਰ ਨਾਲ ਮੁਖ਼ਾਤਿਬ ਕਰਕੇ ਆਖਦਾ ਹੈ ਕਿ ਐ ਮੇਰੀ ਕਾਵਿ ਯੋਗਤਾ, ਅੱਜ ਆਪਣਾ ਜੌਹਰ-ਏ-ਕਮਾਲ ਦੁਨੀਆਂ ਨੂੰ ਵਿਖਾ ਦੇ। ਐ ਕਵੀ ਦੀ ਤਲਵਾਰ (ਕਲਮ) ਅੱਜ ਦੁਨੀਆਂ ਦੇ ਇਸ ਮਹਾਨ ਅਤੇ ਵਿਲੱਖਣ ਸਾਕੇ ਨੂੰ ਕਲਮਬੰਦ ਕਰਨ ਲੱਗਿਆਂ ਤੂੰ ਵੀ ਆਪਣੇ ਫ਼ਨ ਦਾ ਕਮਾਲ ਸਾਰੇ ਸੰਸਾਰ ਨੂੰ ਵਿਖਾ ਦੇ। ਆਪਣੀ ਕਾਵਿ ਯੋਗਤਾ ਅਤੇ ਕਾਵਿ ਬਧਤਾ ਉਪਰ ਬੜਾ ਹੀ ਮਾਣ ਕਰਦਾ ਹੈ ਕਿ ਮੇਰੇ ਕਾਵਿ ਰੂਪੀ ਸ਼ਾਹੀ ਬਾਜਾਂ ਨੇ ਕਦੀ ਹਾਰ ਨਹੀਂ ਖਾਧੀ ਅਰਥਾਤ ਮੇਰੀ ਰਚਨਾ ਉਚ ਦਰਜੇ ਦੀ ਹੈ। ਮੇਰੇ ਤਾਂ ਕਾਵਿ ਖ਼ਜ਼ਾਨੇ ਵਿਚ ਦੋ ਅਣਮੱਲੇ ਮੋਤੀ ਹਨ ਜਿਨ੍ਹਾਂ ਦਾ ਆਪਸ ਵਿਚ ਬੜਾ ਹੀ ਭਰਾਤਰੀ ਤੇ ਗਹਿਰਾ ਸੰਬੰਧ ਹੈ। ਇਕ ਹੈ ਮੇਰੀ ਕਾਵਿ-ਉਡਾਰੀ (ਕਲਪਨਾ) ਅਤੇ ਦੂਸਰਾ ਮੇਰੀ ਰਚਨਾ (ਸ਼ੇਅਰ)।

ਆਖਰੀ ਸਤਰਾਂ ਵਿਚ ਅੱਲ੍ਹਾ ਯਾਰ ਖਾਂ 'ਜੋਗੀ' ਜੀ ਬੜੇ ਹੀ ਫ਼ਖ਼ਰ ਨਾਲ ਆਪਣੀ ਕਾਵਿ-ਯੋਗਤਾ ਦਾ ਜ਼ਿਕਰ ਕਰਦੇ ਲਿਖਦੇ ਹਨ ਕਿ ਜੇਕਰ ਮੇਰੀ ਕਲਮ ਆਹ ਭਰੇ ਤਾਂ ਸਮੁੰਦਰ ਵੀ ਸੁੱਕ ਜਾਂਦਾ ਹੈ ਤੇ ਜੇ ਮਸਤੀ ਵਿਚ ਵਾਹ ਕਹਿ ਦੇਵੇ ਤਾਂ ਅਣਖਿੜਿਆ ਗੁਲਾਬ ਦਾ ਫੁੱਲ ਵੀ ਖਿੜ ਕੇ ਗੁਲਜ਼ਾਰ ਹੋ ਜਾਂਦਾ ਹੈ।

1. ਕਵੀ ਦੀ ਰਚਨਾ ਤੋਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਇਥੇ ਕਵੀ 'ਦੋ ਮੋਤੀ' ਅਤੇ 'ਸਕੇ ਭਰਾ' ਸ਼ਬਦ ਸਾਹਿਬਜ਼ਾਦਿਆਂ ਨਾਲ ਜੋੜ ਰਿਹਾ ਹੋਵੇ ਪਰੰਤੂ ਕਵਿ ਦੀ ਨਜ਼ਮ ਦਾ ਸੰਬੰਧ ਇਥੇ ਆਪਣੀ ਕਾਵਿ-ਯੋਗਤਾ ਨਾਲ ਹੈ ਇਸ ਕਰਕੇ ਕਾਵਿ-ਉਡਾਰੀ ਅਤੇ ਕਾਵਿ-ਰਚਨਾ ਨੂੰ ਦੋ ਅਣਮੁੱਲੇ ਮੋਤੀ ਕਿਹਾ ਪ੍ਰਤੀਤ ਹੁੰਦਾ ਹੈ।

65.

ਗੁਲਸ਼ਨ ਮੇਂ ਚਹਕ ਮੁਝ ਸੇ ਹਜ਼ਾਰੋਂ ਨੇ ਉੜਾਈ।
ਗੁਲਬਨ ਮੇਂ ਮਹਿਕ ਮੁਝ ਸੇ ਹੀ ਸਾਰੋਂ ਨੇ ਉੜਾਈ।
ਬਿਜਲੀ ਨੇ ਤੜਪ, ਜੋ ਸਿਤਾਰੋਂ ਨੇ ਉੜਾਈ।
ਜੋਗੀ ਸੇ ਖਟਕ ਬਨ ਮੇਂ ਹੈ ਖਾਰੋਂ ਨੇ ਉੜਾਈ।
ਨਸ਼ਤਰ ਕਈ ਰਖ ਦੇਤਾ ਹੂੰ ਹਰ ਮਿਸਰਾਇ ਤਰ ਮੇਂ।
ਕਾਂਟਾ ਹੂੰ ਜਭੀਂ ਗੁਲਸ਼ਨਿ-ਆੱਲਿਮ ਕੀ ਨਜ਼ਰ ਮੇਂ।

ਅਰਥ :- ਗੁਲਬਨ= ਗੁਲਾਬ ਦਾ ਬੂਟਾ, ਬਾਗ, ਬਿਜਲੀ= ਅਸਮਾਨੀ ਬਿਜਲੀ, ਜੋ= ਚਮਕ, ਖਟਕ= ਈਰਖਾ, ਖਾਰੋਂ= ਕੰਢਿਆਂ, ਨਸ਼ਤਰ= ਚੋਭਵਾਂ ਔਜ਼ਾਰ, ਮਿਸਰਾਇ ਤਰ= ਕਵਿਤਾ ਵਿਚ, ਗੁਲਸ਼ਨਿ-ਆੱਲਿਮ= ਦੁਨੀਆਂ ਦੇ ਬਾਗ, ਜਭੀਂ=ਇਸੇ ਕਰਕੇ ਹੀ

ਅਰਥਾਤ:- ਕਵੀ ਅੱਲਾਯਾਰ ਖਾਂ ਬੜੇ ਪ੍ਰੇਮ-ਰਸ ਅਤੇ ਵੈਰਾਗ ਨਾਲ ਲਿਖਦੇ ਹਨ ਕਿ ਮੇਰੇ ਤੋਂ ਪਹਿਲਾਂ ਇਸ ਸੰਸਾਰ ਵਿਚ ਕਈ ਕਵੀਆਂ ਨੇ ਆਪਣੀ ਯੋਗਤਾ ਦਾ ਪ੍ਰਗਟਾਅ ਕੀਤਾ ਅਰਥਾਤ ਇਸ ਸੰਸਾਰ ਰੂਪੀ ਬਾਗ ਵਿਚ ਹਜ਼ਾਰਾਂ ਹੀ ਮੇਰੇ ਵਰਗੇ ਪੰਛੀ ਆਪਣੇ-ਆਪਣੇ ਗੀਤ ਗਾ ਕੇ ਇਥੋ ਕੂਚ ਕਰ ਚੁੱਕੇ ਹਨ। ਇਸ ਸੰਸਾਰਿਕ ਬਗੀਚੀ ਅੰਦਰ ਅਨੇਕਾਂ ਹੀ ਆਪਣੀ-ਆਪਣੀ ਮਹਿਕ ਖਿੰਡਾਅ ਚੁੱਕੇ ਹਨ। ਕੁਦਰਤ ਦੇ ਕਾਦਰ ਦੁਆਰਾ ਨਿਸ਼ਚਿਤ ਬ੍ਰਹਿਮੰਡ ਵਿਚ ਅਸਮਾਨੀ ਬਿਜਲੀਆਂ ਜਿਥੇ ਆਪਣੀ ਚਮਕ-ਗਰਜ ਦਾ ਵਿਖਾਵਾ ਕਰਦੀਆਂ ਹਨ ਉਥੇ ਸਿਤਾਰੇ (ਤਾਰੇ) ਵੀ ਆਪਣੀ ਰੋਸ਼ਨੀ ਲੁਟਾ ਰਹੇ ਹਨ ਪ੍ਰੰਤੂ ਮੇਰੇ ਨਾਲ (ਜੋਗੀ ਜੀ) ਇਸ ਬਗੀਚੀ ਵਿਚ (ਸੰਸਾਰ ਵਿਚ) ਸਾਰਿਆਂ ਨੇ ਬਹੁਤ ਨਫ਼ਰਤ ਕੀਤੀ ਹੈ।

ਜੋਗੀ ਜੀ ਬਿਆਨ ਕਰਦੇ ਹਨ ਕਿ ਮੇਰੇ ਨਾਲ ਨਫ਼ਰਤ ਦਾ ਕਾਰਨ ਸ਼ਾਇਦ ਇਹ ਹੈ ਕਿ ਮੈਂ ਆਪਣੀ ਹਰ ਰਚਨਾ ਵਿਚ ਸੱਚ ਰੂਪੀ ਨਸ਼ਤਰ ਰੱਖ ਦਿੰਦਾ ਹਾਂ ਜੋ ਇਨ੍ਹਾਂ ਸੰਸਾਰੀ ਲੋਕਾਂ ਨੂੰ ਬਹੁਤ ਚੁੱਭਦਾ ਹੈ। ਸ਼ਾਇਦ ਇਸੇ ਕਰਕੇ ਹੀ ਸੰਸਾਰੀ ਲੋਕਾਂ ਦੀ ਨਜ਼ਰ ਵਿਚ ਮੈਂ ਕੰਡੇ ਵਾਂਗ ਰੜਕਦਾ ਹਾਂ।[1]

---

1. ਗੁਰੂ ਸਾਹਿਬ ਦੀ ਤਾਰੀਫ਼ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਨਜ਼ਮਾਂ ਦਾ ਸੰਗ੍ਰਹਿ ਲਿਖਣ ਕਰਕੇ ਕੱਟੜ ਲੋਕ ਅਕਸਰ ਆਪ ਜੀ ਨਾਲ ਨਫ਼ਰਤ ਕਰਿਆ ਕਰਦੇ ਸਨ।

66.

ਮੈਦਾਂ ਮੇਂ ਅੱਦੂਅ ਮੇਰੀ ਹਵਾ ਕੋ ਨਹੀਂ ਪਹੁੰਚਾ।
ਸ਼ਬਦੇਜ਼ਿ-ਸੁਖਨ ਕੇ ਸੁਮਿ-ਪਾ ਕੋ ਨਹੀਂ ਪਹੁੰਚਾ।
ਤਾ ਅਰਸ਼ਿ ਗ਼ਯਾ, ਤਬਾ-ਏ-ਰਸਾ ਕੋ ਨਹੀਂ ਪਹੁੰਚਾ।
ਬੰਦਾ ਕੋਈ ਜਿਸ ਤਰ੍ਹਾਂ ਖ਼ੁਦਾ ਕੋ ਨਹੀਂ ਪਹੁੰਚਾ।

ਖ਼ਾਮਾ ਤੋ ਨਹੀਂ ਹਾਥ ਮੇਂ, ਮੂਸਾ ਕਾ ਅੱਸਾਅ ਹੈ।
ਫਰਊੱਨ ਅੱਦੂਅ ਕੀ ਮੇਰੀ ਮੁੱਠੀ ਮੇਂ ਕਜ਼ਾ ਹੈ।

ਅਰਥ :- ਮੈਦਾ= ਰਣ ਖੇਤਰ, ਅੱਦੂਅ= ਦੁਸ਼ਮਣ, ਸ਼ਬਦੇਜ਼ਿ-ਸੁਖਨ= ਕਵਿਤਾ ਦਾ ਘੋੜਾ, ਸੁਮਿ-ਪਾ= ਪੈਰਾਂ ਦੇ ਸੁੰਮ, ਤਾ ਅਰਸ਼ਿ-ਗਯਾ= ਅਸਮਾਨ ਤੱਕ ਤਾਂ ਗਿਆ, ਖ਼ਾਮਾ= ਕਲਮ, ਕਾਨੀ, ਮੂਸਾ= ਇਕ ਪ੍ਰਸਿੱਧ ਪੈਗੰਬਰ, ਇਮਰਾਨ ਦਾ ਪੁੱਤਰ (ਇਬਰਨੀ ਜ਼ਬਾਨ ਵਿਚ ਮੂ= ਤਾਬੂਤ ਅਤੇ ਸਾ= ਪਾਣੀ) ਇਹ ਇਕ ਪ੍ਰਸਿੱਧ ਪੈਗੰਬਰ ਸੀ ਜਿਸ ਉਪਰ ਤੌਰੇਤ ਨਾਜ਼ਲ ਹੋਈ। ਇਸ ਨੂੰ ਜੰਮਦਿਆਂ ਹੀ ਮਾਂ ਨੇ ਤਾਬੂਤ ਵਿਚ ਬੰਦ ਕਰਕੇ ਪਾਣੀ ਵਿਚ ਰੋੜ੍ਹ ਦਿੱਤਾ ਸੀ। ਮਿਸਰ ਦੀ ਸ਼ਹਿਜਾਦੀ ਨੇ ਇਸ ਨੂੰ ਪਾਣੀ ਵਿਚੋਂ ਖਿੱਚ ਕੇ ਕੱਢਿਆ। ਰਵਾਇਤ ਅਨੁਸਾਰ ਇਸ ਨੇ ਤੂਰ ਪਹਾੜ ਉਪਰ ਖ਼ੁਦਾ ਨਾਲ ਵਿਚਾਰਾਂ ਕੀਤੀਆਂ। ਇਹ ਹਮੇਸ਼ਾਂ ਹੱਥ ਵਿਚ ਡੰਡਾ ਰਖਿਆ ਕਰਦੇ ਸਨ। ਅੱਸਾਅ= ਡੰਡਾ।

ਫਿਰਊਨ= ਮੂਸਾ ਦੇ ਸਮੇਂ ਫਿਰਊਨ ਮਿਸਰ ਦਾ ਇਕ ਮਸ਼ਹੂਰ ਬਾਦਸ਼ਾਹ ਸੀ। ਸ਼ਬਦੇਜ਼ਿ= ਖ਼ੁਸਰੋ ਪਰਵੇਜ਼ ਦਾ ਮੁਸ਼ਕੀ ਘੋੜਾ, ਜੋ ਕਦ ਵਿਚ ਸਾਰੇ ਘੋੜਿਆਂ ਤੋਂ ਉਚਾ ਸੀ। ਕਜ਼ਾ= ਮੌਤ

ਅਰਥਾਤ :- ਆਪਣੀ ਕਾਵਿ-ਯੋਗਤਾ ਉਪਰ ਫ਼ਖਰ ਨਾਲ ਕਵੀ ਲਿਖਦਾ ਹੈ ਕਿ ਲਿਖਤਾਂ ਦੇ ਮੈਦਾਨ ਵਿਚ ਕੋਈ ਕਵੀ ਮੇਰੀ ਰਚਨਾ ਦਾ ਮੁਕਾਬਲਾ ਨਹੀਂ ਕਰ ਸਕਦਾ। ਮੇਰੀ ਕਵਿਤਾ ਦੇ ਘੋੜੇ ਦੀ ਚਾਲ ਵਿੱਚ ਐਸੀ ਰਵਾਨਗੀ ਹੈ ਕਿ ਕੋਈ ਇਸ ਦੇ ਪੈਰ ਚਿਨ੍ਹਾਂ (ਸੁੰਮਾਂ) ਤੱਕ ਨਹੀਂ ਪਹੁੰਚ ਸਕਦਾ। ਕੋਈ ਅਰਸ਼ ਤੱਕ ਤਾਂ ਪਹੁੰਚ ਸਕਦਾ ਹੈ ਪਰੰਤੂ ਮੇਰੀ ਕਾਵਿ-ਯੋਗਤਾ ਤੱਕ ਪਹੁੰਚਣਾ ਨਾ ਮੁਮਕਿਨ ਹੈ ਜਿਸ ਤਰ੍ਹਾਂ ਕੋਈ ਮਨੁੱਖ ਅਸਾਨੀ ਨਾਲ ਖ਼ੁਦਾ ਤੱਕ ਨਹੀਂ ਪਹੁੰਚ ਸਕਦਾ ਇਵੇਂ ਹੀ ਮੇਰੀ ਕਾਵਿ-ਉਡਾਰੀ ਦਾ ਮੁਕਾਬਲਾ ਹਰ ਕੋਈ ਨਹੀਂ ਕਰ ਸਕਦਾ।

ਮੇਰੇ ਹੱਥ ਵਿਚੋਂ ਕਲਮ ਨਹੀਂ ਹਜ਼ਰਤ ਮੂਸਾ ਦਾ ਡੰਡਾ ਹੈ ਜਿਸ ਦੇ ਸਦਕਾ ਫਰਊਂਨ¹ ਵਰਗੇ ਦੁਸ਼ਮਣ ਦੀ ਮੌਤ ਮੇਰੀ ਮੁੱਠੀ ਵਿਚ ਹੈ।

---

1. ਫੱਰਊਨ :- ਫੱਰਊਨ ਮਿਸਰ ਦਾ ਇਕ ਮਸ਼ਹੂਰ ਬਾਦਸ਼ਾਹ ਸੀ। ਇਹ ਹਜ਼ਰਤ ਮੂਸਾ ਦੇ ਸਮੇਂ ਹੋਇਆ ਸੀ। ਇਸ ਨੇ ਇਸਰਾਈਲ ਵੰਸ਼ਿਆ ਉਪਰ ਬਹੁਤ ਜ਼ੁਲਮ ਕੀਤੇ। ਇਹ ਖ਼ੁਦਾਈ ਦਾ ਦਾਅਵਾ ਕਰਿਆ ਕਰਦਾ ਸੀ ਅਤੇ ਬਹੁਤ ਹੀ ਜ਼ਾਲਿਮ ਸੀ। ਇਹ ਹਜ਼ਰਤ ਮੂਸਾ ਨੂੰ ਖਤਮ ਕਰਨਾ ਚਾਹੁੰਦਾ ਸੀ। ਕੁਦਰਤੀ ਤੌਰ ਤੇ ਮਿਸਰ ਵਿਚ ਪਲੇਗ ਫੈਲ ਗਈ ਅਤੇ ਹਜਰਤ ਮੂਸਾ ਆਪਣੀ ਕੌਮ ਨੂੰ ਲੈ ਕੇ ਮਿਸਰ ਤੋਂ ਬਾਹਰ ਚਲ ਪਏ। ਹਜ਼ਰਤ ਮੂਸਾ ਲਾਲ ਸਾਗਰ (Red Sea) ਦੇ ਕਿਨਾਰੇ-ਕਿਨਾਰੇ ਨਿਕਲੇ। ਫਰਊੱਨ ਨੂੰ ਹਜ਼ਰਤ ਮੂਸਾ ਦੇ ਨਿਕਲਣ ਬਾਰੇ ਪਤਾ ਲੱਗਾ ਤਾਂ ਇਸ ਨੇ ਬੇਸ਼ੁਮਾਰ ਫ਼ੌਜ ਲੈ ਕੇ ਹਜ਼ਰਤ ਮੂਸਾ ਨਾਲ ਨਿਕਲ ਰਹੇ ਵਹੀਰ ਦਾ ਪਿੱਛਾ ਕੀਤਾ। ਕੁਦਰਤੀ ਤੌਰ ਤੇ ਸਮੁੰਦਰੀ ਪਾਣੀ ਦਾ ਐਸਾ ਤੇਜ਼ ਵਹਾਅ ਆਇਆ ਕਿ ਫੱਰਊਨ ਫ਼ੌਜ ਸਮੇਤ ਡੁੱਬ ਗਿਆ।

67.

ਅਸ਼ਆੱਰ ਸੇ ਮੁਰਦੋਂ ਕੋ ਭੀ ਜਿੰਦਾ ਕੀਆ ਮੈਂਨੇ।
ਕਿਤਨੇ ਹੀ ਮਰੀਜੋਂ ਕੋ ਮਸੀਹਾ ਕੀਆ ਮੈਂ ਨੇ।
ਇਰਾਦਾਇ ਉਰਦੂਇ ਮੁਅੱਲਾ ਕੋ ਮੁਜੱਲਾ ਕੀਆ ਮੈਂ ਨੇ।
ਨਾ ਪੈਦਾ ਥਾ ਜੁ ਰੰਗ ਵੁਹ ਪੈਦਾ ਕੀਆ ਮੈਨੇ।

ਤਹਿਸੀਂ ਲੀਆ ਕਰਤਾ ਹੂੰ ਟੂਟੇ ਹੂਏ ਦਿਲ ਸੇ।
ਬਸ ਇਸ਼ਕ ਕੇ ਮਾਰੇ ਹੁਏ, ਲੂਟੇ ਹੁਏ ਦਿਲ ਸੇ।

ਸ਼ਬਦ ਅਰਥ:- ਅਸ਼ੱਆਰ= ਸ਼ੇਅਰ ਦਾ ਬਹੁਵਚਨ, ਮਰੀਜ਼= ਬੀਮਾਰ, ਮਸੀਹਾ= ਤੰਦਰੁਸਤ, ਉਰਦੂਇ ਮੁਅੱਲਾ= ਸ਼ਾਹੀ ਜ਼ੁਬਾਨ ਦੇ ਭੇਦ, ਤਹਿਸੀਂ= ਅਸੀਸ, ਮੁਜੱਲਾ= ਸ਼ੁਭ ਇੱਛਾ, ਰੋਸ਼ਨ, ਮਸੀਹਾ= ਹਜ਼ਰਤ ਈਸਾ ਨੂੰ ਮਸੀਹਾ ਕਿਹਾ ਜਾਂਦਾ ਹੈ ਕਿਉਂਕਿ ਉਹ ਮੁਰਦਿਆਂ ਨੂੰ ਜਿੰਦਾ ਕਰਦਾ ਸੀ।

ਅਰਥਾਤ :- ਆਪਣੀ ਕਾਮਿਲ ਸ਼ਾਇਰੀ ਅਤੇ ਹਿਕਮਤ[1] ਦੇ ਨਾਲ ਮੈਂ ਅਨੇਕਾਂ ਹੀ ਮਰੀਜ਼ਾਂ ਨੂੰ ਜੀਵਨ ਦਾਨ ਦਿੱਤਾ। ਅਨੇਕਾਂ ਹੀ ਮਨੁੱਖ ਜੋ ਸਰੀਰਕ ਤੇ ਮਾਨਸਿਕ ਤੌਰ ਤੇ ਦੁਖੀ ਸਨ, ਅਕਾਲ ਪੁਰਖ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਤੰਦਰੁਸਤ ਕੀਤਾ। ਉਰਦੂ ਜ਼ੁਬਾਨ ਦੇ ਕੀਤੀ ਸੇਵਾ ਬਾਰੇ ਕਵੀ ਦਸਦਾ ਹੈ ਕਿ ਮੈਂ ਸ਼ਾਹੀ ਜ਼ੁਬਾਨ ਦੇ ਕਈ ਭੇਦਾਂ ਨੂੰ ਉੱਜਲ ਕੀਤਾ ਅਤੇ ਐਸੀ ਰੰਗਤ ਭਰੀ ਜੋ ਪਹਿਲਾਂ ਨਹੀਂ ਸੀ। ਐਸਾ ਰੰਗ ਪੈਦਾ ਕੀਤਾ ਜੋ ਪਹਿਲਾਂ ਪੈਦਾ ਨਹੀਂ ਸੀ ਹੋਇਆ।

ਉਰਦੂ ਜ਼ੁਬਾਨ (ਭਾਸ਼ਾ) ਅਤੇ ਮਰੀਜਾਂ ਦੀ ਸੇਵਾ ਕਰਕੇ ਮੈਨੂੰ ਕੋਈ ਲਾਲਚ ਨਹੀਂ ਮੈਂ ਤਾਂ ਲੋਕਾਂ ਕੋਲੋਂ ਅਸੀਸ ਦੀ ਕਾਮਨਾ ਕਰਦਾ ਹਾਂ। ਇਸ ਇਸ਼ਕ-ਹਕੀਕੀ ਵਿਚ ਰੰਗੇ ਹੋਏ ਦਿਲ ਨੂੰ ਕੇਵਲ ਮਨੁੱਖਤਾ ਦੀਆਂ ਅਸੀਸਾਂ ਦੀ ਜਰੂਰਤ ਹੈ।

---

1. ਇਸੇ ਗੰਜਿ ਸ਼ਹੀਦਾਂ ਨਾਮਕ ਨਜ਼ਮਾਂ ਦੇ ਸੰਗ੍ਰਹਿ ਦਾ ਰਚੇਤਾ ਕਵੀ ਅੱਲ੍ਹਾਯਾਰ ਮਸ਼ਹੂਰ ਹਕੀਮ ਵੀ ਸੀ ਅਤੇ ਹਿਕਮਤ ਕਰਿਆ ਕਰਦਾ ਸੀ।

68.

ਜਿਸ ਦਿਲ ਕੋ ਨਹੀਂ ਇਸ਼ਕਿ ਹਕੀਕੀ ਸੇ ਸਰੋਕਾਰ।
ਪੱਥਰ ਕਾ ਵੋ ਟੁਕੜਾ ਹੈ, ਵੁਹ ਦਿਲ ਤੋ ਨਹੀਂ ਜ਼ਿਨਹਾਰ।
ਖ਼ਾਲਕ ਕਾ ਪਿਆਰਾ ਹੈ, ਜੋ ਖ਼ਲਕਤ ਸੇ ਕਰੇ ਪਿਆਰ।
ਇਤਨਾ ਹੈ ਫ਼ਕਤ ਕਾਫ਼ਰੁ-ਦੀਦਾਰ ਕਾ ਮਿਆਰ।

ਸਿੱਖੀ ਭੀ ਸਿਖ਼ਾਤੀ ਹੈ, ਫ਼ਨਾਹ ਜ਼ਾਤ ਮੇ ਹੋ ਜਾ।
ਪੈਰੋਂ ਗੁਰੂ ਨਾਨਕ ਕਾ ਹਰ ਇਕ ਬਾਤ ਮੇਂ ਹੋ ਜਾ।

ਸ਼ਬਦ ਅਰਥ :- ਇਸ਼ਕਿ ਹਕੀਕੀ= ਖੁਦਾਈ ਇਸ਼ਕ, ਸੱਚਾ ਪਿਆਰ, ਜ਼ਿਨਹਾਰ= ਹਰਗਿਜ਼ ਨਹੀਂ, ਖਾਲਕ= ਪ੍ਰਮਾਤਮਾ, ਖ਼ਲਕਤ= ਦੁਨੀਆਂ, ਕਾਫਰੁ ਦੀਦਾਰ= ਕਾਫ਼ਰ ਤੇ ਦੀਨ, ਮਿਆਰ= ਫਰਕ, ਫ਼ਨਾਹ= ਤਬਾਹ, ਪੈਰੋ= ਪੈਰੋਕਾਰ, ਚੇਲਾ, ਫ਼ਕਤ= ਕੇਵਲ, ਜ਼ਾਤ= ਇਨਸਾਨੀਅਤ[1] ਦੀ ਜਾਤ।

ਅਰਥਾਤ :- ਜਿਸ ਦਿਲ ਵਿਚ ਬ੍ਰਹਿਮੰਡ ਦੇ ਕਣ-ਕਣ ਵਿਚ ਸਰਬ-ਰਮੀ ਵਿਆਪ ਰਹੇ ਅਕਾਲ ਪੁਰਖ ਦੇ ਨਾਲ ਪ੍ਰੇਮ ਰਸ ਨਹੀਂ ਉਪਜਦਾ ਉਹ ਦਿਲ ਤਾਂ ਕੇਵਲ ਇਕ ਪੱਥਰ ਦਾ ਟੁਕੜਾ ਹੈ ਕਿਉਂ ਇਨਸਾਨੀ ਹਿਰਦਾ ਤਾਂ ਉਹੀ ਹੈ ਜਿਸ ਵਿਚ ਸਰਬ-ਵਿਆਪਕ ਪ੍ਰਮਾਤਮਾ ਤਾਂ ਅਦੁੱਤੀ ਪ੍ਰੇਮ ਸਮਾਇਆ ਹੋਵੇ ਅਤੇ ਨਾਮ ਦੀ ਮਜੀਠੀ ਰੰਗਤ ਚੜੀ ਹੋਵੇ। ਅਕਾਲ ਪੁਰਖ ਦੀ ਕ੍ਰਿਪਾ ਦਾ ਪਾਤਰ ਉਹੀ ਹੈ ਜੋ ਉਸ ਦੀ ਪੈਦਾ ਕੀਤੀ ਹਰ ਸ਼ੈਅ ਨਾਲ ਪ੍ਰੇਮ ਕਰਦਾ ਹੈ ਇਨਸਾਨੀਅਤ ਨਾਲ ਵੀ ਅਦੁੱਤੀ ਪ੍ਰੇਮ ਕਰਦਾ ਹੈ। ਬਸ ਕਾਫ਼ਰ ਅਤੇ ਧਰਮੀ ਮਨੁੱਖ ਵਿਚ ਕੇਵਲ ਇਹੀ ਅੰਤਰ ਹੈ ਕਿ ਕਾਫ਼ਰ ਇਨਸਾਨੀਅਤ ਦੇ ਪ੍ਰੇਮ ਤੋਂ ਮੁਨਕਰ ਹੈ।

ਗੁਰੂ ਪਾਤਸ਼ਾਹ ਦਾ ਨਿਆਰਾ ਸਿੱਖ ਧਰਮ ਵੀ ਇਹੀ ਜੀਵਨ ਜਾਚ ਸਿਖਾਉਂਦਾ ਹੈ ਕਿ ਹੇ ਮਨੁੱਖ ਤੂੰ ਇਨਸਾਨੀਅਤ ਦੀਆਂ ਨੈਤਿਕ ਕਦਰਾਂ ਕੀਮਤਾਂ ਅਤੇ ਇਨਸਾਨੀਅਤ ਦੇ ਘਾਣ ਨੂੰ ਰੋਕਦਾ ਹੋਇਆ ਆਪਣਾ ਸਭ ਕੁਝ ਕੁਰਬਾਨ ਕਰ ਦੇ। ਇਸੇ ਤਰ੍ਹਾਂ ਹੀ ਜੀਵਤ-ਭਾਵ ਤੋਂ ਮਰ ਕੇ ਆਪਾ ਕੁਰਬਾਨ ਕੀਤਿਆਂ ਹੀ ਗੁਰੂ ਨਾਨਕ ਦੇ ਮਾਰਗ ਉਪਰ ਚਲਿਆ ਜਾ ਸਕਦਾ ਹੈ।

---

1. ਸਿੱਖੀ ਭੀ ਸਿਖਾਤੀ ਹੈ, ਫ਼ਨਾ ਜਾਤ ਮੇਂ ਹੋ ਜਾ॥

ਇਸ ਸਤਰ ਵਿਚ ਜਾਤ ਸ਼ਬਦ ਮਨੁੱਖਤਾ ਵਾਸਤੇ ਵਰਤਿਆ ਗਿਆ ਹੈ ਨਾਂ ਕਿ ਬਿਪਰਵਾਦ ਦੀ

ਕਾਰਜ ਵਿਧੀ ਦੁਆਰਾ ਨਿਰਮਤ ਅਖੌਤੀ ਜਾਤ-ਪਾਤ ਅਤੇ ਵਰਣ ਵੰਡ ਦੇ ਵਾਸਤੇ ਗੁਰਮਤਿ ਅਨੁਸਾਰ ਤਾਂ ਸਾਰੀ ਮਨੁੱਖ ਜਾਤੀ ਹੀ ਏਕ ਪਿਤਾ ਦੀ ਸੰਤਾਨ ਹੈ, ਉਚ ਨੀਚ ਤਾਂ ਕੇਵਲ ਕਰਮਾਂ ਉਪਰ ਟਿਕੀ ਹੋਈ ਹੈ। ਗੁਰਬਾਣੀ ਅਨੁਸਾਰ ਤਾਂ,

੧. ਜਾਣਹੁ ਜੋਤਿ ਨ ਪੂਛਹੁ ਜਾਤੀ, ਆਗੈ ਜਾਤਿ ਨ ਹੈ *(ਆਸਾ ਮ: ੧)*

੨. ਆਗੈ ਜਾਤਿ ਰੂਪ ਨ ਜਾਇ॥ ਤੇਹਾ ਹੋਵੈ ਜੇਹੇ ਕਰਮਕਮਾਇ॥ *(ਆਸਾ ਮ: ੩)*

੩. ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥

੪. ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੇ ਕੁਮ੍ਹਾਰਾ॥ *(ਭੈਰਉ ਮ: ੩)*

੫. ਜਾਤਿ ਜਨਮੁ ਨਹ ਪੂਛੀਐ ਸਚੁ ਘਰੁ ਲੇਹੁ ਬਤਾਇ॥
ਸਾ ਜਾਤਿ, ਸਾ ਪਤਿ ਹੈ, ਜੇਹੇ ਕਰਮ ਕਮਾਇ॥ *(ਪ੍ਰਭਾਤੀ ਮ: ੧)*

69.

ਮਿਲ ਸ਼ੇਖ ਕੋ ਐ ਸਿੰਘ ਤੂੰ ਮਰਦਾਨਾ ਸਮਝ ਕਰ।
ਵਾਹਗੁਰੂ ਕੀ ਸ਼ਮ੍ਹਾ ਕਾ ਪ੍ਰਵਾਨਾ ਸਮਝ ਕਰ।
ਕਰ ਤਵਾਫ਼ਿ-ਹਰਮ ਭੀ ਦਰਿ-ਜਾਨਾਨਾ ਸਮਝ ਕਰ।
'ਕਾਸ਼ੀ' ਮੇਂ ਭੀ ਜਾ ਰਾਮ ਕਾ ਕਸ਼ਾਨਾ ਸਮਝ ਕਰ।

ਵਾਹਗੁਰੂ ਕੀ ਫਤਿਹ ਤੂੰ ਮੰਦਰ ਮੇਂ ਗਜਾ ਦੇ।
ਨਾਅਰਾ 'ਸ੍ਰੀ ਅਕਾਲ' ਕਾ ਮਸਜਿਦ ਮੇ ਲਗਾ ਦੇ।

ਅਰਥ:- ਸ਼ੇਖ= ਬਿਰਧ, ਪੀਰ, ਉਸਤਾਦ ਮਰਦਾਨਾ= ਭਾਈ ਮਰਦਾਨਾ ਸਮ੍ਹਾਂ= ਅੱਗ ਦੀ ਲਾਟ, ਮੋਮਬੱਤੀ, ਪ੍ਰਵਾਨਾ= ਇਕ ਛੋਟਾ ਜਿਹਾ ਖੰਭਾ ਵਾਲਾ ਕੀਟ ਜੋ ਰੋਸ਼ਨੀ ਵੱਲ ਆਉਂਦਾ ਹੈ। ਤਵਾਫ਼ਿ ਹਰਮ= ਕਾਬੇ ਦੀ ਪਰਿਕਰਮਾ, ਦਰਿ ਜ਼ਾਨਾਨਾ= ਪ੍ਰੀਤਮ ਦਾ ਦਰ, ਕਾਸ਼ਾਨਾ= ਘਰ।

ਅਰਥਾਤ :- ਇਨਸਾਨੀ ਭਾਈਚਾਰੇ ਦੀ ਏਕਤਾ ਅਤੇ ਮਨੁੱਖੀ ਪਿਆਰ ਉਪਰ ਵਿਸ਼ੇਸ਼ ਜੋਰ ਦਿੰਦਾ ਹੋਇਆ ਕਵੀ ਬਿਆਨ ਕਰਦਾ ਹੈ ਕਿ ਐ ਮਨੁੱਖ ਤੂੰ ਜਾਤੀ ਭੇਦ ਭਾਵ ਤੋਂ ਉਪਰ ਉਠ ਕੇ ਮਨੁੱਖਤਾ ਨਾਲ ਪ੍ਰੇਮ ਦਾ ਮਾਰਗ ਧਾਰਨ ਕਰ। ਐ ਪਿਆਰੇ ਸਿੱਖ ਤੂੰ ਹਰ ਮੁਸਲਮਾਨ ਨੂੰ ਮਰਦਾਨਾ[1] ਸਮਝ ਕੇ ਪ੍ਰੇਮ ਨਾਲ ਗਲਵੱਕੜੀ ਪਾ ਕੇ ਮਿਲ। ਤੂੰ ਪ੍ਰਭੂ ਮਾਰਗ ਉਪਰ ਚਲਣ ਵਾਲੇ ਹਰ ਮਨੁੱਖ ਨੂੰ ਅਕਾਲ ਪੁਰਖ ਦੀ ਪ੍ਰੇਮ ਰਸ ਨਾਲ ਭਰਪੂਰ ਅਦੁੱਤੀ ਸ਼ਮ੍ਹਾ ਦਾ ਪ੍ਰਵਾਨਾ ਸਮਝ। ਐ ਮਨੁੱਖ, ਤੇਰੇ ਹਿਰਦੇ ਅੰਦਰ ਕਿਸੇ ਪ੍ਰਕਾਰ ਦਾ ਕੋਈ ਜਾਤੀ ਭੇਦ ਨਹੀਂ ਉਪਜਣਾ ਚਾਹੀਦਾ, ਤੂੰ ਕਾਬੇ[2] ਨੂੰ ਕੇਵਲ ਮੁਸਲਮਾਨਾਂ ਦਾ ਪਵਿੱਤਰ ਅਸਥਾਨ ਹੀ ਨਾ ਸਮਝ ਸਗੋਂ ਇਸ ਨੂੰ ਮਨੁੱਖਤਾ ਦੇ ਪ੍ਰੀਤਮ ਦਾ ਘਰ ਸਮਝ। ਤੂੰ ਕਾਸ਼ੀ[3] ਵਰਗੇ ਹਿੰਦੂਵਾਦੀ ਤੀਰਥ ਅਸਥਾਨ ਨੂੰ ਵੀ ਅਕਾਲਪੁਰਖ ਦਾ ਘਰ ਸਮਝ।

ਤੂੰ ਅਕਾਲਪੁਰਖ ਦੀ ਫਤਹਿ ਦਾ ਪਵਿੱਤਰ ਨਾਮ ਹਰ ਧਾਰਮਿਕ ਅਸਥਾਨ ਅੰਦਰ ਗਜਾ ਦੇ ਤਾਂ ਜੋ ਹਰ ਅਸਥਾਨ ਤੋਂ ਮਨੁੱਖੀ ਪ੍ਰੇਮ ਅਤੇ ਨਾਮ ਰਸ ਦਾ ਝਰਨਾ ਵਹਿ ਤੁਰੇ। ਤੂੰ ਅਕਾਲ ਪੁਰਖ ਜੋ 'ਸਤਿ ਸ੍ਰੀ ਅਕਾਲ' ਹੈ, ਸਦੀਵੀ ਹੈ ਦਾ ਹੋਕਾ ਹਰ ਅਸਥਾਨ ਤੇ ਬੁਲੰਦ ਕਰ ਭਾਵੇਂ ਉਹ ਮਸਜਿਦ ਹੋਵੇ ਜਾਂ ਮੰਦਿਰ।

1. ਮਰਦਾਨਾ — ਭਾਈ ਬਦਰੇ (ਬਦਰੂ) ਮਿਰਾਸੀ ਦੇ ਮਾਤਾ ਲੱਖੋ ਦੇ ਉਦਰ ਤੋਂ ਜਨਮੇ ਬਾਲਕ ਦਾ ਨਾਮ ਮਰਦਾਨਾ ਰੱਖਿਆ ਗਿਆ। ਇਸ ਦਾ ਜਨਮ 1516 ਸੰ: ਬਿ: ਵਿਚ ਤਲਵੰਡੀ (ਰਾਏ ਭੋਇ ਦੀ, ਹੁਣ ਨਨਕਾਣਾ ਸਾਹਿਬ) ਵਿਖੇ ਹੋਇਆ। ਇਹ ਗੁਰੂ ਨਾਨਕ ਸਾਹਿਬ ਦਾ ਸਿੱਖ ਹੋ ਕੇ ਭਾਈ ਪਦ ਦਾ ਅਧਿਕਾਰੀ ਹੋਇਆ। ਇਹ ਪ੍ਰਚਾਰਕ ਦੌਰਿਆਂ ਦੌਰਾਨ ਗੁਰੂ ਨਾਨਕ ਸਾਹਿਬ ਦੇ ਨਾਲ ਰਿਹਾ। ਰਬਾਬ ਵਜਾਉਣ ਵਿਚ ਇਸ ਨੂੰ ਖ਼ਾਸ ਮੁਹਾਰਤ ਸੀ ਜਿਸ ਕਰਕੇ ਇਹ ਗੁਰੂ ਘਰ ਦੇ ਪ੍ਰਥਮ ਕੀਰਤਨੀਏ ਵਜੋਂ ਵੀ ਜਾਣੇ ਜਾਂਦੇ ਹਨ।

ਇਨ੍ਹਾਂ ਦਾ ਅੰਤਮ ਸੰਸਕਾਰ ਗੁਰੂ ਸਾਹਿਬ ਨੇ ਆਪਣੇ ਕਰ ਕਮਲਾਂ ਨਾਲ ਕੀਤਾ।

2 ਕਾਬਾ— ਮੱਕੇ ਸ਼ਹਿਰ ਵਿਚ ਮੁਸਲਮਾਨਾਂ ਦਾ ਧਰਮਮੰਦਿਰ, ਜੋ ਇਸਲਾਮੀ ਕਿਤਾਬਾਂ ਅਨੁਸਾਰ ਪਹਿਲਾਂ ਹਜ਼ਰਤ ਆਦਮ ਨੇ ਬਣਾਇਆ, ਨੂਹ ਵਾਲੇ ਤੂਫਾਨ ਵਿਚ ਇਹ ਡਿਗ ਪਿਆ, ਅਤੇ ਇਬਰਾਹੀਮ ਨੇ ਉਸਾਰਿਆ, ਫੇਰ ਕਈ ਵਾਰ ਡਿੱਗਾ ਤੇ ਬਣਾਇਆ, ਇਕ ਵਾਰ ਮੁਹੰਮਦ ਸਾਹਿਬ ਨੇ ਭੀ ਇਸ ਦੀ ਨੀਂਹ ਰੱਖੀ ਸੀ। ਇਸ ਮੰਦਿਰ ਵਿਚ ਅਨੇਕਾਂ ਬੁਤਾਂ ਦੀ ਪੂਜਾ ਹੁੰਦੀ ਸੀ, ਜਿੰਨਾਂ ਨੂੰ ਹਜ਼ਰਤ ਮੁਹੰਮਦ ਨੇ ਬਾਹਰ ਕੱਢਿਆ, ਸੰਨ 1040 ਵਿਚ ਰੂਮ ਦੇ ਉਸਮਾਨੀ ਪਾਤਸ਼ਾਹ "ਸੁਲਤਾਨ ਮੁਰਾਦ ਚੌਥੇ" ਨੇ ਕਾਬੇ ਨੂੰ ਸਿਰੇ ਚੜ੍ਹਾਇਆ ਜੋ ਹੁਣ ਤੱਕ ਕਾਇਮ ਹੈ।

3. ਕਾਸ਼ੀ— ਯੂ. ਪੀ. ਵਿਚ ਹਿੰਦੂਆਂ ਦਾ ਪ੍ਰਧਾਨ ਨਗਰ, ਜੋ ਵਿਦਯਾ ਦੀ ਟਕਸਾਲ ਅਤੇ ਜਗਤੀਰਥ ਹੈ, ਸ਼ਿਵਪੁਰਿ ਕਾਸ਼ੀ ਗੰਗਾ ਦੇ ਖੱਬੇ ਪਾਸੇ ਅਬਾਦ ਹੈ।

70.

ਜਬ ਤਕ ਤੇਰੀ ਨਜ਼ਰੋਂ ਮੇਂ ਕੋਈ ਗ਼ੈਰ ਹੈ ਬਾਕੀ।
ਤਬ ਤਕ ਹੀ ਤਮੀਜ਼ ਹਰਮੁ-ਦੈਰ ਹੈ ਬਾਕੀ।
ਦੇ ਸ਼ੇਖ-ਬਾਹਮਨ ਕੋ ਜੋ ਕੁਝ ਬੈਰ ਹੈ ਬਾਕੀ।
ਕਹਿੱਤੇ ਹੈ ਗੁਰੂ, 'ਸ਼ਰ ਹੈ ਫਨਾਹ, ਖ਼ੈਰ ਹੈ ਬਾਕੀ।

ਨੇਕੀ ਵੁਹ ਦੌਲਤ ਹੈ ਕਭੀ ਛੁਟ ਨਹੀਂ ਸਕਤੀ।
ਸਿਰੰਦ ਤੋ ਲੁਟ ਸਕਤਾ ਹੈ, ਯਿਹ ਲੁਟ ਨਹੀਂ ਸਕਤੀ।

ਅਰਥ:- ਗੈਰ= ਬੇਗਾਨਾ, ਵਿਤਕਰਾ, ਤਮੀਜ-ਹਰਮੁ-ਦੈਰ= ਮੰਦਰ, ਮਸਜਿਦ ਦਾ ਫ਼ਰਕ, ਸ਼ਰ= ਬਦੀ, ਖ਼ੈਰ= ਭਲਾਈ, ਸਿਰੰਦ= ਸਰਹਿੰਦ।

ਅਰਥਾਤ :- ਐ ਮਨੁੱਖ, ਜਿੰਨਾ ਚਿਰ ਤੱਕ ਤੇਰੇ ਅੰਦਰ ਆਪਣੇ-ਪਰਾਏ ਅਤੇ ਉਚ-ਨੀਚ ਦਾ ਭਰਮ ਬਾਕੀ ਹੈ ਉਨਾਂ ਚਿਰ ਤੱਕ ਹੀ ਤੂੰ ਮੰਦਰ-ਮਸਜਿਦ ਦੇ ਫ਼ਰਕ ਦੇ ਝਗੜਿਆਂ ਵਿਚ ਗਲਤਾਨ ਹੋਇਆ ਪਿਆ ਹੈ। ਜਿਨਾਂ ਚਿਰ ਤੇਰੇ ਅੰਦਰ ਜਾਤ-ਪਾਤ ਦੇ ਵਿਤਕਰੇ ਦਾ ਚਿੱਕੜ ਹੈ, ਅਤੇ ਮਨੁੱਖਤਾ ਨਾਲ ਪ੍ਰੇਮ-ਪਿਆਰ ਦਾ ਚਸ਼ਮਾ ਨਹੀਂ ਫੁੱਟਦਾ ਉਨਾ ਚਿਰ ਹੀ ਦਵੈਤਵਾਦ ਦਾ ਬੋਲਬਾਲਾ ਹੈ। ਹਿੰਦੂ-ਮੁਸਲਮਾਨ, ਮੰਦਰ ਮਸਜਿਦ ਦਾ ਝਗੜਾ ਕੇਵਲ ਅਗਿਆਨਤਾ ਸਦਕਾ ਹੈ। ਪਰੰਤੂ ਗੁਰੂ ਪਾਤਸ਼ਾਹ (ਸਿੱਖ ਗੁਰੂ ਸਾਹਿਬਾਨ) ਨੇ ਤਾਂ ਬੜਾ ਹੀ ਨਿਆਰਾ ਮਾਰਗ ਦਰਸਾ ਦਿੱਤਾ ਹੈ ਕਿ ਬਦੀ ਤਬਾਹੀ ਦਾ ਕਾਰਨ ਹੈ ਅਤੇ ਦਯਾ-ਖਿਮਾ ਆਤਮਿਕ ਰਸ ਤੇ ਸਰਬੋਤਮ ਧਰਮ ਦਾ ਚਸ਼ਮਾ ਹੈ।

ਗੁਰੂ ਪਾਤਸ਼ਾਹ ਦਾ ਪਾਵਨ ਫੁਰਮਾਨ ਹੈ ਕਿ ਨੇਕੀ ਐਸੀ ਦੌਲਤ ਹੈ ਜੋ ਕਦੀ ਵੀ ਲੁੱਟੀ ਨਹੀਂ ਜਾ ਸਕਦੀ ਭਾਵੇਂ ਕਿ ਸਰਹਿੰਦ[1] ਵਰਗਾ ਮਸ਼ਹੂਰ ਸ਼ਹਿਰ ਲੁਟਿਆ ਜਾ ਸਕਦਾ ਹੈ।

---

1. ਸਰਹਿੰਦ ਮੁਗ਼ਲ ਕਾਲ ਸਮੇਂ ਇਕ ਮਸ਼ਹੂਰ ਸ਼ਹਿਰ ਸੀ। ਇਤਿਹਾਸ ਵਿਚ ਇਸ ਦੀ ਮਹਾਨਤਾ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਮੁਗ਼ਲ ਕਾਲ ਸਮੇਂ ਸਰਹਿੰਦ ਨੂੰ ਸਿਰਪੀੜ ਹੋਵੇ ਤਾਂ ਦਿੱਲੀ ਨੂੰ ਬੁਖਾਰ ਚੜ ਜਾਂਦਾ ਸੀ। ਮੁਗ਼ਲ ਕਾਲ ਸਮੇਂ ਸਰਹਿੰਦ ਨੂੰ ਫਤਿਹ ਕਰਨਾ ਕੋਈ ਆਸਾਨ ਕਾਰਜ ਨਹੀਂ ਸੀ ਖਾਸ ਕਰਕੇ ਸਿੱਖਾਂ ਦੁਆਰਾ ਜਦੋਂ ਸਰਹੰਦ ਫਤਿਹ ਕਰਨ ਦੀਆਂ ਗੱਲਾਂ ਕੀਤੀਆਂ ਜਾਣ ਲੱਗੀਆਂ ਤਾਂ ਲੋਕ ਅਕਸਰ ਕਿਹਾ ਕਰਦੇ ਸਨ ਕਿ ਜੰਗਲਾਂ ਵਿਚ ਰਹਿ ਕੇ, ਘੋੜੇ ਦੀਆਂ ਕਾਠੀਆਂ ਤੇ ਜੀਵਨ ਬਤੀਤ ਕਰਨ ਵਾਲੀ ਇਹ ਖਾਨਾਬਦੋਸ਼ ਕੌਮ ਤਾਂ ਸਰਹਿੰਦ ਵੱਲ ਅੱਖ ਚੁਕ ਕੇ ਵੇਖ ਵੀ ਨਹੀਂ ਸਕਦੀ

ਫ਼ਤਹਿ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ ਇਹ ਤਾਂ ਬਾਵਰਿਆਂ ਵਾਲੀਆਂ ਗੱਲਾਂ ਕਰਦੇ ਹਨ ਪ੍ਰੰਤੂ ਸਿੰਘਾਂ ਨੇ ਦ੍ਰਿੜਤਾ ਦਾ ਪੱਲਾ ਨਾ ਛੱਡਿਆ, ਸਰਹਿੰਦ ਨੂੰ ਇਕ ਵਾਰ ਨਹੀਂ ਬਲਕਿ ਅਨੇਕਾਂ ਵਾਰ ਫ਼ਤਿਹ ਕੀਤਾ ਅਤੇ ਮੁਗ਼ਲ ਰਾਜ ਦੇ ਇਸ ਅਹਿਮ-ਨਗਰ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

ਸਰਹਿੰਦ ਦੀ ਅਹਿਮੀਅਤ ਪਿੱਛੇ ਵੀ ਲੰਬਾ ਇਤਿਹਾਸ ਹੈ ਇਹ ਸ਼ਹਿਰ ਕਿਸੇ ਸਮੇਂ ਇਸ ਖਿੱਤੇ ਦੀ ਰਾਜਧਾਨੀ ਰਿਹਾ ਹੈ। ਇਸ ਖਿੱਤੇ ਦੀ ਪਹਿਲੀ ਰਾਜਧਾਨੀ ਕਾਬਿਲ ਸੀ, ਤੁਰਕਾਂ ਨੇ ਕਾਬਿਲ ਤੋਂ ਪੈਰ ਉਖੇੜੇ ਤਾਂ ਵਸਨੀਕ ਰਜਵਾੜਿਆਂ ਨੇ ਅਟਕ ਦੇ ਕੰਢੇ ਉਤਭੰਡ ਨੂੰ ਰਾਜਧਾਨੀ ਬਣਾ ਲਿਆ। ਉਤਭੰਡ ਵੀ ਜਦੋਂ ਹਾਰ ਦਾ ਮੂੰਹ ਵੇਖਣਾ ਪਿਆ ਤਾਂ ਭੱਜ ਕੇ ਨੰਦਨਾ ਆ ਗਏ ਫਿਰ ਇਥੇ ਹੀ ਬਹੁਤੀ ਦੇਰ ਟਿਕ ਨਾ ਸਕੇ ਅਤੇ ਇਹ ਥਾਂ ਛੱਡਣੀ ਪਈ ਅਤੇ ਸਰਹਿੰਦ ਨੂੰ ਆਣ ਰਾਜਧਾਨੀ ਬਣਾਇਆ। ਇਹ ਬਹੁਤ ਪੁਰਾਣਾ ਕਸਬਾ ਸੀ ਪਰੰਤੂ ਇਥੇ ਵੀ ਸੁਖ ਦਾ ਸਾਹ ਨਾਂ ਮਿਲਿਆ ਤਾਂ ਦਿੱਲੀ ਨੂੰ ਰਾਜਧਾਨੀ ਬਣਾਇਆ।

ਸਰਹਿੰਦ ਸ਼ਹਿਰ ਅੰਬਾਲੇ-ਲੁਧਿਆਣੇ ਵਿਚਕਾਰ ਹੈ। ਪੰਜਾਬ ਉਪਰ ਇਸਲਾਮੀ ਅਧਿਕਾਰ ਹੋ ਜਾਣ ਤੋਂ ਬਾਅਦ ਸਰਹਿੰਦ ਦਿੱਲੀ ਦੇ ਸੁਲਤਾਨ ਦੀ ਜਗੀਰ ਬਣਿਆ। ਇਹ ਕਿਸੇ ਸਮੇਂ ਮੁਗ਼ਲ ਬਾਦਸ਼ਾਹਾਂ ਅਤੇ ਪ੍ਰਾਂਤ ਦਾ ਸਦਰ ਮੁਕਾਮ ਵੀ ਰਹਿਆ। ਉਤਰੀ ਭਾਰਤ ਦੇ ਇਸ ਪ੍ਰਫੁਲਤ ਨਗਰ ਵਿਚ 360 ਮਸਜਿਦਾਂ, ਮਜ਼ਾਰਾਂ ਸਰਾਵਾਂ ਅਤੇ ਖੂਹ ਸਨ।

71.

ਤੌਹੀਦ ਦੇ ਪ੍ਰਚਾਰ ਸੇ ਸਭ ਨੇਕੀਆਂ ਕਮ ਹੈਂ।
ਮੁਹਤਾਜ ਇਸੀ ਚੀਜ਼ ਕੇ ਅਬ ਦੀਨੁ-ਧਰਮ ਹੈਂ।
ਸਾਗ਼ਰ ਮੈਇ-ਤੌਹੀਦ ਕਾ ਗੋ ਪੀ ਚੁਕੇ ਹਮ ਹੈਂ।
ਲੇਕਨ ਦਿਲਿ-ਮੁਸਲਿਮ ਮੇਂ ਭੀ ਮੌਜੂਦ ਸਨਮ ਹੈਂ।
ਹੈ ਸ਼ਿਰਕ ਖਫ਼ੀਂ ਸ਼ਿਰਕ ਜਲੀਂ ਆੱਮ ਨਹੀਂ ਹੈ।
ਤਾਹਮ ਜੁ ਹੈ ਇਸਲਾਮ ਵਹੁ ਇਸਲਾਮ ਨਹੀਂ ਹੈਂ।

ਅਰਥ :- ਤੌਹੀਦ= ਇਨਸਾਨੀ ਪਿਆਰ, ਅਦ੍ਵੈਤਵਾਦ, ਨੇਕੀਆਂ= ਭਲਾ ਮੁਹਤਾਜ= ਮਥਾਜ਼, ਚਾਹਵਾਨ ਇਛੁੱਕ, ਦੀਨੁ-ਧਰਮ= ਹਿੰਦੂ ਮੁਸਲਮਾਨ ਦੇ ਧਾਰਨ ਕੀਤੇ ਧਾਰਮਿਕ ਅਸੂਲ, ਸਾਗਰ-ਐਇ-ਤੌਹੀਦ= ਅਦ੍ਵੈਤਵਾਦ ਦੇ ਸੋਮਰਸ ਦਾ ਪਿਆਲਾ ਸਨਮ= ਪ੍ਰੀਤਮ, ਅਕਾਲਪੁਰਖ ਸ਼ਿਰਕ= ਬਹੁਦੇਵਵਾਦ, ਬਹੁਅਰਾਧਨ, ਦ੍ਵੈਤਵਾਦ, ਖਫ਼ੀਂ= ਲੁਕਿਆ ਹੋਇਆ, ਗੁਪਤ, ਜਲੀ= ਪ੍ਰਗਟ, ਦਿਸਦਾ, ਤਾਹਮ= ਤਾਂ ਵੀ, ਤੌਹੀਦ= ਇਕ ਅਕਾਲ ਪੁਰਖ ਨਾਲ ਜੋੜਨਾ।

ਅਰਥਾਤ :- ਇਕ ਅਕਾਲ ਪੁਰਖ ਨਾਲ ਜੋੜਨ ਦਾ ਉਪਰਾਲਾ ਹੀ ਸੰਸਾਰ ਦੀਆਂ ਸਾਰੀਆਂ ਨੇਕੀਆਂ ਤੋਂ ਉਪਰ ਹੈ। ਦਰਅਸਲ ਸਾਰੇ ਹੀ ਧਰਮਾਂ ਨੂੰ ਇਸ ਦੀ ਲੋੜ ਹੈ। ਜਿਸ ਧਰਮ ਵਿਚ ਵੀ ਇਕ ਅਕਾਲ ਦੀ ਪੂਜਾ ਦਾ ਵਿਧਾਨ ਖ਼ਤਮ ਹੋ ਜਾਂਦਾ ਹੈ ਅਤੇ ਬਹੁਦੇਵਵਾਦ ਦਾ ਸ਼ਿਕਾਰ ਹੋ ਜਾਂਦਾ ਹੈ ਉਹ ਮਨੁੱਖਤਾ ਦਾ ਕਦੀ ਭਲਾ ਨਹੀਂ ਕਰ ਸਕਦਾ। ਕਵੀ ਆਪਣੇ ਬਾਰੇ ਬਿਆਨ ਕਰਦਾ ਹੈ ਕਿ ਗੁਰੂ ਦੀ ਕ੍ਰਿਪਾ ਸਦਕਾ ਮੈਂ ਅਦ੍ਵੈਤਵਾਦ ਦੇ ਖ਼ੁਮਾਰ ਭਰਪੂਰ ਅੰਮ੍ਰਿਤਰਸ ਦਾ ਪਿਆਲਾ ਪੀ ਚੁੱਕਾ ਹਾਂ। ਕਿਉਂ ਮੁਸਲਿਮ ਦੇ ਹਿਰਦੇ ਵਿਚ ਵੀ ਅਕਾਲ ਪੁਰਖ ਇਕ ਰਸ ਵਿਆਪ ਰਿਹਾ ਹੈ।

ਬੇਸ਼ਕ ਬਹੁਦੇਵ ਵਾਦ ਅਤੇ ਵਹਿਮ ਭਰਮ ਗੁਪਤ ਰੂਪ ਵਿਚ ਹਰ ਧਰਮ ਵਿਚ ਹਨ ਪਰੰਤੂ ਜੇਕਰ ਇਸਲਾਮ ਵੀ ਦ੍ਵੈਤ ਵਾਦ ਦਾ ਸ਼ਿਕਾਰ ਹੈ ਤਾਂ ਇਸ ਨੂੰ ਇਸਲਾਮ ਧਰਮ ਨਹੀਂ ਕਿਹਾ ਜਾ ਸਕਦਾ ਹੈ।

72.

ਉਠ ਸਾਕੀਆ ਉਠ ਸਾਗਰਿ-ਤੌਹੀਦ ਪਿਲਾ ਦੇ।
ਅੰਜਾਮ ਧਰਮ ਦੀਨ ਕੀ, ਤਮਹੀਦ ਪਿਲਾ ਦੇ।
ਐ ਮੇਰੇ ਸਖ਼ੀਂ! ਐ ਮਿਰੇ ਜਮਸ਼ੀਦ ਪਿਲਾ ਦੇ।
ਹੋ ਜਾਏ ਫਕੀਰੋਂ ਕੀ ਭੀ ਆਜ ਈਦ ਪਿਲਾ ਦੇ।

ਤਾ ਮੁਜ਼ਬਹਿ-ਉੱਸ਼ਾਕ ਸੇ ਸਰ ਲੇ ਕੇ ਨ ਜਾਏਂ।
ਮਾਨਿੰਦ ਬਰਾਹੀਮ ਪਿਸਰ ਲੇ ਕੇ ਨ ਜਾਏਂ।

ਅਰਥ :- ਸਾਕੀਆ= ਪਿਲਾਉਣ ਵਾਲਾ, ਸਾਗ਼ਰਿ-ਤੌਹੀਦ= ਅਦ੍ਵੈਤਵਾਦ ਦਾ ਪਿਆਲਾ, ਤਮਹੀਦ= ਸੋਝੀ, ਸਮਝ, ਜਾਣਕਾਰੀ, ਜਮਸ਼ੀਦ= ਈਰਾਨ ਦਾ ਪ੍ਰਸਿੱਧ ਬਾਦਸ਼ਾਹ, ਜੋ ਰੰਗੀਲੇ ਸੁਭਾਅ ਦਾ ਸੀ, ਸ਼ਰਾਬ ਦਾ ਸ਼ੌਕੀਨ ਸੀ ਜ਼ਹਾਕ ਦੇ ਹੱਥੋਂ ਇਸ ਦੀ ਮੌਤ ਹੋਈ, ਅੰਜਾਮ= ਉੜਕ, ਈਦ= ਇਸਲਾਮੀ ਤਿਉਹਾਰ, ਨਵੇਂ ਚੰਦ ਨੂੰ ਵੇਖ ਕੇ।

ਜ਼ਹਾਕ—ਜ਼ਹਾਕ ਦਾ ਅਰਥ ਹੈ ਜਿਸ ਵਿਚ 10 ਐਬ ਹੋਣ, ਮਲ੍ਹ ਸ਼ਬਦ ਦਹ+ਆਕ ਹੈ।

1. ਜ਼ੁਲਮ	2. ਝੂਠ	3. ਬਦਸ਼ਕਲ
4. ਕੱਦ ਛੋਟਾ	5. ਬੇਦੀਨ	6. ਬੇਹਯਾ
7. ਬਦਦਿਲ	8. ਬੇਅਕਲ	9. ਬਦਜ਼ੁਬਾਨ

10. ਬਹੁਤਾ ਖਾਣ ਵਾਲਾ, ਜ਼ਹਾਕ ਦਾ ਅਰਥ ਹੱਸਣ ਵਾਲਾ ਵੀ ਹੈ। ਕਿਹਾ ਜਾਂਦਾ ਹੈ ਕਿ ਜਨਮ ਲੈਂਦਿਆਂ ਹੀ ਇਸ ਦੇ ਮੂੰਹ ਵਿਚ ਦੋ ਦੰਦ ਸਨ ਇਸ ਕਰਕੇ ਇਸਦੇ ਪਿਤਾ ਨੇ ਇਸਦਾ ਨਾਮ ਜ਼ਹਾਕ ਰੱਖਿਆ। ਜ਼ਹਾਕ ਨੇ ਜਮਸ਼ੀਦ ਨੂੰ ਆਰੇ ਨਾਲ ਚੀਰ ਕੇ ਖ਼ਤਮ ਕੀਤਾ।

ਮੁਜ਼ਬਹਿ-ਉੱਸ਼ਾਕ= ਆਸ਼ਕਾਂ ਦੀ ਕਤਲਗਾਹ, ਮਾਨਿੰਦ= ਵਰਗਾ, ਬਰਾਹਿਮ= ਇਬਰਾਹੀਮ।

ਅਰਥਾਤ :- ਐ ਅਕਾਲ ਪੁਰਖ, ਮੇਹਰ ਕਰ, ਕ੍ਰਿਪਾ ਕਰ, ਮੈਨੂੰ ਅਦ੍ਵੈਤਵਾਦ ਅਤੇ ਮਨੁੱਖੀ ਪ੍ਰੇਮ ਪਿਆਰ ਤੇ ਆਤਮਰਸ ਦਾ ਅਗੰਮੀ ਪਿਆਲਾ ਬਖਸ਼ਿਸ਼ ਕਰਦੇ ਜਿਸ ਦੇ ਸਦਕਾ ਮੈਨੂੰ ਧਰਮ ਅਤੇ ਮਨੁੱਖਤਾ ਦੀਆਂ ਨੈਤਿਕਤਾ ਨਾਲ ਭਰਪੂਰ ਉਚ ਮਿਆਰੀ ਕਦਰਾਂ ਕੀਮਤਾਂ ਦੀ ਸੋਝੀ ਪੈ ਜਾਵੇ। ਐ ਮੇਰੇ ਸਾਥੀ, ਮੇਰੇ ਜਮਸ਼ੀਦ ਮੈਨੂੰ ਨਾਮ-ਖ਼ੁਮਾਰੀ ਦਾ ਪਿਆਲਾ ਬਖਸ਼ਿਸ਼

ਕਰਦੇ। ਜੇਕਰ ਤੂੰ ਐਸੀ ਬਖਸ਼ਿਸ਼ ਕਰ ਦੇਵੇਂ ਤਾਂ ਮੇਰੇ ਵਰਗੇ ਫਕੀਰ[1] ਦੀ ਵੀ ਅੱਜ ਈਦ[2] ਹੋ ਜਾਵੇ।

ਕ੍ਰਿਪਾ ਕਰ ਮੈਂ ਵੀ ਆਸ਼ਕਾਂ ਦੀ ਕਤਲਗਾਹ ਵਿਚ ਸ਼ਹਾਦਤ ਦੀ ਦੇਵੀ ਦੀ ਗੋਦ ਦਾ ਅਨੰਦ ਮਾਣ ਸਕਾਂ। ਅੱਜ ਕੋਈ ਇਬਰਾਹੀਮ[3] ਪੁੱਤਰ ਮੋਹ ਦਾ ਸ਼ਿਕਾਰ ਨਾਂ ਹੋ ਜਾਵੇ।

---

1. ਫ਼ਕੀਰ—ਜਿਸ ਪਾਸ ਕੇਵਲ ਇਕ ਵਕਤ ਖਾਣ ਦਾ ਅੰਨ ਹੋਵੇ। ਧਨ ਵੀ ਏਨਾ ਥੋੜਾ ਹੋਵੇ ਕਿ ਜ਼ਕਾਤ (40 ਵਾਂ ਹਿੱਸਾ) ਨਾ ਦੇ ਸਕੇ। ਜਿਸ ਪਾਸ ਬਿਲਕੁਲ ਕੁਝ ਨਾ ਹੋਵੇ, ਫਾਕੇ ਕੱਟਦਾ ਹੋਵੇ, ਫੱਟੇ ਪੁਰਾਣੇ ਕੱਪੜੇ ਹੋਣ, ਨਹਾਇਤ ਨਾਤਾਕਤ ਅਤੇ ਬੇਹਰਕਤ ਹੋਵੇ ਉਸ ਨੂੰ ਮਸਕੀਨ ਕਿਹਾ ਜਾਂਦਾ ਹੈ।

2. ਈਦ:- ਮੁਸਲਮਾਨਾਂ ਦੇ ਵਾਰਸ਼ਿਕ ਉਤਸਵਾਂ ਜਾਂ ਤਿਉਹਾਰਾਂ ਨੂੰ ਸਧਾਰਨ ਤੌਰ ਤੇ ਈਦ ਕਿਹਾ ਜਾਂਦਾ ਹੈ। ਇਨ੍ਹਾਂ ਉਤਸਵਾਂ ਵਿਚੋਂ ਦੋ ਦਾ ਪ੍ਰਮੁੱਖ ਮਹੱਤਵ ਹੈ। ਈਦੁਲ ਫਿਤਰ ਤੇ ਈਦੁਲ ਆਜ਼ਹਾਂ

ਈਦੁਲ ਫਿਤਰ ਰੋਜ਼ਿਆਂ ਦੇ ਖਤਮ ਹੋਣ ਤੇ ਨਵੇਂ ਚੰਨ ਨੂੰ ਵੇਖ ਕੇ ਮਨਾਈ ਜਾਂਦੀ ਹੈ। ਇਸ ਦਿਨ ਮੁਸਲਮਾਨ ਸਵੇਰੇ ਉਠ ਕੇ ਇਸ਼ਨਾਨ ਕਰਦੇ ਹਨ। ਅਤੇ ਸਾਫ਼ ਸੁਥਰੇ ਜਾਂ ਨਵੇਂ ਬਸਤ੍ਰ ਧਾਰਨ ਕਰਕੇ ਈਦਗਾਹ ਵਿਚ ਦੋ ਰਕਤਾਂ ਦੀ ਨਮਾਜ ਪੜ੍ਹਦੇ ਹਨ। ਇਮਾਮ ਤੋਂ ਖੁਤਬਾ ਸੁਣਦੇ ਹਨ। ਅਤੇ ਦੁੱਧ ਵਿਚ ਉਬਾਲਿਆਂ ਸੇਵੀਆਂ ਅਤੇ ਹੋਰ ਸੁਆਦੀ ਮਿੱਠੇ ਪਕਵਾਨ ਤਿਆਰ ਕਰਕੇ ਲੋਕਾਂ ਵਿਚ ਵੰਡਦੇ ਹਨ। ਈਦ ਤੋਂ ਦੋ ਦਿਨ ਪਹਿਲਾਂ ਖਾਧ ਪਦਾਰਥ ਗਰੀਬ ਜਾਂ ਮੁਥਾਜਾਂ ਵਿਚ ਵੰਡੇ ਜਾਂਦੇ ਹਨ। ਜਿਸ ਕਿਸੇ ਮੁਸਲਮਾਨ ਨੇ ਪਹਿਲਾਂ ਜਕਾਤ ਨਾ ਦਿੱਤੀ ਹੋਏ, ਉਹ ਵੀ ਈਦ ਤੋਂ ਪਹਿਲਾਂ ਜਕਾਤ ਦੇ ਦਿੰਦਾ ਹੈ। ਇਹ ਉਨ੍ਹਾਂ ਲਈ ਲਾਜਮੀ ਹੈ।

ਈਦੁਲ ਅਜਾਹ ਹਿਜਰੀ ਸੰਨ ਦੇ ਜੁਅਲ ਹਿੱਜਾਹ ਮਹੀਨੇ ਦੇ ਦਸਵੀਂ ਤਿੱਥੀ ਨੂੰ ਮਨਾਈ ਜਾਂਦੀ ਹੈ। ਇਹ ਈਦੁਲ ਫਿਤਰ ਤੋਂ ਦੋ ਮਹੀਨੇ ਤੇ ਨੌ ਦਿਨ ਬਾਅਦ ਆਉਂਦੀ ਹੈ। ਇਸ ਈਦ ਦਾ ਸੰਬੰਧ ਹਜਰਤ ਇਬਰਾਹੀਮ ਵੱਲੋਂ ਆਪਣੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੇਣ ਦੀ ਘਟਨਾ ਨਾਲ ਹੈ। ਉਸੇ ਦਿਨ ਤੋਂ ਖੁਦਾ ਦੀ ਮਿਹਰ ਪ੍ਰਾਪਤ ਕਾਰਨ ਲਈ ਜਿਉਂਦੇ ਪਸ਼ੂਆਂ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਇਸ ਕੁਰਬਾਨੀ ਦਾ ਵਿਧਾਨ ਅਸਲੋਂ ਹੱਜ ਨਾਲ ਸੰਬੰਧਿਤ ਹੈ। ਪਰ ਜੋ ਮੁਸਲਮਾਨ ਅਸਲੋਂ ਹੱਜ ਉਤੇ ਨਹੀਂ ਜਾ ਸਕਦੇ ਉਹ ਆਪਣੇ ਟਿਕਾਣਿਆਂ ਤੇ ਹੀ ਪਸ਼ੂ ਦੀ ਬਲੀ ਦੇ ਸਕਦੇ ਹਨ। ਇਸ ਈਦ ਨੂੰ ਬਕਰੀਦ ਵੀ ਕਿਹਾ ਜਾਂਦਾ ਹੈ। ਕਿਉਂਕਿ ਸ਼ੁਰੂ ਵਿਚ ਇਸ ਦਿਨ ਗਊ (ਅਰਬੀ ਭਾਸ਼ਾ ਵਿਚ ਬਕਰਹ) ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਕੁਰਬਾਨ ਕੀਤੇ ਪਸ਼ੂ ਦਾ ਇਕ ਹਿੱਸਾ ਰਿਸ਼ਤੇਦਾਰਾਂ ਨੂੰ, ਇਕ ਹਿੱਸਾ ਗਰੀਬਾਂ ਨੂੰ ਤੇ ਇਕ ਹਿੱਸਾ ਆਪਣੇ ਵਰਤਣ ਲਈ ਰੱਖਿਆ ਜਾਂਦਾ ਹੈ। ਇਸ ਦਿਨ ਸਵੇਰੇ ਅੱਠ ਨੌਂ ਵਜੇ ਦੇ ਨੇੜੇ ਤੇੜੇ ਸਿਦਕਵਾਨ ਲੋਕ ਬਿਨਾਂ ਭੋਜਨ ਕੀਤੇ ਈਦਗਾਹ ਵਿਚ ਨਮਾਜ ਪੜ੍ਹਦੇ ਹਨ। ਇਸ ਨੂੰ ਈਦੁਲ ਫਿਤਰ ਦੇ ਮੁਕਾਬਲੇ ਅਧਿਕ ਮਹੱਤਵਪੂਰਣ ਮੰਨੇ ਜਾਣ ਕਾਰਨ ਈਦੁਲ ਕਬੀਰ ਵੀ ਕਿਹਾ ਜਾਂਦਾ ਹੈ। ਭਗਤ ਰਵੀਦਾਸ ਨੇ ਆਪਣੀ ਬਾਣੀ ਇਨ੍ਹਾਂ ਈਦਾਂ ਵੱਲ ਸੰਕੇਲ ਕੀਤਾ ਹੈ। ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ।

(ਗੁਰੂ ਗ੍ਰੰਥ ਸਾਹਿਬ 1293)

ਉਪਰੋਕਤ ਦੋਹਾਂ ਈਦਾਂ ਨੂੰ ਸੁੰਨੀ ਮੁਸਲਮਾਨਾਂ ਤੋਂ ਇਲਾਵਾ ਕੁਝ ਉਦਾਰ ਸ਼ੀਆ ਮੁਸਲਮਾਨ ਵੀ ਮਨਾਉਂਦੇ ਹਨ। ਪਰ ਸ਼ੀਆ ਮੁਸਲਮਾਨਾਂ ਦੇ ਤਿੰਨ ਹੋਰ ਈਦਾਂ ਦੀ ਪਰੰਪਰਾਂ ਵੀ ਤੋਰੀ ਹੋਈ ਹੈ। ਜਿਨ੍ਹਾਂ ਵਿਚ ਦੋ, ਬੰਦੇ ਗਦੀਰ ਅਤੇ ਈਦੇ ਨੌਰੋਜ ਦਾ ਸੰਬੰਧ ਹਜਰਤ ਅਲੀ ਦੀਆਂ ਘਟਨਾਵਾਂ ਨਾਲ ਹੈ। ਅਤੇ ਇਕ ਈਦੇ ਬਾਬਾਂ ਸੁਜਹਾਂ - ਦਾ ਸੰਬੰਧ ਇਕ ਕਾਫਰ ਹੱਥੋਂ, ਹਜਰਤ ਉਮਰ ਦੀ ਸ਼ਹਾਦਤ ਦੀ ਘਟਨਾ ਨਾਲ ਹੈ।

ਇਨ੍ਹਾਂ ਤੋਂ ਇਲਾਵਾ ਇਕ ਹੋਰ ਈਦ ਮੰਨਾਉਣ ਦੀ ਵੀ ਪਰੰਪਰਾਂ ਹੈਂ। ਜੋ ਰਬੀਉਲ ਅਵਲ ਦੀ ਬਾਰਵੀ ਤਿੱਥੀ ਨੂੰ ਪੈਂਦੀ ਹੈ। ਇਸ ਨੂੰ ਈਦੇ-ਮੀਲਾਦੁਲ-ਨੱਬੀ ਕਿਹਾ ਜਾਂਦਾ ਹੈ।

ਜਿਸ ਦਾ ਸੰਬੰਧ ਹਜਰਤ ਮੁਹੰਮਦ ਦੇ ਜਨਮ ਦਿਨ ਨਾਲ ਹੈ। ਭਾਰਤ ਵਿਚ ਇਸ ਈਦ ਨੂੰ ਮਨਾਉਣ ਵਿਚ ਅਧਿਕ ਰੁਚੀ ਵੇਖੀ ਗਈ ਹੈ।

3. ਇਬਰਾਹੀਮ-ਹਜ਼ਰਤ — ਇਬਰਾਹਿਮ ਦਾ ਸੰਬੰਧ ਨੂਹ ਕਬੀਲੇ ਨਾਲ ਸੀ। ਇਸ ਦੀ ਪਹਿਲੀ ਪਤਨੀ ਦਾ ਨਾਮ ਸਾਰਾਹ ਸੀ, ਜਿਸ ਦੇ ਘਰ ਕੋਈ ਔਲਾਦ ਨਾ ਹੋਈ, ਇਸ ਨੇ ਆਪਣੀ ਇਕ ਗੋਲੀ ਹਾਜ਼ਿਰਾ ਨਾਲ ਵਿਆਹ ਕਰਵਾ ਲਿਆ। ਗੋਲੀ ਹਾਜ਼ਿਰਾ ਦੀ ਕੁਖੋਂ ਇਸਮਾਈਲ ਜਨਮਿਆਂ। ਕੁਝ ਸਮਾਂ ਪਾ ਕੇ ਸਾਰਾਹ ਵੀ ਹਾਮਲਾ ਹੋ ਗਈ ਅਤੇ ਪੁਤਰ ਨੂੰ ਜਨਮ ਦਿੱਤਾ ਜਿਸ ਦਾ ਨਾਮ ਇਸਹਾਕ ਰੱਖਿਆ ਗਿਆ। ਸਾਰਾਹ ਦੇ ਕਹਿਣ ਤੇ ਹਜ਼ਰਤ ਇਬਰਾਹੀਮ ਨੇ ਹਾਜ਼ਿਰਾ ਨੂੰ ਇਸਮਾਈਲ ਸਮੇਤ ਘਰੋਂ ਕੱਢ ਦਿੱਤਾ। ਇਬਰਾਹਿਮ ਦੀ ਪਤਨੀ ਸਾਹਿਰਾ (ਪੁਤਰੀ ਨਾਵਾਬ ਮਿਸਰ) ਨੇ ਇਬਰਾਹਿਮ ਨੂੰ ਇਸਮਾਈਲ ਨੂੰ ਕਤਲ ਕਰਨ ਵਾਸਤੇ ਭੇਜਿਆ।

ਇਬਰਾਹਿਮ ਇਸਮਾਈਲ ਕੋਲ ਗਿਆ। ਇਸਲਾਮੀ ਇਤਿਹਾਸ ਅਨੁਸਾਰ ਇਸਮਾਈਲ ਨੇ ਪਿਤਾ ਦੀ ਇੱਛਾ ਪੂਰੀ ਕਰਨ ਵਾਸਤੇ ਆਪਣੇ ਹੱਥ ਆਪ ਬੱਧੇ ਤਾਂ ਕਿ ਮੈਂ ਤੜਫਾਂ ਨਾਂ। ਪੁੱਤਰ ਨੇ ਜਦੋਂ ਪਿਤਾ ਦੀਆਂ ਅੱਖਾਂ ਵਿਚ ਅੱਥਰੂ ਵੇਖੇ ਤਾਂ ਪਿਤਾ ਨੂੰ ਵੀ ਅੱਖਾਂ ਬੰਨਣ ਲਈ ਕਪੜਾ ਦਿੱਤਾ ਕਿ ਤੁਸੀ ਮੇਰੀ ਮੌਤ ਅੱਖਾਂ ਸਾਹਮਣੇ ਸ਼ਾਇਦ ਨਹੀਂ ਵੇਖ ਸਕਦੇ। ਅੱਖਾਂ ਤੇ ਪੱਟੀ ਬੰਨ ਕੇ ਇਬਰਾਹਿਮ ਨੇ ਇਸਮਾਈਲ ਨੂੰ ਹਲਾਲ ਕਰਨਾ ਸ਼ੁਰੂ ਕੀਤਾ। ਹਲਾਲ ਕਰਦਿਆਂ ਥੋੜਾ ਜਿਹਾ ਗਲਾ ਛੱਡ ਦਿੱਤਾ ਜਾਂਦਾ ਹੈ ਤਾਂ ਜੋ ਖ਼ੂਨ ਸਾਰਾ ਨਿਕਲ ਜਾਵੇ ਕਿਉਂ ਇਕ ਖ਼ੂਨ ਪੀਣਾ ਇਸਲਾਮ ਅਨੁਸਾਰ ਨਹੀਂ ਹੈ।

ਜਦੋਂ ਇਬਰਾਹਿਮ ਨੇ ਅੱਖਾਂ ਖੋਲ ਕੇ ਵੇਖਿਆ ਤਾਂ ਇਸਮਾਈਲ ਤਾਂ ਨੇੜੇ ਹੀ ਖ਼ੁਦਾ ਦੀ ਬੰਦਗੀ ਵਿਚ ਲੀਨ ਸੀ ਪ੍ਰੰਤੂ ਇਬਰਾਹਿਮ ਨੇ ਇਕ ਦੁੰਬੇ (ਭੇਡੂ ਵਰਗਾ) ਨੂੰ ਹਲਾਲ ਕੀਤਾ ਹੋਇਆ ਸੀ।

73.

ਇਕ ਖ਼੍ਵਾਬ ਸਾ ਦੁਨੀਆਂ ਕਾ ਵਜੂਦ ਔਰ ਅੱਦਮ ਹੈ।
ਹੈ ਦਿਲ ਮੇਂ ਮਿਰੇ ਜਿਸ ਕਾ ਯਿਹ ਸਭ ਜਾਹੁ-ਹਸ਼ਮ ਹੈ।
ਅੰਜਾਮਿ ਦੋ ਆਲਿਮ ਮਿਰੇ ਆਗਾਜ਼ ਸੇ ਕੰਮ ਹੈ।
ਆਜ਼ਾਦ ਹੂੰ ਬੇ-ਫ਼ਿਕਰ ਹੂੰ ਨ ਸ਼ਾਦੀ ਹੈ ਨ ਗ਼ਮ ਹੈ।

ਸੇਰ ਇਤਨਾ ਹੂੰ ਹਰ ਬੇਸ਼ ਮੁਝੇ ਕਮ ਨਜ਼ਰ ਆਯਾ।
ਇਕ ਬੂੰਦ ਸੇ ਬੜ ਕਰ ਨਾ ਮੁਝੇ ਯਮ ਨਜ਼ਰ ਆਯਾ।

ਸ਼ਬਦ ਅਰਥ:- ਖ਼੍ਵਾਬ= ਸੁਪਨਾ, ਵਜੂਦ= ਹੋਂਦ, ਅੱਦਮ= ਅਣਹੋਂਦ, ਜਾਹੁ-ਹਸ਼ਮ= ਨੌਕਰ ਚਾਕਰ, ਸ਼ਾਨੋ ਸ਼ੌਕਤ, ਰੋਅਬ ਦਾਅਬ, ਅੰਜਾਮਿ= ਅੰਤ, ਨਤੀਜਾ, ਓੜਕ ਆਗਾਜ਼= ਸ਼ੁਰੂਆਤ, ਆਰੰਭ ਸ਼ਾਦੀ= ਖ਼ੁਸ਼ੀ, ਗ਼ਮ= ਦੁਖ, ਸੇਰ= ਰੱਜਿਆ, ਸੰਤੁਸ਼ਟ ਬੇਸ਼ = ਵੱਧ, ਵਧੇਰੇ ਜ਼ਿਆਦਾ, ਯਮ - ਦਰਿਆ

ਅਰਥਾਤ :- ਇਹ ਸਾਰਾ ਸੰਸਾਰ ਤਾਂ ਇਸ ਸੁਪਨੇ ਦੀ ਨਿਆਂਈ ਹੈ। ਦੁਨੀਆਂ ਦੀ ਹੋਂਦ ਅਤੇ ਅਣਹੋਂਦ ਸਭ ਕੁਝ ਕੁਦਰਤ ਦੇ ਕਾਦਰ ਦੀ ਰਜ਼ਾ ਦੇ ਅਧੀਨ ਇਕ ਖ਼੍ਵਾਬ ਦੀ ਤਰ੍ਹਾਂ ਹੈ। ਮੇਰੇ ਹਿਰਦੇ ਅੰਦਰ ਜਿਸ ਅਕਾਲ ਪੁਰਖ ਦਾ ਜਾਹੋ-ਜਲਾਲ ਵਸਿਆ ਹੋਇਆ ਹੈ, ਬ੍ਰਹਿਮੰਡ ਦੀ ਸਾਰੀ ਹੋਂਦ ਅਣਹੋਂਦ ਉਸਦੀ ਹੀ ਕ੍ਰਿਪਾ ਸਦਕਾ ਹੈ। ਇਹ ਸਭ ਉਸੇ ਦੀ ਹੀ ਸ਼ਾਨੋ-ਸ਼ੌਕਤ ਦਾ ਪ੍ਰਤਾਪ ਹੈ। ਮੈਂ ਉਸ ਕਾਦਰ ਤੋਂ ਖ਼ੁਮਾਰੀ ਜਾਮ ਪ੍ਰਾਪਤ ਕਰ ਚੁੱਕਾ ਹਾਂ। ਸੰਸਾਰ ਦੇ ਆਲਿਮਾ ਦਾ ਨਤੀਜਾ ਮੇਰੀ ਕਾਵਿ-ਕਿਆਰੀ ਦੀ ਸ਼ੁਰੂਆਤ ਤੋਂ ਘੱਟ ਹੈ। ਮੈਂ ਜਮ-ਬੰਧਨਾ ਤੋਂ ਆਜ਼ਾਦ ਹਾਂ, ਬੇ-ਫ਼ਿਕਰ ਹਾਂ। ਉਸਦੀ ਰਜ਼ਾ ਅਧੀਨ ਚਲਦਿਆਂ ਨਾ ਮੈਨੂੰ ਕਿਸੇ ਖ਼ੁਸ਼ੀ ਦਾ ਹਰਖ ਹੈ ਤੇ ਨਾਂ ਗਮੀ ਦਾ ਸੋਗ।

[illegible]ਕਾਲ ਪੁਰਖ ਨੇ ਕ੍ਰਿਪਾ ਕਰਕੇ ਮੈਨੂੰ ਐਨਾ ਸਬਰ-ਸੰਤੋਖ ਅਤੇ ਸੰਤੁਸ਼ਟੀ ਬਖਸ਼ਿਸ਼ ਕੀਤੀ ਹੈ [illegible]ਵੀ ਵੱਡੀ ਆਫ਼ਤ ਵੀ ਮੈਨੂੰ ਬਹੁਤ ਛੋਟੀ ਮਹਿਸੂਸ ਹੋਈ। ਤੀਬਰ ਵੇਗ ਨਾਲ ਵਹਿ ਰਿ[illegible] ਰਿਆ ਵੀ ਮੈਨੂੰ ਇਕ ਯਮ (ਬੂੰਦ) ਵਰਗਾ ਹੀ ਲੱਗਿਆ।

74.

ਉਧਾਏ ਹੂਏ ਮਸਤ ਪਿਆਲਾ ਕੋ ਹੈ ਕਬ ਸੇ।
ਬਾਤ ਹੋ ਨਹੀਂ ਸਕਤੀ ਨਕਾਹਤ ਕੇ ਸਬਬ ਸੇ।
ਅਬ ਤਕ ਨਾ ਕਹਾ ਹਮਨੇ ਤਕੱਲਫ ਸੇ ਅਦਬ ਸੇ।
ਬੇਹਾਲ ਹੈਂ ਮੈਅਕਸ਼ ਤੇਰੇ ਬਾਦਾ ਕੀ ਤਲਬ ਸੇ।
ਸ਼ੀਸ਼ੇ ਮੇਂ ਡਬੋ ਦੇ ਹਮੇ, ਸਾਗ਼ਰ ਮੇਂ ਡੁਬੋ ਦੇ।
ਸੰਤੋਖ ਕੇ ਤਾਲਾਬ ਮੇਂ, ਕੌਸਰ ਮੇਂ ਡੁਬੋ ਦੇ।

ਸ਼ਬਦ ਅਰਥ:- ਉਧਾਏ= ਮੂਧੇ, ਨਕਾਹਤ= ਨਾਤਾਕਤੀ, ਤਕੱਲਫ਼= ਸੰਕੋਚ, ਬੇਕਸ= ਨਿਮਾਣਾ, ਬਾਦਾ= ਪਿਆਲਾ, ਸ਼ੀਸ਼ੇ= ਬੋਤਲ, ਕੌਸਰ= ਬਹਿਸ਼ਤ ਦੀ ਇਕ ਨਹਿਰ, ਤਲਬ= ਖ਼ਾਹਿਸ਼, ਅਦਬ= ਸਤਿਕਾਰ, ਸਬੱਬ= ਸਦਕਾ, ਇਸ ਕਾਰਨ ਕਰਕੇ।

ਅਰਥਾਤ :- ਹੇ ਮਿਹਰਵਾਨ ਕ੍ਰਿਪਾਲੂ ਖ਼ੁਦਾਵੰਦ, ਤੇਰੇ ਨਾਮ ਖ਼ੁਮਾਰੀ ਦੇ ਪਿਆਲੇ ਦੀ ਹੀ ਦਾਸ ਨੂੰ ਤਮੰਨਾ ਹੈ। ਰੂਹਾਨੀ ਪਿਆਲੇ ਦੀ ਅਣਹੋਂਦ ਸਦਕਾ ਐਸੀ ਨਿਰਬਲਤਾ ਹੋ ਚੁੱਕੀ ਹੈ ਕਿ ਗੱਲ ਕਰਨੀ ਵੀ ਮੁਸ਼ਕਿਲ ਜਾਪਦੀ ਹੈ। ਹੇ ਅਕਾਲ ਪੁਰਖ ! ਬੇਸ਼ਕ ਮੈਂ ਪਹਿਲਾਂ ਸਤਿਕਾਰ ਨਾਲ ਸੰਕੋਚ ਕਰਦਾ ਰਿਹਾ ਹਾਂ ਪ੍ਰੰਤੂ ਹੁਣ ਨਾਮ ਖ਼ੁਮਾਰੀ ਦੇ ਰੂਹਾਨੀ ਜਾਮ ਦੀ ਖ਼ਾਹਿਸ਼ ਵਿਚ ਮੈਂ ਨਿਮਾਣਾ ਹੋ ਚੁੱਕਾ ਹਾਂ। ਤੇਰੇ ਨਾਮ ਅੰਮ੍ਰਿਤ ਦੇ ਪਿਆਲੇ ਤੋਂ ਬਿਨਾ, ਨਾਮ-ਰਸੀਏ ਦੀ ਬੁਰੀ ਹਾਲਤ ਹੈ।

ਹੇ ਅਕਾਲ ਪੁਰਖ ਭਾਵੇਂ ਮੈਨੂੰ ਰੂਹਾਨੀ ਗਿਆਨ ਦੀ ਬੋਤਲ ਵਿਚ ਡੁਬੋ ਦੇ ਤੇ ਭਾਵੇਂ ਆਤਮਰਸ ਦੇ ਸਾਗਰ ਵਿਚ ਡੁਬੋ ਦੇ, ਸਭ ਤੇਰੀ ਹੀ ਕ੍ਰਿਪਾ ਦੇ ਸਦਕਾ ਹੈ, ਮਿਹਰਵਾਨ ਪ੍ਰਭੂ, ਭਾਵੇਂ ਮੈਨੂੰ ਸਬਰ ਸੰਤੋਖ ਦੇ ਤਲਾਬ ਬਖ਼ਸ਼ਿਸ਼ ਕਰਦੇ ਜਾਂ ਫਿਰ ਬਹਿਸ਼ਤੀ ਨਹਿਰ ਕੌਸਰ[1] ਦੀ ਬਖ਼ਸ਼ਿਸ਼ ਫ਼ਰਮਾ ਦੇ।

---

1. ਕੌਸਰ :- ਇਸਲਾਮ ਧਰਮ ਅਨੁਸਾਰ ਬਹਿਸ਼ਤ ਵਿਚ ਇਕ ਨਹਿਰ ਹੈ। ਇਸ ਦੇ ਅੰਮ੍ਰਿਤ (ਆਬ-ਏ-ਹਯਾਤ) ਸਦਕਾ ਗੁਨਾਹਾਂ ਦਾ ਨਾਸ਼ ਹੋ ਜਾਂਦਾ ਹੈ। ਕੌਸਰ ਅਤੇ ਤਸਨੀਮ ਨਾਮ ਦੇ ਦੋ ਹੌਜ਼ ਵੀ ਮੰਨੇ ਜਾਂਦੇ ਹਨ।

75.

ਦੇ ਇਸ਼ਕ ਕੇ, ਇਰਫਾਂ ਕੇ ਵਹਦਤ ਕੇ ਪਿਆਲੇ।
ਦਸ ਬੀਸ ਪਿਲਾ ਦੇ ਮੈਇ-ਅੰਮ੍ਰਿਤ ਕੇ ਪਿਆਲੇ।
ਉਲਫ਼ਤ ਕੇ ਪਯਾਲੇ ਵੁਹ ਮੁਹੱਬਤ ਕੇ ਪਿਆਲੇ।
ਦੁਨੀਆਂ ਮੇ ਦਿਲਾ ਕਉਸਰਿ-ਜੱਨਤ ਕੇ ਪਿਆਲੇ।

ਨਸ਼ਾ ਹੋ ਫਿਰ ਐਸਾ ਕਿ ਦੂਈ ਦਿਲ ਸੇ ਜ਼ੁਦਾ ਹੋ।
ਜਿਸ ਚੀਜ਼ ਕੋ ਦੇਖੂੰ ਮੁਝੇ ਦੀਦਾਰਿ-ਖ਼ੁਦਾ ਹੋ।

ਸ਼ਬਦ ਅਰਥ:- ਇਰਫਾਂ= ਗਿਆਨ, ਇਸ਼ਕ= ਪਿਆਰ, ਵਹਦਤ= ਤੌਹੀਦ, ਸਮਾਨਤਾ, ਅਦ੍ਵੈਤਵਾਦ, ਮੈਇ-ਅੰਮ੍ਰਿਤ= ਸੋਮਰਸ, ਜੀਵਨ ਅੰਮ੍ਰਿਤ, ਉਲਫ਼ਤ= ਮਿੱਤਰਾਚਾਰ, ਯਰਾਨਾ, ਮੁਹੱਬਤ, ਕਉਸਰਿ-ਜੱਨਤ= ਇਸਲਾਮੀ ਵਿਸ਼ਵਾਸ ਅਨੁਸਾਰ ਬਹਿਸ਼ਤੀ ਨਹਿਰ, ਦੂਈ= ਦਵੈਤਵਾਦ, ਜ਼ੁਦਾ= ਵਖਰੀ, ਵਿਛੜਨਾ, ਦੀਦਾਰਿ-ਖ਼ੁਦਾ= ਪ੍ਰੀਤਮ ਦੇ ਦਰਸ਼ਨ।

ਅਰਥਾਤ :- ਐ ਮੇਰੇ ਖੁਦਾਵੰਦ, ਕ੍ਰਿਪਾ ਕਰਕੇ ਮੈਨੂੰ ਰੂਹਾਨੀ ਇਸ਼ਕ, ਗਿਆਨ ਅਤੇ ਤੌਹੀਦ (ਸਮਾਨਤਾ) ਦੇ ਖ਼ਜਾਨੇ ਬਖਸ਼ਿਸ਼ ਕਰ। ਮੈਨੂੰ ਜੀਵਨ ਅੰਮ੍ਰਿਤ (ਆਤਮ ਰਸ) ਦੇ ਕੁਝ ਐਸੇ ਜਾਮ ਪਿਲਾਦੇ ਜਿਨ੍ਹਾਂ ਨਾਲ ਮੈਂ ਨਿਹਾਲ ਹੋ ਜਾਵਾਂ। ਮੇਰੇ ਅੱਲਾ! ਮੈਨੂੰ ਇਨਸਾਨੀਅਤ ਨਾਲ ਪਿਆਰ ਅਤੇ ਮੁਹੱਬਤ ਦੀ ਬਖਸ਼ਿਸ਼ ਕਰ। ਮੈਨੂੰ ਇਸ ਸੰਸਾਰ ਉਪਰ ਹੀ ਬਹਿਸ਼ਤੀ ਨਹਿਰ (ਕੌਸਰ) ਦੇ ਰੂਹਾਨੀ ਅੰਮ੍ਰਿਤ ਦਾ ਪਿਆਲਾ ਬਖਸ਼ਿਸ਼ ਕਰ ਦੇ।

ਮੈਨੂੰ ਐਸਾ ਅਗੰਮੀ ਨਸ਼ਾ ਹੋ ਜਾਵੇ ਕਿ ਮੇਰੇ ਹਿਰਦੇ ਤੋਂ ਮੇਰ-ਤੇਰ ਅਤੇ ਦ੍ਵੈਤਵਾਦ ਦੂਰ ਹੋ ਜਾਵੇ ਫਿਰ ਮੈਂ ਜਿਸ ਪਾਸੇ ਵੀ ਵੇਖਾਂ ਮੈਨੂੰ ਬ੍ਰਹਮਿੰਡ ਦੀ ਹਰ ਸ਼ੈਅ ਵਿਚ ਅਕਾਲਪੁਰਖ ਦੇ ਦਰਸ਼ਨ ਦੀਦਾਰੇ ਹੋਵਣ।

76.

ਐ ਕਤਰਾਇ-ਨਾਚੀਜ਼ ਮੇਂ ਜਾਂ ਡਾਲਨੇ ਵਾਲੇ।
ਐ ਰਹਿਮ ਕੇ ਸਾਂਚੇ ਮੇਂ ਹੁਸੀਂ ਢਾਲਨੇ ਵਾਲੇ।
ਐ ਰੰਗ ਰੰਗੀਲੇ ! ਐ ਹਮੇਂ ਪਾਲਨੇ ਵਾਲੇ।
ਆਫ਼ਾਤ ਕੋ ਐ ਬਨ ਕੇ ਸਿਪਰ ਟਾਲਨੇ ਵਾਲੇ।

ਨ ਅਹਲਾ ਹੂੰ ਦਾਤਾ ! ਤੂੰ ਮੁਝੇ ਅਹਲ ਬਨਾ ਦੇ।
ਮੁਸ਼ਕਲ ਜਿਸੇ ਸਮਝੂੰ ਤੂੰ ਉਸੇ ਸਹਲ ਬਨਾ ਦੇ।

ਸ਼ਬਦ-ਅਰਥ:- ਕਤਰਾ-ਕਿਣਕਾ, ਛੋਟਾ ਹਿਸਾ ਨਾਚੀਜ਼-ਹੋਂਦ ਰਹਿਤ ਜਾਂ-ਜਾਨ, ਜੀਵਨ, ਰਹਿਮ-ਬੱਚੇਦਾਨੀ, ਸਾਂਚੇ-ਸੱਚੇ, ਹੁਸੀਂ-ਸੁਹਣਾ, ਆਫ਼ਾਤ-ਮੁਸੀਬਤ, ਸਿਪਰ-ਢਾਲ, ਨ ਅਹਲਾ-ਨਾ ਕਾਬਿਲ, ਨਾਲਾਇਕ, ਅਹਲ-ਕਾਬਿਲ, ਲਾਇਕ

ਅਰਥਾਤ:- ਹੇ ਪ੍ਰਮਾਤਮਾ, ਤੂੰ ਹੋਂਦ ਰਹਿਤ ਅਤੇ ਕੇਵਲ ਕਿਣਕਾ (ਤੁੱਛ) ਮਾਤਰ ਨਿਰਜੀਵ ਚੀਜਾਂ ਨੂੰ ਜੀਵਨ ਦਾਨ ਦੇਣ ਵਾਲਾ ਹੈ। ਤੂੰ ਸਾਨੂੰ ਕੁੱਖ ਦੇ ਰਾਹੀਂ ਸੁੰਦਰ ਸਰੂਪ ਬਖਸ਼ਿਸ਼ ਕਰਕੇ, ਮਨੁੱਖੀ ਜਾਮੇ ਵਿਚ ਸੰਸਾਰ ਮੰਚ ਤੇ ਆਗਮਨ ਬਖਸ਼ਿਸ਼ ਕੀਤਾ ਹੈ। ਤੂੰ ਰੰਗ-ਰੰਗੀਲਾ ਅਤੇ ਸਾਰੇ ਸੰਸਾਰ ਦਾ ਪਾਲਣਹਾਰ ਹੈਂ। ਤੂੰ ਹਰ ਮੁਸ਼ਕਿਲ ਤੋਂ ਢਾਲ ਬਣ ਕੇ ਰੱਖਿਆ ਕਰਨ ਵਾਲਾ ਹੈ।

ਹੇ ਮੇਰੇ ਮਾਲਿਕ, ਮੈਂ ਬਹੁਤ ਹੀ ਨਾ-ਕਾਬਿਲ ਹਾਂ, ਨਾਲਾਇਕ ਹਾਂ, ਤੂੰ ਕ੍ਰਿਪਾ ਕਰਕੇ ਮੈਨੂੰ ਕਾਬਲੀਅਤ ਬਖਸ਼ਿਸ਼ ਕਰ। ਤੂੰ ਮਿਹਰ ਦੇ ਖ਼ਜ਼ਾਨੇ ਵਿਚੋਂ ਮੈਨੂੰ ਐਸੀ ਬਖਸ਼ਿਸ਼ ਕਰ ਦੇ, ਜਿਸ ਨਾਲ ਹਰ ਉਹ ਮੁਸ਼ਕਿਲ ਜੋ ਮੇਰੇ ਵਾਸਤੇ ਬਹੁਤ ਵੱਡੀ ਹੈ, ਆਸਾਨ ਹੋ ਜਾਵੇ।

77.

ਹਾਂ ਮੁਲਕਿ-ਸੁਖ਼ਨ ਕੀ ਮੁਝੇ ਜਾਗੀਰ ਅੱਤਾ ਕਰ।
ਲਫ਼ਜ਼ੋਂ ਕੋ ਮਿਰੇ ਬੁਰਸ਼ਿ-ਏ-ਸ਼ਮਸ਼ੀਰ ਅੱਤਾ ਕਰ।
ਬੇ-ਮਿਸਲ ਮੁਝੇ ਕੁੱਵਤਿ-ਤਹਰੀਰ ਅੱਤਾ ਕਰ।
ਤੂੰ ਆਪ ਮੁਅੱਸਰ ਹੋ ਵੁਹ ਤਾਸੀਰ ਅੱਤਾ ਕਰ।

ਮੁਸ਼ਕਲ ਤੋ ਨਹੀਂ, ਗਰ ਮਿਰੇ ਮੌਲਾ ਕਾ ਕਰਮ ਹੋ।
ਬਾਬਾ ਸੀ ਸ਼ੈਂ, ਗੰਜਿ-ਸ਼ਹੀਦਾਂ ਯਿਹ ਰਕਮ ਹੋ।

ਅਰਥ:- ਮੁਲਕਿ-ਸੁਖ਼ਨ-ਕਾਵਿ-ਰੂਪੀ ਦੇਸ਼, ਜਾਗੀਰ-ਜਾਇਦਾਦ, ਅੱਤਾ-ਬਖਸ਼ਿਸ਼, ਲਫਜੋਂ-ਸ਼ਬਦਾਂ, ਬੁਰਿਸ਼-ਏ-ਸ਼ਮਸ਼ੀਰ-ਤਲਵਾਰ ਦਾ ਤਿੱਖਾਪਨ, ਤਲਵਾਰ ਦੀ ਧਾਰ, ਬੇਮਿਸਾਲ-ਅਨੋਖੀ, ਕੁਵਤਿ-ਤਹਰੀਰ-ਲਿਖਣ ਸ਼ਕਤੀ ਗੰਜਿ-ਸ਼ਹੀਦਾਂ, ਸ਼ਹੀਦਾਂ ਦਾ ਭੰਡਾਰ, ਮੁਅੱਸਰ-ਤੇਰੇ ਤੇ ਵੀ ਅਸਰ, ਅਸਰ ਅੰਦਾਜ਼, ਤਾਸੀਰ-ਅਸਰ, ਮੌਲਾ-ਅਕਾਲਪੁਰਖ, ਸ਼ੈ-ਚੀਜ਼, ਰਹਿਮਤ, ਬਾਬਾ-ਬਜ਼ੁਰਗ, ਉੱਚੀ ਰਕਮ-ਲਿਖੀ ਜਾਵੇ

ਅਰਥਾਤ:- ਹੇ ਮੇਰੇ ਪਰਵਦਗਾਰ, ਮੈਨੂੰ ਕਾਵਿ-ਰੂਪੀ ਦੇਸ਼ ਦੀ ਅਣਮੁੱਲੀ ਜਾਇਦਾਦ ਬਖਸ਼ਿਸ਼ ਕਰ। ਅਰਥਾਤ ਮੈਨੂੰ ਕਾਵਿ-ਯੋਗਤਾ ਦਾ ਵਡਮੁੱਲਾ ਖਜ਼ਾਨਾ ਬਖਸ਼ਿਸ਼ ਕਰਨ ਦੀ ਕ੍ਰਿਪਾ ਕਰ। ਮੇਰੇ ਲਫ਼ਜ਼ਾਂ ਨੂੰ ਤਲਵਾਰ ਵਰਗੀ ਤੇਜ਼ੀ ਬਖਸ਼ਿਸ਼ ਕਰ ਤਾਂ ਜੋ ਇਨ੍ਹਾਂ ਸ਼ਬਦਾਂ ਦਾ ਹਰ ਕਿਸੇ ਉਪਰ ਡੂੰਘਾ ਅਸਰ ਹੋਵੇ। ਮੈਨੂੰ ਅਨੋਖੀ ਲਿਖਣ ਸ਼ਕਤੀ ਨਾਲ ਨਿਵਾਜ, ਮੇਰੀ ਲਿਖਣ ਸ਼ੈਲੀ ਐਸੀ ਵਜ਼ਨਦਾਰ ਹੋਵੇ ਕਿ ਹੇ ਮੇਰੇ ਮਾਲਿਕ ! ਤੇਰੇ ਉਪਰ ਵੀ ਇਸ ਦਾ ਅਸਰ ਹੋ ਜਾਵੇ।

ਹੇ ਪਰਮਾਤਮਾ ! ਜੇਕਰ ਤੇਰੀ ਕ੍ਰਿਪਾ ਹੋਵੇ, ਤੇਰੀ ਰਹਿਮਤ ਹੋਵੇ ਤਾਂ 'ਗੰਜਿ-ਸ਼ਹੀਦਾਂ'[1] ਵਰਗੀ ਉਚੀ ਲਿਖਤ ਨੂੰ ਮੁਕੰਮਲ ਕਰਨਾ ਕੋਈ ਮੁਸ਼ਕਿਲ ਕਾਰਜ ਨਹੀਂ ਹੈ।

---

1. ਗੰਜਿ ਸ਼ਹੀਦਾਂ:- ਸ਼ਹੀਦਾਂ ਦਾ ਖ਼ਜ਼ਾਨਾ, ਸ਼ਹੀਦਾਂ ਦਾ ਭੰਡਾਰ,
ਅਨੇਕਾਂ ਸ਼ਹੀਦੀਆਂ ਦਾ ਅਸਥਾਨ॥

78.

ਸਾਹਿਬਜ਼ਾਦਾ ਅਜੀਤ ਸਿੰਘ ਦਾ ਮੈਦਾਨ-ਏ-ਜੰਗ ਵਿਚ ਆਗਮਨ

ਗੋਬਿੰਦ ਕੇ ਦਿਲਦਾਰ ਕਿਲ੍ਹੇ ਸੇ ਨਿਕਲ ਆਏ।
ਵੁਹ ਦੇਖੀਏ ਸਰਕਾਰ ਕਿਲ੍ਹੇ ਸੇ ਨਿਕਲ ਆਏ।
ਘੋੜੇ ਪੇ ਹੋ ਅਸਵਾਰ ਕਿਲ੍ਹੇ ਸੇ ਨਿਕਲ ਆਏ।
ਲੇ ਹਾਥ ਮੇਂ ਤਲਵਾਰ ਕਿਲ੍ਹੇ ਸੇ ਨਿਕਲ ਆਏ।

ਕਿਆ ਵਸਫ਼ ਹੋ ਉਸ ਤੇਗ਼ ਕਾ ਇਸ ਤੇਗ਼ਿ-ਜ਼ੁਬਾਂ ਸੇ।
ਵੁਹ ਮਿਆਨ ਸੇ ਨਿਕਲੀ, ਨਹੀ ਨਿਕਲੀ ਯਿਹ ਦੇਹਾਂ ਸੇ।

ਅਰਥ:- ਵਸਫ਼-ਸਿਫ਼ਤ, ਤਾਰੀਫ਼, ਤੇਗ਼-ਤਲਵਾਰ ਤੇਗ਼ਿ-ਜ਼ੁਬਾਂ-ਜ਼ੁਬਾਨ ਦੇ ਸ਼ਬਦ, ਦੇਹਾਂ-ਮੂੰਹ, ਮੁਖ

ਅਰਥਾਤ:- ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਵੱਡੇ ਫ਼ਰਜੰਦ ਸਾਹਿਬਜਾਦਾ ਅਜੀਤ ਸਿੰਘ ਜੀ[1] ਚਮਕੌਰ ਦੀ ਗੜ੍ਹੀ ਵਿਚੋਂ ਬੜੀ ਦਲੇਰੀ ਅਤੇ ਉਤਸ਼ਾਹ ਨਾਲ ਘੋੜੇ ਉਪਰ ਸਵਾਰ ਹੋ ਕੇ ਨਿਕਲੇ। ਸਾਹਿਬ ਅਜੀਤ ਸਿੰਘ ਜੀ ਨੇ ਹੱਥ ਵਿਚ ਸੁੰਦਰ ਤਲਵਾਰ ਪਕੜੀ ਹੋਈ ਸੀ।

ਸਾਹਿਬ ਅਜੀਤ ਸਿੰਘ ਜੀ ਦੇ ਹੱਥ ਵਿਚ ਪਕੜੀ ਤਲਵਾਰ ਐਸੀ ਸੁੰਦਰ ਸੀ ਕਿ ਜ਼ੁਬਾਨ ਨਾਲ ਇਸਦੀ ਤਾਰੀਫ਼ ਜਾਂ ਸਿਫ਼ਤ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਸਾਹਿਬਜ਼ਾਦੇ ਦੀ ਤਲਵਾਰ ਵਿਚ ਏਨੀ ਤੇਜੀ ਅਤੇ ਫੁਰਤੀਲਾਪਨ ਸੀ ਕਿ ਜ਼ੁਬਾਨ ਵਿਚੋਂ ਸ਼ਬਦ ਵੀ ਏਨੀ ਜਲਦੀ ਨਹੀਂ ਨਿਕਲਦੇ ਜਿੰਨੀ ਜਲਦੀ ਇਹ ਤੇਗ਼[2] ਮਿਆਨ ਵਿਚੋਂ ਬਾਹਰ ਆ ਗਈ।

---

1. ਸਾਹਿਬਜ਼ਾਦਾ ਅਜੀਤ ਸਿੰਘ ਜੀ:- ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਮਾਤਾ ਸੁੰਦਰ ਕੌਰ ਜੀ ਦੀ ਕੁਖੋਂ ਹੋਇਆ। ਪ੍ਰਚਲਿਤ ਰਵਾਇਤ ਅਨੁਸਾਰ ਆਪ ਦੀ ਜਨਮ ਤਾਰੀਖ 7 ਜਨਵਰੀ 1687 ਮੰਨੀ ਜਾਂਦੀ ਹੈ। ਪ੍ਰੰਤੂ ਭੱਟ ਵਹੀਆਂ ਉਪਰ ਆਧਾਰਿਤ ਸ੍ਰੋਤਾਂ ਅਨੁਸਾਰ ਆਪ ਦਾ ਜਨਮ 26 ਜਨਵਰੀ 1687 ਨੂੰ ਪਾਉਂਟਾ ਸਾਹਿਬ ਵਿਖੇ ਹੋਇਆ। ਭੱਟ ਵਹੀਆਂ ਅਨੁਸਾਰ ਤਾਂ ਆਪ ਦਾ ਅਨੰਦ ਕਾਰਜ ਬੁਹਰਾਨਪੁਰ ਨਿਵਾਸੀ ਸੇਵਾ ਸਿੰਘ ਦੀ ਲੜਕੀ ਤਾਰਾ ਕੌਰ ਨਾਲ 17 ਨਵੰਬਰ 1704 ਨੂੰ ਹੋਇਆ ਤੇ ਬੇਟੇ ਹਠੀ ਸਿੰਘ ਨੇ 9 ਦਸੰਬਰ 1705 ਨੂੰ ਜਨਮ ਲਿਆ। ਸਤਿਗੁਰਾਂ ਦੇ ਚਾਰ*

ਸਾਹਿਬਜ਼ਾਦਿਆਂ ਵਿਚੋਂ ਸਾਹਿਬਜ਼ਾਦਾ ਅਜੀਤ ਸਿੰਘ ਸਭ ਤੇ ਵੱਡੇ ਸਨ। ਇਤਿਹਾਸ ਦੇ ਪੁਰਾਣੇ ਗ੍ਰੰਥਾਂ ਵਿਚ ਇਹਨਾਂ ਦਾ ਨਾਮ ਕਈ ਥਾਵੇਂ ਜੀਤ ਸਿੰਘ ਜਾਂ ਰਣਜੀਤ ਸਿੰਘ ਵੀ ਲਿਖਿਆ ਮਿਲਦਾ ਹੈ। ਜਿਵੇਂ ਕਵੀ ਸੈਨਾਪਤਿ ਨੇ ਗੁਰੂ ਸੋਭਾ ਵਿਚ ਲਿਖਿਆ ਹੈ:-

ਤਬ ਹੀ ਬਚਨ ਪਾਇ ਚੜ੍ਹਿਉ ਨਗਾਰਾ ਬਜਾਇ
ਸਾਰ ਭਯੋ ਜੀਤ ਸਿੰਘ ਜੁੱਧ ਕੇ ਕਰਨ ਕੋ।

ਜਾਂ ਤਾਹਿ ਸਮੇਂ ਕਾਰਨ ਕਰਨ ਲੀਨੋ ਸਿੰਘ ਬੁਲਾਇ॥
ਕਹੀ ਸਿੰਘ ਰਣਜੀਤ ਸੇ ਦੁਤਨ ਦੇਹੁ ਸਜਾਇ॥

ਅਤੇ ਗਜਨ ਕੀ ਸੁਧਿ ਬੁਧਿ ਗਈ ਭਯੋ ਜੁੱਧ ਜਬ ਜੋਰ
ਲਰਤ ਸਿੰਘ ਰਣਜੀਤ ਤਹਿ ਫਉਜ ਦਈ ਸਬ ਸੋਰ॥

ਬੰਸਾਵਲੀ ਨਾਮੇ ਵਿਚ ਭਾਈ ਕੇਸਰ ਸਿੰਘ ਛਿਬਾਰ ਨੇ ਇਨ੍ਹਾਂ ਦਾ ਨਾਮ ਜੀਤ ਸਿੰਘ ਵੀ ਲਿਖਿਆ ਹੈ:-

ਗਜੈ ਸਿੰਘ ਗਜਾ ਪੰਮਾ ਵਜੀਰ, ਏਹੁ ਦੋਨੋ ਆਇ ਲੜੇ॥
ਜੀਤ ਸਿੰਘ ਜੀ, ਜੁਝਾਰ ਸਿੰਘ, ਨਾਲ ਸਿੰਘ ਪੈਂਤੀ ਰਹੇ ਖੜੇ॥

ਸਾਹਿਬਜ਼ਾਦਾ ਅਜੀਤ ਸਿੰਘ ਦੇ ਜਨਮ ਸਮੇਂ ਗੁਰੂ ਪਰਿਵਾਰ ਅਤੇ ਸਿੱਖ ਸੰਗਤਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਉਸ ਅਵਸਰ ਤੇ ਸਾਰਿਆਂ ਨੇ ਬੇਹੱਦ ਖੁਸ਼ੀਆਂ ਮਨਾਈਆਂ। ਅਕਾਲ ਪੁਰਖ ਦਾ ਧੰਨਵਾਦ ਤੇ ਲੱਖ-ਲੱਖ ਸ਼ੁਕਰਾਨਾ ਕੀਤਾ ਗਿਆ। ਗਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਗੁਰੂ ਘਰ ਵੱਲੋਂ ਮਾਇਆ ਅਤੇ ਰਸਦਾ ਦੇ ਖੁੱਲੇ ਗੱਫੇ ਵਰਤਾਏ ਗਏ। ਵੈਸਾਖੀ ਸਮੇਂ ਗੁਰੂ ਪਰਿਵਾਰ ਦੇ ਹੋਰਨਾਂ ਮੈਂਬਰਾਂ ਸਮੇਤ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਵੀ ਅਮ੍ਰਿਤਪਾਨ ਕਰਵਾ ਕੇ ਸਿੰਘ ਸਜਾਇਆ ਗਿਆ।

ਸੰਭਵ ਹੈ ਸਾਹਿਬਜ਼ਾਦੇ ਦੇ ਬਚਪਨ ਸਮੇ ਦਾ ਲਾਡ ਦਾ ਨਾਮ ਜੀਤ ਸਿੰਘ ਹੀ ਹੋਵੇ। ਅੰਮ੍ਰਿਤਪਾਨ ਕਰਨ ਉਪਰੰਤ ਬਦਲ ਕੇ ਅਜੀਤ ਸਿੰਘ ਬਣਿਆ ਹੋਵੇ।

ਅੰਮ੍ਰਿਤਪਾਨ ਕਰਨ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਆਪਣੀ ਬਾਲ ਅਵੱਸਥਾ ਪਾਰ ਕਰਕੇ ਕਿਸ਼ੋਰ ਅਵਸਥਾ ਵਿਚ ਗੁਜ਼ਰ ਰਹੇ ਸਨ। ਆਪਣੇ ਪਰਿਵਾਰ ਦੀਆਂ ਮਹਾਨ ਗੌਰਵਮਈ ਪ੍ਰੰਪਰਾਵਾਂ ਅਨੁਸਾਰ ਅਤੇ ਆਪਣੇ ਮਹਾਨ ਪਿਤਾ ਮਹਾਬਲੀ ਸੂਰਬੀਰ ਯੋਧੇ ਅਤੇ ਸੰਤ ਸਿਪਾਹੀ ਗੁਰੂ ਪਿਤਾ ਦੇ ਨਕਸ਼ੇ ਕਦਮਾਂ ਉਪਰ ਚਲਦਿਆਂ ਆਪ ਨੇ ਬਚਪਨ ਤੋਂ ਹੀ ਗਿਆਨ ਅਤੇ ਆਤਮਿਕ ਬਲ ਦੀ ਅਗੰਮੀ ਦਾਤ ਪ੍ਰਾਪਤ ਕਰਨ ਦੇ ਨਾਲ ਨਾਲ ਸਰੀਰਿਕ ਕਸਰਤਾਂ ਦੁਆਰਾ ਸਰੀਰਿਕ ਬਲ ਧਾਰਨ ਲਈ ਘੋੜਸਵਾਰੀ ਗਤਕੇ ਬਾਜ਼ੀ, ਤੀਰ ਅੰਦਾਜ਼ੀ ਅਤੇ ਸ਼ਸ਼ਤਰ ਵਿਦਿਆ ਦੇ ਅਭਿਆਸ ਅਤੇ ਯੁੱਧ ਕਲਾ ਦੇ ਵਿਭਿੰਨ ਹੁਨਰਾਂ ਵਿਚ ਨਿਪੁੰਨਤਾ ਹਾਸਲ ਕਰਨੀ ਸ਼ੁਰੂ ਕੀਤੀ ਹੋਈ ਸੀ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਯੁੱਧ ਵਿਦਿਆ ਦੇ ਹੁਨਰ ਵਿਚ ਚੰਗੀ ਤਰ੍ਹਾਂ ਸੁਸਿਖਿੱਅਤ ਹੋ ਚੁੱਕੇ ਸਨ।

ਕਹਿਲੂਰ (ਬਿਲਾਸਪੁਰ) ਅਤੇ ਹੰਡੂਰ (ਨਾਲਾ ਗੜ੍ਹ) ਦੇ ਪਹਾੜੀ ਰਾਜਿਆਂ ਦੀਆਂ ਸਾਝੀਆਂ ਫ਼ੌਜਾਂ ਨਾਲ ਗੁਰੂ ਸਾਹਿਬਾਨ ਦੀ ਫ਼ੌਜ ਨੇ ਤਾਰਾ ਗੜ੍ਹ ਫਤਿਹ ਗੜ੍ਹ ਅਗੰਮ ਗੜ੍ਹ ਅਤੇ ਲੋਹਗੜ੍ਹ ਇਨ੍ਹਾਂ ਥਾਵਾਂ ਉਤੇ ਚਾਰ ਯੁੱਧ ਲੜੇ। ਇਹ ਲੜਾਈਆਂ ਚਾਰ ਦਿਨ ਤਕ ਜਾਰੀ ਰਹੀਆਂ। ਕਾਵਿ ਸੈਨਾਪਤੀ ਦੀ ਗਵਾਹੀ ਅਨੁਸਾਰ ਇਨ੍ਹਾਂ ਲੜਾਈਆਂ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਨੇ ਭਾਗ ਲਿਆ ਅਤੇ ਬੀਰਤਾ ਦੇ ਚੰਗੇ ਜੌਹਰ ਵਿਖਾਏ। ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਆਪਣੇ ਪਾਸ ਬੁਲਾ ਕੇ ਉਨ੍ਹਾਂ ਦੇ ਹੱਥ ਤਲਵਾਰ ਫੜਾਈ ਅਤੇ ਦੁਸ਼ਟ ਪਹਾੜੀਆਂ ਨੂੰ ਸਜਾ ਦੇਣ ਲਈ ਉਨ੍ਹਾਂ ਨੂੰ ਆਦੇਸ਼ ਦਿੱਤਾ ਕਵਿ ਸੈਨਾਪਤੀ ਲਿਖਦਾ ਹੈ:

ਗੋਬਿੰਦ ਸਿੰਘ ਤਾਹੀ ਸਮੈ ਲੀਨੋ ਸਿੰਘ ਬੁਲਾਇ।
ਦਿਯੋ ਖੜਗ ਕਰਿ ਤਾਸ ਕੇ, ਦੁਤਨ ਦਉ ਸਜਾਇ॥

ਕਬਿਤੁ॥ ਤਬ ਹੀ ਬਚਨ ਪਾਇ ਚੜ੍ਹਿਓ ਨਗਾਰਾ ਬਜਾਇ,
ਸਾਰ ਭਯੋ ਜੀਤ ਸਿੰਘ ਯੁੱਧ ਦੇ ਕਰਨ ਕੋ।
ਸਿੰਘਨ ਕੋ ਸਾਥ ਲਿਯੋ ਮੁਹਰੇ ਨਿਸ਼ਾਨ ਦਿਯੋ,
ਬਾਂਧਯੋ ਹੈ ਖੜਗ ਸੀਸ ਦੂਤ ਕੇ ਧਰਨ ਕੋ।
ਬਾਂਧੀ ਜਮਧਾਰ ਔਰ ਤਰਕਸ ਕਮਾਨ ਸੰਗਿ,
ਲੀਨੀ ਕਰਿ ਬਰਛੀ ਬਲ ਵੈਰੀ ਕੇ ਹਰਨ ਕੋ
ਬਾਵੇਂ ਕਰਿ ਢਾਲ ਲਈ ਘੋਰੇ ਅਸਵਾਰ ਚਯੋ,
ਗੋਬਿੰਦ ਸਿੰਘ ਸੰਗਿ ਜਾਤ ਗਵ ਸੋ ਲਰਨ ਕੋ॥

ਕਵਿ ਲਿਖਦਾ ਹੈ ਇਸ ਲੜਾਈ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਨੇ ਪਹਾੜੀ ਰਾਜਿਆਂ ਦੀ ਸੁਧਿ-ਬੁਧਿ ਭੁਲਾ ਦਿੱਤੀ, ਅਤੇ ਬੀਰਤਾ ਦੇ ਬੇਮਿਸਾਲ ਜੌਹਰ ਵਿਖਾਏ ਮਹਾਂਭਾਰੀ ਜੁੱਧ ਭਯੋ, ਖਬਰ ਤੀਨ ਲੋਕਨ ਭਈ।

ਗੋਬਿੰਦ ਸਿੰਘ ਸੁਤ ਇਵ ਲਰਤ, ਰਾਜਨ ਕੀ ਸੁਧਿ ਬੁਧਿ ਗਈ॥

ਦੋਹਰਾ॥

ਰਾਜਨ ਕੀ ਸੁਧਿ ਬੁਧਿ ਗਈ, ਭਯੋ ਜੁੱਧ ਜਬਜੋਰ
ਲਰਤ ਸਿੰਘ ਰਣਜੀਤ ਤਹਿ, ਫਉਜ ਦਈ ਸਬ ਮੋਰ॥

ਅਤੇ ਸਵੈਯਾ

ਗਾਜਤ ਸੂਰ ਮਹਾ ਰਨ ਮੈ, ਘਨ ਮੈ ਚਮਕੇ ਬਿਜਲੀ ਘਨਨਾਵੈ।
ਤਾਰਨ ਮੈ ਜਿੰਮ ਚੰਦ ਦਿਪੈ ਨ ਛਪੈ ਰਣਜੀਤ ਮਹਾਂ ਰਨ ਪਾਵੈ
ਭਾਨ ਪ੍ਰਕਾਸ਼ ਕਿਯੋ ਜੁ ਤਬੈ, ਨਿਸ ਭਾਜਤ ਹੈ ਤਿਹ ਨੇੜ ਨ ਆਏ
ਮਾਨੋ ਪ੍ਰਕਾਸ਼ ਕਿਯੋ ਜੁ ਤਬੈ ਸੈ ਬਾਜਿ ਸੁ,

ਯੇ ਦਾਨ ਰਾਜਨ ਕੇ ਬਿਚਲਾਵੈ॥

ਕਿਹਾ ਜਾਂਦਾ ਹੈ ਕਿ ਸਹਿਬਜ਼ਾਦਾ ਅਜੀਤ ਸਿੰਘ ਨੇ ਕਲਮੋਟ ਦੇ ਯੁੱਧ ਵਿਚ ਭਾਗ ਲਿਆ ਸੀ। ਇਸ ਪਿੰਡ ਦਾ ਸਹੀ ਨਾਮ ਖੇੜਾ ਕਲਮੋਟ ਹੈ ਜੋ ਤਹਿਸੀਲ ਊਨਾ ਜ਼ਿਲਾ ਹੁਸ਼ਿਆਰਪੁਰ ਵਿਚ ਸਥਿਤ ਸੀ।

ਹੁਸ਼ਿਆਰਪੁਰ ਜ਼ਿਲ੍ਹੇ ਦੇ ਕਿਸੇ ਪਿੰਡ ਦੇ ਦੇਵ ਦਾਸ ਨਾਂ ਦਾ ਇਕ ਬ੍ਰਾਹਮਣ ਫਰਿਆਦੀ ਬਣ ਕੇ ਆਨੰਦਪੁਰ ਸਾਹਿਬ ਵਿਚੇ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਉਸ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਉਹ ਆਪਣੀ ਵਹੁਟੀ ਦਾ ਮੁਕਲਾਵਾਂ ਕੇ ਆਪਣੇ ਪਿੰਡ ਜਾ ਰਿਹਾ ਸੀ ਕਿ ਰਸਤੇ ਵਿਚ ਬੱਸੀ ਦੇ ਪਠਾਣ ਜਬਰ ਖਾਂ ਨੇ ਧੱਕੇ ਧੱਕੇ ਨਾਲ ਉਸਦੀ ਬ੍ਰਾਹਮਣੀ ਆਪਣੇ ਕਬਜ਼ੇ ਕਰ ਲਈ। ਗੁਰੂ ਸਾਹਿਬ ਨੇ ਉਸਦੀ ਦਰਦਨਾਕ ਵਿਥਿਆ ਸੁਣ ਕੇ ਉਸ ਉਪਰ ਪਸੀਜ ਦੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਨ ਹੇਠ ਸੌ ਸਿੰਘਾਂ ਦੇ ਇਕ ਫ਼ੌਜੀ ਦਸਤਾ ਜਬਰ ਖਾਂ ਵਿਰੁੱਧ ਚੜ੍ਹਾਈ ਕਰਨ ਲਈ ਬੱਸੀ ਪਿੰਡ ਵਿਚ ਭੇਜਿਆ। ਸਾਹਿਬਜ਼ਾਦਾ ਅਜੀਤ ਸਿੰਘ ਉਨ੍ਹਾਂ ਸਿੰਘਾਂ ਸਮੇਤ ਜਾਬਰ ਦੀ ਹਵੇਲੀ ਦਾ ਬੂਹਾ ਤੋੜ ਕੇ ਉਸ ਵਿਚ ਦਾਖਲ ਹੋ ਗਿਆ। ਉਨ੍ਹਾਂ ਨੇ ਜਬਰ ਖਾਂ ਦੇ ਪੰਜੇ ਵਿਚੋਂ ਉਸ ਬ੍ਰਾਹਮਣੀ ਨੂੰ ਛੁਡਵਾ ਕੇ ਉਸਦੇ ਪਤੀ ਦੇ ਹਵਾਲੇ ਕੀਤਾ ਉਨ੍ਹਾਂ ਨੇ ਜਬਰ ਖਾਂ ਦੀ ਮੁਸ਼ਕਾਂ ਬੰਨ ਕੇ ਉਸ ਨੂੰ ਖੋਤੇ ਤੇ ਲਦਕੇ ਆਨੰਦਪੁਰ ਸਾਹਿਬ ਵਿਖੇ ਗੁਰੂ ਦਰਬਾਰ ਵਿਚ ਪੇਸ਼ ਕੀਤਾ। ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਦੁਆਰਾ ਸੂਝ-ਬੂਝ ਨਾਲ ਇਸ ਮੁਹਿੰਮ ਨੂੰ ਸਰ ਕੀਤੇ ਜਾਣ ਦੇ ਹਾਰਦਿਕ ਪ੍ਰਸੰਨਤਾ ਦਾ ਪ੍ਰਗਟਾਵਾ ਕੀਤਾ। ਜਬਰ ਖਾਂ ਨੂੰ ਉਸਦੀ ਵਹਿਸ਼ੀ ਹਰਕਤ ਲਈ ਢੁਕਵੀਂ ਸਜ਼ਾ ਦਿੱਤੀ ਗਈ ਅਤੇ ਦੇਵਦਾਸ ਬ੍ਰਾਹਮਣ ਨੂੰ ਉਸਦੀ ਬ੍ਰਾਹਮਣੀ ਸਮੇਤ ਵਿਦਾ ਕਰ ਦਿੱਤਾ। ਇਉਂ ਹੀ ਆਨੰਦਪੁਰ ਦੀਆਂ ਪਹਿਲੀਆਂ ਤਿੰਨ ਜੰਗਾਂ ਸਮੇਂ ਵੀ ਸਾਹਿਬਜ਼ਾਦਾ ਅਜੀਤ ਸਿੰਘ ਸਮੇਂ ਸਮੇਂ ਵੈਰੀ ਦਲਾਂ ਨਾਲ ਜੂਝਦੇ ਰਹੇ।

ਆਨੰਦਪੁਰ ਸਾਹਿਬ ਦੀ 1705 ਈ: ਦੀ ਚੌਥੀ ਅਤੇ ਆਖਰੀ ਜੰਗ ਸਮੇਂ ਔਰੰਗਜ਼ੇਬ ਦੀਆਂ ਸਖਤ ਹਦਾਇਤਾਂ ਦੀ ਪਾਲਣਾ ਵਜੋਂ ਸ਼ਾਹੀ ਫੌਜਾਂ ਅਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫ਼ੌਜਾਂ ਦੇ ਟਿੱਡੀ ਦਲਾਂ ਨੇ ਲਗਾਤਾਰ ਅੱਠ ਮਹੀਨੇ ਤੱਕ ਆਨੰਦਪੁਰ ਸਾਹਿਬ ਦੀ ਸਖਤ ਘੇਰੀ ਬੰਦੀ ਰੱਖੀ। ਫਿਰ ਵੀ ਉਹ ਕਿਲ੍ਹਾ ਸਰ ਕਰਨ ਵਿਚ ਸਫ਼ਲ ਨਾ ਹੋਏ। ਆਖਿਰ ਪਹਾੜੀ ਰਾਜਿਆਂ ਅਤੇ ਮੁਗ਼ਲ ਹਾਕਮਰਾਨਾ ਨੇ ਗੁਰੂ ਜੀ ਪਾਸੋਂ ਧੋਖੇ ਅਤੇ ਮੱਕਾਰੀ ਨਾਲ ਕਿਲ੍ਹਾ ਖਾਲੀ ਕਰਵਾਉਣ ਦੀ ਯੋਜਨਾ ਰਚੀ। ਕੁਰਾਨ ਉਪਰ ਹੱਥ ਰੱਖ ਕੇ ਅਤੇ ਆਟੇ ਦੀਆਂ ਗਊਆਂ ਬਣਾ ਕੇ ਇਹ ਵਿਸ਼ਵਾਸ ਦਿਵਾਉਣ ਦੇ ਯਤਨ ਕੀਤੇ ਗਏ ਕਿ ਅਗਰ ਗੁਰੂ ਗੋਬਿੰਦ ਸਿੰਘ ਕੁਝ ਸਮੇਂ ਲਈ ਕਿਲ੍ਹਾ ਖਾਲੀ ਕਰਕੇ ਉਥੋਂ ਚਲੇ ਜਾਣ ਤਾਂ ਉਨ੍ਹਾਂ ਨੂੰ ਕਿਸੇ ਕਿਸਮ ਦੀ ਹਾਨੀ ਨਹੀ ਪਹੁੰਚਾਈ ਜਾਵੇਗੀ, ਨਾ ਹੀ ਉਨ੍ਹਾਂ ਲਈ ਰਸਤੇ ਵਿਚ ਕਿਸੇ ਕਿਸਮ ਦੀਆਂ ਮੁਸ਼ਕਲਾਂ ਪੈਦਾ ਕੀਤੀਆਂ ਜਾਣਗੀਆਂ। ਗੁਰੂ ਜੀ ਨੂੰ ਵਿਰੋਧੀਆਂ ਦੀਆਂ ਝੂਠੀਆਂ ਕਸਮਾਂ ਉਤੇ ਉੱਕਾ ਵੀ ਵਿਸ਼ਵਾਸ ਨਹੀ ਸੀ। ਪਰ ਕਿਲ੍ਹੇ ਵਿਚ ਘਿਰੇ ਹੋਏ ਸਿੰਘਾਂ ਦੇ ਮਜਬੂਰ ਕਰਨ ਤੇ ਆਖਰ ਗੁਰੂ ਜੀ ਨੇ ਕਿਲ੍ਹਾ ਖਾਲੀ ਕਰਨ ਦਾ ਫੈਸਲਾ ਕਰ ਲਿਆ।

ਇਸ ਤਰ੍ਹਾਂ ਆਨੰਦਪੁਰ ਸਾਹਿਬ ਦੀ ਉਸ ਪਵਿੱਤਰ ਨਗਰੀ ਨੂੰ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਯੂ ਦੇ ਲਗ-ਪਗ ਤੀਹ ਸਾਲ ਗੁਜ਼ਾਰੇ ਸਨ ਜਿਥੇ ਗੁਰੂ ਜੀ ਦੇ ਚੋਹਾਂ ਸਾਹਿਬਜ਼ਾਦਿਆਂ ਦਾ

ਜਨਮ ਹੋਇਆ ਜਿਥੇ ਗੁਰੂ ਜੀ ਦੇ ਮਹਿਲ ਮਾਤਾ ਜੀਤੋ ਜੀ ਨੇ ਆਪ ਨੂੰ ਸਦੀਵੀ ਵਿਛੋੜਾ ਦਿੱਤਾ, ਜਿਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਸੀਸ ਦਾ ਸੰਸਕਾਰ ਕੀਤਾ ਗਿਆ ਜਿਸ ਇਤਿਹਾਸਿਕ ਸਥਾਨ ਨਾਲ ਆਪ ਜੀ ਦੇ ਜੀਵਨ ਦੀਆਂ ਹੋਰ ਮਹੱਤਵਪੂਰਨ ਘਟਨਾਵਾਂ ਸੰਬੰਧਿਤ ਸਨ। ਉਸ ਸਥਾਨ ਨੂੰ ਆਪ ਜੀ ਨੇ 5-6 ਦਸੰਬਰ ਸੰਨ 1705 ਦੀ ਰਾਤ ਨੂੰ ਅੰਤਮ ਅਲਵਿਦਾ ਆਖੀ।

ਧੋਖੇਬਾਜ ਅਤੇ ਮੱਕਾਰ ਵੈਰੀ ਨਾਲ ਆਪ ਨੂੰ ਸਰਸਾ ਨਦੀ ਪਾਰ ਕਰਨ ਸਮੇਂ ਭਿਆਨਕ ਯੁੱਧ ਕਰਨਾ ਪਿਆ। ਇਸ ਯੁੱਧ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਨੇ ਵੈਰੀ ਦਲਾਂ ਦੇ ਚੰਗੇ ਆਹੂ ਲਾਹੇ। ਇਥੇ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ।

ਛੋਟੇ ਦੋ ਸਾਹਬਿਜ਼ਾਦੇ ਅਤੇ ਸਤਿਗੁਰਾਂ ਦੇ ਬਿਰਧ ਮਾਤਾ ਉਹਨਾਂ ਦੇ ਅਕ੍ਰਿਤਘਣ ਬ੍ਰਾਹਮਣ ਗੰਗੂ ਰਸੋਈਏ ਨਾਲ ਉਸਦੇ ਪਿੰਡ ਸਹੇੜੀ ਵਲ ਚਲੇ ਗਏ। ਜਿਥੇ ਉਸ ਬੇਈਮਾਨ ਬ੍ਰਾਹਮਣ ਨੇ ਉਨ੍ਹਾਂ ਦਾ ਸਾਰਾ ਮਾਲ ਅਸਬਾਬ ਚੋਰੀ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਗੁਰੂ ਸਾਹਿਬ ਦੇ ਮਹਲ ਭਾਈ ਮਨੀ ਸਿੰਘ ਅਤੇ ਭਾਈ ਜਵਾਹਰ ਸਿੰਘ ਆਦਿ ਕੁਝ ਸਿੰਘਾਂ ਸਮੇਤ ਦਿੱਲੀ ਵਲ ਚਲੇ ਗਏ। ਗੁਰੂ ਜੀ ਦੋ ਵੱਡੇ ਸਾਹਿਬਜ਼ਾਦੇ ਅਤੇ ਕੁਝ ਸਿੰਘਾਂ ਸਮੇਤ ਲੜਦੇ ਭਿੜਦੇ 7 ਦਿਸੰਬਰ ਨੂੰ ਚਮਕੌਰ ਦੀ ਕੱਚੀ ਗੜ੍ਹੀ ਵਿਚ ਪੁੱਜੇ ਜਿਸ ਕੱਚੀ ਗੜ੍ਹੀ ਨੂੰ ਦਸ ਲੱਖ ਮੁਲਖਈਏ ਨੇ ਘੇਰੇ ਵਿਚ ਲੈ ਲਿਆ ਜ਼ਫ਼ਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ-

ਗੁਰਸਨਹ ਚਿ ਕਾਰੇ ਕੁਨਦ ਚਿਹਲ ਨਰ॥
ਕਿ ਦਹ ਲਖ ਬਰ ਆਯਦ ਬਰੋ ਬੇਖ਼ਬਰ॥

7 ਦਿਸੰਬਰ ਨੂੰ ਇਸ ਗੜ੍ਹੀ ਦੁਆਲੇ ਹੋਏ ਯੁੱਧ ਸਮੇਂ ਵੈਰੀਆਂ ਸਨਮੁੱਖ ਜੂਝਦਿਆਂ ਸਾਹਿਬਜਾਦਾ ਅਜੀਤ ਸਿੰਘ ਜੀ ਅਤੇ ਸਾਹਿਬਜਾਦਾ ਜੁਝਾਰ ਸਿੰਘ ਜੀ ਨੇ ਸ਼ਹਾਦਤ ਦੇ ਜਾਮ ਪੀਤੇ। ਜਿਸ ਸਮੇਂ ਗੁਰੂ ਜੀ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਗੜ੍ਹੀ ਤੋਂ ਬਾਹਰ ਯੁੱਧ ਲਈ ਭੇਜਦੇ ਹਨ ਉਸ ਸਮੇਂ ਦਾ ਵਰਨਣ ਕਵਿ ਸੈਨਾਪਤਿ ਨੇ ਇਸ ਤਰ੍ਹਾਂ ਕੀਤਾ ਹੈ:-

ਦੋਹਰਾ॥

ਤਾਹਿ ਸਮੈ ਕਾਰਨ ਕਰਨ, ਲੀਨੋ ਸਿੰਘ ਬੁਲਾਇ।
ਕਹੀ ਸਿੰਘ ਰਣਜੀਤ ਸੋਂ, ਦੂਤਨ ਦੇਹੁ ਸਜਾਇ।
ਬਿਨਉ ਕਰੀ ਕਰਿ ਜੋਰਿ ਕੈ ਖੁਸੀ ਰਹਉ ਕਰਤਾਰ।
ਕਰਉ ਬੀਰ ਸੰਗ੍ਰਾਮ ਮੈ, ਦੇਖਉ ਆਪਿ ਨਿਹਾਰਿ॥

ਉਸ ਸਮੇਂ ਚੜ੍ਹਦੀ ਜਵਾਨੀ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦੀ ਡੁੱਲ-ਡੁੱਲ ਪੈਂਦੀ ਸੁੰਦਰਤਾ ਦਾ ਵਰਨਣ ਗਿਆਨੀ ਗਿਆਨ ਸਿੰਘ ਜੀ ਆਪਣੇ ਇਨ੍ਹਾਂ ਸ਼ਬਦਾਂ ਦੁਆਰਾ ਕਰਦੇ ਹਨ—

ਗੁਰ ਬਾਲਕ ਬਾਲਕ ਰੂਪ ਅਨੂਪਰਾ। ਅੰਗਨ ਪੇਖ ਅਨੰਗਾ ਸੁ ਲਾਜੈ।
ਅਤਿ ਛੈਲ ਛਬੀਲੇ ਛਟੇ ਛਪ ਛੂੰਗਨ ਛੋਭ ਛਕੇ ਛਤ੍ਰੀ ਛਿਤ ਛਾਜੈ।
ਰਖ ਤਾਲਕ ਖਾਲਕ ਮਾਲਕ ਸੋ ਆਰਿ ਗਾਲਕ ਪਾਲਕ ਹਿੰਦ ... ਾਜੈ।

ਜਨ ਕੇਦਰ ਅੰਦਰ ਤੈ ਨਿਕਸੇ, ਮਰਗਿੰਦ ਨਿਹਾਰ ਗਜਿੰਦ ਸਮਾਜੈ।

ਜੋਗੀ ਅੱਲ੍ਹਾ ਯਾਰ ਖ਼ਾਂ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਅੱਖਾਂ ਸਾਹਮਣੇ ਹੋਈ ਸ਼ਹਾਦਤ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ।

ਦਿਲਬੰਦ ਨੇ ਤਲਵਾਰ ਸੇ ਤਸਲੀਮ ਬਜਾਈ
ਗਰਦਨ ਪਇ-ਆਦਾਬ ਦਿਲਾਵਰ ਨੇ ਝੁਕਾਈ
ਇਸ ਵਕਫ਼ਾ ਮੇਂ ਉਮੜ ਸਿਤਮ ਆਰਾ ਉਪੱਡ ਆਈ।
ਬਰਛੀ ਕਿਸੀ ਬਦਬਖ਼ਤ ਨੇ ਪੀਛੇ ਸੇ ਲਗਾਈ।

ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਾਗ ਦੀ ਅੱਧ ਖਿੜੀ ਕਲੀ ਨੂੰ ਖਿੜਨ ਅਤੇ ਮਹਕਾਂ ਖਿਲਾਰਨ ਤੋਂ ਪਹਿਲਾਂ ਹੀ ਵਹਿਸ਼ੀ ਹਕੂਮਤ ਦੇ ਜਾਲਮ ਜਰਵਾਣਿਆਂ ਨੇ ਮਧੋਲ ਸੁੱਟਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਵਿਚ ਔਰੰਗਜੇਬ ਨੂੰ ਲਿਖਿਆ

ਕਿ ਮਰਦੀ ਕਿ ਅਖ਼ਗਰ ਖ਼ਮੋਸ਼ਾ ਕੁਨੀ॥
ਕਿ ਆਤਸ਼ ਦਮਾਂ ਰਾ ਬਦੋਸ਼ਾਂ ਗ ਕੁਨੀ॥

ਔਰੰਗਜ਼ੇਬ ! ਤੇਰੀ ਇਹ ਕੀ ਬਹਾਦਰੀ ਹੈ। ਕਿ ਤੂੰ ਇਨ੍ਹਾਂ ਚਾਰ ਚੰਗਿਆੜੀਆਂ ਨੂੰ ਬੁਝਾਂ ਕੇ ਅੱਗ ਦੇ ਤੇਜ ਭਾਂਬੜ ਨੂੰ ਪ੍ਰਜਵੱਲਤ ਕੀਤਾ ਹੈ। ਨਿਰਸੰਦੇਹ ਖਾਲਸਈ ਰੋਹ ਦੀ ਉਸ ਭਿਆਨਕ ਜਵਾਲਾ ਨੇ ਆਖਿਰ ਨੂੰ ਮੁਗਲ ਹਕੂਮਤ ਦਾ ਮਲੀਅਮੇਟ ਕਰ ਸੁੱਟਿਆ।

*ਭੱਟ ਵਹੀ ਸਰੋਤ :- ਸਾਹਿਬ ਅਜੀਤ ਸਿੰਘ ਦੇ ਵਿਆਹ ਸੰਬੰਧੀ :-

ਅਜੀਤ ਸਿੰਘ, ਬੇਟਾ ਗੁਰੂ ਗੋਬਿੰਦ ਸਿੰਘ ਮਹਿਲ ਦਸਮੇ ਕਾ, ਪੋਤਾ ਗੁਰੂ ਤੇਗ ਬਹਾਦਰ ਜੀ ਕਾ, ਪੜਪੋਤਾ ਗੁਰੂ ਹਰਿਗੋਬਿੰਦ ਜੀ ਕਾ, ਬੰਸ ਗੁਰੂ ਅਰਜਨ ਜੀ ਕੀ, ਸੂਰਜਬੰਸੀ ਗੋਸਲ ਸੋਢੀ ਖੱਤਰੀ, ਬਾਸੀ ਅਨੰਦਪੁਰ ਪਰਗਨਾ ਕਹਿਲੂਰ ਕਾ ਬਿਆਹ ਤਾਰਾ ਬਾਈ ਬੇਟੀ ਸੇਵਾ ਸਿੰਘ ਸੇ ਸਾਲ ਸਤਰਾਂ ਸੈ ਇਕਾਹਟ ਮਾਘ ਸੁਦੀ ਏਕਮ ਦੇ ਦਿਵਸ ਕਿਲ੍ਹਾ ਅਨੰਦਗੜ੍ਹ ਮੇ ਹੂਆ। ਗੁਰੂ ਕੀ ਕੜਾਹੀ ਕੀ(ਭੱਟ ਵਹੀ ਪੂਰਬੀ ਦੱਖਣੀ)

2. ਤੇਗ:- ਤੇਗ ਫ਼ਾਰਸੀ ਜ਼ੁਬਾਨ ਦਾ ਸ਼ਬਦ ਹੈ ਜਿਸਦਾ ਅਰਥ ਹੈ, ਫ਼ੋਲਾਦ ਦਾ ਜੌਹਰ। ਸੂਰਜ ਦੀ ਰੌਸ਼ਨੀ ਵਾਸਤੇ ਵੀ ਤੇਗ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

79.

ਕਵੀ ਵਲੋਂ ਸਾਹਿਬ ਅਜੀਤ ਸਿੰਘ ਜੀ ਦੀ ਤਲਵਾਰ ਦੀ ਸਿਫ਼ਤ:-

ਕਿਸ ਮੂੰਹ ਮੇ ਕਰੂੰ ਤੇਗ਼ਿ-ਖ਼ਮਦਾਰ ਕੀ ਤਾੱਰੀਫ਼।
ਗੋਬਿੰਦ ਕੀ ਬਖ਼ਸ਼ੀ ਹੂਈ ਤਲਵਾਰ ਕੀ ਤਾੱਰੀਫ਼।
ਪੁਰਕਾਲਾਇ-ਆਤਿਸ਼ ਕੀ ਸ਼ੱਰਰਬਾਰ ਕੀ ਤਾੱਰੀਫ਼।
ਬਾਂਕੀ ਕੀ, ਨੁਕੀਲੀ ਕੀ, ਤਰਹਦਾਰ ਕੀ ਤਾੱਰੀਫ਼।

ਥੀ ਦੋਸ਼ ਪਿ ਸ਼ਮਸ਼ੀਰ ਯਾ ਕਾਂਧੈ ਪਿ ਪਰੀ ਥੀ।
ਥੀ ਤਿਸ਼ਨਾਇ-ਖ਼ੂੰ ਇਸ ਲੀਏ ਗੁਸੇ ਮੇ ਭਰੀ ਥੀ।

ਅਰਥ:- ਤੇਗ਼ਿ-ਖ਼ਮਦਾਰ - ਡਾਟ ਵਰਗੀ ਟੇਢੀ ਤਲਵਾਰ, ਪੁਰਕਾਲਾਇ-ਆਤਿਸ਼- ਅੱਗ ਦੀ ਲਾਟ - ਅੱਗ ਦਾ ਟੁਕੜਾ, ਸ਼ਰਰਬਾਰ - ਚੰਗਿਆੜੇ ਸੁਟਣ ਵਾਲੀ ਤਰਹਦਾਰ ਅਜੀਬ, ਖ਼ਾਸ ਘਾੜਤ ਵਾਲੀ, ਦੋਸ਼ - ਮੋਢਾ, ਕਾਂਧੈ - ਮੋਢਾ, ਤਿਸ਼ਨਾਇ-ਖ਼ੂੰ - ਰੱਤ ਦੀ ਪਿਆਸੀ, ਖ਼ੂਨ ਦੀ ਤ੍ਰਿਹਾਈ

ਅਰਥਾਤ:- ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਬਖ਼ਸ਼ੀ ਹੋਈ ਡਾਟ ਵਰਗੇ ਟੇਢੇ ਅਕਾਰ ਵਾਲੀ ਖ਼ਾਸ ਤਲਵਾਰ ਦੀ ਸਿਫ਼ਤ ਨੂੰ ਸ਼ਬਦਾਂ ਨਾਲ ਨਹੀਂ ਲਿਖਿਆ ਜਾ ਸਕਦਾ ਹੈ ਅਤੇ ਨਾ ਹੀ ਜ਼ੁਬਾਨ ਨਾਲ ਬਿਆਨ ਕੀਤਾ ਜਾ ਸਕਦਾ ਹੈ। ਤਲਵਾਰ ਕੀ ਉਹ ਤਾਂ ਅੱਗ ਦੀਆਂ ਚੰਗਿਆੜੀਆਂ ਸੁੱਟਣ ਵਾਲੀ ਅਜੀਬੋ ਗਰੀਬ ਅਗਨ-ਲਾਟ ਪ੍ਰਤੀਤ ਹੁੰਦੀ ਸੀ। ਇੰਨੀ ਤਿੱਖੀ, ਫੁਰਤੀਲੀ ਅਤੇ ਖ਼ਾਸ ਘਾੜਤ (ਅਕਾਰ) ਵਾਲੀ ਤਲਵਾਰ ਦੀ ਤਾੱਰੀਫ਼ ਤਾਂ ਕੀਤੀ ਹੀ ਨਹੀਂ ਜਾ ਸਕਦੀ ਹੈ।

ਸਾਹਿਬਜ਼ਾਦੇ ਦੇ ਮੋਢੇ ਉਪਰ ਰੱਖੀ ਚਮਕਦਾਰ ਅਤੇ ਸੁੰਦਰ ਤਲਵਾਰ ਪਰੀ ਵਾਂਗ ਸੋਭ ਰਹੀ ਸੀ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਵੈਰੀ ਦੀ ਰੱਤ ਦੀ ਪਿਆਸੀ ਤਲਵਾਰ ਗੁੱਸੇ ਨਾਲ ਭਰੀ ਪਈ ਹੋਵੇ।

80.

ਅਜ਼ ਦੀਦਾ-ਇ-ਜ਼ੌਹਰ ਇਸੇ ਦੇਖਾ, ਉਸੇ ਦੇਖਾ।
ਕੁਛ ਦੇਰ ਬਰਾਬਰ, ਇਸੇ ਦੇਖਾ, ਉਸੇ ਦੇਖਾ।
ਪਹਿਲੂ ਕੋ ਬਦਲ ਕਰ, ਇਸੇ ਦੇਖਾ, ਉਸੇ ਦੇਖਾ।
ਸਦਕੇ ਹੁਈ ਸਰ ਪਰ, ਇਸੇ ਦੇਖਾ, ਉਸੇ ਦੇਖਾ।

ਅਬ ਕਿਆ ਥਾ, ਗਿਰੀ ਬਰਕਿ-ਬਲਾ ਬਨ ਕੇ ਗਿਰੀ ਵੁਹ।
ਮੂੰਹ ਫਿਰ ਗਏ ਲਾਖੋਂ ਹੀ ਕੇ ਜਿਸ ਸੱਮਤ ਗਿਰੀ ਵੁਹ।

ਸ਼ਬਦ ਅਰਥ:- ਦੀਦਾਇ ਜ਼ੌਹਰ- ਹਕੀਕੀ ਅੱਖ ਨਾਲ, ਬਰਕਿ-ਬਲਾ - ਅਸਮਾਨੀ ਬਿਜਲੀ ਵਰਗੀ ਖ਼ੌਫਨਾਕ, ਸੱਮਤ - ਪਾਸੇ

ਅਰਥਾਤ:- ਇੰਝ ਲਗਦਾ ਜਿਵੇਂ ਤਲਵਾਰ ਹਕੀਕੀ ਅੱਖ ਨਾਲ ਇਧਰ ਉਧਰ ਵੇਖ ਰਹੀ ਹੋਵੇ। ਕੁਝ ਸਮਾਂ ਕਿਸੇ ਪਾਸੇ ਰੁਖ ਕਰਦੀ, ਅਤੇ ਫਿਰ ਦੂਸਰੇ ਪਾਸੇ। ਇੰਝ ਲਗਦਾ ਸੀ ਜਿਵੇਂ ਦੁਸ਼ਮਣ ਦੇ ਖ਼ੂਨ ਦੀ ਪਿਆਸੀ ਸ਼ਮਸ਼ੀਰ ਵੱਖ-ਵੱਖ ਦਿਸ਼ਾਵਾਂ ਤੋਂ ਵੈਰੀ ਤੇ ਨਜ਼ਰ ਰੱਖ ਰਹੀ ਹੋਵੇ। ਜਿਸ ਵੀ ਵੈਰੀ ਵੱਲ ਨਜ਼ਰ ਕਰਦੀ ਉਸ ਨੂੰ ਤਬਾਹ ਕਰ ਦਿੰਦੀ।

ਬਸ ਫਿਰ ਕੀ ਸੀ? ਵੈਰੀ ਦਲਾਂ ਉਪਰ ਸਾਹਿਬਜ਼ਾਦੇ ਦੀ ਤਲਵਾਰ ਅਸਮਾਨੀ ਬਿਜਲੀ ਵਾਂਗ ਕਹਿਰ ਢਾਅ ਰਹੀ ਸੀ। ਜਿਸ ਵੀ ਪਾਸੇ ਵੱਲ ਇਸ ਤਲਵਾਰ ਨੇ ਮੂੰਹ ਕੀਤਾ, ਲੱਖਾਂ ਹੀ ਵੈਰੀਆਂ ਦਾ ਮੂੰਹ ਭੰਨ ਦਿੱਤਾ।

81.

ਕਹਤੇ ਥੇ ਅੱਦੂਅ, "ਬਰਕ ਹੈ ਤਲਵਾਰ ਨਹੀਂ ਹੈ।
ਇਸ ਕਾਟ ਕਾ ਦੇਖਾ ਕਭੀ ਹਥੀਆਰ ਨਹੀਂ ਹੈ।
ਨੌ-ਮਸ਼ਕ ਜਵਾਂ ਯਿਹ ਕੋਈ ਜ਼ਿਨਹਾਰ ਨਹੀਂ ਹੈ।
ਸਤਿਗੁਰ ਕੇ ਯਿਹ ਫਰਜੰਦਿ, ਵਫ਼ਾਦਾਰ ਨਹੀਂ ਹੈ।

ਲਲਕਾਰੇ 'ਅਜੀਤ' ਔਰ ਮੁਖ਼ਾਤਿਬ ਹੂਏ ਸਭ ਸੇ।
ਫ਼ੁਰਮਾਏ ਅਦੂਅ ਸੇ, "ਨ ਨਿਕਲ ਹੱਦਿ-ਅਦਬ ਸੇ।

ਸ਼ਬਦ ਅਰਥ:- ਅੱਦੂਅ - ਦੁਸ਼ਮਣ, ਬਰਕ - ਅਸਮਾਨੀ ਬਿਜਲੀ, ਕਾਟ - ਸ਼ਕਲ, ਸਰੂਪ, ਨੌ- ਮਸ਼ਕ - ਨਵਾਂ ਅਭਿਆਸੀ, ਜ਼ਿਨਹਾਰ - ਬਿਲਕੁਲ ਨਹੀਂ, ਫਰਜੰਦਿ - ਬੇਟਾ, ਵਫ਼ਾਦਾਰ - ਸੇਵਕ, ਨੌਕਰ, ਖ਼ੈਰਖਾਹ, ਮੁਖ਼ਾਤਿਬ - ਵਲ ਮੂੰਹ ਕਰਕੇ ਫ਼ੁਰਮਾਇਆ, ਹੱਦਿ-ਅਦਬ - ਸਤਿਕਾਰ ਦੀ ਸੀਮਾ, ਹੱਦ।

ਅਰਥਾਤ:- ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਆਹੂ ਲਾਹੁੰਦੀ ਤਲਵਾਰ ਨੂੰ ਵੇਖ ਕੇ ਦੁਸ਼ਮਣ ਵੀ ਕਹਿ ਰਿਹਾ ਸੀ ਕਿ ਇਹ ਸ਼ਮਸ਼ੀਰ ਨਹੀਂ ਬਲਕਿ ਅਸਮਾਨੀ ਬਿਜਲੀ ਹੈ ਜੋ ਦੁਸ਼ਮਣ ਉਪਰ ਆਫ਼ਤ ਬਣ ਕੇ ਡਿੱਗ ਰਹੀ ਹੈ। ਅਸੀਂ ਅਜੇ ਤੱਕ ਇਸ ਤਰ੍ਹਾਂ ਦਾ ਮਾਰੂ ਹਥਿਆਰ ਨਹੀਂ ਵੇਖਿਆ। ਇਹ ਸਾਹਿਬਜ਼ਾਦਾ ਜੋ ਮੈਦਾਨੇ ਜੰਗ ਵਿਚ ਜੌਹਰ ਦਿਖਾ ਰਿਹਾ ਹੈ ਕੋਈ ਨਵਾਂ ਅਭਿਆਸੀ ਨਹੀਂ ਹੈ ਬਲਕਿ ਜੰਗੀ ਕਰਤਬਾਂ ਵਿਚ ਮਾਹਿਰ ਯੋਧਾ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੋਣ ਸਪੁੱਤਰ ਅਜੀਤ ਸਿੰਘ ਨਾ ਕਿ ਫ਼ੌਜ ਦਾ ਸਿਪਾਹੀ।

ਏਨੇ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਸਾਰੇ ਵੈਰੀ ਲਸ਼ਕਰ ਨੂੰ ਲਲਕਾਰ ਕੇ ਕਿਹਾ, "ਸਤਿਕਾਰ ਦੀ ਸੀਮਾ ਪਾਰ ਨਾ ਕਰੋ, ਬੇਅਦਬ ਨਾ ਬੋਲੋ।"*

**ਕਵੀ ਅਨੁਸਾਰ ਸਾਹਿਬਜ਼ਾਦੇ ਨੇ ਦੁਸ਼ਮਣ ਨੂੰ ਇਸ ਕਰਕੇ ਅਦਬ ਨਾਲ ਬੋਲਣ ਲਈ ਕਿਹਾ ਕਿਉਂਕਿ ਦੁਸ਼ਮਣ ਦਲ ਦੇ ਸਿਪਾਹੀ ਕਹਿ ਰਹੇ ਸਨ ਕਿ ਇਹ (ਸਾਹਿਬਜ਼ਾਦਾ) ਗੁਰੂ ਸਾਹਿਬ ਦੀ ਫ਼ੌਜ ਦਾ ਸਿਪਾਹੀ ਨਹੀਂ ਬਲਕਿ ਗੁਰੂ ਸਾਹਿਬ ਦਾ ਸਪੁੱਤਰ ਹੈ ਜਦੋਂ ਕਿ ਗੁਰੂ ਸਾਹਿਬ ਖਾਲਸਾ ਫ਼ੌਜ ਅਤੇ ਸਾਹਿਬਜ਼ਾਦਿਆਂ ਨੂੰ ਬਿਲਕੁਲ ਇਕ ਸਮਾਨ ਸਮਝਦੇ ਸਨ।*

82.

"ਸਤਿਗੁਰ ਗੁਰੂ ਗੋਬਿੰਦ ਕੇ ਹਮਸਰ ਨਹੀਂ ਹਮ ਹੈਂ।
ਉਨ ਕੈ ਤੋ ਕਫ਼ਿ-ਪਾ ਕੇ ਬ੍ਰਾਬਰ ਨਹੀਂ ਦਮ ਹੈਂ।
ਖ਼ਾਦਿਮ ਹੈਂ ਹਰ ਇਕ ਸਿੰਘ ਕੇ ਅਫ਼ਸਰ ਨਹੀਂ ਹਮ ਹੈਂ।
ਜੋ ਤੁਮ ਹੋ ਸਮਝਤੇ ਵੁਹ ਮੁਕੱਰਰ ਨਹੀਂ ਹਮ ਹੈਂ।

ਫ਼ਰਜ਼ੰਦ ਹੈ, ਦਿਲਬੰਦ ਹੈਂ, ਹਮਸਰ ਤੋ ਨਹੀਂ ਹੈ।
ਹਮ ਕਲਗ਼ਿਓਂ ਵਾਲੇ ਕੇ ਬ੍ਰਾਬਰ ਤੋ ਨਹੀਂ ਹੈਂ।

ਸ਼ਬਦ ਅਰਥ:- ਹਮਸਰ - ਬਰਾਬਰ, ਕਫ਼ਿ-ਪਾ - ਪੈਰ ਦਾ ਤਲਾ, ਖ਼ਾਦਿਮ - ਸੇਵਾਦਾਰ, ਅਫ਼ਸਰ - ਹੁਕਮਰਾਨ, ਅਹਿਲਕਾਰ, ਮੁੜ ਕੇ ਫਰਜ਼ੰਦ - ਪੁਤਰ, ਦਿਲਬੰਦ - ਦਿਲ ਦਾ ਟੁਕੜਾ ਮੁਕੱਰਰ - ਨਿਯੁਕਤ ਕੀਤੇ

ਅਰਥਾਤ:- ਸਾਹਿਬਜ਼ਾਦੇ ਨੇ ਵੈਰੀ ਦੀ ਫ਼ੌਜ ਨੂੰ ਲਲਕਾਰ ਕੇ ਕਿਹਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਰਾਬਰੀ ਨਹੀਂ ਕਰ ਸਕਦੇ। ਅਸੀਂ ਤਾਂ ਗੁਰੂ ਪਾਤਸ਼ਾਹ ਜੀ ਦੀ ਚਰਨ ਧੂੜ ਦੇ ਸਮਾਨ ਵੀ ਨਹੀਂ ਹਾਂ, ਅਸੀਂ ਤਾਂ ਕਿਸੇ ਵੀ ਤਰ੍ਹਾਂ ਗੁਰੂ ਸਾਹਿਬ ਜੀ ਦੀ ਬਰਾਬਰੀ ਨਹੀਂ ਕਰ ਸਕਦੇ। ਜਿਸ ਤਰ੍ਹਾਂ ਤੁਸੀਂ ਕਹਿ ਰਹੇ ਹੋ ਕਿ ਇਹ ਗੁਰੂ ਸਾਹਿਬ ਦੀ ਫ਼ੌਜ ਦੇ ਸਿਪਾਹੀ ਨਹੀਂ ਬਲਕਿ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦੇ ਹਨ, ਪ੍ਰੰਤੂ ਅਸੀਂ ਇਹ ਗੱਲ ਆਪ ਨੂੰ ਦਾਅਵੇ ਨਾਲ ਕਹਿੰਦੇ ਹਾਂ ਕਿ ਅਸੀ ਖਾਲਸਾ ਫ਼ੌਜ ਦੇ ਹੁਕਮਰਾਨ ਨਹੀਂ ਹਾਂ ਬਲਕਿ ਖਾਲਸਾ ਫ਼ੌਜ ਦੇ ਚਾਕਰ ਹਾਂ* ਬੇਸ਼ਕ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਪੁੱਤਰ ਹਾਂ। ਜੋ ਤੁਸੀਂ ਸਮਝਦੇ ਹੋ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਿੰਦੀ ਸੰਤਾਨ ਨੂੰ ਵਧੇਰੇ ਅਹਿਮੀਅਤ ਦਿੰਦੇ ਹੋਣਗੇ ਅਤੇ ਆਪਣੇ ਸਪੁੱਤਰਾਂ ਨੂੰ ਖਾਲਸਈ ਫ਼ੌਜ ਦਾ ਅਫ਼ਸਰ ਮੁਕੱਰਰ ਕੀਤਾ ਹੋਵੇਗਾ ਪ੍ਰੰਤੂ ਇਹ ਤੁਹਾਡੀ ਗਲਤ-ਫ਼ਹਿਮੀ ਹੈ।

ਸਾਹਿਬ ਅਜੀਤ ਸਿੰਘ ਨੇ ਵੰਗਾਰ ਕੇ ਕਿਹਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਲਾਡਲੇ ਸਪੁੱਤਰ ਹਾਂ, ਦਿਲ ਦੇ ਟੁਕੜੇ ਹਾਂ ਪਰ ਅਸੀਂ ਗੁਰੂ ਸਾਹਿਬ ਦੀ ਕਿਸੇ ਵੀ ਪੱਖ ਵਿਚ ਬਰਾਬਰੀ ਨਹੀਂ ਕਰ ਸਕਦੇ।

---

*ਵਿਸਾਖੀ ਦੇ ਪਵਿੱਤਰ ਦਿਹਾੜੇ ਉਪਰ ਸਿੱਖਾਂ ਨੂੰ ਖੰਡੇ ਦੀ ਪਾਹੁਲ ਬਖਸ਼ਿਸ਼ ਕਰਕੇ ਗੁਰੂ

ਪਾਤਸ਼ਾਹ ਨੇ ਸਿੱਖ-ਗੁਰੂ ਅਤੇ ਗੁਰੂ ਸਿੱਖ ਦਾ ਮਹਾਨ ਸਬਕ ਪੜਾਇਆ। ਪੰਜ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਨ ਉਪਰੰਤ ਗੁਰੂ ਪਾਤਸ਼ਾਹ ਨੇ 'ਪੰਜ ਪਿਆਰੇ' ਦਾ ਖ਼ਿਤਾਬ ਬਖਸ਼ਿਸ਼ ਕੀਤਾ।, ਪੰਜ ਪਿਆਰਿਆਂ ਦੇ ਸਨਮੁੱਖ ਗੁਰੂ ਪਾਤਸ਼ਾਹ ਖ਼ੁਦ ਆਪ ਬੀਰ ਆਸਣ ਹੋ ਕੇ ਬੈਠ ਗਏ, ਤੇ ਸੇਵਕਾਂ ਵਾਂਗ ਅੰਮ੍ਰਿਤ ਦੀ ਦਾਤ ਦੀ ਮੰਗ ਕੀਤੀ। ਕਿਸੇ ਅਦੀਬ ਨੇ ਬੜਾ ਸੁੰਦਰ ਬਿਆਨ ਕੀਤਾ ਹੈ, ਕਿ ਗੁਰੂ ਪਾਤਸ਼ਾਹ ਨੇ ਪੰਜ ਸਿੰਘਾਂ ਸਨਮੁੱਖ ਬੇਨਤੀ ਕੀਤੀ,

ਜ਼ਿਮ ਤੁਮ ਸਿਆਰ ਤੇ ਸਿੰਘ ਭਯੇ ਹੈਂ।
ਅੰਮ੍ਰਿਤ ਛੱਕ ਕਰ ਤਿਆਰ ਹੂਏ ਹੈਂ।
ਤਿਨ ਮਮ ਦਾਸ ਪਰ ਕ੍ਰਿਪਾ ਕੀਜੈ।
ਖ਼ੈਰ ਪਾਹੁਲ ਕੀ ਦਾਸ ਕੋ ਦੀਜੈ।

ਗੁਰੂ ਪਾਤਸ਼ਾਹ ਨੇ ਖ਼ੁਦ ਖਾਲਸੇ ਦਾ ਸੇਵਕ ਬਣ ਕੇ ਅੰਮ੍ਰਿਤ ਦੀ ਦਾਤ ਦੀ ਮੰਗ ਕੀਤੀ ਤਾਂ ਭਾਈ ਦਯਾ ਸਿੰਘ ਜੀ ਕਿਹਾ,

ਕਹਾ ਦਯਾ ਸਿੰਘ, ਸਿੰਘ ਬਨਨਾ ਕਠਨ ਹੈ।
ਹਮ ਸਿੰਘ ਬਨੈ, ਸੀਸ ਅਪਨਾ ਕਟਾਏ ਕੇ।
ਪਾਛੈ ਤੁਮ ਪਾਹੁਲ ਦੀਆ, ਪਹਿਲੇ ਹਮ ਸੀਸ ਦੀਆ।
ਹਮ ਪਾਹੁਲ ਦੇਂਗੇ ਤੋ ਕਿਆ ਦਿਉਗੇ ਗਿਨਾਏ ਕੇ?
ਸੀਸ ਕੀ ਹੈ ਫੀਸ, ਹੂਈ ਸਿੰਘਨ ਕੀ ਰੀਸ।
ਪਾਛੈ ਆਉ ਇਸ ਗਲੀ, ਸੀਸ ਤਲੀ ਪੇ ਟਿਕਾਏ ਕੇ।

ਗੁਰੂ ਪਾਤਸ਼ਾਹ ਦੇ ਸਿੰਘਾਂ ਨੂੰ ਪੰਥ ਗੁਰੂ ਦਾ ਰੁਤਬਾ ਪ੍ਰਧਾਨ ਕੀਤਾ। ਗੁਰੂ ਪਾਤਸ਼ਾਹ ਨੇ ਖ਼ਾਲਸਾ-ਪੰਥ ਨੂੰ ਚਾਕਰ ਨਹੀ ਬਲਕਿ ਪੰਥ ਗੁਰੂ ਦਾ ਰੁਤਬਾ ਦਿੱਤਾ ਤੇ ਹਰ ਹੁਕਮ ਪ੍ਰਵਾਨ ਕੀਤਾ। ਖਾਲਸਾ ਪੰਥ ਅਤੇ ਆਪਣੀ ਸੰਤਾਨ ਵਿਚ ਕੋਈ ਫ਼ਰਕ ਨਾ ਸਮਝਿਆ।

83.

ਉਸ ਹਾਥ ਮੇਂ ਥੇ ਬਾਜ਼ੂ-ਇ ਗੋਬਿੰਦ ਕੇ ਕਸਬਲ।
ਫਰਜ਼ੰਦ ਕੀ ਤਲਵਾਰ ਸੇ ਥੱਰਰਾ ਗਏ ਜਲ ਥਲ।
ਜ਼ਿੰਦੋਂ ਕਾ ਤੋ ਕਿਆ ਜ਼ਿਕਰ, ਹੈ ਮੁਰਦੇ ਹੂਏ ਬੇਕਲ।
ਸ਼ਮਸ਼ਾਨ ਮੇਂ ਥਾ ਸ਼ੋਰ ਮਜ਼ਾਰੋਂ ਮੇਂ ਥੀ ਹਲਚਲ।

ਜਮਨਾ ਕੇ ਭੀ ਪਾਨੀ ਮੇਂ ਤਲਾਤਮ ਸਾ ਬਪਾ ਥਾ।
ਗੰਗਾ ਕੇ ਭੀ ਜ਼ੱਰਰੋਂ ਮੇਂ ਅੱਜਬ ਜੋਸ਼ ਭਰਾ ਥਾ।


ਸ਼ਬਦ ਅਰਥ:- ਬਾਜ਼ੂ-ਇ-ਗੋਬਿੰਦ - ਦਸਮ ਪਿਤਾ ਦੀਆਂ ਬਾਹਵਾਂ, ਕਸਬਲ - ਪਕੜ ਤੇ ਸ਼ਕਤੀ, ਥੱਰਰਾ - ਕੰਬ ਗਏ, ਜਲ - ਪਾਣੀ, ਥਲ - ਧਰਤੀ, ਬੇਕਲ - ਕਮਲੇ, ਬੇਅਕਲ, ਮਜ਼ਾਰੋਂ - ਕਬਰਾਂ, ਸ਼ਮਸ਼ਾਨ - ਅੰਤਿਮ ਸਸਕਾਰ ਦੀ ਜਗ੍ਹਾ, ਤਲਾਤਮ - ਉਛਾਲਾ, ਬਪਾ - ਖੜਾ, ਜ਼ੱਰਰੋ - ਕਣ, ਅੱਜਬ - ਅਜੀਬ ਵਖਰਾ, ਜੋਸ਼ - ਰੋਹ।

ਅਰਥਾਤ :- ਸਾਹਿਬਜ਼ਾਦਾ ਅਜੀਤ ਸਿੰਘ ਦੀਆਂ ਮਜ਼ਬੂਤ ਬਾਹਾਂ ਅਤੇ ਹੱਥਾਂ ਵਿਚ ਸ਼ੇਰ ਦੇ ਪੰਜਿਆਂ ਵਰਗੀ ਜ਼ੋਰਦਾਰ ਅਤੇ ਜਟਿਲ ਪਕੜ ਸੀ। ਸਾਹਿਬਜ਼ਾਦਾ ਅਜੀਤ ਸਿੰਘ ਤੇਗ਼ ਦਾ ਐਸਾ ਧਨੀ ਸੀ ਕਿ ਉਸ ਦੀ ਤੇਗ ਦੇ ਜ਼ੋਹਰ ਵੇਖ ਕੇ ਪਾਣੀ ਅਤੇ ਧਰਤੀ ਵੀ ਕੰਬ ਰਹੇ ਸਨ, ਹਰ ਪਾਸੇ ਖ਼ੋਫਨਾਕ ਹਲਚਲ ਮਚੀ ਹੋਈ ਸੀ। ਮੈਦਾਨ-ਏ-ਜੰਗ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦੁਆਰਾ ਵਾਹੀ ਸ਼ਮਸ਼ੀਰ ਤੋਂ ਪੈਦਾ ਹੋਈ ਦਹਿਸ਼ਤ ਦਾ ਨਕਸ਼ਾ ਖਿੱਚਦਾ ਕਵੀ ਬਿਆਨ ਕਰਦਾ ਹੈ ਕਿ ਜਿਉਂਦੇ ਦੁਸ਼ਮਣ ਸਿਪਾਹੀਆਂ ਨੇ ਤਾਂ ਡਰਦੇ ਮਾਰੇ ਮੈਦਾਨ ਛੱਡ ਕੇ ਭੱਜਣਾਂ ਹੀ ਸੀ, ਇਸ ਘਮਸਾਣ ਦੇ ਯੁੱਧ ਵਿਚੋਂ ਤਾਂ ਮੁਰਦੇ ਵੀ ਉਠ ਕੇ ਭੱਜਣਾਂ ਚਾਹੁੰਦੇ ਸਨ। ਮੈਦਾਨ-ਏ-ਜੰਗ ਵਿਚ ਸਾਹਿਬ ਅਜੀਤ ਸਿੰਘ ਨੇ ਵੈਰੀ ਦਲਾਂ ਦੀਆਂ ਲਾਸ਼ਾਂ ਦੇ ਢੇਰ ਲਗਾ ਦਿੱਤੇ, ਮੁਰਦਿਆਂ ਦੀ ਗਿਣਤੀ ਏਨੀ ਸੀ ਕਿ ਨਾਂ ਤਾਂ ਸ਼ਮਸ਼ਾਨ ਘਾਟਾਂ[1] ਵਿਚ ਸਸਕਾਰ ਕਰਨ ਲਈ ਜਗ੍ਹਾ ਬਚੀ ਸੀ ਤੇ ਨਾਂ ਹੀ ਮਜਾਰਾਂ[2] ਵਿਚ ਮੁਰਦੇ ਦਫ਼ਨਾਉਣ ਲਈ ਕੋਈ ਜਗ੍ਹਾ ਖਾਲੀ ਰਹੀ ਸੀ।

ਜਮਨਾ[3] ਨਦੀ ਦੇ ਪਾਣੀ ਵਿਚ ਅਜੀਬ ਤਰ੍ਹਾਂ ਦਾ ਤੂਫ਼ਾਨ ਖੜਾ ਹੋ ਗਿਆ ਸੀ ਅਤੇ ਗੰਗਾ[4] ਦੇ ਪਾਣੀ ਦੇ ਕਣਾਂ ਵਿਚ ਵੱਖਰਾ ਜੋਸ਼ ਭਰ ਗਿਆ ਸੀ।

1.ਸ਼ਮਸ਼ਾਨ ਘਾਟ:- ਸ਼ਮਸ਼ਾਨ ਸੰਸਕ੍ਰਿਤ ਦਾ ਸ਼ਬਦ ਹੈ। ਇਸ ਦਾ ਅਰਥ ਹੈ ਮੁਰਦਿਆਂ ਦੇ ਸੌਣ ਦੀ ਜਗ੍ਹਾ। ਹਿੰਦੂ ਧਰਮ ਅਨੁਸਾਰ ਮੁਰਦਿਆਂ ਦੇ ਫੂਕਣ ਦੀ ਜਗ੍ਹਾ ਨੂੰ ਸ਼ਮਸ਼ਾਨ ਅਸਥਾਨ ਜਾਂ ਸ਼ਮਸ਼ਾਨ ਘਾਟ ਕਿਹਾ ਜਾਂਦਾ ਹੈ।

2. ਮਜ਼ਾਰ:- ਮਜ਼ਾਰ ਉਸ ਜਗ੍ਹਾ ਨੂੰ ਕਿਹਾ ਜਾਂਦਾ ਹੈ ਜਿਸ ਅਸਥਾਨ ਉਪਰ ਕਿਸੇ ਧਾਰਮਿਕ ਸ਼ਖਸ਼ਿਅਤ ਨੂੰ ਦਫ਼ਨ ਕੀਤਾ ਜਾਂਦਾ ਹੈ। ਇਸਲਾਮੀ ਵਿਸ਼ਵਾਸ਼ ਅਨੁਸਾਰ ਲੋਕ ਇਥੇ ਦਰਸ਼ਨਾਂ ਵਾਸਤੇ ਵੀ ਆਉਂਦੇ ਹਨ। ਜਿਸ ਜਗ੍ਹਾ ਉਪਰ 2-3 ਜਾਂ ਵਧੇਰੇ ਕਬਰਾਂ ਹੋਣ ਅਤੇ ਉਸ ਜਗ੍ਹਾ ਗੁਬੰਦ ਬਣਾ ਦਿਤਾ ਜਾਵੇ ਤਾਂ ਉਸ ਨੂੰ ਦਰਗਾਹ ਜਾਂ ਮਕਬਰਾ ਕਿਹਾ ਜਾਂਦਾ ਹੈ। ਨੂਹ ਕਬੀਲੇ ਦੀ ਰਵਾਇਤ ਅਨੁਸਾਰ ਜਿਸ ਮਕਬਰੇ ਦੁਆਲੇ ਸੁੰਦਰ ਬਾਗ ਲਗਾ ਦਿੱਤਾ ਜਾਵੇ ਉਸਨੂੰ ਰੋਜ਼ਾ ਕਿਹਾ ਜਾਂਦਾ ਹੈ। ਇਤਿਹਾਸ ਅਨੁਸਾਰ ਬਾਬਰ ਨੇ ਆਪਣੇ ਜਿਉਂਦਿਆਂ ਹੀ ਕਾਬਲ ਵਿਖੇ ਇਕ ਸੁੰਦਰ ਮਕਬਰਾ ਤਿਆਰ ਕਰਵਾ ਲਿਆ ਸੀ ਅਤੇ ਮਰਨ ਉਪਰੰਤ ਉਸਨੂੰ ਉਸ ਜਗ੍ਹਾ ਉਪਰ ਹੀ ਦਫ਼ਨ ਕੀਤਾ ਗਿਆ। ਕਬਰ ਦੇ ਦੋ ਹਿੱਸੇ ਹੁੰਦੇ ਹਨ ਜਿਹੜੀ ਜ਼ਮੀਨ ਖੋਦ ਕੇ ਮੁਰਦਾ ਸਰੀਰ ਨੂੰ ਰੱਖਣ ਲਈ ਜਗ੍ਹਾ ਬਣਾਈ ਜਾਂਦੀ ਹੈ ਉਸ ਨੂੰ ਕਬਰ ਕਿਹਾ ਜਾਂਦਾ ਹੈ ਅਤੇ ਉਸਦੇ ਜ਼ਮੀਨ ਤੇ ਤਲ ਤੋਂ ਉਪਰਲੇ ਹਿੱਸੇ ਨੂੰ ਤੁਰਬਤ ਕਿਹਾ ਜਾਂਦਾ ਹੈ।



3. ਹਿੰਦੂ ਮਤ ਅਨੁਸਾਰ ਇਕ ਪਵਿੱਤਰ ਨਦੀ ਜੋ ਟੇਹੜੀ ਖੇਤਰ ਦੇ ਕਲਿੰਦ ਪਰਬਤ ਤੋਂ ਨਿਕਲ ਕੇ ਲਗਭਗ 115 ਕਿ. ਮੀ. ਪਹਾੜੀ ਸਫ਼ਰ ਕਰਦੇ ਹੋਈ ਫ਼ੈਜ਼ਾ ਕਲਿੰਦ ਨਾਂ ਵਾਲੇ ਸਥਾਨ ਕੋਲ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦੀ ਹੈ। ਅਤੇ ਲਗਭਗ 1400 ਕਿ. ਮੀ. ਵਹਿ ਕੇ ਇਲਾਹਬਾਦ ਦੇ ਨੇੜੇ ਸੰਗਮ ਵਿਚ ਗੰਗਾ ਨਾਲ ਜਾਂ ਰਲਦੀ ਹੈ। ਇਸ ਲਈ ਇਸ ਨੂੰ ਤਿਤ੍ਰਵੇਣੀ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਸ ਦੇ ਕੰਢੇ ਪਾਉਂਟਾ ਸਾਹਿਬ ਧਰਮ ਧਾਮ ਵਾਲੇ ਸਥਾਨ 'ਤੇ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਸ਼ਸਤ੍ਰ ਤੇ ਸ਼ਾਸਤ੍ਰ ਵਿਚ ਨਿਪੁੰਣ ਕੀਤਾ।

ਮਥੁਰਾ ਤੇ ਬਿੰਦਰਾਬਣ ਦੇ ਆਲੇ ਦੁਆਰੇ ਸ੍ਰੀ ਕ੍ਰਿਸ਼ਨ ਨੇ ਆਪਣੀਆਂ ਬਾਲ ਲੀਲਾਵਾਂ ਇਸ ਨਦੀ ਦੇ ਕੰਢੇ ਤੇ ਹੀ ਕੀਤੀਆਂ ਸਨ। ਜਿਨ੍ਹਾਂ ਦੀ ਯਾਦ ਵਿਚ ਹੁਣ ਉਥੇ ਅਨੇਕ ਮੰਦਰ ਬਣੇ ਹੋਏ ਹਨ। ਗਯੰਦ ਨਾਂ ਦੇ ਭੱਟ ਨੇ ਗੁਰੂ ਰਾਮਦਾਸ ਦੀ ਪੁਰਾਣ ਪੁਰਛਾਂ ਦੇ ਜਰਮ ਕਰਮ ਨਾਲ ਅਭੇਦਤਾਂ ਸਥਾਪਿਤ ਕਰਦਿਆਂ ਜਮਨਾਂ ਵੱਲ ਸੰਕੇਤ ਕੀਤਾ ਹੈ। ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਹੈ ਕੂਲਿ ਖੇਲ ਖੇਲਿਓ ਜਿਨਿ ਗਿੰਦ ਜੀਉ ਇਸ ਦਾ ਯਮੀ ਰੂਪ ਵਿਚ ਦੈਵੀਕਰਣ ਕਰਕੇ ਇਸ ਨੂੰ

ਸੂਰਜ ਪਿਤਾ ਅਤੇ ਸੰਗਿਆਂ ਜਾਂ ਸੰਜਨਾਂ ਜਾਂ ਮਰਣਯੂ ਦੇ ਸੰਯੋਗ ਤੋਂ ਪੈਦਾ ਹੋਈ ਦੱਸਿਆ ਹੈ। ਯਮ ਇਸ ਦਾ ਜੁੜਵਾਂ ਭਰਾ ਹੈ। ਕਹਿੰਦੇ ਹਨ ਕਿ ਇਕ ਵਾਰ ਬਲਭਦ੍ਰ ਨੇ ਇਸ਼ਨਾਨ ਕਰਨ ਲਈ ਯਮਨਾਂ ਨਦੀ ਨੂੰ ਆਪਣੇ ਕੋਲ ਬੁਲਾਇਆ। ਇਸ ਦੇ ਨਾਂ ਆਉਣ ਤੇ ਬਲਭਦ੍ਰ ਨੇ ਆਪਣੇ ਹਲ ਨਾਲ ਉਸਨੂੰ ਕੋਲ ਖਿੱਚ ਲਿਆ। ਇਸ ਨੇ ਮਨੁੱਖ ਰੂਪ ਧਾਰਨ ਕਰਕੇ ਮਾਫ਼ੀ ਮੰਗੀ। ਕਲਿੰਦ ਪਰਬਤ ਤੋਂ ਨਿਕਲਣ ਕਰਕੇ ਇਸ ਨੂੰ ਕਾਲਿੰਦੀ ਅਤੇ ਸੂਰਜ ਦੀ ਧੀ ਹੋਣ ਕਾਰਣ ''ਸੂਰਯਜਾਂ'' ਵੀ ਕਿਹਾ ਜਾਂਦਾ ਹੈ।

4. ਗੰਗਾ :- ਭਾਰਤ ਦੀ ਇਕ ਪ੍ਰਮੁੱਖ ਤੇ ਪ੍ਰਸਿੱਧ ਨਦੀ ਜਿਸ ਨੂੰ ਹਿੰਦੂ ਮਤ ਵਿਚ ਬਹੁਤ ਪਵਿੱਤਰ ਮੰਨਿਆਂ ਜਾਂਦਾ ਹੈ। ਇਸ ਲਈ ਇਸ ਨੂੰ ਹਿੰਦੂ ਲੋਕ ਗੰਗਾ ਮਈਆ ਕਹਿ ਕੇ ਸਤਿਕਾਰ ਦੀ ਭਾਵਨਾ ਅਰਪਿਤ ਕਰਦੇ ਹਨ। ਇਸ ਦੇ ਕੰਢੇ ਉਤੇ ਹਰਿਦੁਆਰ ਪ੍ਰਯਾਗ, ਬਨਾਰਸ, ਪਟਨਾ ਆਦਿ ਮਹੱਤਵਪੂਰਨ ਨਗਰ ਵੱਸੇ ਹੋਏ ਹਨ। ਅਤੇ ਸਾਰੇ ਹੀ ਤੀਰਥਾਂ ਵਜੋਂ ਪੂਜਣਯੋਗ ਹੈ। ਇਨ੍ਹਾਂ ਨਗਰਾਂ ਅਤੇ ਹੋਰ ਅਨੇਕ ਘਾਟਾਂ ਜਾਂ ਕੰਢੇ ਉਤੇ ਬਣ ਮੰਦਿਰਾਂ ਦੀ ਯਾਤਰਾ ਕਰਨ ਦਾ ਵਿਸ਼ੇਸ਼ ਮਹਾਤਮ ਮੰਨਿਆ ਜਾਂਦਾ ਹੈ। ਹਿੰਦੂ ਮਤ ਵਿਚ ਇਹ ਪੱਕਾ ਵਿਸ਼ਵਾਸ ਹੈ ਕਿ ਗੰਗਾ ਵਿਚ ਇਸ਼ਨਾਨ ਕਰਨ ਨਾਲ ਹਰ ਪ੍ਰਕਾਰ ਦਾ ਪਾਪ ਤੇ ਰੋਗ ਖਤਮ ਹੋ ਜਾਂਦੇ ਹਨ। ਇਹ ਵੀ ਵਿਸ਼ਵਾਸ ਹੈ ਕਿ ਜਿੰਨਾਂ ਲੋਕਾਂ ਦਾ ਦਾਹ ਸੰਸਕਾਰ ਇਸ ਨਦੀ ਦੇ ਕੰਢੇ ਹੁੰਦਾ ਹੈ, ਉਹ ਸਵਰਗ ਜਾਂ ਮੁਕਤੀ ਪ੍ਰਾਪਤ ਕਰਦੇ ਹਨ। ਉਤਰੀ ਭਾਰਤ ਦੇ ਲੋਕ ਮ੍ਰਿਤਕਾਂ ਦੀਆਂ ਅਸਥੀਆਂ ਨੂੰ ਹਰਿਦੁਆਰ ਵਿਚ ਜਲ ਪ੍ਰਵਾਹ ਇਸ ਦ੍ਰਿਸ਼ਟੀ ਤੋਂ ਕਰਦੇ ਹਨ ਕਿ ਗੰਗਾ ਦੇ ਜਲ ਦੀ ਛੋਹ ਨਾਲ ਉਹ ਮੁਕਤੀ ਪ੍ਰਾਪਤ ਕਰਨ ਦੇ ਅਧਿਕਾਰੀ ਬਣ ਸਕਣ।

ਇਹ ਨਦੀ ਹਿਮਾਲੇ ਵਿਚ 13800 ਫੁਟ ਦੀ ਉਚਾਈ 'ਤੇ ਸਥਿਤ ਗੰਗੋਤ੍ਰੀ ਦੇ ਨੇੜੇ ਹਿਮਗੁਫਾਂ ਵਿਚੋਂ ਨਿਕਲਦੀ ਹੈ। ਉਥੇ ਇਸ ਨੂੰ ਭਗੀਰਥੀ ਕਹਿੰਦੇ ਹਨ। ਫਿਰ ਜਾਹਨਵੀ ਤੇ ਅਲਕਨੰਦਾ ਨਾਂ ਦੀਆਂ ਨਦੀਆਂ ਇਸ ਵਿਚ ਮਿਲਦੀਆਂ ਹਨ। ਉਦੋਂ ਇਸ ਦਾ ਨਾਂ ਗੰਗਾ ਹੋ ਜਾਂਦਾ ਹੈ। ਇਹ ਹਰਿਦੁਆਰ ਦੇ ਨੇੜੇ ਮੈਦਾਨੀ ਇਲਾਕੇ ਵਿਚ ਦਾਖਲ ਹੁੰਦੀ ਹੈ। ਇਸ ਵਿਚ ਅਨੇਕ ਹੋਰ ਨਦੀਆਂ - ਰਾਮ ਗੰਗਾ, ਯਮਨਾਂ, ਗੋਮਤੀ, ਘਾਘਰਾਂ, ਸੋਨ, ਗੰਡਕ, ਕੋਮੀ, ਬ੍ਰਹਮਪੁੱਤਰ, ਆਦਿ ਵੀ ਮਿਲਦੀਆਂ ਜਾਂਦੀਆਂ ਹਨ। ਲਗਭਗ 2500 ਕਿ. ਮੀ. ਮਾਰਗ ਚੱਲ ਕੇ ਗੰਗਾ ਅੰਤ ਵਿਚ ਬੰਗਾਲ ਦੀ ਖਾੜੀ ਵਿਚ ਜਾ ਡਿਗਤੀ ਹੈ। ਗੰਗਾ ਦੀ ਉਤਪਤੀ ਨਾਰਾਇਣ ਦੇ ਪ੍ਰਧਾਰ ਨਾਮਕ ਪਦ ਤੋਂ ਹੋਈ। ਉਥੋਂ ਚਲ ਕੇ ਉਹ ਜਲ ਦੇ ਆਧਾਰ ਭੂਤ ਚੰਦ੍ਰਮੰਡਲ ਵਿਚ ਦਾਖਲ ਹੋਈ ਅਤਿਅੰਤ ਪਵਿੱਤਰ ਰੂਪ ਵਿਚ ਉਹ ਮੇਰੂ ਪਰਬਤ ਉਤੇ ਡਿੱਗੀ ਅਤੇ ਮੇਰੂ ਮੰਦਰ, ਹਿਮਾਲਾ, ਗੰਧਮਾਦਨ ਨਾਂ ਦੇ ਵੱਡੇ ਵੱਡੇ ਪਰਬਤਾਂ ਨੂੰ ਚੀਰਦੀ ਹੋਈ ਅੱਗੇ ਵਧੀ। ਮਾਨਸਰੋਵਰ ਨੂੰ ਜਲ ਨਾਲ ਪਰ ਕੇ ਫਿਰ ਸੈਲਰਾਜ ਹਿਮਾਲਾ ਦੇ ਰਮਣੀਕ ਸਿੱਖਰ ਉਤੇ ਪਹੁੰਚੀ।। ਗੰਗਾ ਦੇ ਹਿਮਾਲਾ ਉਤੇ ਪਹੁੰਚਣ ਤੇ ਸ਼ਿਵ ਨੇ ਉਸ ਨੂੰ ਆਪਣੇ ਸਿਰ ਉਤੇ ਧਾਰਨ ਕੀਤਾ। ਰਾਜਾ ਭਗੀਰਥ ਨੇ ਤਪਸਿਆ ਰਾਹੀ ਸ਼ਿਵ ਨੂੰ ਪ੍ਰਸੰਨ ਕਰਕੇ ਗੰਗਾ ਦੀ ਯਾਚਨਾ ਕੀਤੀ। ਸ਼ਿਵ ਨੇ ਗੰਗਾ ਨੂੰ ਛੱਡ ਦਿੱਤਾ। ਉਹ ਸੱਤ ਭਾਗਾਂ ਵਿਚ ਵੰਡ ਕੇ ਚਲਣ ਲੱਗੀ। ਗੰਗਾ ਦੀਆਂ ਤਿੰਨ ਭਾਗਾਂ ਪੂਰਨ ਵਲ ਤੇ ਤਿੰਨ ਪੱਛਮ ਵੱਲ ਵਧੀਆਂ, ਅਤੇ ਇਕ ਭਾਗ ਭਾਗੀਰਥ ਦੇ ਪਿਛੇ ਪਿਛੇ ਗਈ। ਸਥਾਨਾਂ ਦੇ ਨਾਂ ਨਾਲ ਉਸਦੇ ਨਾਂ ਬਦਲਦੇ ਗਏ।

ਭਾਗੀਰਥ ਦੁਆਰਾ ਗੰਗਾ ਨੂੰ ਧਰਤੀ ਤੇ ਲਿਆਏ ਜਾਣ ਕਾਰਣ ਇਸ ਦਾ ਇਕ ਨਾ ਭਾਗੀਰਥੀ ਪਿਆ।

ਜਦੋਂ ਗੰਗਾ ਸਵਰਗ ਤੋਂ ਉਤਰੀ ਜਹਨੂੰ ਰਿਸ਼ੀ ਯੱਗ ਕਰ ਰਿਹਾ ਸੀ ਉਸ ਦੇ ਯੱਗ ਵਿਚ ਵਿਗਣ ਪੈਣ ਕਰਕੇ ਉਸਨੇ ਗੰਗਾ ਨੂੰ ਪੀ ਲਿਆ ਪਰ ਬਾਦ ਵਿਚ ਇਸ ਨੂੰ ਕੰਨਾਂ ਰਾਹੀਂ ਵਗਣ ਦੀ ਆਗਿਆ ਦੇ ਦਿੱਤੀ ਇਸ ਕਰਕੇ ਇਸ ਨੂੰ (ਜਾਹ੍ਨਵੀ) ਵੀ ਕਿਹਾ ਜਾਂਦਾ ਹੈ।

ਬਾਲਮੀਕੀ ਰਾਮਾਇਣ ਵਿਚ ਲਿਖਿਆ ਹੈ ਕਿ ਹਿਮਾਲਾ ਪਰਬਤ ਦੇ ਘਰ ਸੁਮੇਰ ਦੀ ਪੁੱਤਰੀ ਮੇਨਕਾਂ ਦੀ ਕੁੱਖੋਂ ਉਮਾ ਅਤੇ ਗੰਗਾਂ ਦੋ ਭੈਣਾਂ ਪੈਦਾ ਹੋਈਆਂ। ਇਕ ਵਾਰ ਸ਼ਿਵ ਨੇ ਆਪਣਾ ਵੀਰਜ ਗੰਗਾਂ ਵਿਚ ਪਾਇਆ। ਪਰ ਗੰਗਾ ਉਸਨੂੰ ਧਾਰਨ ਨਾ ਕਰ ਸਕੀ ਅਤੇ ਬ੍ਰਹਮਾਂ ਦੇ ਕਮੰਡਲ ਵਿਚ ਜਾ ਰਹੀ ਤੇ ਫਿਰ ਭਗੀਰਥ ਦੀ ਪ੍ਰਾਰਥਨਾਂ ਨਾਲ ਉਹ ਕੁਮੰਡਲ ਤੋਂ ਨਿਕਲ ਕੇ ਧਰਤੀ ਉਤੇ ਆਈ।

ਮਹਾਭਾਰਤ ਵਿਚ ਗੰਗਾ ਦੀ ਕੁੱਖ ਤੋਂ ਰਾਜਾ ਸਾਤਨੂੰ ਦੇ ਘਰ ਭੀਸ਼ਮ (ਪਿਤਾਮਾਂ) ਦਾ ਜਨਮ ਹੋਇਆ ਲਿਖਿਆ ਹੈ। ਜਿਸ ਕਰਕੇ ਭੀਸ਼ਮ ਨੂੰ ਗਾਂਗੇਯ ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਕਥਾਵਾਂ ਲਿਖੀਆਂ ਹਨ। ਜਿਨ੍ਹਾਂ ਦਾ ਸਰੂਪ ਪ੍ਰਤੀਕਾਤਮਕ ਹੈ। ਯੋਗਮਤ ਵਾਲਿਆਂ ਨੇ ਇੜਾ ਨਾੜੀ ਦਾ ਨਾਂ ਗੰਗਾ ਰੱਖਿਆ ਹੈ। ਮੱਧ ਯੁੱਗ ਦੇ ਸੰਤਾਂ ਗੰਗਾਂ ਨਾਲੋਂ ਆਪਣ ਗੁਰੂ ਦੇ ਚਰਨਾਂ ਨੂੰ ਜ਼ਿਆਦਾ ਪਵਿੱਤਰ ਮੰਨਿਆ ਗੁਰੂ ਅਰਜਨ ਦੇਵ ਨੇ ਹਰਿ ਵਿਚ ਲੀਨ ਸਾਦਕ ਦੇ ਚਰਨਾਂ ਨੂੰ ਗੰਗਾ ਦੇ ਕੰਢੇ ਸਥਿਤ ਕਰੋੜਾਂ ਤੀਰਥਾਂ ਤੋਂ ਸ੍ਰੇਸ਼ਠ ਮੰਨਿਆ ਹੈ,

"ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ।
ਜਨ ਕੇ ਚਰਨ ਤੀਰਥ ਕੋਟ ਗੰਗਾ।" (ਗੁਰੂ ਗ੍ਰੰਥ ਸਾਹਿਬ 828)

84.

ਦਿਓਲੋਕ ਕੇ ਸਭ ਦੇਵਤੇ ਫਿਰਦੌਸ ਸੇ ਝਾਂਕੇ।
'ਰੁਸਤਮ' ਸੇ ਜਵਾਂ 'ਭੀਮ' ਸੇ ਯਲ, 'ਨਲ' ਸੇ ਬਾਂਕੇ।
ਹੈਰਾਂ ਥੇ ਹੁਨਰ ਸੇ, ਪਿਸਰਿ-ਪੀਰਿ-ਯਿਆਂ ਕੇ।
ਆਕਾਸ਼ ਕੀ ਮਖ਼ਲੂਕ ਕੋ ਖ਼ਤਰੇ ਹੁਏ ਜਾਂ ਕੇ।
ਤਲਵਾਰ ਵੁਹ ਖ਼ੂੰ-ਖਾਰ ਥੀ ਤੋਬਾ ਹੀ ਭਲੀ ਥੀ।
ਲਾਖੋਂ ਕੀ ਹੀ ਜਾਂ ਲੇ ਕੇ, ਬਲਾ ਸਰ ਸੇ ਟਲੀ ਥੀ।

ਅਰਥ:- ਦਿਓਲੋਕ - ਦੇਵ ਲੋਕ, ਫਿਰਦੌਸ - ਸਵਰਗ, ਬਹਿਸ਼ਤ ਦੇ ਇਕ ਬਾਗ ਦਾ ਨਾਮ, ਰੁਸਤਮ - ਇਕ ਮਹਾਂਬਲੀ ਯੋਧਾ ਜੋ ਜ਼ਾਲ ਦਾ ਪੁੱਤਰ ਅਤੇ ਸ਼ਾਨ ਪੋਤਰਾ ਸੀ, ਇਹ ਜਾਬੁਲਿਸਤਾਨ ਦਾ ਗਵਰਨਰ ਸੀ, ਇਹ ਬਹਿਮਨ ਨਾਲ ਜੰਗ ਕਰਦਾ ਸ਼ਹੀਦ ਹੋਇਆ, ਭੀਮ - ਯੁਧਿਸ਼ਟਰ ਦਾ ਛੋਟਾ ਭਰਾ ਜੋ ਬਲੀ ਸੀ, ਮਹਾਭਾਰਤ ਦੇ ਯੁੱਧ ਵਿਚ ਇਸਦੀ ਖ਼ਾਸ ਭੂਮਿਕਾ ਸੀ, ਨਲ - ਰਾਮ ਦੀ ਸੈਨਾ ਦਾ ਇਕ ਮੰਤਰੀ, ਜੋ ਵਿਸ਼ਵਕਰਮਾਂ ਦਾ ਪੁੱਤਰ ਸੀ, ਲੰਕਾ ਯੁੱਧ ਸਮੇਂ ਸਮੁੰਦਰ ਉਪਰ ਬੰਨ/ਪੁਲ ਬਣਾਉਣ ਵਿਚ ਇਸਦਾ ਖ਼ਾਸ ਯੋਗਦਾਨ ਸੀ, 2. ਬੀਰ ਸੈਨ ਦਾ ਮਹਾਬਲੀ ਪੁੱਤਰ ਨਲ, ਪਿਸਰਿ-ਪੀਰਿ-ਯਿਆਂ- ਮਰਦਿ ਸੂਰਮੇ ਗੁਰੂ ਦਾ ਪੁੱਤਰ, ਜਬਰਦਸਤ ਬਲਵਾਨ ਦਾ ਪੁੱਤਰ, ਹੁਨਰ - ਖ਼ੂਬੀ, ਮਖ਼ਲੂਕ - ਵਸੋਂ, ਖ਼ੂੰ-ਖਾਰ - ਖ਼ੂੰਨ ਦੀ ਪਿਆਸੀ, ਬਲਾ - ਆਫ਼ਤ, ਸਰ - ਸਿਰ

ਅਰਥਾਤ:- ਸਾਹਿਬਜ਼ਾਦਾ ਅਜੀਤ ਸਿੰਘ ਏਨੀ ਬਹਾਦਰੀ ਨਾਲ ਸ਼ਮਸ਼ੀਰ ਦੇ ਜੌਹਰ ਵਿਖਾ ਰਿਹਾ ਸੀ ਕਿ ਦੇਵ-ਪੁਰੀ ਦੇ ਸਾਰੇ ਦੇਵਤੇ ਸਵਰਗ ਵਿਚੋਂ ਚਮਕੌਰ ਦਾ ਯੁੱਧ ਵੇਖ ਰਹੇ ਸਨ। ਰੁਸਤਮ ਅਤੇ ਭੀਮ ਵਰਗੇ ਬਲਵਾਨ, ਨਲ ਵਰਗੇ ਦਲੇਰ ਮਰਦ, ਮਰਦ ਅਗੰਮੜੇ ਦਲੇਰ ਸੂਰਮੇ ਗੁਰੂ ਦੇ ਪੁੱਤਰ (ਸਾਹਿਬ ਅਜੀਤ ਸਿੰਘ) ਦੇ ਜੰਗੀ ਕਰਤਬਾਂ ਨੂੰ ਵੇਖ ਕੇ ਹੈਰਾਨ ਹੋ ਰਹੇ ਸਨ। ਪ੍ਰਲੋਕ ਵਿਚ ਰਹਿਣ ਵਾਲੀ ਵਸੋਂ (ਲੋਕ) ਵੀ ਡਰ ਕੇ ਸਾਰੇ ਕੰਬ ਰਹੇ ਸਨ ਅਤੇ ਸਾਹਿਬਜ਼ਾਦੇ ਦੀ ਤਲਵਾਰ ਤੋਂ ਜਾਨ ਬਚਾ ਕੇ ਭੱਜਣਾ ਚਾਹੁੰਦੇ ਸਨ।

ਸਾਹਿਬਜ਼ਾਦੇ ਦੀ ਰੱਤ ਦੀ ਪਿਆਸੀ ਸ਼ਮਸ਼ੀਰ ਬਾਰੇ ਤਾਂ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਲੱਖਾਂ ਨੂੰ ਹੀ ਸਦਾ ਦੀ ਨੀਂਦ ਸਵਾ ਰਹੀ ਸੀ, ਜਿਸ ਵੱਲ ਵੀ ਨਜ਼ਰ ਕਰਦੀ ਆਫ਼ਤ

ਬਣ ਕੇ ਸਿਰ ਉਪਰ ਡਿੱਗਦੀ ਸੀ। ਵੈਰੀ ਦਲ ਦੇ ਸਿਪਾਹੀ ਸਾਹਿਬਜ਼ਾਦੇ ਦੀ ਸ਼ਮਸ਼ੀਰ ਤੋਂ ਡਰ ਕੇ ਮੈਦਾਨ ਛੱਡ ਕੇ ਭੱਜ ਰਹੇ ਸਨ।

---

1. ਦੇਵਤਾ:- ਇਹ ਹਿੰਦੂ ਧਰਮ ਦਾ ਇਕ ਮਹੱਤਵਪੂਰਨ ਅੰਗ ਹੈ ਜਿਸਦੀ ਕਲਪਨਾ ਕੀਤੀ ਗਈ ਹੈ। ਯਾਸਕ ਦੇ ਨਿਰੁਕਤ ਅਨੁਸਾਰ ਦੇਵ ਸ਼ਬਦ ਦਾ ਅਰਥ ਹੈ ਦਾਨ, ਦੀਪਨ, ਦਯੋਤਨ ਸਥਾਨ। ਹਿੰਦੂ ਮਤ ਅਨੁਸਾਰ ਇਸ ਸ਼ਬਦ ਨੂੰ ਵਿਸ਼ਵ ਲਈ ਕਲਿਆਣ ਕਾਰੀ ਸਮਝਿਆ ਜਾਂਦਾ ਹੈ। ਵੇਦਾਂ ਵਿਚ ਵੀ ਈਸ਼ਵਰ ਦੀਆਂ ਅਲੱਗ-ਅਲੱਗ ਸ਼ਕਤੀਆਂ ਦੀ ਵੰਡ ਵਾਸਤੇ ਵਿਭਿੰਨ ਰੂਪਾਂ ਦੇ ਦੇਵਤਿਆਂ ਦੀ ਕਲਪਨਾ ਕੀਤੀ ਗਈ ਹੈ ਅਤੇ ਵੱਖ-ਵੱਖ ਦੇਵਾਂ ਨੂੰ ਪ੍ਰਸੰਨ ਕਰਨ ਵਾਸਤੇ ਵੱਖ-ਵੱਖ ਵਿਧੀ-ਵਿਧਾਨ ਅਤੇ ਪੂਜਾ-ਅਰਚਨਾ ਦੇ ਤਰੀਕੇ ਹਨ।

ਵੈਸ਼ਨਵਾਂ ਦੁਆਰਾ ਦੇਵ ਸ਼ਬਦ ਦਾ ਅਰਥ ਉਹੀ ਲਿਆ ਜਾਂਦਾ ਹੈ ਜੋ ਹਿਬਰੂ ਭਾਸ਼ਾ ਦੇ ਸ਼ਬਦ 'ਇਲੋਹੀਮ' ਦਾ ਹੈ। ਇਹ ਸ਼ਬਦ ਕਿਤੇ ਅਕਾਲ ਪੁਰਖ ਦੇ ਬੋਧਿਕ ਵਜੋਂ ਵਰਤਿਆ ਜਾਂਦਾ ਹੈ ਅਤੇ ਕਦੀਂ ਪਰਮਾਤਮਾ ਦੇ ਮੰਤਰ-ਵਰਗ ਦੇ ਦੇਵਤਿਆਂ ਜਿਵੇਂ ਬ੍ਰਹਮਾਂ ਆਦਿ ਵਾਸਤੇ ਵਰਤਿਆ ਜਾਂਦਾ ਹੈ। ਦੇਵਤਿਆਂ ਨੂੰ ਪਰਿਵਾਰ ਕਰਮ ਅਨੁਸਾਰ ਤਿੰਨ ਵਰਗਾਂ ਵਿਚ ਵੰਡਿਆ ਗਿਆ ਹੈ।

ਵਰਗ		ਗਿਣਤੀ
1. ਦੁਆਦਸ਼ ਅਦਿੱਤਆ	(12)	
2. ਏਕਾਦਸ਼ ਰੁਦਰ	(11)	12+11+8=31
3. ਅਸ਼ਟ ਵਸੂ	(8)	+ਇੰਦ੍ਰ+ਪ੍ਰਜਾਪਤਿ = 33

ਹਿੰਦੂ ਮਤ ਦੇ ਧਰਮ-ਗ੍ਰੰਥਾਂ ਵਿਚ ਇਨ੍ਹਾਂ ਦੇਵਤਿਆਂ ਦੇ ਰਹਿਣ ਅਸਥਾਨ ਅਨੁਸਾਰ ਵੀ ਵਰਗੀਕਰਣ ਕੀਤਾ ਗਿਆ ਹੈ।

1. ਪ੍ਰਿਥਵੀ ਸਥਾਨੀਯ (ਧਰਤੀ ਉਪਰ ਰਹਿਣ ਵਾਲੇ)

2. ਅੰਤਰਿਕਸ਼ ਸਥਾਨੀਯ (ਮੱਧ ਅਕਾਸ਼ ਵਿਚ ਰਹਿਣ ਵਾਲੇ)

3. ਵਯੋਮਸਥਾਨੀਯ (ਉਪਰਲੇ ਅਕਾਸ਼ ਵਿਚ ਰਹਿਣ ਵਾਲੇ)

ਮੂਲ ਰੂਪ ਵਿਚ ਦੇਵਤਿਆਂ ਦੀ ਗਿਣਤੀ 33 ਹੈ ਪ੍ਰੰਤੂ ਅੱਗੇ ਚਲ ਕੇ ਕਾਰਜਾਂ ਦੀ ਵੰਡ ਅਨੁਸਾਰ ਦੇਵ ਮੰਡਲ ਦਾ ਵਿਸਥਾਰ ਹੋਇਆ ਤੇ ਦੇਵਤਿਆਂ ਦੀ ਗਿਣਤੀ 33 ਕਰੋੜ ਮੰਨੀ ਜਾਂਦੀ ਹੈ। ਇਨ੍ਹਾਂ ਦੇਵਤਿਆਂ ਵਾਸਤੇ ਪੂਜਾ ਦੀਆਂ ਵਿਧੀਆਂ ਤੇ ਸਾਵਧਾਨੀਆਂ ਵੀ ਵੱਖ ਵੱਖ ਹਨ ਜਿਵੇਂ,

1. ਸ਼ਿਵ ਜੀ ਨੂੰ ਕੇਤਕੀ ਦਾ ਫੁੱਲ ਨਹੀਂ ਚੜਾਇਆ ਜਾਂਦਾ।

2. ਸੂਰਜ ਦੀ ਪੂਜਾ ਵਿਚ ਬਿਲਪੱਤਰ ਦੀ ਵਰਤੋਂ ਨਹੀ ਕੀਤੀ ਜਾਂਦੀ।

3. ਸੂਰਜ ਅਤੇ ਸ਼ਿਵ ਨੂੰ ਸ਼ੰਖ ਨਾਲ ਪਾਣੀ ਨਹੀ ਚੜ੍ਹਾਇਆ ਜਾਂਦਾ।

'ਪੁਰਸ਼ਸੂਕਤ' ਦੇ ਸੱਤਰਵੇਂ ਮੰਤਰ ਵਿਚ ਦੇਵਤਾ ਸ਼ਬਦ ਦੀ ਵਿਆਖਿਆ ਇਸ ਪ੍ਰਕਾਰ ਹੈ,

"ਜੋ ਮਨੁੱਖ ਸ਼੍ਰੇਸ਼ਠ ਕਰਮ ਕਰਦੇ ਹਨ, ਇਕ ਈਸ਼ਵਰ ਦੀ ਉਪਾਸਨਾ ਨਾਲ ਵਿਦਿਆ ਅਤੇ

ਗਿਆਨ ਪ੍ਰਾਪਤ ਕਰਕੇ ਗੁਣਾਂ ਦੇ ਧਾਰਨੀ ਹੁੰਦੇ ਹਨ ਉਹ ਦੇਵਤੇ ਅਖਵਾਉਂਦੇ ਹਨ।"

ਗੁਰਮਤਿ ਅਨੁਸਾਰ ਕੇਵਲ ਇਕ ਅਕਾਲਪੁਰਖ ਦੀ ਪੂਜਾ ਦਾ ਹੀ ਵਿਧਾਨ ਹੈ ਅਤੇ ਬਹੁਦੇਵ ਅਰਾਧਨ ਦਾ ਸੰਪੂਰਨ ਤੌਰ ਤੇ ਖੰਡਨ ਕੀਤਾ ਗਿਆ ਹੈ।

1. ਮਾਇਆ ਮੋਹੇ ਦੇਵੀ ਸਭ ਦੇਵਾ, ਕਾਲ ਨ ਛੋਡੈ ਬਿਨ ਗੁਰ ਕੀ ਸੇਵਾ॥

(ਗਉੜੀ ਮ: 1 ਅਸਟਪਦੀ)

2. ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥
   ਗੁਰਮੁਖਿ ਨਾਮਿ ਲਗੇ ਸੇ ਸੋਹਿਆ॥ (ਆਸਾ ਮ: 5)

3. ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ॥
   ਪਾਹਣੁ ਨੀਰ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ॥ (ਸੋਰਠਿ ਮ: 1 ਅਸਟਪਦੀ)

4. ਈਸਰ ਬ੍ਰਹਮਾ ਦੇਵੀ ਦੇਵਾ, ਇੰਦ੍ਰ ਤਪੇ ਮੁਨਿ ਤੇਰੀ ਸੇਵਾ॥
   ਜਤੀ ਸਤੀ ਕੇਤੇ ਬਨਵਾਸੀ, ਅੰਤੁ ਨ ਕੋਈ ਪਾਇਦਾ॥ (ਮਾਰੂ ਮ: 1 ਸੋਲਹਾ)

85.

ਪਲਟਨ ਪਿ ਗਿਰੀ, ਕਾਟ ਕੀਆ ਪਲ ਮੇਂ ਰਸਾਲਾ।
ਸਰ ਉਸ ਕਾ ਉਛਾਲਾ, ਕਭੀ ਧੜ ਉਸ ਕਾ ਉਛਾਲਾ।
ਲਾਸ਼ੋਂ ਸੇ ਵੁਹ ਜਾ ਪਟ ਗਈ ਸਾਯਾ ਜਹਾਂ ਡਾਲਾ।
ਖ਼ਾ ਖ਼ੈਂਚ ਲੀਆ ਡਰ ਸੇ, ਮਿਹੁ-ਮਿਹਰ ਨੇ ਹਾਲਾ।
ਤੌਂਦਲ ਫਲਕਿ-ਪੀਰ ਖੜਾ ਹਾਂਪ ਰਹਾ ਥਾ।
ਮਰੀਖ਼ ਕੋ ਲਰਜ਼ਾ ਥਾ, ਜ਼ੁਹਲ ਕਾਂਪ ਰਹਾ ਥਾ।

ਸ਼ਬਦ ਅਰਥ:- ਪਲਟਨ - (ਅੰਗਰੇਜ਼ੀ ਦਾ ਸ਼ਬਦ) Platoon ਪਲਟਨ, Battallion ਪੈਦਲ ਸੈਨਾ, ਰਸਾਲਾ - ਘੋੜ ਸਵਾਰਾਂ ਦਾ ਦਸਤਾ, ਪਟ ਗਈ (ਸੰਸਕ੍ਰਿਤ) ਤਹਿ ਲਗ ਗਈ, ਸਾਯਾ - ਪਰਛਾਵਾਂ, ਖ਼ੈਂਚ - ਖਿਚ, ਮਹੁ-ਮਿਹਰ - ਚੰਦ-ਸੂਰਜ, ਹਾਲਾ - ਰੋਸ਼ਨੀ ਦਾ ਘੇਰਾ, ਤੌਂਦਲ - ਵੱਡਾ, ਢਿੱਡਲ, ਫਲਕਿ-ਪੀਰ - ਆਕਾਸ਼, ਹਾਂਪ - ਹੱਫ ਗਿਆ, ਮਰੀਖ਼ - ਮੰਗਲ ਤਾਰਾ, ਲਰਜ਼ਾ - ਬਿਮਾਰੀ ਨਾਲ ਛਿੜਿਆ ਕਾਂਬਾ, ਜ਼ੁਹਲ - ਸ਼ਨਿਛਰ, ਕਾਂਪ ਰਹਾ - ਕੰਬ ਰਿਹਾ।

ਅਰਥਾਤ:- ਸਾਹਿਬਜ਼ਾਦਾ ਅਜੀਤ ਸਿੰਘ ਵਲੋਂ ਵਾਹੀ ਜਾ ਰਹੀ ਤੇਗ਼ ਤਾਂ ਸੰਸਾਰ ਤੋਂ ਵਿਲੱਖਣ ਅਤੇ ਅਜੀਬ ਜਲਵੇ ਦਿਖਾ ਰਹੀ ਸੀ। ਜਿਸ ਪਾਸੇ ਵੱਲ ਵੀ ਮੂੰਹ ਕੀਤਾ ਪਲਾਂ ਵਿਚ ਹੀ ਪੂਰੇ ਰਸਾਲੇ ਦੇ ਆਹੂ ਲਾਹ ਕੇ ਰੱਖ ਦਿੱਤੇ। ਕਿਸੇ ਦਾ ਸਿਰ ਦੂਰ ਜਾ ਕੇ, ਉਛਲ ਕੇ ਡਿਗ ਰਿਹਾ ਸੀ ਤੇ ਕਿਸੇ ਵੈਰੀ ਦਾ ਧੜ ਕਿਸੇ ਹੋਰ ਪਾਸੇ ਪਿਆ ਸੀ। ਮੈਦਾਨ ਜੰਗ ਵਿਚ ਲਾਸ਼ਾਂ ਤੇ ਵੈਰੀਆਂ ਦੇ ਸਰੀਰ ਦੇ ਅੰਗ ਖਿਦੋ ਖੂੰਡੀਆਂ ਵਾਂਗ ਖਿਲਰੇ ਪਏ ਸਨ। ਸਾਰੀ ਜ਼ਮੀਨ ਖ਼ੂਨ ਨਾਲ ਲਾਲ ਸੁਰਖ਼ ਹੋਈ ਪਈ ਸੀ। ਜਿਸ ਪਾਸੇ ਵੀ ਸਾਹਿਬ ਅਜੀਤ ਸਿੰਘ ਦੀ ਤਲਵਾਰ ਦਾ ਪਰਛਾਵਾਂ ਵੀ ਪੈਂਦਾ ਸੀ, ਉਸੇ ਪਾਸੇ ਹੀ ਲਾਸ਼ਾਂ ਦੀ ਤਹਿਆਂ ਲਗਾ ਕੇ ਰੱਖੀ ਜਾ ਰਹੀ ਸੀ। ਇਸ ਰੋਹ-ਭਰੀ ਖ਼ਾਲਸਈ ਤੇਗ਼ ਦੇ ਜ਼ੋਹਰ ਨੂੰ ਵੇਖ ਕੇ ਚੰਦ ਸੂਰਜ ਨੇ ਵੀ ਮੂੰਹ ਛੁਪਾ ਲਏ ਸਨ।

ਇੰਝ ਲਗ ਰਿਹਾ ਸੀ ਜਿਵੇਂ ਇਨ੍ਹਾਂ ਵੱਡਾ ਅਕਾਸ਼ ਵੀ ਸਿੰਘ ਸੂਰਮੇ ਦੀ ਤੇਗ਼ ਤੋਂ ਭੈਅ ਖਾ ਕੇ ਸਾਹੋ-ਸਾਹੀ ਹੋ ਗਿਆ ਹੋਵੇ। ਮੰਗਲ ਗ੍ਰਹਿ[2] ਤਾਂ ਇੰਨ੍ਹਾਂ ਡਰ ਗਿਆ ਸੀ ਕਿ ਇੰਝ ਲਗਦਾ ਸੀ ਜਿਵੇਂ ਬੀਮਾਰੀ ਨਾਲ ਕੰਬ ਰਿਹਾ ਹੋਵੇ ਤੇ ਸ਼ਨੀ ਗ੍ਰਹਿ[3] ਆਪਣੀ ਜਗ੍ਹਾ ਕੰਬ ਰਿਹਾ ਸੀ।

1. ਚਮਕੌਰ ਦੀ ਗੜ੍ਹੀ ਵਿਖੇ ਹੋਏ ਇਸ ਘਮਸਾਣ ਦਾ ਯੁੱਧ ਦਾ ਵਰਨਣ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਹਾਨ ਰਚਨਾ 'ਜ਼ਫ਼ਰਨਾਮਾ' ਵਿਚ ਕੀਤਾ ਹੈ।

ਹਮਾਖ਼ਰ ਬਸੇ ਜ਼ਖ਼ਮਿ ਤੀਰੋ ਤੁਫ਼ੰਗ ॥
ਦੋ ਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ ॥ (੩੬) (ਜ਼ਫ਼ਰਨਾਮਾ)

ਦੋਹਾਂ ਪਾਸਿਆਂ ਤੋਂ ਤੀਰਾਂ ਦੀ ਬੇਅੰਤ ਵਰਖਾ ਹੋਈ। ਤੀਰਾਂ ਅਤੇ ਬੰਦੂਕਾਂ ਦੀਆਂ ਗੋਲੀਆਂ ਦੀ ਤਾੜ-ਤਾੜ ਨਾਲ ਅਸਮਾਨ ਗੂੰਜ ਉਠਿਆ। ਅੰਤ ਤੀਰਾਂ ਅਤੇ ਬੰਦੂਕਾਂ ਦੇ ਫੱਟ ਖਾ ਕੇ ਥੋੜੇ ਸਮੇਂ ਵਿਚ ਹੀ ਦੋਹਾਂ ਪਾਸਿਆਂ ਦੇ ਕਾਫੀ ਲੋਕ ਮਾਰੇ ਗਏ।

ਬਸੇ ਬਾਰ ਬਾਰੀਦ ਤੀਰੋ ਤੁਫ਼ੰਗ ॥
ਜ਼ਮੀ ਗਸ਼ਤ ਹਮਚੂ ਗੁਲੇ ਲਾਲਹ ਰੰਗ ॥ (੩੭) (ਜ਼ਫ਼ਰਨਾਮਾ)

ਤੀਰਾਂ ਅਤੇ ਗੋਲੀਆਂ ਲੱਗਣ ਨਾਲ ਯੋਧਿਆਂ ਦੇ ਸਰੀਰਾਂ ਵਿਚੋਂ ਖ਼ੂਨ ਦੀਆਂ ਧਾਰਾਂ ਫੁੱਟ ਨਿਕਲੀਆਂ। ਖ਼ੂਨ ਦੇ ਨਾਲ ਧਰਤੀ ਲਾਲ ਗੁਲਾਲ ਹੋ ਗਈ। ਤੀਰਾਂ ਤੇ ਗੋਲੀਆਂ ਦੀ ਵਰਖਾ ਨਾਲ ਧਰਤੀ ਲਾਲੋ-ਲਾਲ ਹੋ ਗਈ ਜਿਵੇਂ ਪੋਸਤ ਦਾ ਲਾਲ ਫੁੱਲ ਹੋਵੇ।

ਸਰੋ ਪਾਏ ਅੰਬੋਹ ਚੰਦਾਂ ਸ਼ੁਦਹ ॥
ਕਿਹ ਮੈਦਾ ਪੁਰ ਅਜ਼ ਗਇਉ ਚੌਗਾਂ ਸ਼ੁਦਹ ॥ (੩੮) (ਜ਼ਫ਼ਰਨਾਮਾ)

ਮੈਦਾਨੇ-ਜੰਗ ਵਿਚ ਜੂਝਣ ਵਾਲੇ ਯੋਧਿਆਂ ਦਾ ਐਸਾ ਘਮਸਾਣ ਦਾ ਮੁਕਾਬਲਾ ਹੋਇਆ ਕਿ ਮੈਦਾਨ ਵਿਚ ਸਿਰਾਂ ਤੇ ਪੈਰਾਂ ਦਾ ਇਵੇਂ ਢੇਰ ਲਗ ਗਿਆ ਜਿਵੇਂ ਖੇਡ ਦਾ ਮੈਦਾਨ ਖਿਦੋ-ਖੂੰਡੀਆਂ ਨਾਲ ਭਰਿਆ ਹੋਵੇ।

ਤਰੰਕਾਰਿ ਤੀਰੋ ਤਰੰਗਿ ਕਮਾਂ ॥
ਬਰਾਮਦ ਯਕੇ ਹਾ ਓ ਹੂ ਅਜ਼ ਜਹਾਂ ॥ (੩੯) (ਜ਼ਫ਼ਰਨਾਮਾ)

ਘਮਸਾਣ ਦੇ ਜੰਗ ਦੋਰਾਨ ਤੀਰਾਂ ਅਤੇ ਕਮਾਨਾਂ ਦੀ ਕੜਕੜਾਹਟ ਨਾਲ ਲੋਕਾਂ ਵਿਚ ਭਿਆਨਕ ਸ਼ੋਰ ਮਚ ਗਿਆ।

ਦਿਗਰ ਸ਼ੋਰਸ਼ਿ ਕੈਬਰਿ ਕੀਨਹ ਕੋਸ਼ ॥ ਮਰਦਾਨਹ ਮਰਦਾਂ ਬਿਰੂੰ ਰਫ਼ਤ ਹੋਸ਼ ॥
(੪੦) (ਜ਼ਫ਼ਰਨਾਮਾ)

ਰੋਹ ਵਿਚ ਆਏ ਕੀਨਾਖ਼ੋਰ ਮਾਰੂ ਬਰਛਿਆਂ ਨੇ ਐਸੀ ਗੜਬੜ ਮਚਾਈ ਕਿ ਵੱਡੇ-ਵੱਡੇ ਸੂਰਮਿਆਂ ਦੇ ਹੋਸ਼ ਗੁੰਮ ਹੋ ਗਏ।

2. ਮੰਗਲ ਗ੍ਰਹਿ:- ਬ੍ਰਹਿਮੰਡ ਖੋਜੀ ਵਿਗਿਆਨੀਆਂ ਅਨੁਸਾਰ ਮੰਗਲ ਗ੍ਰਹਿ ਦਾ ਵਿਆਸ 6755-2 ਕਿਲੋਮੀਟਰ ਹੈ। ਇਸ ਦੇ ਦੋ ਚੰਦਰਮਾਂ ਹਨ। ਇਸ ਦੀ ਸੂਰਜ ਤੋਂ ਔਸਤਨ ਦੂਰੀ 22.56 ਕਰੋੜ ਕਿ: ਮੀ. ਹੈ। ਵਾਏਕਿੰਗ ਦੀ ਖੋਜ ਤੋਂ ਪਤਾ ਲਗਾ ਹੈ। ਇਥੇ ਹੁਣ ਜੀਵਨ ਦੀ ਤਕਰੀਬਨ ਕੋਈ ਸੰਭਾਵਨਾ ਨਹੀਂ ਹੈ। ਇਸ ਦੀ ਸਤਾ ਉਪਰ ਗਹਿਰੇ ਖੱਡੇ ਹਨ। ਬ੍ਰਾਹਮਣਵਾਦੀ ਵਿਚਾਰਧਾਰਾ ਅਧੀਨ

ਜੋਤਿਸ਼ ਵਿਦਿਆ ਦੇ ਮਹਾਰਥੀਆਂ ਅਨੁਸਾਰ, "ਮੰਗਲ ਜੋਡਿਕ ਦੇ ਪਹਿਲੇ ਘਰ ਮੇਖ ਰਾਤ ਵਿਚ ਅਤੇ ਅੱਠਵੇਂ ਘਰ ਬ੍ਰਿਸਚਕ ਦਿਨ ਵਿਚ ਰਾਜਾ ਹੈ। ਮੇਖ ਤੇ ਬ੍ਰਿਸਚਕ ਇਹ ਸ਼ਕਤੀਸ਼ਾਲੀ, ਦਲੇਰ, ਝਗੜਾਲੂ ਅਤੇ ਤੇਜਤ ਸੁਭਾਅ ਦਾ ਪ੍ਰਗਟਾਵਾ ਕਰਦਾ ਹੈ। ਇਸ ਗ੍ਰਹਿ ਉਤੇ ਗੁਆਂਢੀ ਗ੍ਰਹਿਆਂ ਦੇ ਪ੍ਰਭਾਵ ਦੀ ਆਸ ਹੈ।"

3. ਸ਼ਨੀ ਗ੍ਰਹਿ :- ਸ਼ਨੀ ਗ੍ਰਹਿ ਦਾ ਵਿਆਸ, 1, 19, 296 ਕਿ: ਮੀ: ਹੈ। ਇਸ ਦੀ ਸੂਰਜ ਤੋਂ ਔਸਤਨ ਦੂਰੀ 141.76 ਕਰੋੜ ਕਿਲੋਮੀਟਰ ਹੈ। ਪੁਲਾੜ ਖੋਜੀ ਯਾਨ ਵੀਏਜਰ - 1 ਨੇ ਪਤਾ ਲਗਾਇਆ ਕਿ ਸ਼ਨੀ ਗ੍ਰਹਿ ਦੁਆਲੇ ਅਨੇਕਾਂ ਤਰੰਗਾਂ ਦੀ ਪੱਟੀ ਹੈ ਜਿਸ ਦੀ ਮੋਟਾਈ 100 ਫੁੱਟ ਹੈ। ਇਸ ਦੇ ਚੰਦਰਮਾਂ ਟਿਟੋਨ ਉਪਰ ਨਾਈਟਰੋਜਨੀ ਵਾਤਾਵਰਨ ਅਤੇ ਹਾਈਡਰੋਕਾਰਬਨ ਮਿਲੇ ਹਨ। ਇਨ੍ਹਾਂ ਦੋਵਾਂ ਦੀ ਹੋਂਦ ਤੋਂ ਜੀਵਨ ਦੇ ਸੰਕੇਤ ਮਿਲਦੇ ਹਨ ਪਰੰਤੂ ਕੋਈ ਸਬੂਤ ਨਹੀਂ ਮਿਲਿਆ। ਜੋਤਿਸ਼ ਵਿਦਿਆ ਵੇਤਿਆਂ ਅਨੁਸਾਰ ਸ਼ਨੀ ਗ੍ਰਹਿ ਮਕਰ (Capricorn) ਦੇ ਦਸਵੇਂ ਘਰ ਵਿਚ ਦਿਨ ਨੂੰ ਅਤੇ ਗਿਆਰਵੇਂ ਵਿਚ ਕੁੰਭ (Aquarius) ਵਿਚ ਰਾਤ ਨੂੰ ਪ੍ਰਤੀਨਿਧ ਹੁੰਦਾ ਹੈ। ਜੀਵਨ ਦੇ ਸਾਰੇ ਮਾੜੇ ਸ਼ਨੀ ਦੁਆਰਾ ਹੀ ਪ੍ਰਭਾਵਿਤ ਹੁੰਦੇ ਹਨ। ਇਹ ਸਿਆਣਪ ਗੰਭੀਰਤਾ ਤੇ ਨਿਰਾਸ਼ਾਵਾਦੀ ਵਿਚਾਰਧਾਰਾ ਦਾ ਪ੍ਰਤੀਕ ਹੈ।

ਉਪਰ ਵਰਨਣ ਕੀਤੀ ਗਈ ਪ੍ਰਣਾਲੀ ਪੁਰਾਤਨ ਜੋਤਿਸ਼ੀ ਦੀ ਪ੍ਰਣਾਲੀ ਹੈ। ਅਤੇ ਪ੍ਰਾਚੀਨ ਜੋਤਿਸ਼ ਵਿਗਿਆਨ ਵਿਚ ਸੱਤ ਪੁਰਾਣੇ ਸਮੇਂ ਤੋਂ ਲੱਭੇ ਗ੍ਰਹਿ ਹੀ ਵਰਤੇ ਜਾਂਦੇ ਹਨ। ਭਾਵੇਂ ਜੋਤਸ਼ੀਆਂ ਨੇ ਨਵੇਂ ਲਭੇ ਗ੍ਰਹਿ ਯੂਰੇਨਸ (1781) ਨੈਪਚੂਨ (1840) ਤੇ ਪਲੂਟੋ (1930) ਵੀ ਵਰਤਨਾਂ ਸ਼ੁਰੂ ਕਰ ਦਿੱਤਾ ਹੈ। ਪਰ ਪੁਰਾਤਨ ਜੋਤਿਸ਼ ਦੇ ਹਾਮੀ ਜੋਤਿਸ਼ੀ ਅੱਜ ਵੀ ਸੱਤ ਪੁਰਾਣੇ ਗ੍ਰਹਿ ਵਰਤਦੇ ਹਨ। ਅੱਜ ਵੀ ਛਪੀਆਂ ਪੁਰਾਤਨ ਜੋਤਿਸ਼ ਦੀਆਂ ਕਿਤਾਬਾਂ ਦੁਕਾਨਾਂ ਦੇ ਖਾਨਿਆਂ ਵਿਚ ਭਰੀਆਂ ਸਜਾਈਆਂ ਮਿਲਦੀਆਂ ਹਨ।

ਗੁਰਮਤਿ ਅਨੁਸਾਰ ਸ਼ਨੀ ਗ੍ਰਹਿ ਆਦਿ ਨੂੰ ਅਸ਼ੁਭ ਜਾਣ ਕੇ ਉਪਾਅ ਕਰਨੇ, ਮਹੂਰਤ ਅਤੇ ਹਵਨਾਂ ਆਦਿ ਦੇ ਭਰਮ ਵਿਚ ਪੈ ਕੇ ਕਲੇਸ਼ ਭੋਗਣੇ ਗੁਰ ਹੁਕਮਾਂ ਦੀ ਉਲੰਘਣਾ ਹੈ। ਗੁਰੂ ਪਾਤਸ਼ਾਹ ਦਾ ਫੁਰਮਾਨ ਹੈ,

ਛਨਿਛਰ ਵਾਰਿ, ਸਉਣ ਸਾਸਤ ਬੀਚਾਰ, ਹਉਮੈ ਮੇਰਾ ਭਰਮੈ ਸੰਸਾਰ॥

ਮਨਮੁਖ ਅੰਧਾ ਦੂਜੈ ਭਾਇ, ਜਮਦਰਿ ਬਾਧਾ ਚੋਟਾ ਖਾਇ॥ (ਬਿਲਾਵਲ ਮ: ੩ ਵਾਰ ੭)

ਇਸੇ ਤਰ੍ਹਾਂ ਹੀ ਅਗਿਆਨੀ ਲੋਕਾਂ ਵਲੋਂ ਮੰਗਲ ਗ੍ਰਹਿ ਨੂੰ ਅਸ਼ੁਭ ਜਾਣ ਕੇ ਵਹਿਮਾਂ ਭਰਮਾਂ ਅਧੀਨ ਕਈ ਤਰ੍ਹਾਂ ਦੇ ਉਪਾਅ ਕਰਵਾਏ ਜਾਂਦੇ ਹਨ। ਦੇਵੀ-ਦੇਵਤਾ ਦੀ ਪੂਜਾ ਕਰਕੇ ਜੋ ਵਿਘਨਾਂ ਦਾ ਨਾਸ਼ ਔਰ ਨਿਤਯਮੰਗਲ ਚਾਹੁੰਦੇ ਹਨ ਉਹ ਅਗਿਆਨੀ ਹਨ। ਅਨੰਦ ਮੰਗਲ ਦੀ ਪ੍ਰਾਪਤੀ ਕੇਵਲ ਪਰਮ-ਤੱਤ ਦੇ ਮਿਲਾਪ ਨਾਲ ਹੀ ਹੁੰਦਾ ਹੈ, ਸਦੀਵੀ ਖੇੜਾ ਅਤੇ ਅਨੰਦ ਪ੍ਰਾਪਤ ਹੁੰਦਾ ਹੈ,

ਮੰਗਲੁ ਤਿਸਕੈ ਜਿਸੁ ਏਕੁ ਕਾਮੁ॥ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ॥ (ਬਸੰਤ ਮ: ੫)

86.

ਦਹਸ਼ਤ ਸੇ ਸਭੀ ਬੁਰਜ਼ ਸਿਤਾਰੋਂ ਮੇਂ ਘੁਸੇ ਥੇ।
ਅਕਰਬੁ ਅਸਦੁ ਸੂਰ ਹਿਸਾਰੋਂ ਮੇਂ ਘੁਸੇ ਥੇ।
ਯਿਹ ਹੋਸ਼ ਥੇ ਅਯਦਹੇ ਗਰੋਂ ਮੇਂ ਘੁਸੇ ਥੇ।
ਸ਼ੇਰੋਂ ਮੇ ਹਿਰਨ, ਸ਼ੇਰ ਚਕਾਰੋਂ ਮੇਂ ਘੁਸੇ ਥੇ।

ਯਿਹ ਇਸ ਕੋ ਦਿਖਾ ਔਰ ਨ ਵੁਹ ਉਸਕੋ ਨਜ਼ਰ ਆਯਾ।
ਛਿਪਨੇ ਕੇ ਲੀਏ ਭੇੜੀਆ, ਭੇੜੋਂ ਕੇ ਦਰ ਆਯਾ।

ਸ਼ਬਦ-ਅਰਥ:- ਦਹਸ਼ਤ - ਡਰ, ਭੈ, ਬੁਰਜ - ਰਾਸ਼ੀ ਚੱਕਰ, ਗ੍ਰਹਿ, ਸਤਾਰੋਂ - ਤਾਰੇ, ਅਕਰਬੁ - ਬ੍ਰਿਸਚਕ ਰਾਸ਼ੀ, ਅਸਦੁ - ਸਿੰਘ ਰਾਸ਼ੀ, ਸੂਰ - ਬ੍ਰਿਖ ਰਾਸ਼ੀ, ਹਿਸਾਰੋ - ਕਿਲੇ, ਅਯਦਹੇ - ਅਜਗਰ, ਇਕ ਵੱਡਾ ਸੱਪ, ਚਕਾਰੋਂ - ਬਾਰਾਂ ਸਿੰਘੇ, ਸਿੰਗੇ।ਹਿਰਨ

ਅਰਥਾਤ:- ਸਾਹਿਬਜ਼ਾਦਾ ਅਜੀਤ ਸਿੰਘ ਏਨੀ ਬਹਾਦਰੀ ਅਤੇ ਫੁਰਤੀ ਨਾਲ ਮੈਦਾਨ-ਏ-ਜੰਗ ਵਿਚ ਤੇਗ ਨਾਲ ਦੁਸ਼ਮਣਾਂ ਦੇ ਆਹੂ ਲਾਹ ਰਿਹਾ ਸੀ ਕਿ ਮੈਦਾਨ-ਏ-ਜੰਗ ਵਿਚ ਤਾਂ ਕੀ ਸਾਰਾ ਸੰਸਾਰ ਤੇ ਬ੍ਰਹਿਮੰਡ ਦੀ ਦਹਿਸ਼ਤ ਨਾਲ ਕੰਬ ਰਿਹਾ ਸੀ। ਹਰ ਪਾਸੇ ਇੰਨੀ ਦਹਿਸ਼ਤ ਦਾ ਮਾਹੌਲ ਸੀ ਕਿ ਇੰਝ ਲਗਦਾ ਸੀ ਜਿਵੇਂ ਆਕਾਸ਼ ਦੇ ਗ੍ਰਹਿ[1] ਵੀ ਡਰ ਕੇ ਤਾਰਿਆਂ ਵਿਚ ਲੁਕਣਾ ਚਾਹੁੰਦੇ ਹੋਣ, ਗ੍ਰਹਿਆਂ ਨਾਲ ਸੰਬੰਧਿਤ ਰਾਸ਼ੀਆਂ[2] ਬ੍ਰਿਸ਼ਚਕ[3] ਸਿੰਘ[4] ਤੇ ਬ੍ਰਿਖ[5] ਆਦਿ ਤਾਂ ਗ੍ਰਹਿਆਂ ਦੀ ਦਸ਼ਾ ਵੇਖ ਖ਼ੁਦ ਵੀ ਕਿਲ੍ਹਿਆਂ ਵਿਚ ਜਾ ਵੜੀਆਂ ਸਨ। ਏਸ ਘੋਰ-ਘਮਸਾਣ ਦੇ ਹੋ ਰਹੇ ਯੁੱਧ ਨਾਲ ਤਾਂ ਜੰਗਲੀ ਜੀਵਾਂ ਤੇ ਜਾਨਵਰਾਂ ਵਿਚ ਵੀ ਏਨੀ ਦਹਿਸ਼ਤ ਪੈਦਾ ਹੋਈ ਸੀ ਕਿ ਵੱਡੇ ਵੱਡੇ ਸੱਪ ਵੀ ਡਰਦੇ ਮਾਰੇ ਹੋਏ ਚਿੱਕੜ ਵਿਚ ਧਸਦੇ ਜਾ ਰਹੇ ਸਨ। ਜੰਗਲੀ ਜੀਵਾਂ ਵਿਚ ਡਰਦੇ ਮਾਰੇ ਇੰਨੀ ਦਹਿਸ਼ਤ ਮਚੀ ਹੋਈ ਸੀ ਕਿ ਕਿਸੇ ਨੂੰ ਕੁਝ ਨਹੀਂ ਸੀ ਸੁੱਝ ਰਿਹਾ, ਹਿਰਨ ਸ਼ੇਰ ਵਿਚ ਜਾ ਕੇ ਲੁਕ ਰਹੇ ਸਨ ਤੇ ਸ਼ੇਰ ਹਿਰਨਾਂ ਦੇ ਝੁੰਡਾਂ ਵਿਚ ਪਨਾਹ ਲੈ ਰਹੇ ਸਨ।

ਕਵੀ ਜੀ ਦਾ ਕਹਿਣ ਤੋਂ ਭਾਵ ਹੈ ਕਿ ਡਰ ਦਾ ਮਾਹੌਲ ਐਸਾ ਸੀ ਕਿ ਕਿਸੇ ਨੂੰ ਆਪਣਾ ਪਰਾਇਆ ਵੀ ਨਜ਼ਰ ਨਹੀਂ ਸੀ ਆ ਰਿਹਾ ਹਰ ਕੋਈ ਜਾਨ ਬਚਾਉਣਾ ਚਾਹੁੰਦਾ ਸੀ, ਹੋਰ ਤਾਂ ਹੋਰ ਭੇੜੀਏ ਵੀ ਡਰ ਦੇ ਮਾਰੇ ਭੇਡਾਂ ਵਿਚ ਜਾ ਲੁਕੇ।

1. ਗ੍ਰਹਿ :- ਹੁਣ ਤੱਕ ਸਾਡੇ ਵਿਗਿਆਨੀਆਂ ਨੇ ਸੂਰਜ ਪਰਿਵਾਰ ਵਿਚ ਸਾਡੀ ਧਰਤੀ ਤੇ ਚੰਦਰਮਾਂ ਸਮੇਤ ਕੁੱਲ 60 ਉਪਗ੍ਰਹਿ ਲੱਭੇ ਹਨ। ਜੋਤਿਸ਼ੀ ਸਾਡੀ ਧਰਤੀ ਦੇ ਉਪਗ੍ਰਹਿਆਂ ਨੂੰ ਛੱਡ ਕੇ ਬਾਕੀ ਦੇ ਗ੍ਰਹਿਆਂ ਤੇ ਉਪਗ੍ਰਹਿਆਂ ਨੂੰ ਅੱਖੋਂ ਓਹਲੇ ਕਰਦੇ ਹਨ। ਭਾਵੇਂ ਉਹ ਦੂਰ ਦੇ ਗ੍ਰਹਿਆਂ ਯੂਰੇਨਸ, ਨੈਪਚੂਨ, ਤੇ ਪਲੂਟੋ ਤੋਂ ਵੀ ਨੇੜੇ ਹਨ। ਗੈਨੀਮੀਡ, ਟਾਈਟਨ ਕਾਲਿਸਟੋ ਤੇ ਲੀਉ ਉਪਗ੍ਰਹਿ ਧਰਤੀ ਦੇ ਚੰਦਰਮਾਂ ਤੋਂ ਕਿਤੇ ਵੱਡੇ ਹਨ। ਧਿਆਨ ਦੀ ਗਲ ਹੈ। ਕਿ ਮੈਂ ਹਜਾਰਾਂ ਹੀ ਛੋਟੇ ਗ੍ਰਹਿਆਂ ਦਾ ਵਰਨਣ ਹੀ ਨਹੀ ਕਰ ਰਿਹਾ ਹਾਂ ਜਿਨ੍ਹਾਂ ਨੂੰ ਉਲਕਾਂ ਕਿਹਾ ਜਾਂਦਾ ਹੈ। ਜੋ ਆਮ ਕਰਕੇ ਮੰਗਲ ਤੇ ਜੁਪੀਟਰ ਗ੍ਰਹਿਆਂ ਵਿਚਕਾਰ ਸਥਿਤ ਹਨ। ਅਤੇ ਸੂਰਜ ਦੇ ਦੁਆਲੇ ਘੁੰਮਦੇ ਹਨ। ਹੈਰਾਨੀ ਦੀ ਗੱਲ ਹੈ ਕਿ ਐਸਟਰੋਇਡਾ ਤੋਂ ਅਕਾਰ ਵਿਚ ਛੋਟੇ ਅਤੇ ਬਹੁਤ ਉਪਗ੍ਰਹਿਆਂ ਤੋਂ ਦੂਰ ਵਿੰਗੀ ਟੇਡੀ ਸ਼ਕਲ ਵਾਲੇ ਕਦੇ ਪੂਛ ਵਾਲੇ ਪੂਛਲ ਤਾਰੇ ਇਨ੍ਹਾਂ ਜੋਤਸ਼ੀਆਂ ਦੁਆਰਾ ਬਹੁਤ ਹੀ ਭਿਅੰਕਰ ਘਟਨਾਂ ਦੇ ਸੂਚਕ ਸਮਝੇ ਜਾਂਦੇ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਆਕਾਸ਼ੀ ਪਿੰਡਾਂ ਦੀ ਵਰਤੋਂ ਕਿਸੇ ਨਿਯਮ ਅਨੁਸਾਰ ਨਹੀ ਕੀਤੀ ਜਾਂਦੀ। ਜੋਤਸ਼ੀ ਆਪਣੀ ਮਨਮਰਜੀ ਨਾਲ ਹੀ ਇਨ੍ਹਾਂ ਦੀ ਵਰਤੋਂ ਕਰੀ ਜਾਂਦੇ ਹਨ। ਕੁਝ ਸਮਾਂ ਪਹਿਲਾਂ ਕੱਟੜ ਧਰਮੀਆਂ ਅਤੇ ਅੰਧਵਿਸ਼ਵਾਸੀਆਂ ਵਲੋਂ ਕੇਵਲ 9 ਗ੍ਰਹਿਆਂ ਨੂੰ ਹੀ ਮਾਨਤਾ ਦਿੱਤੀ ਜਾਂਦੀ ਸੀ ਤੇ ਇਨ੍ਹਾਂ ਵੱਖ-ਵੱਖ ਗ੍ਰਹਿਆਂ ਦੇ ਪ੍ਰਭਾਵ ਨੂੰ ਜੀਵਨ ਤੇ ਅਲੱਗ-ਅਲੱਗ ਦਰਸਾ ਨੂੰ ਲੋਕਾਂ ਨੂੰ ਵਹਿਮਾਂ ਦੇ ਜਾਲ ਵਿਚ ਫਸਾ ਕੇ ਠੱਗਿਆ ਜਾਂਦਾ ਸੀ। ਵਿਗਿਆਨਕ ਤਰੱਕੀ ਦੇ ਸਦਕਾ ਬੇਸ਼ਕ ਹੁਣ ਕੁਝ ਲੋਕ ਇਸ ਪੱਖ ਤੋਂ ਜਾਗਰੂਕ ਹੋਏ ਹਨ। ਅਜੋਕੇ ਵਿਗਿਆਨੀਆਂ ਦੀਆਂ ਨਵੀਨਤਮ ਖੋਜਾਂ ਸਦਕਾ ਗ੍ਰਹਿਆਂ, ਚੰਦਰਮਾਂ, ਅਤੇ ਉਪਗ੍ਰਹਿਆਂ, ਸੂਰਜਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਪ੍ਰੰਤੂ ਗੁਰੂ ਪਾਤਸ਼ਾਹ ਨੇ ਸਦੀਆਂ ਪਹਿਲਾ ਹੀ ਸੌਰ ਮੰਡਲ ਬਾਰੇ ਫੁਰਮਾਨ ਕੀਤਾ,

੧. ਅਨਿਕ ਸੂਰ ਸਸੀਅਰ ਨਖਿਆਤਿ॥ ਅਨਿਕ ਅਕਾਸ ਅਨਿਕ ਪਾਤਾਲ॥
ਅਨਿਕ ਪੁਰੀਆ ਅਨਿਕ ਤਹ ਖੰਡ॥ ਅਨਿਕ ਰੂਪ ਰੰਗ ਬ੍ਰਹਮੰਡ॥
ਅਨਿਕ ਬਨਾ ਅਨਿਕ ਫਲ ਮੂਲ॥ ਆਪਹਿ ਸੂਖਮ ਆਪਹਿ ਅਸਥੂਲ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ੧੨੩੬)

੨. ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ॥ (ਜਪੁ ਜੀ)
੩. ਕਈ ਕੋਟਿ ਅਕਾਸ ਬ੍ਰਹਮੰਡ॥ (ਪੰਨਾ ੨੭੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)
੪. ਕਈ ਕੋਟਿ ਸਸੀਅਰ ਸੂਰ ਨਖ੍ਯ੍ਰ॥ (ਪੰਨਾ ੨੭੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

2. ਰਾਸ਼ੀ:- ਜੋਤਿਸ਼ੀ ਵਲੋਂ ਆਮ ਤੌਰ ਤੇ ਵਰਤੀ ਜਾਂਦੀ ਪ੍ਰਣਾਲੀ ਇਕ ਜਰਮਨ ਜੋਤਿਸ਼ੀ ਰੈਜੀਓਮੋਨਟੈਨਸ ਨੇ ਤਿਆਰ ਕੀਤੀ ਹੈ। ਅਫਸੋਸ ਨਾਲ ਦੱਸਣਾ ਪੈਂਦਾ ਹੈ ਕਿ ਇਹ ਪ੍ਰਣਾਲੀ ਅਸਲੀ ਰਾਸ਼ੀ ਚੱਕਰ (Zodiac) ਨਾਲ ਮੇਲ ਨਹੀਂ ਖਾਂਦੀ। ਲੱਖਾਂ ਹਜਾਰਾਂ ਲੋਕ ਜਿਹੜੇ ਅਜਿਹੀਆਂ ਉਣਤਾਈਆਂ ਬਾਰੇ ਨਹੀਂ ਜਾਣਦੇ ਤੇ ਸਿਰਫ ਇਹ ਹੀ ਜਾਣਦੇ ਹਨ ਕਿ ਉਹ ਤੁਲਾ ਤੇ ਮੇਖ ਰਾਸ਼ੀ ਵਿਚ ਪੈਦਾ ਹੋਏ ਹਨ। ਅਕਸਰ ਹੀ ਗੁਮਰਾਹ ਹੋ ਜਾਂਦੇ ਹਨ। ਅਖਬਾਰਾਂ ਤੇ ਰਸਾਲਿਆਂ ਵਿਚ ਜੋਤਿਸ਼ ਸੰਬੰਧੀ ਅੰਕੜੇ ਗਿਨਣ ਵਾਸਤੇ ਬਹੁਤ ਹੀ ਸਾਧਾਰਨ ਅਤੇ ਸੌਖੀ ਪ੍ਰਣਾਲੀ ਦੀ ਵਰਤੋਂ ਕੀਤੀ ਜਾਂਦੀ ਹੈ। ਅਤੇ ਇਹ ਪ੍ਰਣਾਲੀ ਅਸਲੀਅਤ ਤੋਂ ਕੋਹਾਂ ਦੂਰ ਹੈ। ਅਸੂਲੀ ਰਾਸ਼ੀ ਚੱਕਰ ਦੇ ਹਵਾਲੇ ਅਨੁਸਾਰ

ਮਸ਼ਹੂਰ ਜੋਤਿਸ਼ੀ ਬਰਿਅਨਇਨਜ਼ ਆਪਣੀ ਕਿਤਾਬ, ਜੰਤਰੀ Horoscrope ਵਿਚ ਲਿਖਦਾ ਹੈ। ਕਿ ਹੇਠ ਲਿਖੀਆਂ ਤਰੀਖਾਂ ਵਿਚਕਾਰ ਸੂਰਜ ਹਰ ਰਾਸ਼ੀ ਵਿਚ ਚਮਕਦਾ ਹੈ।

21 ਮਾਰਚ ਤੋਂ 18 ਅਪ੍ਰੈਲ ਤੱਕ	28 ਦਿਨ	ਮੀਨ ਰਾਸ਼ੀ ਵਿਚ
18 ਅਪ੍ਰੈਲ ਤੋਂ 10 ਮਈ ਤੱਕ	22 ਦਿਨ	ਮੇਖ ਰਾਸ਼ੀ ਵਿਚ
10 ਮਈ ਤੋਂ 18 ਜੂਨ ਤੱਕ	39 ਦਿਨ	ਬ੍ਰਿਖ ਰਾਸ਼ੀ ਵਿਚ
18 ਜੂਨ ਤੋਂ 21 ਜੁਲਾਈ ਤੱਕ	33 ਦਿਨ	ਮਿਥੁਨ ਰਾਸ਼ੀ ਵਿਚ
21 ਜੁਲਾਈ ਤੋਂ 10 ਅਗਸਤ ਤੱਕ	20 ਦਿਨ	ਕਰਕ ਰਾਸ਼ੀ ਵਿਚ
10 ਅਗਸਤ ਤੋਂ 17 ਸਤੰਬਰ ਤੱਕ	38 ਦਿਨ	ਸਿੰਘ ਰਾਸ਼ੀ ਵਿਚ
17 ਸਤੰਬਰ ਤੋਂ 3 ਨਵੰਬਰ ਤੱਕ	48 ਦਿਨ	ਕੰਨਿਆਂ ਰਾਸ਼ੀ ਵਿਚ
3 ਨਵੰਬਰ ਤੋਂ 16 ਨਵੰਬਰ ਤੱਕ	13 ਦਿਨ	ਤੁਲਾ ਰਾਸ਼ੀ ਵਿਚ
16 ਨਵੰਬਰ ਤੋਂ 13 ਦਸੰਬਰ ਤੱਕ	27 ਦਿਨ	ਬ੍ਰਿਸਚਕ ਰਾਸ਼ੀ ਵਿਚ
13 ਦਸੰਬਰ ਤੋਂ 21 ਜਨਵਰੀ ਤੱਕ	39 ਦਿਨ	ਧਨ ਰਾਸ਼ੀ ਵਿਚ
21 ਜਨਵਰੀ ਤੋਂ 14 ਫਰਵਰੀ ਤੱਕ	24 ਦਿਨ	ਮਕਰ ਰਾਸ਼ੀ ਵਿਚ
14 ਫਰਵਰੀ ਤੋਂ 21 ਮਾਰਚ ਤੱਕ	35 ਦਿਨ	ਕੁੰਭ ਰਾਸ਼ੀ ਵਿਚ

ਇਸ ਅਸਲੀ ਰਾਸ਼ੀ ਚੱਕਰ ਅਨੁਸਾਰ ਸੂਰਜ ਕੰਨਿਆਂ ਰਾਸ਼ੀ ਵਿਚ ਕਰੀਬ 7 ਹਫਤੇ ਅਤੇ ਤੁਲਾ ਵਿਚ ਸਿਰਫ 13 ਦਿਨ ਚਮਕਦਾ ਹੈ। 17 ਸਤੰਬਰ ਅਤੇ 3 ਨਵੰਬਰ ਦਰਮਿਆਨ ਜਨਮੇ ਬੱਚੇ ਕੰਨਿਆਂ ਅਖਵਾਉਣਗੇ 3 ਨਵੰਬਰ ਤੋਂ 16 ਨਵੰਬਰ ਦਰਮਿਆਨ ਜਨਮੇ ਬੱਚੇ ਤੁਲਾ ਅਖਵਾਉਣਗੇ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਾਧਾਰਣ ਜੋਤਸ਼ੀਆਂ ਵੱਲੋਂ ਦੱਸੀ ਜਾਂਦੀ ਕਿਸਮਤ ਲੋਕਾਂ ਦੀ ਅਗਿਆਨਤਾਂ ਕਾਰਨ ਲੁੱਟ ਘਸੁੱਟ ਕਰਨਾਂ ਹੀ ਹੈ। ਅਤੇ ਇਹ ਨਕਲੀ ਵਿਗਿਆਨ ਅਸਲੀਅਤ ਤੋਂ ਬੇਹੱਦ ਦੂਰ ਹੈ।

3. ਬ੍ਰਿਸ਼ਚਕ :- (24 ਅਕਤੂਬਰ ਤੋਂ 22 ਨਵੰਬਰ) ਵਿਘਨਕਾਰੀ, ਸਥਿਰ ਪਾਣੀ ਅਤੇ ਮੰਗਲ ਅਧਿਕਾਰੀ ਗ੍ਰਹਿ ਹੈ।

4. ਸਿੰਘ:- (24 ਜੁਲਾਈ ਤੋਂ 23 ਅਗਸਤ) ਹਿੱਤਕਰ, ਸਥਿਰ, ਅੰਗ ਤੇ ਇਸਦਾ ਅਧਿਕਾਰੀ ਗ੍ਰਹਿ ਸੂਰਜ ਹੈ।

5. ਬ੍ਰਿਖ:- (21 ਅਪ੍ਰੈਲ ਤੋਂ 21 ਮਈ) ਹਿੱਤਕਾਰ, ਸਥਿਰ ਧਰਤੀ ਤੇ ਇਸ ਦਾ ਅਧਿਕਾਰੀ ਸ਼ੁੱਕਰ ਹੈ।

ਜੋਤਿਸ਼ੀਆਂ ਨੇ ਲੋਕਾਂ ਨੂੰ ਰਾਸ਼ੀਆਂ ਆਦਿ ਦੇ ਭਰਮ-ਚੱਕਰਾਂ ਵਿਚ ਪਾ ਕੇ ਆਰਥਿਕ ਅਤੇ ਮਾਨਸਿਕ ਤੇ ਇਥੋਂ ਤਕ ਸਰੀਰਿਕ ਸ਼ੋਸ਼ਣ ਕੀਤਾ ਜਾਂਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਸਿੱਖ

ਨੂੰ ਇਨ੍ਹਾਂ ਰਾਸ਼ੀਆਂ ਦੀ ਵਿਚਾਰ ਜਾਂ ਭਰਮ ਨਹੀ ਕਰਨਾ ਚਾਹੀਦਾ। ਭਾਈ ਗੁਰਦਾਸ ਜੀ ਗੁਰਮੁਖ ਮਾਰਗ ਦੇ ਭਰਮ ਰਹਿਤ ਜੀਵਨ ਦਾ ਨਕਸ਼ਾ ਖਿੱਚਦੇ ਫ਼ੁਰਮਾਉਂਦੇ ਹਨ।

ਸਉਣ ਸਗੁਨ ਵੀਚਾਰਣੇ ਨਉ ਗ੍ਰਹਿ ਬਾਰਹ ਰਾਸਿ ਵਿਚਾਰਾ॥
ਕਾਮਣ ਟੂਣੇ ਅਉਸੀਆ ਕਣਸੋਈ ਪਾਸਾਰ ਪਸਾਰਾ॥
ਗਦਹੁ ਕੁਤੇ ਬਿਲੀਆਂ ਇਲ ਮਲਾਲੀ ਗਿਦੜ ਛਾਰਾ॥
ਨਾਰਿ ਪੁਰਖੁ ਪਾਣੀ ਅਗਨਿ, ਛਿਕ ਪਦ ਹਿਡਕੀ ਵਰਤਾਰਾ॥
ਥਿਤਿ ਵਾਰ ਭਦ੍ਰਾ ਭਰਮ, ਦਿਸਾ ਸੂਲ ਸਹਸਾ ਸੈ ਸਾਰਾ॥
ਵਲ ਛਲ ਕਰਿ ਵਿਸਵਾਸ ਲਖ, ਬਹੁ ਚੁਖੀ ਕਿਉ ਰਵੈ ਭਤਾਰਾ॥
ਗੁਰਮੁਖਿ ਸੁਖ ਫਲ ਪਾਰਿ ਉਤਾਰਾ॥ ੮॥

ਭਾਈ ਗੁਰਦਾਸ ਜੀ (ਵਾਰ ੫)

ਵੈਸੇ ਜੇਕਰ ਤਰਕਵਾਦੀ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਰਾਮ ਅਤੇ ਰਾਵਣ ਦੋਹਾਂ ਦੀ ਰਾਸ਼ੀ ਤੁਲਾ ਸੀ, ਪ੍ਰੰਤੂ ਕਰਮਾਂ ਅਤੇ ਜੀਵਨ ਵਿੱਚ ਕੋਹਾਂ ਦਾ ਅੰਤਰ।

87.

ਯਿਹ ਆਈ, ਵੁਹ ਪਹੁੰਚੀ, ਵੁਹ ਗਈ ਸਨ ਸੇ ਨਿਕਲ ਕਰ।
ਜਬ ਬੈਠ ਗਈ ਸਰ ਪਿ, ਉਠੀ ਤਨ ਸੇ ਨਿਕਲ ਕਰ।
ਦੋ ਕਰ ਗਈ ਚਾਰ ਆਈਨਾ ਜੋਸ਼ਨ ਸੇ ਨਿਕਲ ਕਰ।
ਤਰਾਰੀ ਮੇਂ , ਤੇਜ਼ੀ ਮੇਂ, ਥੀ ਨਾਗਨ ਸੇ ਨਿਕਲ ਕਰ।

ਦੁਸ਼ਮਨ ਕੋ ਲਿਆ ਮਰਕਬਿ-ਦੁਸ਼ਮਨ ਭੀ ਨ ਛੋੜਾ।
ਅਸਵਾਰ ਕੋ ਦੋ ਕਰ ਗਈ, ਤੋ ਸਨ ਭੀ ਨ ਛੋੜਾ।

ਸ਼ਬਦ ਅਰਥ:- ਸਨ - ਕਵਚ, ਸੰਜੋਅ, ਆਈਨਾ - ਸ਼ੀਸ਼ਾ, ਜੋਸ਼ਨ - ਸੰਜੋਅ, ਤਰਾਰੀ - ਅਜੀਬ ਤੇਜੀ, ਰਾਵਾਨਗੀ, ਵੱਧ ਕੇ, ਨਾਗਨ - ਮਾਦਾ ਸੱਪ, ਮਰਕਬਿ, ਦੁਸ਼ਮਨ - ਦੁਸ਼ਮਣ ਦਾ ਸਰੀਰ ਢੱਕਣ ਦਾ ਜੰਗੀ ਸਮਾਨ, ਘੋੜਾ, ਸਵਾਰੀ, ਅਸਵਾਰ - ਘੋੜ ਸਵਾਰ।

ਅਰਥਾਤ:- ਸਾਹਿਬਜ਼ਾਦਾ ਅਜੀਤ ਸਿੰਘ ਜੀ ਵਲੋਂ ਵਾਹੀ ਜਾ ਰਹੀ ਤੇਗ਼ ਤਾਂ ਏਨੀ ਫੁਰਤੀ ਨਾਲ ਮੈਦਾਨ-ਏ-ਜੰਗ ਵਿਚ ਜ਼ੌਹਰ ਵਿਖਾ ਰਹੀ ਸੀ ਪਤਾ ਨਹੀਂ ਸੀ ਲਗਦਾ ਕਿ ਏਨੀ ਬਿਜਲੀ ਵਰਗੀ ਤੇਜੀ ਨਾਲ ਕਿਸੇ ਪਾਸਿਓਂ ਆਉਂਦੀ ਤੇ ਦੁਸ਼ਮਣ ਦੇ ਸਰੀਰ ਨੂੰ ਕਵਚ ਸਮੇਤ ਚੀਰ ਕੇ ਰੱਖ ਦਿੰਦੀ ! ਜਿਸ ਦੇ ਸਿਰ ਉਪਰ ਵੀ ਜਾ ਕੇ ਵੱਜਦੀ ਉਸ ਦਾ ਸਾਰਾ ਧੜ ਸਮੇਤ ਜੰਗੀ ਸਮਾਨ ਦੇ ਚੀਰ ਕੇ ਰੱਖ ਦਿੰਦੀ। ਦੁਸ਼ਮਣ ਦੀਆਂ ਸੰਜੋਆਂ ਨਾਲ ਢੱਕੀਆਂ ਛਾਤੀਆਂ ਨੂੰ ਇੰਝ ਚੀਰ ਕੇ ਰੱਖੀ ਜਾ ਰਹੀ ਸੀ ਜਿਵੇਂ ਸ਼ੀਸ਼ਾ ਚੂਰ-ਚੂਰ ਹੋ ਰਿਹਾ ਹੋਵੇ। ਸਾਹਿਬ ਅਜੀਤ ਸਿੰਘ ਦੀ ਇਹ ਖ਼ਮਦਾਰ ਤਲਵਾਰ ਫ਼ੁਰਤੀ ਅਤੇ ਤੇਜੀ ਵਿਚ ਤਾਂ ਨਾਗਨ' ਤੋਂ ਵੀ ਵਧੇਰੇ ਤੇਜ ਤੇ ਫੁਰਤੀਲੀ ਸੀ।

ਕਵੀ ਜੀ ਬਿਆਨ ਕਰਦੇ ਹਨ ਤਲਵਾਰ ਦੀ ਮਾਰ ਏਨੀ ਜ਼ਬਰਦਸਤ ਸੀ ਕਿ ਵੈਰੀ ਤਾਂ ਮਾਰ-ਮਾਰ ਕੇ ਢੇਰ ਲਗਾ ਰਹੀ ਸੀ, ਉਥੇ ਨਾਲ ਹੀ ਵੈਰੀਆਂ ਦਾ ਸਰੀਰ ਉਪਰ ਪਹਿਨਿਆਂ ਹੋਇਆ ਜੰਗੀ ਸਮਾਨ, ਸੰਜੋਆਂ (ਕਵਚਾਂ) ਨੂੰ ਵੀ ਚੀਰ-ਚੀਰ ਕੇ ਸੁੱਟੀ ਜਾ ਰਹੀ ਸੀ। ਜਦੋਂ ਕਿਸੇ ਘੋੜ-ਸਵਾਰ ਦੇ ਸਿਰ ਉਪਰ ਆ ਕੇ ਟਕਰਾਉਂਦੀ ਤਾਂ ਸਮੇਤ ਘੋੜੇ ਅਤੇ ਪਹਿਨੇ ਹੋਏ ਸਾਜੋ-ਸਮਾਨ ਦੇ ਚੀਰ ਕੇ ਦੋ ਹਿੱਸੇ ਕਰ ਦਿੰਦੀ।

1. ਨਾਗਨ:- ਮਾਦਾ ਸੱਪ, ਸਰਪਣੀ,

੧. ਨਾਗਨਿ ਹੋਵਾਂ ਧਰ ਵਸਾਂ (ਗਉੜੀ ਮ: ੧)

ਗੁਰਮਤਿ ਵਿਚਾਰਧਾਰਾ ਵਿਚ ਮਾਇਆ ਦੇ ਪ੍ਰਭਾਵਾਂ ਨੂੰ ਘਾਤਕ ਜਾਣ ਕੇ ਇਸ ਨੂੰ ਨਾਗਨ ਸ਼ਬਦ ਨਾਲ ਪ੍ਰਗਟਾਇਆ ਗਿਆ ਹੈ,

ਮਾਇਆ ਹੋਈ ਨਾਗਨੀ (ਵਾਰ ਗੂਜਰੀ ਮ: ੩)

88.

ਤਲਵਾਰ ਸੀ ਤਲਵਾਰ ਥੀ, ਕਿਆ ਜਾਨੀਏ ਕਿਆ ਥੀ।
ਖ਼ੂੰਖਾਰ ਥੀ, ਖ਼ੂੰਬਾਰ ਥੀ ਆਫ਼ਤ ਥੀ ਬਲਾ ਥੀ।
ਥੀ ਆਬ ਯਾ ਫੌਲਾਦ ਪਿ ਬਿਜਲੀ ਕੀ ਜ਼ਲਾ ਥੀ।
ਯਮਰਾਜ ਕੀ ਅੰਮਾ ਥੀ, ਵੁਹ ਸ਼ਮਸ਼ੀਰਿ ਕਜ਼ਾ ਥੀ।

ਅਰਦਲ ਮੇਂ ਬਿਚਾਰੇ ਮੁਲਕੁਲ-ਮੌਤ ਖੜੇ ਥੇ।
ਅਪਨੇ ਸ਼ੁਗਲਿ-ਖ਼ਾਸ ਮੇਂ ਮਸ਼ਗੂਲ ਬੜੇ ਥੇ।

ਸ਼ਬਦ ਅਰਥ:- ਖ਼ੂੰ-ਖ਼ਾਰ=ਲਹੂ ਦੀ ਪਿਆਸੀ, ਖ਼ੂੰ-ਬਾਰ=ਇਜ਼ਾਜਤ ਨਾਲ ਖ਼ੂਨ ਵਰਸਾਉਣ ਵਾਲੀ, ਆਫ਼ਤ=ਮੁਸੀਬਤ, ਆਬ=ਪਾਣੀ, ਫੌਲਾਦ=ਲੋਹਾ, ਬਿਜਲੀ= ਅਸਮਾਨੀ ਬਿਜਲੀ, ਜ਼ਲਾ=ਚਮਕ, ਯਮਰਾਜ਼=ਧਰਮਰਾਜ, ਸ਼ਮਸ਼ੀਰਿ-ਕਜ਼ਾ=ਕਾਲ ਦੀ ਕ੍ਰਿਪਾਨ, ਮੁਲਕੁਲ ਮੌਤ=ਮੌਤਾ ਦਾ ਦੇਵਤਾ, ਯਮਰਾਜ, ਸ਼ੁਗਲਿ-ਖਾਸ=ਵਿਸ਼ੇਸ਼ ਮੰਨੋਰੰਜਨ, ਮਸ਼ਗੂਲ=ਮਸਤ, ਅਰਦਲ=ਦਰ, ਦਰਵਾਜਾ।

ਅਰਥਾਤ :- ਕਵੀ ਜੀ ਸਾਹਿਬ ਅਜੀਤ ਸਿੰਘ ਜੀ ਦੀ ਤੇਗ਼ ਦੀ ਸਿਫ਼ਤ ਕਰਦੇ ਲਿਖਦੇ ਹਨ ਕਿ ਸੀ ਤਾਂ ਉਹ ਤਲਵਾਰ, ਪਰ ਪਤਾ ਨਹੀਂ ਉਸ ਵਿਚ ਏਨੀ ਸ਼ਕਤੀ ਤੇ ਬਲ ਕਿਥੋਂ ਆ ਗਿਆ ਸੀ। ਰੋਹ ਨਾਲ ਭਰੀ ਹੋਈ ਸਾਹਿਬ ਅਜੀਤ ਸਿੰਘ ਦੀ ਤਲਵਾਰ ਤਾਂ ਦੁਸ਼ਮਣ ਦੀ ਰੱਤ ਦੀ ਪਿਆਸੀ ਪ੍ਰਤੀਤ ਹੋ ਰਹੀ ਸੀ ਜੋ ਇਸ਼ਾਰੇ ਮਾਤਰ ਇਜ਼ਾਜ਼ਤ ਨਾਲ ਹੀ ਵੈਰੀ ਦੇ ਖ਼ੂਨ ਨਾਲ ਨਦੀਆਂ ਵਹਾ ਰਹੀ ਸੀ ਪਤਾ ਨਹੀਂ ਸੀ ਲਗ ਰਿਹਾ ਕਿ ਇਹ ਕੋਈ ਆਫ਼ਤ ਹੈ ਜਾਂ ਕੋਈ ਬਲਾ ਹੈ। ਇੰਝ ਲਗਦਾ ਸੀ ਜਿਵੇਂ ਪਾਣੀ ਵਰਗੀ ਰਵਾਨਗੀ ਵਾਲੇ ਫ਼ੌਲਾਦ ਉਪਰ ਅਸਮਾਨੀ ਬਿਜਲੀ ਦੀ ਚਮਕ ਦੀ ਪਾਣ ਚੜੀ ਹੋਵੇ। ਅਰਥਾਤ ਤੇਗ਼ ਵਿਚ ਏਨਾ ਲਚਕੀਲਾਪਨ, ਰੋਹ, ਫ਼ੁਰਤੀ ਤੇ ਤੇਜੀ ਸੀ ਕਿ ਇਹ ਤਲਵਾਰ ਨਹੀਂ ਬਲਕਿ ਮੌਤ ਦੇ ਫਰਿਸ਼ਤੇ ਧਰਮਰਾਜ ਦੀ ਮਾਂ ਲੱਗ ਰਹੀ ਸੀ ਜਾਂ ਮੌਤ ਦਾ ਪੈਗ਼ਾਮ ਲੈ ਕੇ ਆਉਣ ਵਾਲੀ ਸ਼ਾਹੀ ਸ਼ਮਸ਼ੀਰ ਸੀ।

ਇਸ ਤਲਵਾਰ ਦੇ ਜ਼ੋਹਰ ਦਾ ਲੋਹਾ ਤਾਂ ਅਸਮਾਨੀ ਦੇਵਤੇ ਵੀ ਮੰਨ ਚੁੱਕੇ ਸਨ। ਮੌਤ ਦਾ ਦੇਵਤਾ ਯਮਰਾਜ ਤਾਂ ਦਰਵਾਜੇ ਵਿਚ ਖੜ੍ਹਾ ਹੋ ਕੇ, ਮੈਦਾਨ-ਏ-ਜੰਗ ਵਿਚ ਖ਼ਾਲਸਈ ਤਲਵਾਰ ਦੇ ਅਜਬ ਨਜ਼ਾਰੇ ਤੱਕ ਰਿਹਾ ਤੇ ਇਸ ਵਿਸ਼ੇਸ਼ ਮੰਨੋਰੰਜਨ ਵਿਚ ਮਸਤ ਹੋਇਆ ਨਜ਼ਾਰੇ ਦਾ ਅਨੰਦ ਲੈ ਰਿਹਾ ਸੀ।

89.

ਘੋੜਾ ਵਹੁ ਸਬੁਕੁ-ਸੀਅਰ ਬਦਲ ਜਿਸ ਕਾ ਨਹੀਂ ਥਾ।
ਦੇਖਾ ਤੋ ਕਹਾਂ ਥਾ, ਅਭੀ ਦੇਖਾ ਤੋ ਕਹੀ ਥਾ।
ਮਹਿਫ਼ੂਜ਼ ਕੋਈ ਉਸ ਸੇ, ਮਕਾਂ ਥਾ ਨ ਮਕੀਂ ਥੀ।
ਬਾਲਾ-ਇ-ਫ਼ਲਕ ਥਾ ਵੁਹ ਕਭੀ ਜ਼ੇਰਿ-ਜ਼ਮੀਂ ਥਾ।
ਥੀ ਟਾਪ ਕੀ ਆਵਾਜ਼ ਯਾ ਸੈਲ-ਏ-ਸਬਾ ਥੀ।
ਗੁੰਚੇ ਕੇ ਚਟਖ਼ਨੇ ਕੀ ਸਦਾ ਇਸ ਸੇ ਸਿਵਾ ਥੀ।

ਸ਼ਬਦ ਅਰਥ:- ਸਬੁਕੁ-ਸੀਅਰ=ਇਸ਼ਾਰੇ ਤੇ ਤੇਜ਼ ਚਾਲ, ਸੁਭਾਅ ਵਾਲੀ, ਬਦਲ =ਕੋਈ ਉਦਾਹਰਣ ਜਾਂ ਬਦਲ, ਮਹਫ਼ੂਜ਼=ਬਚਿਆ, ਮਕਾਂ=ਮਕਾਨ ਵਿਚ ਵਸਣ ਵਾਲਾ, ਬਾਲਾ-ਇ-ਫਲਕ=ਉਚੇ ਅਸਮਾਨ ਤੇ, ਜ਼ੇਰਿ-ਜ਼ਮੀਂ=ਪਾਤਾਲ ਤੇ, ਧਰਤੀ ਤੇ, ਸੈਲੇ=ਇ-ਸਬਾ=ਸਵੇਰ ਦੀ ਹੋਲੀ ਹੋਲੀ ਰੁਮਕਦੀ ਹਵਾ, ਗੁੰਚੇ=ਕਲੀ, ਚਟਖ਼ਨੇ= ਖਿੜਨ, ਸਿਵਾ=ਵਧੇਰੇ, ਸਦਾ=ਆਵਾਜ਼

ਅਰਥਾਤ:- ਸਾਹਿਬ ਅਜੀਤ ਸਿੰਘ ਦੇ ਘੋੜੇ ਦੀ ਸਿਫ਼ਤ ਕਰਦਾ ਕਵੀ ਬਿਆਨ ਕਰਦਾ ਹੈ ਕਿ ਐਸਾ ਘੋੜਾ ਤਾਂ ਮੈਂ ਸੰਸਾਰ ਵਿਚ ਵੇਖਿਆ ਹੀ ਨਹੀਂ ਹੈ। ਇਸ ਖਾਸ ਘੋੜੇ ਦਾ ਬਦਲ ਤਾਂ ਲੱਭ ਹੀ ਨਹੀਂ ਸਕਦਾ ਜੋ ਇਸ਼ਾਰੇ ਨੂੰ ਹੀ ਸਮਝਦਾ ਸੀ ਤੇ ਬਿਜਲੀ ਵਰਗੀ ਤੇਜੀ ਨਾਲ ਮੈਦਾਨ-ਏ-ਜੰਗ ਵਿਚ ਭੜਥੂ ਪਾ ਰਿਹਾ ਸੀ। ਏਨੀ ਤੇਜੀ ਅਤੇ ਫ਼ੁਰਤੀ ਨਾਲ ਮੈਦਾਨ-ਏ-ਜੰਗ ਵਿਚ ਦੌੜ ਰਿਹਾ ਸੀ ਕਿ ਇਕ ਵਾਰੀ ਵੇਖੋ ਤਾਂ ਇਥੇ ਸੀ ਤੇ ਦੂਸਰੀ ਵਾਰੀ ਨਜ਼ਰ ਉਤਾਂਹ ਚੁੱਕੋ ਤਾਂ ਬਹੁਤ ਦੂਰ ਕਿਸੇ ਪਾਸੇ ਨਿਕਲ ਗਿਆ ਹੁੰਦਾ ਸੀ। ਹਰ ਪਾਸੇ ਉਸਦੀ ਦਹਿਸ਼ਤ ਸੀ ਕੋਈ ਵੀ ਮਕਾਨ-ਅਸਥਾਨ ਜਾਂ ਉਸ ਵਿਚ ਵਸਣ ਵਾਲੇ ਉਸ ਅਜੀਬ ਘੋੜੇ ਦੇ ਭੈਅ ਤੋਂ ਮੁਕਤ ਮਹਿਸੂਸ ਨਹੀਂ ਸਨ ਕਰ ਰਹੇ। ਉਹ ਘੋੜੇ ਦੀ ਫ਼ੁਰਤੀ ਤੇ ਤੇਜੀ ਦਾ ਜ਼ਿਕਰ ਕਰਦਾ ਕਵੀ ਬਿਆਨ ਕਰਦਾ ਹੈ ਕਿ ਇੰਝ ਲਗਦਾ ਸੀ ਜਿਵੇਂ ਉਹ ਕਦੀ ਉਚੇ ਅਸਮਾਨ ਉਪਰ ਪਹੁੰਚ ਜਾਦਾ ਤੇ ਫਿਰ ਕਦੀ ਜ਼ਮੀਨ ਉਪਰ ਆ ਜਾਂਦਾ।

ਉਸ ਦੀ ਚਾਲ ਵੀ ਨਿਰਾਲੀ ਸੀ, ਟਾਪ ਵਿਚ ਐਸੀ ਰਵਾਨਗੀ ਸੀ ਜਿਵੇਂ ਸਵੇਰ ਦੀ ਹਵਾ ਹੋਲੀ-ਹੋਲੀ ਰੁਮਕ ਰਹੀ ਹੋਵੇ। ਟਾਪਾਂ ਦੀ ਆਵਾਜ਼ ਤਾਂ ਏਨੀ ਘੱਟ ਸੀ ਕਿ ਫੁੱਲ ਦੇ ਖਿੜਨ ਦੀ ਆਵਾਜ਼ ਵੀ ਇਸ ਤੋਂ ਜ਼ਿਆਦਾ ਹੁੰਦੀ ਹੈ।

90.

ਇਸ ਕੋ ਕੁਚਲ ਆਇਆ ਕਭੀ ਉਸ ਕੋ ਕੁਚਲ ਆਇਆ।
ਸਦਹਾ ਕੀ ਲਕਦ-ਕੋਬੀ ਸੇ ਹੈਯਤ ਬਦਲ ਆਇਆ।
ਠੋਕਰ ਜਹਾਂ ਮਾਰੀ, ਵਹਾਂ ਪਾਨੀ ਨਿਕਲ ਆਇਆ।
ਸ਼ੇਰ ਆ ਗਿਆ ਗਰ ਸਾਮਨੇ ਬੋਲਾ, "ਸੰਭਲ ਆਇਆ।

ਤੇਜ਼ੀ ਮੇ ਹਵਾ ਕੇ ਭੀ ਥਾ ਵੋਹ ਕਾਨ ਕੁਤਰਤਾ।
ਥਾ ਸੁਮ ਸੇ ਕਭੀ ਫੂਲ, ਕਭੀ ਪਾਨ ਕੁਤਰਤਾ।

ਸ਼ਬਦ ਅਰਥ:- ਸਦਹਾ- ਸੈਂਕੜੇ, ਕੁਚਲ - ਪੈਰਾਂ ਹੇਠ ਲਿਤਾੜਨਾ, ਲਕਦ ਕੋਬੀ - ਲਿਤਾੜਨਾ, ਦੁੱਲਤੇ ਮਾਰਨਾ ਹੈਯਤ - ਹੁਲੀਆ, ਸੁਮ - ਪੈਰ, ਕਾਨ ਕੁਤਰਤਾ - ਪਿੱਛੇ ਛੱਡਣਾ, ਹਰਾ ਦੇਣਾ।

ਅਰਥਾਤ:- ਸਾਹਿਬ ਅਜੀਤ ਸਿੰਘ ਦਾ ਘੋੜਾ ਬੜੀ ਬਹਾਦਰੀ ਨਾਲ ਵੈਰੀਆਂ ਦਾ ਨਾਸ਼ ਕਰ ਰਿਹਾ ਸੀ। ਕਦੀ ਇਕ ਪਾਸੇ ਵੱਲ ਰੁੱਖ ਕਰਦਾ ਤੇ ਅਨੇਕਾਂ ਵੈਰੀਆਂ ਨੂੰ ਕੁੱਚਲ ਕੇ ਪਾਰ ਬੁਲਾ ਦਿੰਦਾ, ਕਦੀ ਦੂਸਰੇ ਪਾਸੇ ਨਾਲ ਜਾਂਦਾ ਤਾਂ ਅਨੇਕਾਂ ਵੈਰੀਆਂ ਨੂੰ ਪੈਰਾਂ ਹੇਠ ਕੁੱਚਲ ਕੇ ਸਦਾ ਦੀ ਨੀਂਦ ਸੁਆ ਦਿੰਦਾ। ਇਸ ਤਰ੍ਹਾਂ ਲਗਦਾ ਸੀ ਜਿਵੇਂ ਸਾਹਿਬ ਅਜੀਤ ਸਿੰਘ ਦੇ ਘੋੜੇ ਨੂੰ ਅਨੇਕਾਂ ਹੀ ਵੈਰੀਆਂ ਨੂੰ ਪੈਰਾਂ ਹੇਠ ਕੁੱਚਲ ਕੇ ਹੁਲੀਏ ਬਦਲ ਦਿੱਤੇ ਹੋਣ। ਘੋੜਾ ਏਨੀ ਤੇਜੀ ਅਤੇ ਸ਼ਕਤੀ ਨਾਲ ਆਪਣੇ ਪੈਰਾਂ ਦੀ ਟਾਪ ਧਰਤੀ ਤੇ ਮਾਰਦਾ ਸੀ ਇੰਝ ਲਗਦਾ ਸੀ ਜਿਵੇਂ ਇਹ ਟਾਪਾਂ ਜ਼ਮੀਨ ਵਿਚ ਧੱਸ ਕੇ ਜ਼ਮੀਨ ਹੇਠਲੇ ਪਾਣੀ ਨੂੰ ਬਾਹਰ ਵਗਾ ਦੇਣਗੀਆਂ। ਅਜੀਤ ਸਿੰਘ ਦਾ ਘੋੜਾ ਦਲੇਰ ਤੇ ਬਹਾਦਰ ਵੀ ਏਨਾ ਸੀ ਕਿ ਸ਼ੇਰ ਵੀ ਸਾਹਮਣੇ ਆਉਂਦਾ ਤਾਂ ਇਸ ਤੋਂ ਡਰ ਕੇ ਭੱਜ ਜਾਂਦਾ।

ਘੋੜੇ ਦੀ ਚਾਲ ਵਿਚ ਤਾਂ ਹਵਾ ਤੋਂ ਵੀ ਵੱਧ ਤੇਜੀ ਸੀ, ਮੈਦਾਨ-ਏ-ਜੰਗ ਵਿਚ ਐਸੇ ਦਲੇਰਾਨਾ ਕਰਤਬ ਵਿਖਾ ਰਹੀ ਸੀ ਕਿ ਪੈਰਾਂ ਵਿਚ ਇੰਝ ਵੈਰੀ ਲਿਤਾੜ ਰਿਹਾ ਸੀ ਜਿਵੇਂ ਫੁੱਲ ਤੇ ਪੱਤੇ ਲਿਤਾੜ ਰਿਹਾ ਹੋਵੇ।

ਘਟ-ਘਟ ਕੇ ਹੂਆ ਮਾਹ ਏ ਹਫ਼ਤਾ ਥਾ ਹਲਾਲੀ।

ਪ੍ਰਚਲਿਤ ਰਵਾਇਤ ਅਨੁਸਾਰ ਗੁਰੂ ਸਾਹਿਬ ਨੇ 20 ਦਸੰਬਰ ਦੀ ਰਾਤ ਨੂੰ ਅਨੰਦਪੁਰ ਸਾਹਿਬ ਛੱਡਿਆ ਅਤੇ 21 ਦਸੰਬਰ ਸ਼ਾਮ ਨੂੰ ਚਮਕੌਰ ਪਹੁੰਚੇ। ਅਜੇ ਤੱਕ ਵੀ ਚਮਕੌਰ ਸਾਕੇ ਦੀ ਯਾਦ ਨਾਲ ਸੰਬੰਧਿਤ ਜੋੜ ਮੇਲਾ ਇਸੇ ਤਾਰੀਖ਼ ਨੂੰ ਮਨਾਇਆ ਜਾਂਦਾ ਹੈ। ਪਰੰਤੂ ਇਤਿਹਾਸਕ ਤਾਰੀਖਾਵਲੀ ਸੋਮਿਆਂ ਦੀ ਰੌਸ਼ਨੀ ਵਿਚ ਅਧਿਐਨ ਕਰੀਏ ਤਾਂ 21 ਦਸੰਬਰ ਦੀ ਰਾਤ ਜਿਸ ਸਮੇਂ ਇਹ ਸਾਕਾ ਵਾਪਰਿਆ ਹਨੇਰੀ ਰਾਤ ਬਣਦੀ ਹੈ। ਪਰੰਤੂ 'ਜ਼ਫ਼ਰਨਾਮਾ' (ਰਚਿਤ ਗੁਰੂ ਗੋਬਿੰਦ ਸਿੰਘ ਜੀ) ਅਨੁਸਾਰ ਇਹ ਚਾਨਣੀ ਰਾਤ ਸੀ।

ਚਰਾਗ਼ਿ ਜਹਾਂ ਚੂੰ ਸ਼ੁਦਹ ਬੁਰਕਾਪੋਸ਼॥
ਸ਼ਹੇ ਸ਼ਬ ਬਰਆਮਦ ਹਮਹ ਜਲਵਹ ਜੋਸ਼॥

ਅਰਥਾਤ :- ਜਦੋਂ ਸੰਸਾਰ ਦਾ ਚਿਰਾਗ (ਦਿਨਕਰ, ਸੂਰਜ) ਅਸਤ ਹੋ ਗਿਆ, ਮੂੰਹ ਢੱਕ ਲਿਆ ਤਾਂ ਰਾਤ ਦਾ ਰਾਜਾ (ਚੰਦ) ਪੂਰੇ ਜੋਸ਼ ਜਲਵੇ ਨਾਲ ਨਿਕਲਿਆ। ਸੋ ਗੁਰੂ ਸਾਹਿਬ ਰਚਿਤ 'ਜ਼ਫ਼ਰਨਾਮੇ' ਦੇ ਨੁਕਤਾ ਨਿਗਾਹ ਤੋਂ ਵਿਚਾਰ ਕਰੀਏ ਅਤੇ ਇਹ ਸਾਕਾ 22 ਦਸੰਬਰ ਨਹੀਂ ਵਾਪਰਿਆ। ਕਈ ਪੁਰਾਤਨ ਇਤਿਹਾਸ ਸੋਮੇ ਵੀ (ਬੰਸਾਵਲੀ ਨਾਮਾ ਕੇਸਰ ਸਿੰਘ ਛਿੱਬਰ ਗੁਰਪ੍ਰਨਾਲੀ ਗੁਲਾਬ ਸਿੰਘ, ਤਵਾਰੀਖ਼ ਗੁਰੂ ਖਾਲਸਾ ਗਿਆਨੀ ਗਿਆਨ ਸਿੰਘ) ਇਸ ਸਾਕੇ ਦੀ ਮਿਤੀ 7 ਦਸੰਬਰ (ਚਾਨਣੀ ਰਾਤ) ਦੀ ਦਸਦੇ ਹਨ।

ਇਤਿਹਾਸ ਦੀਆਂ ਬਰੀਕੀਆਂ ਪ੍ਰਤੀ ਸੁਚੇਤ ਹੋ ਕੇ ਅਧਿਐਨ ਕਰਨ ਵਾਲੇ ਵਿਦਵਾਨ* ਇਸ ਸਾਕੇ ਦੀ ਤਾਰੀਖ਼ 7 ਦਸੰਬਰ ਹੀ ਮੰਨਦੇ ਹਨ।

*1. ਡਾ: ਹਰਜਿੰਦਰ ਸਿੰਘ 'ਦਿਲਗੀਰ' (ਅਨੰਦਪੁਰ ਸਾਹਿਬ, ਗੁਰੂ ਦੇ ਸ਼ੇਰ)

2. ਪ੍ਰੋ: ਪਿਆਰਾ ਸਿੰਘ 'ਪਦਮ' (ਗੋਬਿੰਦ ਸਾਗਰ, ਚਾਰ ਸਾਹਿਬਜ਼ਾਦੇ)

3. ਪ੍ਰੋ: ਹਰਬੰਸ ਸਿੰਘ (ਇਨਸਾਈਕਲੋਪੀਡੀਆ ਆੱਫ ਸਿਖਇਜ਼ਮ)

ਨੋਟ :- ਕੁਝ ਵਿਦਵਾਨ ਵੀਰ ਇਹ ਤਾਰੀਖਾਵਲੀ ਵਿਚ ਅੰਤਰ ਦਾ ਸੰਬੰਧ 1759 ਵਿਚ ਗਰੇਗੋਰਿਅਨ ਕੈਲੰਡਰ ਵਿਚ ਕੀਤੀ ਤਬਦੀਲੀ ਨਾਲ ਜੋੜਦੇ ਹਨ। ਇੰਗਲੈਂਡ ਵਿਚ ਗਰੇਗੋਰਿਅਨ ਕੈਲੰਡਰ ਨੂੰ ਆਰੰਭ ਕਰਨ ਸਮੇਂ 12-13 ਦਿਨ ਦੀ ਤਬਦੀਲੀ ਆਈ ਸੀ ਦੂਜੇ ਸ਼ਬਦਾਂ ਵਿਚ 2 ਸਤੰਬਰ 1759 ਤੋਂ ਅਗਲੇ ਦਿਨ 14 ਸਤੰਬਰ 1759 ਸੀ।

ਬੇਸ਼ਕ ਕੁਝ ਲੋਕਾਂ ਨੇ ਇਸ ਦੀ ਖ਼ਿਲਾਫ਼ਤ ਵੀ ਕੀਤੀ ਸੀ। ਇਹ ਸਾਲ 354 ਦਿਨ ਦਾ ਰਹਿ ਗਿਆ ਸੀ ਪਰੰਤੂ ਇਹ ਨੁਕਤਾ ਵੀ 7 ਦਸੰਬਰ 1705 ਨੂੰ ਸਾਕੇ ਦੀ ਮਿਤੀ ਮੰਨਣ ਵਾਲਿਆਂ ਦੇ ਹੱਕ ਵਿਚ ਜਾਂਦਾ ਹੈ।

ਇਸ ਦੇ ਕੰਨਾਂ ਦੀ ਬਣਤਰ ਵੀ ਹੋਰ ਘੋੜਿਆਂ ਤੋਂ ਵਖਰੀ ਹੈ।

ਇਸ ਘੋੜੇ ਵਿਚ ਇੰਨੀ ਫੁਰਤੀ ਅਤੇ ਤੇਜ਼ੀ ਹੈ ਕਿ ਇੰਝ ਲਗਦਾ ਹੈ ਜਿਵੇਂ ਇਸ ਦੀਆਂ ਨਾੜਾਂ ਵਿਚ ਲਹੂ ਦੀ ਜਗ੍ਹਾ ਪਾਰਾ ਭਰਿਆ ਹੋਵੇ।

92.

ਤਾਊਸ ਸੀ ਦੁੰਮ, ਚਾਂਦ ਸੇ ਸੁੱਮ, ਮਾਰ ਕੀ ਸੂਰਤ।
ਬੇ-ਪਰ ਹੈ, ਮਗਰ ਉੜਤਾ ਹੈ, ਪਰਦਾਰ ਕੀ ਸੂਰਤ।
ਕਸ ਸ਼ੇਰਿ ਕੀ, ਬਲ ਫ਼ੀਲ ਕਾ, ਰਹਿਵਾਰ ਕੀ ਸੂਰਤ।
ਫਿਰਤਾ ਹੈ ਇਸ਼ਾਰੇ ਸੇ ਹੀ, ਪਰਕਾਰ ਕੀ ਸੂਰਤ।

ਜਿਸ ਸੱਮਤ ਗਯਾ ਰਨ ਕਾ ਜਿਹ ਨਕਸ਼ਾ ਬਦਲ ਆਇਆ।
ਪਲਟਨ ਪਲਟ ਆਇਆ। ਯਿਹ ਰਸਾਲਾ ਕੁਚਲ ਆਇਆ।

ਸ਼ਬਦ ਅਰਥ:- ਤਾਊਸ - ਮੋਰ, ਦੁੰਮ - ਪੂਛ, ਸੁੱਮ - ਪੈਰ, ਖ਼ੁਰ, ਮਾਰ - ਸੱਪ, ਬੇ-ਪਰ - ਬਿਨਾਂ ਖੰਭਾਂ ਤੋਂ, ਪਰਦਾਰ - ਪੰਛੀ, ਕਸ - ਪਕੜ, ਬਲ - ਸ਼ਕਤੀ, ਫ਼ੀਲ - ਹਾਥੀ, ਰਹਿਵਾਰ - ਤਿੱਖੀ ਚਾਲ, ਪਰਕਾਰ - ਲੋਹੇ ਦੀ ਦੋ ਸ਼ਾਖੀ - ਕਲਮ ਜਿਸ ਨੂੰ ਉਂਗਲਾਂ ਨਾਲ ਘੁਮਾ ਕੇ ਗੋਲ ਦਾਇਰਾ ਬਣਾਇਆ ਜਾਂਦਾ ਹੈ, ਸਮਤ - ਪਾਸੇ, ਦਿਸ਼ਾ, ਪਲਟਨ - ਪਲਟੂਨ-Platoon ਰਸਾਲਾ - ਘੋੜ ਸਵਾਰਾਂ ਦਾ ਦਸਤਾ।

ਅਰਥਾਤ:- ਘੋੜੇ ਦੀ ਸਿਫ਼ਤ ਕਰਦੇ ਦੁਸ਼ਮਣ ਦੇ ਸਿਪਾਹੀ ਅੱਛ - ਅੱਛ ਕਰ ਰਹੇ ਸਨ ਅਤੇ ਕਹਿ ਰਹੇ ਸਨ ਕਿ ਘੋੜੇ ਦੀ ਪੂਛ ਤਾਂ ਮੋਰ ਵਰਗੀ ਸੁੰਦਰ ਹੈ। ਇਸ ਦੇ ਪੈਰਾਂ (ਖ਼ੁਰ, ਸੁੰਮ) ਤਾਂ ਅਰਧ ਚੰਦਰਮਾਂ ਵਰਗੇ ਅਕਾਰ ਵਾਂਗ ਸੁੰਦਰ ਸਨ ਅਤੇ ਸ਼ਕਲ ਤੋਂ ਸੱਪ ਵਰਗਾ ਫੁਰਤੀਲਾ ਅਤੇ ਤੇਜ ਤਰਾਰ ਨਜ਼ਰ ਆ ਰਿਹਾ ਸੀ। ਏਨੀ ਤੇਜ਼ੀ ਨਾਲ ਮੈਦਾਨ-ਏ-ਜੰਗ ਵਿਚ ਕੁਹਰਾਮ ਮਚਾ ਰਿਹਾ ਹੈ ਕਿ ਇੰਝ ਲਗਦਾ ਜਿਵੇਂ ਬੇਸ਼ਕ ਇਸਦੇ ਖੰਭ (ਪਰ) ਨਹੀਂ ਹਨ ਪ੍ਰੰਤੂ ਫਿਰ ਵੀ ਇਹ ਪਰਿੰਦੇ ਵਾਂਗ ਮੈਦਾਨ-ਏ-ਜੰਗ ਵਿਚ ਉਡਦਾ ਪ੍ਰਤੀਤ ਹੋ ਰਿਹਾ ਹੈ। ਇਸ ਦੇ ਸਰੀਰ ਵਿਚ ਹਾਥੀ ਵਰਗੀ ਤਾਕਤ ਅਤੇ ਸ਼ੇਰ ਵਰਗੀ ਮਜ਼ਬੂਤ ਪਕੜ ਹੈ ਅਤੇ ਸ਼ਕਲ ਤੋਂ ਹੀ ਬਹੁਤ ਤੇਜ਼ ਤਰਾਰ ਪ੍ਰਤੀਤ ਹੁੰਦਾ ਹੈ। ਇੰਨੀ ਫੁਰਤੀ ਨਾਲ ਮੈਦਾਨ-ਏ-ਜੰਗ ਵਿਚ ਘੁੰਮ ਰਿਹਾ ਹੈ ਜਿਵੇਂ ਇਕ ਉਂਗਲ ਦੇ ਇਸ਼ਾਰੇ ਨਾਲ ਕਾਗਜ਼ ਉਪਰ ਪਰਕਾਰ ਘੁੰਮਦੀ ਹੈ।

ਇਹ ਬਹਾਦਰ ਘੋੜਾ ਜਿਸ ਪਾਸੇ ਵੀ ਜਾਂਦਾ ਯੁੱਧ ਦਾ ਨਕਸ਼ਾ ਬਦਲ ਕੇ ਰੱਖ ਦਿੰਦਾ। ਜੇਕਰ ਪੈਦਲ ਫੌਜ਼ ਵੱਲ ਰੁਖ਼ ਕਰਦਾ ਤਾਂ ਸਾਰਿਆਂ ਨੂੰ ਪੈਰਾਂ ਹੇਠ ਲਿਤਾੜ ਕੇ ਹੁਲੀਆ ਖ਼ਤੋ-ਖ਼ਾਲ ਕਰ ਦਿੰਦਾ।

93.

ਪਕੜੇ ਜਿਸੇ ਗਰਦਨ ਸੇ ਯਿਹ ਪੂਰਾ ਉਸੇ ਕਰ ਦੇ।
ਹੋ ਕਾਮਲਿ-ਫ਼ਨ ਭੀ ਤੋ ਅਧੂਰਾ ਉਸੇ ਕਰ ਦੇ।
ਪੈਰੋਂ ਮੇਂ ਤੁਫ਼ੰਗ ਆਏ ਤੋ ਬੂਰਾ ਉਸੇ ਕਰ ਦੇ।
ਜਿਸ ਤੋਪ ਪਿ ਦੇ ਟਾਪ ਯਿਹ ਚੂਰਾ ਉਸੇ ਕਰਦੇ।

ਜੀਂ ਮੇਂ ਕਦਰ-ਅੰਦਾਜ ਡਰੇ, ਓਪਚੀ ਭਾਗੇ।
ਤੋਪੋਂ ਕੋ ਗਰਜ਼ ਛੋੜ ਕੇ ਸਭ ਤੋਪਚੀ ਭਾਗੇ।

ਸ਼ਬਦ ਅਰਥ:- ਪੂਰਾ - ਖਤਮ, ਕਾਮਲਿ-ਫ਼ਨ - ਆਪਣੇ ਕਰਤਬ ਦਾ ਮਾਹਿਰ, ਹੁਨਰ ਦਾ ਮਾਹਿਰ, ਤੁਫ਼ੰਗ - ਬੰਦੂਕ, ਬੂਰਾ - ਕਣ-ਕਣ, ਟਾਪ - ਖੁਰ, ਕਦਰ-ਅੰਦਾਜ - ਬੰਬ ਸੁਟਣ ਵਾਲੇ, ਗੋਲਾ ਸੁਟਣ ਵਾਲੇ, ਓਪਚੀ - ਸ਼ਸ਼ਤਰਧਾਰੀ ਯੋਧੇ, ਗਰਜ਼ - ਨਿਸ਼ਾਨੇ ਤੇ, ਤੋਪਚੀ - ਤੋਪ ਚਲਾਉਣ ਵਾਲੇ।

ਅਰਥਾਤ:- ਇਹ ਘੋੜਾ ਜਿਸ ਵੀ ਵੈਰੀ ਨੂੰ ਮੂੰਹ ਨਾਲ ਗਰਦਨ ਤੋਂ ਪਕੜਦਾ ਐਸੀ ਮਜਬੂਤੀ ਤੇ ਬਲ ਨਾਲ ਘੁੱਟਦਾ ਕਿ ਥਾਂ ਤੇ ਹੀ ਵੈਰੀ ਨੂੰ ਚਿੱਤ ਕਰ ਦਿੰਦਾ। ਜੇ ਕੋਈ ਸਿਪਾਹ-ਸਿਲਾਰ ਆਪਣੇ ਆਪ ਨੂੰ ਯੁੱਧਨੀਤੀ ਦਾ ਬੜਾ ਮਾਹਿਰ ਤੇ ਹੁਸ਼ਿਆਰ ਸਮਝਦਾ ਇਸ ਘੋੜੇ ਨੂੰ ਵੇਖ ਕੇ ਉਸਦੀ ਸਾਰੀ ਮੁਹਾਰਤ ਜਾਂਦੀ ਰਹਿੰਦੀ। ਟਾਪਾਂ ਵਿਚ ਤਾਂ ਐਸੀ ਬਿਜਲਈ ਸ਼ਕਤੀ ਭਰੀ ਹੋਈ ਸੀ ਕਿ ਜੇਕਰ ਇਸ ਦੇ ਪੈਰਾਂ (ਟਾਪਾਂ) ਹੇਠ ਬੰਦੂਕ ਆ ਜਾਂਦੀ ਤਾਂ ਏਨੀ ਜ਼ੋਰ ਨਾਲ ਪੈਰਾਂ (ਟਾਪਾਂ) ਹੇਠ ਕੁਚਲਦਾ ਕਿ ਉਸਦਾ ਚੂਰ-ਚੂਰ ਕਰਕੇ ਰੱਖ ਦਿੰਦਾ। ਜੇ ਕਿਸੇ ਤੋਪ ਉਪਰ ਜਾ ਕੇ ਟਾਪਾਂ ਦੀ ਚੋਟ ਕਰਦਾ ਤਾਂ ਤੋਪ ਵੀ ਟੁਕੜੇ-ਟੁਕੜੇ ਕਰਕੇ ਰੱਖ ਦਿੰਦਾ।

ਘੋੜਾ ਮੈਦਾਨ-ਏ-ਜੰਗ ਵਿਚ ਜੰਗੀ ਸਾਜ਼ੋ-ਸਮਾਨ ਅਤੇ ਦੁਸ਼ਮਣਾਂ ਦਾ ਏਨਾਂ ਨੁਕਸਾਨ ਕਰ ਰਿਹਾ ਸੀ ਲੋਹੇ ਨਾਲ ਜੜੇ ਹੋਏ ਦੁਸ਼ਮਣ ਦੇ ਸਿਪਾਹੀ ਵੀ ਡਰ ਕੇ ਮੈਦਾਨ-ਏ-ਜੰਗ ਵਿਚੋਂ ਭਜ ਰਹੇ ਸਨ। ਤੋਪਾਂ ਦੇ ਗੋਲੇ ਸੁੱਟਣ ਵਾਲੇ ਗੋਲਾ ਅੰਦਾਜ ਤਾਂ ਏਨੇ ਡਰ ਗਏ ਸਨ ਕਿ ਤੋਪਾਂ ਨੂੰ ਰਣਭੂਮੀ ਵਿਚ ਨਿਸ਼ਾਨਿਆਂ ਤੇ ਹੀ ਛੱਡ ਕੇ ਭੱਜ ਗਏ ਸਨ।

94.

ਸ਼ਾਹਜ਼ਾਦਾ-ਇ-ਜ਼ੀ-ਜਾਹ ਨੇ ਭਾਗੜ ਥੀ ਮਚਾ ਦੀ।
ਜਿਹ ਫ਼ੌਜ ਭਗਾ ਦੀ, ਕਭੀ ਵੁਹ ਫੌਜ ਭਗਾ ਦੀ।
ਬੜ੍ਹ-ਚੜ੍ਹ ਕੇ ਤਵੱਕੋਂ ਸੇ ਸ਼ਜਾਅੱਤ ਜੋ ਦਿਖਾ ਦੀ।
ਸਤਿਗੁਰ ਨੇ ਵਹੀਂ ਕਿਲ੍ਹਾ ਸੇ ਬੱਚੇ ਕੋ ਨਿਦਾ ਦੀ।

"ਸ਼ਾਬਾਸ਼! ਪਿਸਰ ਖ਼ੂਬ ਦਲੇਰੀ ਸੇ ਲੜੇ ਹੋ,
ਹਾਂ ਕਿਉਂ ਨਾ ਹੋ, ਗੋਬਿੰਦ ਕੇ ਫ਼ਰਜ਼ੰਦ ਬੜੇ ਹੋ।"

ਸ਼ਬਦ ਅਰਥ:- ਸ਼ਾਹਜਾਦਾ-ਇ-ਜ਼ੀ-ਜਾਹ - ਆੱਲੀ ਕਾਦਰ ਦਾ ਪੁੱਤਰ, ਤਵੱਕੋਂ - ਧਿਆਨ, ਸ਼ਜਾਅੱਤ - ਦਲੇਰੀ, ਕਿਲ੍ਹਾ - ਕਿਲ੍ਹਾ, ਨਿਦਾ - ਉਚੀ ਅਵਾਜ, ਸ਼ਾਬਾਸ਼ - ਜਿਉਂਦੇ ਰਹੋ, ਪਿਆਰ ਭਰੀ ਅਸੀਸ

ਅਰਥਾਤ :- ਮਰਦ-ਅਗੰਮੜੇ, ਵਰਿਆਮ ਯੋਧੇ, ਆਲੀ ਕਾਦਰ ਦੇ ਮਹਾਨ ਸਪੂਤ ਸਾਹਿਬਜ਼ਾਦੇ ਨੇ ਮੈਦਾਨੇ-ਜੰਗ ਵਿਚ ਦੁਸ਼ਮਣ ਦੇ ਐਸੇ ਆਹੂ ਲਾਹੇ ਕਿ ਹਰ ਪਾਸੇ ਭਗਦੜ ਮਚਾ ਦਿੱਤੀ। ਮੈਦਾਨੇ-ਜੰਗ ਵਿਚ ਜਿਸ ਪਾਸੇ ਹੀ ਮੂੰਹ ਕੀਤਾ ਵੈਰੀ ਦਲ ਮੂੰਹ ਦੀ ਖਾ ਕੇ ਨਸ ਗਿਆ। ਸਾਹਿਬਜ਼ਾਦੇ ਨੇ ਪੂਰੇ ਜੋਸ਼ੋ-ਖਰੋਸ਼ ਨਾਲ ਮੈਦਾਨੇ-ਜੰਗ ਵਿਚ ਜ਼ੁਅਰਤ ਅਤੇ ਦਲੇਰੀ ਦਾ ਮੁਜ਼ਾਹਿਰਾ ਕੀਤਾ। ਗੁਰੂ ਪਾਤਸ਼ਾਹ[1] ਕੱਚੀ ਗੜ੍ਹੀ ਦੀ ਉਚੀ ਮੰਮਟੀ ਉਪਰੋਂ ਇਹ ਸਾਰਾ ਨਜ਼ਾਰਾ ਤੱਕ ਰਹੇ ਸਨ ਜਦੋਂ ਸਾਹਿਬਜ਼ਾਦੇ ਨੂੰ ਮੈਦਾਨ-ਏ-ਜੰਗ ਵਿਚ ਬਹਾਦਰੀ ਨਾਲ ਲੜਦਿਆਂ ਤੱਕਿਆ ਤਾਂ ਬੜੇ ਫ਼ਖ਼ਰ ਨਾਲ ਗੜ੍ਹੀ ਉਪਰੋਂ ਉਚੀ ਅਵਾਜ਼ ਵਿਚ ਕਿਹਾ, "ਜਿਉਂਦੇ ਰਹੋ ਬੇਟਾ, ਬਹੁਤ ਹੀ ਬਹਾਦਰੀ ਨਾਲ ਮੈਦਾਨੇ-ਜੰਗ ਵਿਚ ਜੂਝ ਰਹੇ ਹੋ, ਬਹਾਦਰੀ ਵਿਖਾਉ ਵੀ ਕਿਉਂ ਨਾ? ਤੁਸੀਂ ਤਾਂ ਗੋਬਿੰਦ ਸਿੰਘ ਦੇ ਵੱਡੇ ਸਪੁੱਤਰ ਹੋ, ਬੇਟਾ, ਮੈਨੂੰ ਤੇਰੀ ਬਹਾਦਰੀ ਤੇ ਨਾਜ਼ ਹੈ।"

---

1. ਕਵੀ ਅੱਲ੍ਹਾ ਯਾਰ 'ਜੋਗੀ' ਜੀ ਨੇ ਇਥੇ ਗੁਰੂ ਸਾਹਿਬ ਵਲੋਂ ਕੱਚੀ ਗੜ੍ਹੀ ਦੇ ਮੰਮਟੀ ਉਪਰ ਖੜੇ ਹੋ ਕੇ ਯੁੱਧ ਦੀ ਮੁਆਇਨਾ ਕਰਨ ਦਾ ਜ਼ਿਕਰ ਕੀਤਾ ਹੈ। ਕਵੀ ਜੀ ਨੇ ਆਪਣੀ ਰਚਨਾ ਵਿਚ ਗੁਰੂ ਸਾਹਿਬ ਦੁਆਰਾ ਯੁੱਧ ਵਿਚ ਹਿੱਸਾ ਲਏ ਜਾਣ ਦਾ ਕੋਈ ਜ਼ਿਕਰ ਨਹੀਂ ਕੀਤਾ ਜਦੋਂ ਕਿ ਸੱਚਾਈ ਹੈ ਇਸ ਯੁੱਧ ਵਿਚ ਗੁਰੂ ਸਾਹਿਬ ਨੇ ਅਹਿਮ ਭੂਮਿਕਾ ਨਿਭਾਈ। ਪ੍ਰਿੰ: ਸਵਰਨ ਸਿੰਘ ਅਨੁਸਾਰ, "ਚਮਕੌਰ ਦੀ ਕੱਚੀ ਗੜ੍ਹੀ ਦੇ ਭਿਆਨਕ ਘਮਸਾਣ ਦੇ ਯੁੱਧ ਵਿਚ ਗੁਰੂ ਸਾਹਿਬ ਨੇ ਸਭ ਤੋਂ ਵਧ ਤੀਰਾਂ ਦੀ ਵਰਖਾ

ਕੀਤੀ ਅਤ ਇਸੇ ਯੁੱਧ ਵਿਚ ਹੀ ਸਭ ਤੋਂ ਵੱਧ ਭੱਥੇ ਤੀਰਾਂ ਦੇ ਖਾਲੀ ਹੋਏ।'' ਗੁਰੂ ਸਾਹਿਬ ਉਥੇ ਇਕ ਅਟਾਰੀ ਦੇ ਓਹਲੇ ਬੀਰ ਆਸਣ ਹੋ ਕੇ ਸ਼ਿਸ਼ਤ ਲੈ ਕੇ ਬੈਠ ਗਏ। ਐਸੇ ਮਾਰੂ ਬਾਣ ਚਲਾ ਰਹੇ ਸਨ ਕਿ ਇਕ-ਇਕ ਤੀਰ ਕਈ ਕਈ ਵੈਰੀਆਂ ਨੂੰ ਵਿੰਨਦਾ ਸੀ। ਅਨੇਕਾਂ ਹੀ ਵੈਰੀਆਂ ਨੂੰ ਰਣਭੂਮੀ ਵਿਚ ਸਦਾ ਦੀ ਨੀਂਦ ਸੁਆ ਰਹੇ ਸਨ। ਗੁਰੂ ਜੀ ਨੇ ਕੇਵਲ ਆਵਾਜ਼ ਸੁਣ ਕੇ ਹੀ ਨਿਸ਼ਾਨਾ ਬੰਨ ਕੇ ਐਸਾ ਤੀਰ ਛੱਡਿਆ ਕਿ ਸਿੱਧਾ ਨਾਹਰ ਖਾਨ ਦੇ ਜਿਸਮ ਦੇ ਆਰ ਪਾਰ ਹੋ ਗਿਆ। ਵੀਹ ਕਦਮ ਪਿਛਾਂਹ ਹੋ ਕੇ ਡਿੱਗਿਆ ਗੰਗਾ ਵਾਂਗੂੰ ਲਹੂ ਦਾ ਫੁਹਾਰਾ ਛੁਟਿਆ ਅਤੇ ਉਹ ਤੜਫ-ਤੜਫ ਕੇ ਥਾਂ ਤੇ ਹੀ ਢੇਰੀ ਹੋ ਗਿਆ। ਨਾਹਰ ਖ਼ਾਨ ਨੂੰ ਤੜਫ ਕੇ ਮਰਦਾ ਵੇਖ ਕੇ ਹੋਰ ਕਈ ਪਠਾਣਾਂ ਨੇ ਗੜ੍ਹੀ ਵੱਲ ਨੂੰ ਤੀਰਾਂ ਦੀ ਵਰਖਾ ਕਰਨੀ ਸ਼ੁਰੂ ਕੀਤੀ ਪ੍ਰੰਤੂ ਕੋਈ ਵੀ ਤੀਰ ਗੁਰੂ ਸਾਹਿਬ ਦੇ ਨਾ ਲੱਗਾ। ਗੁਰੂ ਜੀ ਨੇ ਫਿਰ ਸ਼ਿਸ਼ਤ ਬੰਨ ਕੇ ਇਕ ਮਾਰੂ ਬਾਣ ਛੱਡਿਆ ਜੋ ਗੁਲਸ਼ੇਰ ਖਾਨ ਦੇ ਲੱਗਾ ਉਹ ਪਠਾਣ ਫੱਟ ਖਾ ਕੇ ਪਿਛਾਂਹ ਨੂੰ ਭੱਜ ਗਿਆ। ਜਦੋਂ ਨਾਹਰ ਖ਼ਾਨ ਦੀ ਮੌਤ ਅਤੇ ਗੁਲਸ਼ੇਰ ਖਾਨ ਦੇ ਜ਼ਖ਼ਮੀ ਹੋਣ ਦਾ ਖਵਾਜ਼ਾ ਖਿਜ਼ਰ ਖਾਨ ਨੂੰ ਪਤਾ ਲੱਗਾ ਤਾਂ ਉਹ ਸਿੱਧਾ ਤੀਰਾਂ ਦੀ ਵਰਖਾ ਕਰਦਾ ਹੋਇਆ ਗੜ੍ਹੀ ਵੱਲ ਵੱਧਿਆ। ਕਲਗੀਧਰ ਪਾਤਸ਼ਾਹ ਨੇ ਉਸ ਵੱਲ ਵੀ ਇਕ ਤੀਰ ਛੱਡਿਆ ਪਰ ਕੰਧ ਓਹਲੇ ਲੁੱਕ ਗਿਆ। ਆਪਣੀ ਪ੍ਰਸਿੱਧ ਰਚਨਾ 'ਜ਼ਫ਼ਰਨਾਮਾ' ਵਿਚ ਕਲਗੀਧਰ ਪਾਤਸ਼ਾਹ ਬਿਆਨ ਕਰਦੇ ਹਨ।

ਬ ਰੰਗਿ ਮਗਸ ਸਯਾਹਪੋਸ਼ ਆਮਦੰਦ॥
ਬ ਯਕ-ਬਾਰਗੀ ਦਰ ਖਰੋਸ਼ ਆਮਦੰਦ॥ (੨੬) (ਜ਼ਫ਼ਰਨਾਮਾ)

ਤੇਰੀ ਕਾਲੇ ਕਪੜਿਆਂ ਵਾਲੀ ਫ਼ੌਜ ਮਖਿਆਲ ਵਾਂਗ ਗੜ੍ਹੀ ਦੇ ਦੁਆਲੇ ਇਕੱਤਰ ਹੋਈ ਤੇ ਇਕਦਮ ਸ਼ੋਰ ਮਚਾਉਣ ਲੱਗੀ।

ਹਰਾਂ ਕਸ ਜ਼ਿ ਦੀਵਾਰ ਆਮਦ ਬਰੂੰ॥
ਬਖ਼ੁਰਦਨ ਯਕੇ ਤੀਰ ਸ਼ੁਦ ਗਰਕਿ ਖ਼ੂੰ॥ (੨੭) (ਜ਼ਫ਼ਰਨਾਮਾ)

ਤੇਰਾ ਜਿਹੜਾ ਵੀ ਯੋਧਾ ਦੀਵਾਰ ਦੀ ਓਟ ਤੋਂ ਜ਼ਰਾ ਬਾਹਰ ਆਇਆ ਜਾਂ ਜਿਸ ਨੇ ਵੀ ਕੰਧ ਤੋਂ ਉਪਰ ਸਿਰ ਚੁੱਕਿਆ ਉਹ ਇਕੋ ਤੀਰ ਖਾ ਕੇ ਹੀ ਖ਼ੂਨ ਵਿਚ ਡੁੱਬ ਗਿਆ।

ਕਿਹ ਬੇਰੂੰ ਨਿਆਮਦ ਕਸੇ ਜ਼ੋ ਦੀਵਾਰ॥
ਨ ਖ਼ੁਰਦੰਦ ਤੀਰੋ ਨ ਗਸ਼ਤੰਦ ਖ਼ਾਰ॥ (੨੮) (ਜ਼ਫ਼ਰਨਾਮਾ)

ਜਿਹੜੇ ਵੀ ਦੀਵਾਰ ਦੇ ਓਹਲੇ ਲੁਕੇ ਰਹੇ ਉਹ ਹੀ ਮੇਰੇ ਤੀਰਾਂ ਦੀ ਮਾਰ ਤੋਂ ਬਚੇ ਰਹੇ ਅਤੇ ਜਾਨ ਬਚਾਉਣ ਵਿਚ ਸਫਲ ਹੋ ਗਏ।

ਚੂੰ ਦੀਦਮ ਕਿ ਨਾਹਰ ਬਿਆਮਦ ਬਜੰਗ॥
ਚਸ਼ੀਦਹ ਯਕੇ ਤੀਰ ਤਨਿ ਬੇਦਰੰਗ॥ (੨੯) (ਜ਼ਫ਼ਰਨਾਮਾ)

ਜਦੋਂ ਮੈਂ ਵੇਖਿਆ ਕਿ ਨਾਹਰ ਖ਼ਾਨ (ਕੋਟਲੇ ਦੇ ਨਵਾਬ ਦਾ ਭਰਾ) ਜੰਗ ਵਿਚ ਕੁਦਿਆ ਹੈ ਤਾਂ ਮੈਂ ਉਸ ਵੱਲ ਉਡਣੇ ਸੱਪ ਵਰਗਾ ਤੀਰ ਛੱਡਿਆ। ਉਸਨੇ ਇਕਦਮ ਮੇਰੇ ਤੀਰ ਦਾ ਸੁਆਦ ਚੱਖਿਆ ਅਤੇ ਮਾਰਿਆ ਗਿਆ

ਹਮਾਖ਼ਰ ਗੁਰੇਜ਼ੰਦ ਬ ਜਾਏ ਮੁਸਾਫ਼॥
ਬਸੇ ਖ਼ਾਨਹ ਖ਼ੁਰਦੰਦ ਬੇਰੂੰ ਗੁਜ਼ਾਫ਼॥ (੩੦) (ਜ਼ਫ਼ਰਨਾਮਾ)

ਜਦੋਂ ਆਪਣੇ ਜ਼ਰਨੈਲ ਨੂੰ ਤੜਫਕੇ ਮਰਦਾ ਤੱਕਿਆ ਤਾਂ ਕਈ ਗੱਪਾਂ ਮਾਰਨ ਵਾਲੇ ਜਰਨੈਲ ਪਠਾਣ ਕਾਇਰਾਂ ਵਾਂਗ ਰਣਭੂਮੀ ਵਿਚੋਂ ਨੱਸ ਗਏ।

ਕਿ ਅਫ਼ਗਾਨਿ ਦੀਗਰ ਬਿਆਮਦ ਬਜੰਗ॥
ਚੁ ਸੈਲਿ ਰਵਾਂ ਹਮਚੂ ਤੀਰੋ ਤੁਫ਼ੰਗ॥ (੩੧) (ਜ਼ਫ਼ਰਨਾਮਾ)

ਫਿਰ ਇਕ ਹੋਰ ਪਠਾਣ ਗੁੱਸਾ ਖਾ ਕੇ ਬੜੇ ਰੋਹ ਨਾਲ ਰਣਭੂਮੀ ਵਿਚ ਆਇਆ। ਉਹ ਰੁਹੀਲਾ ਪਠਾਣ ਤੇਜ਼ ਹੜ੍ਹ ਵਾਂਗ ਆਇਆ ਤੇ ਤੀਰ ਜਾਂ ਬੰਦੂਕ ਦੀ ਗੋਲੀ ਵਾਂਗ ਅੱਗੇ ਵਧਿਆ।

ਬਸੇ ਹਮਲਹ ਕਰਦੰਦ ਬ ਮਰਦਾਨਗੀ॥
ਹਮ ਅਜ਼ ਹੋਸ਼ਗੀ ਹਮ ਜਿ ਦੀਵਾਨਗੀ॥ (੩੨) (ਜ਼ਫ਼ਰਨਾਮਾ)

ਇਸ ਪਠਾਣ ਨੇ ਮੈਦਾਨੇ ਜੰਗ ਵਿਚ ਬਹਾਦਰੀ ਨਾਲ ਕਈ ਹਮਲੇ ਕੀਤੇ ਜਿਹੜੇ ਕੁਝ ਤੇ ਸਿਆਣਪ ਨਾਲ ਕੀਤੇ ਗਏ ਤੇ ਕੁਝ ਝਲਪੁਣੇ ਨਾਲ ਕੀਤੇ।

ਬਸੇ ਹਮਲਹ ਕਰਦੰਦ ਬਸੇ ਜ਼ਖ਼ਮ ਖ਼ੁਰਦ॥
ਦੋ ਕਸ ਰਾ ਬਜਾਂ ਹਮ ਜਾਂ ਸਪੁਰਦ॥ (੩੩) (ਜ਼ਫ਼ਰਨਾਮਾ)

ਉਸ ਪਠਾਣ ਨੇ ਬੜੀ ਬਹਾਦਰੀ ਨਾਲ ਕਈ ਹਮਲੇ ਕੀਤੇ। ਕਈਆਂ ਨੂੰ ਜ਼ਖ਼ਮੀ ਕੀਤਾ ਤੇ ਖ਼ੁਦ ਵੀ ਕਈ ਜ਼ਖ਼ਮ ਖਾਧੇ। ਅੰਤ ਉਹ ਦੋ ਜਾਣਿਆਂ ਨੂੰ ਮਾਰ ਕੇ ਆਪ ਵੀ ਮਾਰਿਆ ਗਿਆ।

ਕਿ ਆਂ ਖ਼੍ਵਾਜਾ ਮਰਦੂਦ ਜ਼ਿ ਸਾਯਹ ਦੀਵਾਰ॥
ਬ ਮੈਦਾਂ ਨਿਆਮਦ ਬ ਮਰਦਾਨਹ ਵਾਰ॥ (੩੪) (ਜ਼ਫ਼ਰਨਾਮਾ)

ਖ਼੍ਵਾਜਾ ਖ਼ਿਜਰ ਖ਼ਾਨ ਨਾਮ ਦਾ ਫ਼ੌਜੀ ਜਰਨੈਲ ਜਿਸ ਨੇ ਮੈਨੂੰ ਜਿਉਂਦਾ ਫੜ ਕੇ ਲਿਆਉਣ ਦੀ ਕਸਮ ਖਾਧੀ ਸੀ, ਇਹ ਕਾਇਰ ਜਰਨੈਲ ਗੜ੍ਹੀ ਦੀ ਦੀਵਾਰ ਦੇ ਓਹਲੇ ਹੀ ਰਿਹਾ ਤੇ ਬਹਾਦਰਾਂ ਵਾਂਗ ਮੈਦਾਨ ਵਿਚ ਸਾਹਮਣੇ ਨਾਂ ਆਇਆ।

ਦਰੇਗਾ! ਅਗਰ ਰੂਇ ਊ ਦੀਦਮੇ॥
ਬਯੱਕ ਤੀਰ ਲਾਚਾਰ ਬਖ਼ਸ਼ੀ ਦਮੇ॥ (੩੫) (ਜ਼ਫ਼ਰਨਾਮਾ)

ਮੈਨੂੰ ਅਫਸੋਸ ਹੈ ਕਿ ਮੈਂ ਉਸਦਾ ਮੂੰਹ ਨਾ ਵੇਖ ਸਕਿਆ ਕਿਉਂਕਿ ਉਹ ਦੀਵਾਰ ਓਹਲੇ ਲੁਕ ਗਿਆ ਸੀ ਨਹੀਂ ਤਾਂ ਉਸਨੂੰ ਵੀ ਜ਼ਰੂਰ ਇਕ ਤੀਰ ਬਖ਼ਸ਼ ਦਿੰਦਾ।

95.

ਦਿਲਬੰਦ ਨੇ ਤਲਵਾਰ ਸੇ ਤਸਲੀਮ ਬਜਾਈ।
ਗਰਦਨ ਪਇ ਆਦਾਬ ਦਿਲਾਵਰ ਨੇ ਝੁਕਾਈ।
ਇਸ ਵਕਫ਼ਾ ਮੇਂ ਫ਼ੌਜਿ ਸਿਤਮ ਆਰਾ ਉਮੜ ਆਈ।
ਬਰਛੀ ਕਿਸੀ ਬਦਬਖ਼ਤ ਨੇ ਪਿਛੇ ਸੇ ਲਗਾਈ।

ਤਿਉਰਾ ਕੇ ਗਿਰੇ ਜ਼ੀਨ ਸੇ ਸਰਕਾਰ ਜ਼ਮੀਂ ਪਰ।
ਰੂਹ ਖ਼ੁਲਦ ਗਈ ਔਰ ਤਨਿ-ਜ਼ਾਰ ਜ਼ਮੀਂ ਪਰ।

ਸ਼ਬਦ ਅਰਥ:- ਦਿਲਬੰਦ - ਦਿਲ ਦਾ ਟੁਕੜਾ, ਤਸਲੀਮ - ਕਬੂਲ ਕੀਤੀ, ਪਇ ਆਦਾਬ - ਸਤਿਕਾਰ ਨਾਲ, ਸਿਤਮ-ਆਰਾ - ਜ਼ਾਲਿਮ ਬਦਬਖ਼ਤ - ਕਾਇਰ, ਤਿਉਰਾ ਕੇ - ਭੁਆਂਟਣੀ ਖਾ ਕੇ, ਜ਼ੀਨ - ਘੋੜਾ, ਸਰਕਾਰ - ਸਾਹਿਬਜ਼ਾਦਾ ਅਜੀਤ ਸਿੰਘ, ਰੂਹ - ਆਤਮਾ, ਖ਼ੁਲਦ - ਸਵਰਗ, ਤਨਿ-ਜ਼ਾਰ - ਪੰਜ ਭੂਤਕ ਸਰੀਰ, ਜ਼ਮੀਂ - ਜ਼ਮੀਨ।

ਅਰਥਾਤ :- ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਜਦੋਂ ਪਿਤਾ ਗੁਰੂ ਦੇ ਮੁਖਾਰਬਿੰਦ ਤੋਂ ਇਹ ਅਸੀਸ ਸੁਣੀ ਤਾਂ ਜਿਗਰ ਦੇ ਟੁਕੜੇ ਬਾਬਾ ਅਜੀਤ ਸਿੰਘ ਨੇ ਤਲਵਾਰ ਦੇ ਨਾਲ ਹੀ ਇਸ਼ਾਰਾ ਕਰਕੇ ਗੁਰੂ-ਪਿਤਾ ਦੀ ਦਿੱਤੀ ਹੌਸਲਾ ਅਫ਼ਜ਼ਾਈ ਤੇ ਅਸੀਸ ਕਬੂਲ ਕੀਤੀ। ਸਤਿਕਾਰ ਦੇ ਨਾਲ ਸਾਹਿਬ ਅਜੀਤ ਸਿੰਘ ਜੀ ਨੇ ਪਿਤਾ ਗੁਰੂ ਵਲ ਤੱਕ ਕੇ ਗਰਦਨ ਝੁਕਾ ਕੇ ਸਿਜਦਾ ਕੀਤਾ। ਸਾਹਿਬ ਅਜੀਤ ਸਿੰਘ ਜੀ ਅਜੇ ਪਿਤਾ ਗੁਰੂ ਦੀ ਅਸੀਸ ਕਬੂਲ ਕਰ ਰਹੇ ਸਨ ਕਿ ਏਨੇ ਸਮੇਂ ਨੂੰ ਦੁਸ਼ਮਣ ਦਲ ਦੇ ਅਨੇਕਾਂ ਸਿਪਾਹੀਆਂ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਘੇਰਾ ਪਾ ਲਿਆ। ਦੁਸ਼ਮਣ ਦੇ ਕਿਸੇ ਕਾਇਰ ਸਿਪਾਹੀ ਨੇ ਸਾਹਿਬ ਅਜੀਤ ਸਿੰਘ ਜੀ ਦੀ ਪਿੱਠ ਤੇ ਕਾਇਰਤਾ ਭਰਪੂਰ ਵਾਰ ਕੀਤਾ ਅਤੇ ਬਰਛੀ ਪਿੱਠ ਵਿਚ ਖੁਭਾ ਦਿੱਤੀ।

ਪਿੱਠ ਵਿਚ ਬਰਛੀ ਲਗਦਿਆਂ ਹੀ ਸਾਹਿਬ ਅਜੀਤ ਸਿੰਘ ਜੀ ਚੱਕਰ ਖਾ ਕੇ ਜ਼ਮੀਨ ਉਪਰ ਡਿੱਗ ਪਏ ਅਤੇ ਜਾਮੇ ਸ਼ਹਾਦਤ ਪੀ ਗਏ। ਪੰਜ ਭੂਤਕ ਸਰੀਰ ਰਣ-ਭੂਮੀ ਵਿਚ ਡਿੱਗ ਪਿਆ ਤੇ ਆਤਮਾ ਆਪਣੇ ਪਰਮ-ਤੱਤ ਨਾਲ ਅਭੇਦ ਹੋ ਗਈ।

96.

ਬੇਟੇ ਕੋ ਸ਼ਹਾਦਤ ਮਿਲੀ, ਦੇਖਾ ਜੋ ਪਿਦਰ ਨੇ।
ਤੂਫਾਂ ਬਪਾ ਗ਼ਮ ਸੇ ਕੀਆ ਦੀਦਾਇ ਤਰ ਨੇ।
ਇਸ ਵਕਤ ਕਹਾ ਨੰਨ੍ਹੇਂ ਸੇ ਮਾਸੂਮ ਪਿਸਰ ਨੇ,
"ਰੁਖ਼ਸਤ ਹਮੇਂ ਦਿਲਵਾਉ ਪਿਤਾ, ਜਾਏਂਗੇ ਮਰਨੇ।
ਭਾਈ ਸੇ ਬਿਛੜ ਕਰ ਹਮੇਂ ਜੀਨਾ ਨਹੀਂ ਆਤਾ।
ਸੋਨਾ ਨਹੀਂ, ਖ਼ਾਨਾ ਨਹੀਂ, ਪੀਨਾ ਨਹੀਂ ਭਾਤਾ।

ਸ਼ਬਦ ਅਰਥ:- ਪਿਦਰ - ਬਾਪ, ਤੂਫਾਂ-ਬਪਾ - ਤੂਫ਼ਾਨ ਖੜਾ ਹੋ ਗਿਆ, ਮਾਸੂਮ ਪਿਸਰ - ਛੋਟੇ ਬੇਟੇ, ਰੁਖ਼ਸਤ - ਵਿਦਾਇਦੀ, ਭਾਤਾ - ਚੰਗਾ ਨਹੀਂ ਲਗਦਾ।

ਅਰਥਾਤ:- ਗੁਰੂ ਸਾਹਿਬ ਨੇ ਕੱਚੀ ਗੜ੍ਹੀ ਦੀ ਮੰਮਟੀ ਉਪਰ ਖੜੇ ਹੋ ਕੇ ਸਾਹਿਬ ਅਜੀਤ ਸਿੰਘ ਜੀ ਨੂੰ ਸ਼ਹੀਦ ਹੋ ਕੇ ਰਣ-ਭੂਮੀ ਵਿਚ ਡਿੱਗਦੇ ਤੱਕਿਆ ਤਾ ਇਕ ਦਮ ਹਿਰਦੇ ਅੰਦਰ ਇਕ ਤੂਫ਼ਾਨ ਜਿਹਾ ਖੜਾ ਹੋ ਗਿਆ। ਆਪਣੀਆਂ ਅੱਖਾਂ ਨਾਲ ਗੁਰੂ ਪਿਤਾ ਨੇ ਸਾਹਿਬ ਅਜੀਤ ਸਿੰਘ ਜੀ ਨੂੰ ਸ਼ਹੀਦ ਹੁੰਦੇ ਤੱਕਿਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਜਦੋਂ ਸ਼ਹਾਦਤ ਪ੍ਰਾਪਤ ਕੀਤੀ ਤਾਂ ਸਾਹਿਬ ਜੁਝਾਰ ਸਿੰਘ ਜੀ ਗੁਰੂ ਪਿਤਾ ਸਨਮੁੱਖ ਹੱਥ ਜੋੜ ਕੇ ਖੜੇ ਹੋ ਗਏ ਅਤੇ ਮਾਸੂਮ ਸਾਹਿਬਜ਼ਾਦੇ ਨੇ ਗੁਰੂ ਸਾਹਬਿ ਸਨਮੁੱਖ ਬੇਨਤੀ ਕੀਤੀ ਕਿ ਪਿਤਾ ਜੀ ਮੈਨੂੰ ਵੀ ਮੈਦਾਨ ਜੰਗ ਵਿਚ ਵੈਰੀ ਨਾਲ ਜੂਝ ਹੋ ਕੇ ਸ਼ਹੀਦ ਹੋਣ ਦੀ ਇਜ਼ਾਜ਼ਤ ਬਖਸ਼ਿਸ਼ ਕਰੋ ਅਤੇ ਰਣਭੂਮੀ ਵੱਲ ਵਿਦਾ ਕਰੋ।

ਪਿਤਾ ਜੀ, ਭਰਾ ਤੋਂ ਵਿਛੜ ਕੇ ਮੈਂ ਜੀਅ ਨਹੀਂ ਸਕਦਾ, ਵੱਡੇ ਵੀਰ ਤੋਂ ਬਿਨਾਂ ਤਾਂ ਮੈਂ ਇਕ ਪਲ ਵੀ ਨਹੀਂ ਰਹਿ ਸਕਦਾ। ਸੌਣਾ, ਖਾਣਾ, ਪੀਣਾ ਮੈਨੂੰ ਵੀਰ ਤੋਂ ਬਿਨਾਂ ਬਿਲਕੁਲ ਚੰਗਾ ਨਹੀਂ ਲਗਦਾ। ਕ੍ਰਿਪਾ ਮੈਨੂੰ ਵੀ ਮੈਦਾਨੇ-ਜੰਗ ਵਿਚ ਸ਼ਹੀਦ ਹੋਣ ਵਾਸਤੇ ਵਿਦਾ ਕਰੋ।

97.

ਥੀ ਦੂਸਰੇ ਬੇਟੇ ਕੀ ਸੁਨੀ ਬੇਨਤੀ ਜਿਸ ਦਮ।
ਸਰ ਕੋ ਦਹਨਿ-ਪਾਕ ਕੇ ਬੋਸੇ ਦਿਯੇ ਪੈਹਮ।
"ਮਰਨੇ ਕੀ ਲੀਏ," ਕਹਨੇ ਲਗੇ, " ਜਾਈਏ ਜੰਮ-ਜੰਮ!
ਰੂਠੋ ਨ ਖ਼ੁੱਦਾ ਰਾ! ਨਹੀ ਰੋਕੇਂਗੇ ਕਭੀ ਹਮ!

ਹਮ ਨੇ ਥਾ ਕਹਾ, ਬਾਪ ਕੋ ਜਾਂ ਦੀਜੇ ਧਰਮ ਪਰ।
ਲੋ ਕਹਤੇ ਹੈਂ ਅਬ ਆਪ ਕੋ, "ਜਾਂ ਦੀਜੇ ਧਰਮ ਪਰ।

ਸ਼ਬਦ ਅਰਥ:- ਦਹਨਿ-ਪਾਕ - ਪਵਿੱਤਰ ਮੁੱਖ, ਜਮ-ਜਮ - ਚਾਅ ਨਾਲ, ਪੈਹਮ - ਲਗਾਤਾਰ, ਰੂਠੋ ਨਾ - ਨਾਰਾਜ਼ ਨਾ ਹੋਵੋ।

ਅਰਥਾਤ:- ਗੁਰੂ ਪਾਤਸ਼ਾਹ ਪਾਸ ਹੱਥ ਜੋੜ ਕੇ ਸਾਹਿਬ ਜੁਝਾਰ ਸਿੰਘ ਖੜਾ ਸੀ ਅਤੇ ਮੈਦਾਨੇ-ਜੰਗ ਵਿਚ ਜਾਣ ਦੀ ਇਜਾਜ਼ਤ ਮੰਗ ਰਿਹਾ ਸੀ, ਜਦੋਂ ਪਾਤਸ਼ਾਹ ਨੇ ਮਾਸੂਮ ਜਿਹੇ ਬੇਟੇ ਦੀ ਅਰਜ਼ ਸੁਣੀ ਤਾਂ ਉਸੇ ਵੇਲੇ ਫਰਜ਼ੰਦ ਦੇ ਸਿਰ ਨੂੰ ਚੁੰਮਿਆ, ਘੁੱਟ ਕੇ ਕਲੇਜੇ ਨਾਲ ਲਗਾਇਆ ਅਤੇ ਪਵਿੱਤਰ ਮੁੱਖ ਨੂੰ ਚੁੰਮਿਆ। ਬੜੇ ਹੀ ਪਿਆਰ ਨਾਲ ਛਾਤੀ ਨਾਲ ਲਗਾ ਕੇ ਮਾਸੂਮ ਪੁੱਤਰ ਨੂੰ ਕਹਿਣ ਲੱਗੇ, "ਬੇਟਾ ਜੀ, ਨਾਰਾਜ਼ ਨਾ ਹੋਵੋ, ਮੈਂ ਤੁਹਾਨੂੰ ਮੈਦਾਨੇ-ਜੰਗ ਵਿਚ ਜਾਣ ਤੋਂ ਬਿਲਕੁਲ ਨਹੀਂ ਰੋਕਾਂਗਾ, ਤੁਸੀਂ ਬੜੇ ਚਾਅ ਨਾਲ ਰਣ ਭੂਮੀ ਵਿਚ ਜਾਉ ਅਤੇ ਰਣ ਤੱਤੇ ਵਿਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰੋ।"

ਗੁਰੂ ਪਾਤਸ਼ਾਹ ਨੇ ਸਾਹਿਬ ਜੁਝਾਰ ਸਿੰਘ ਨੂੰ ਕਿਹਾ ਕਿ ਬੇਟਾ, ਮੈਂ ਤਾਂ ਛੋਟੀ ਉਮਰੇ ਹੀ ਪਿਤਾ ਜੀ[1] ਨੂੰ ਵੀ ਕਿਸੇ ਦੇ ਧਰਮ ਦੀ ਰੱਖਿਆ ਹੇਤ ਸ਼ਹਾਦਤ ਪ੍ਰਾਪਤ ਕਰਨ ਲਈ ਤੋਰਿਆ ਸੀ, ਹੁਣ ਮੈਂ ਆਪ ਨੂੰ ਵੀ ਇਜਾਜ਼ਤ ਦਿੰਦਾ ਹਾਂ ਕਿ ਤੁਸੀਂ ਵੀ ਵੈਰੀ ਦਲ ਦੇ ਨਾਲ ਜੂਝ ਕੇ, ਧਰਮ ਦੀ ਰੱਖਿਆ ਵਾਸਤੇ ਸ਼ਹਾਦਤ ਦੀ ਦੇਵੀ ਦੀ ਨਿੱਘੀ ਗੋਦ ਦਾ ਆਨੰਦ ਪ੍ਰਾਪਤ ਕਰੋ।

1. *ਗੁਰੂ ਤੇਗ ਬਹਾਦਰ ਸਾਹਿਬ ਜੀ*

98.

"ਮਰਨੇ ਸੇ ਕਿਸੀ ਯਾਰ ਕੋ ਹਮਨੇ ਨਹੀਂ ਰੋਕਾ।
ਫਰਜੰਦਿ - ਵਫ਼ਾਦਾਰ ਕੋ ਹਮਨੇ ਨਹੀਂ ਰੋਕਾ।
ਖੁਸ਼ਨੂਦੀ - ਇ-ਕਰਤਾਰ ਕੋ ਹਮਨੇ ਨਹੀਂ ਰੋਕਾ।
ਅਬ ਦੇਖੀਏ ਸਰਕਾਰ ਕੋ ਹਮ ਨੇ ਨਹੀਂ ਰੋਕਾ।
ਤੁਮ ਕੋ ਭੀ ਇਸੀ ਰਾਹ ਮੇਂ ਕੁਰਬਾਨ ਕਰੇਂਗੇ।
ਸਦ ਸ਼ੁਕਰ ਹੈ ਹਮ ਭੀ ਕਭੀ ਖੰਜ਼ਰ ਸੇ ਮਰੇਂਗੇ।"

ਸ਼ਬਦ ਅਰਥ:- ਫਰਜੰਦਿ - ਪੁੱਤਰ, ਵਫ਼ਾਦਾਰ - ਸੇਵਕ, ਖੁਸ਼ਨੂਦੀ ਇ ਕਰਤਾਰ - ਪ੍ਰਮਾਤਮਾ ਦੀ ਰਜ਼ਾ, ਸਰਕਾਰ - ਅਜੀਤ ਸਿੰਘ, ਯਾਰ- ਸੰਗੀ ਸਾਥੀ, ਸਦ - ਸ਼ੁਕਰ, ਹਜ਼ਾਰ ਸ਼ੁਕਰ।

ਅਰਥਾਤ:- ਗੁਰੂ ਪਾਤਸ਼ਾਹ ਨੇ ਸਾਹਿਬ ਜੁਝਾਰ ਸਿੰਘ ਨੂੰ ਕਿਹਾ ਕਿ ਬੇਟਾ ਸ਼ਹਾਦਤ ਪ੍ਰਾਪਤ ਕਰਨਾ ਤਾਂ ਸੂਰਮਿਆਂ ਵਾਸਤੇ ਫ਼ਖਰ ਵਾਲੀ ਗਲ ਹੈ ਮੈਂ ਕਦੀ ਵੀ ਕਿਸੇ ਨੂੰ ਮਜ਼ਲੂਮ, ਨਿਮਾਣੇ, ਨਿਤਾਣੇ ਦੀ ਰੱਖਿਆ ਹੇਤ ਪ੍ਰਾਣਾਂ ਦੀ ਬਾਜ਼ੀ ਲਗਾਉਣ ਤੋਂ ਨਹੀਂ ਰੋਕਿਆ। ਕਿਸੇ ਵੀ ਸਿੰਘ-ਸੂਰਮੇ ਜਾਂ ਸਪੁੱਤਰ ਅਰਥਾਤ ਨਾਦੀ ਜਾਂ ਬਿੰਦੀ ਸੰਤਾਨ ਨੂੰ ਮੈਦਾਨੇ ਜੰਗ ਵਿਚ ਜੂਝਣ ਅਤੇ ਧਰਮ ਹੇਤ ਸ਼ਹਾਦਤ ਦੇਣ ਤੋਂ ਨਹੀਂ ਰੋਕਿਆ। ਧਰਮ ਹੇਤ ਸ਼ਹਾਦਤ ਪ੍ਰਾਪਤ ਕਰਨਾ ਗੁਰਮਤਿ ਅਨੁਸਾਰ ਅਕਾਲਪੁਰਖ ਦਾ ਭਾਣਾ ਹੈ ਅਤੇ ਅਸੀਂ ਅਕਾਲ ਪੁਰਖ ਦੀ ਰਜ਼ਾ ਨੂੰ ਸਿਰ ਮੱਥੇ ਪ੍ਰਵਾਨ ਕੀਤਾ ਹੈ। ਬੇਟਾ ਜੀ, ਤੁਸੀਂ ਹੁਣ ਅੱਖਾਂ ਨਾਲ ਹੀ ਨਜ਼ਾਰਾ ਤੱਕਿਆ ਹੈ ਕਿ ਤੁਹਾਡੇ ਵੀਰ ਅਜੀਤ ਸਿੰਘ ਨੇ ਵੀ ਰਣ ਭੂਮੀ ਵਿਚ ਸ਼ਹਾਦਤ ਪ੍ਰਾਪਤ ਕੀਤੀ ਹੈ।

ਅਕਾਲਪੁਰਖ ਦੀ ਰਜ਼ਾ ਅੱਗੇ ਸੀਸ ਝੁਕਾਉਂਦੇ ਹੋਏ ਮੈਂ ਤੈਨੂੰ (ਜੁਝਾਰ ਸਿੰਘ) ਵੀ ਮੈਦਾਨ ਜੰਗ ਵਿਚ ਜੂਝਣ ਵਾਸਤੇ ਭੇਜਾਗਾਂ ਅਤੇ ਧਰਮ ਦੀ ਰਾਖੀ ਹੇਤ ਵੈਰੀ ਦਲ ਨਾਲ ਜੂਝਦਿਆਂ ਤੁਸੀਂ ਸ਼ਹਾਦਤ ਪ੍ਰਾਪਤ ਕਰੋਗੇ। ਮੈਂ ਤਾਂ ਖ਼ੁਦ ਵੀ ਅਕਾਲ ਪੁਰਖ ਦੇ ਚਰਨਾਂ ਪਾਸ ਬੇਨਤੀ ਕਰਦਾ ਹਾਂ ਕਿ ਮੈਦਾਨੇ ਜੰਗ ਵਿਚ ਜੂਝ ਕੇ ਸ਼ਹੀਦੀ[1] ਪ੍ਰਾਪਤ ਕਰਾਂ।

---

1. ਸ਼ਹੀਦੀ:- ਇਹ ਅਰਬੀ ਦਾ ਸ਼ਬਦ ਹੈ। ਅਤੇ ਕੁਰਾਨ ਵਿਚ ਵੀ ਇਸ ਦੀ ਵਰਤੋਂ 'ਗਵਾਹ' ਜਾਂ ਸਾਕਸ਼ੀ ਦੇ ਅਰਥਾਂ ਵਿਚ ਹੋਈ ਹੈ। ਪਰ ਕਾਲਾਂਤਰ ਵਿਚ ਇਸ ਸ਼ਬਦ ਦਾ ਅਰਥ ਵਿਸਥਾਰ ਹੋ

ਗਿਆ ਤੇ ਇਸ ਨੂੰ ਕੁਰਬਾਨੀ ਜਾਂ ਬਲੀਦਾਨ ਦੇ ਅਰਥਾਂ ਵਿਚ ਵਰਤਿਆ ਜਾਣ ਲੱਗਾ। ਹਦੀਸ਼ਾਂ ਵਿਚ 'ਸ਼ਹੀਦ' ਉਸ ਵਿਅਕਤੀ ਨੂੰ ਕਿਹਾ ਜਾਣ ਲੱਗਾ ਜੋ ਇਸਲਾਮ ਧਰਮ ਦੇ ਪਸਾਰ ਲਈ ਕਾਫ਼ਰਾਂ ਦੇ ਵਿਰੁੱਧ ਲੜਦਾ ਹੋਇਆ ਮਾਰਿਆ ਜਾਂਦਾ ਹੈ। ਅਜਿਹੇ ਵਿਅਕਤੀ ਲਈ ਬਹਿਸ਼ਤ ਦੇ ਦਰਵਾਜ਼ੇ ਖੁੱਲ ਜਾਂਦੇ ਹਨ। ਉਸਦੇ ਕਰਮਾਂ ਦਾ ਹਿਸਾਬ ਕਿਤਾਬ ਖ਼ਤਮ ਹੋ ਜਾਂਦਾ ਹੈ। ਸਾਰੇ ਗੁਨਾਹ ਬਖਸ਼ੇ ਜਾਂਦੇ ਹਨ। ਮਰਨ ਉਪਰੰਤ ਅਜਿਹੇ ਵਿਅਕਤੀ ਨੂੰ ਕਬਰ ਵਿਚ ਦੱਬਣ ਤੋਂ ਪਹਿਲਾਂ ਨੁਹਾਇਆ ਨਹੀਂ ਜਾਂਦਾ। ਕਿਉਂਕਿ ਉਹ ਤਾਂ ਸ਼ਹੀਦ ਹੋਣ ਕਾਰਣ ਪਹਿਲਾਂ ਹੀ ਪਵਿੱਤਰ ਹੋ ਚੁੱਕੇ ਮੰਨ ਲਏ ਜਾਂਦੇ ਹਨ।

ਇਸਲਾਮ ਵਿਚ ਸ਼ਹੀਦਾਂ ਦੇ ਕਈ ਮਤਭੇਦ ਉਪਭੇਦ ਹਨ। ਪਰ ਸਭ ਤੋਂ ਸ੍ਰੇਸ਼ਠ ਸ਼ਹੀਦ ਉਸ ਨੂੰ ਸਮਝਿਆ ਜਾਂਦਾ ਹੈ। ਜੋ ਰੱਬ ਦੀ ਰਜ਼ਾ ਵਿਚ ਸਚਾਈ ਦੇ ਰਸਤੇ ਉਤੇ ਚਲਦੇ ਹੋਇਆਂ ਆਪਣੀ ਜਾਨ ਕੁਰਬਾਨ ਕਰ ਦੇਵੇ। ਸ਼ਹੀਦ ਆਮ ਤੌਰ ਤੇ ਅਮਰ ਸਮਝੇ ਜਾਂਦੇ ਹਨ। ਅਤੇ ਹੁਸੈਨ ਨੂੰ ਇਸਲਾਮ ਵਿਚ ਮਹਾਨ ਸ਼ਹੀਦ ਦੀ ਪਦਵੀ ਪ੍ਰਾਪਤ ਹੈ। ਹੋਰ ਵੀ ਮੁਸਲਮਾਨ ਸ਼ਹੀਦਾਂ ਦੀ ਸੂਚੀ ਵਿਚ ਗਿਣੇ ਜਾਂਦੇ ਹਨ। ਈਸਾ ਨੂੰ ਵੀ ਮਹਾਨ ਸ਼ਹੀਦ ਮੰਨਿਆ ਜਾਂਦਾ ਹੈ।

'ਸ਼ਹੀਦ' ਜਾਂ ਸ਼ਹਾਦਤ ਦਾ ਦ੍ਰਿਸ਼ਟੀਕੋਣ ਸੰਸਕ੍ਰਿਤੀ ਤੋਂ ਭਾਰਤ ਵਿਚ ਆਇਆ। ਭਾਰਤ ਵਿਚ ਪਹਿਲਾਂ ਅਜਿਹੀ ਭਾਵਨਾ ਦਾ ਅਭਾਵ ਸੀ। ਪੰਜਾਬ ਤੇ ਭਾਰਤ ਵਿਚ ਅਨੇਕ ਮੁਸਲਮਾਨ ਫਕੀਰਾਂ, ਸੂਫੀ ਦਰਵੇਸਾਂ ਦੀ ਸ਼ਹਾਦਤ ਦੀਆਂ ਕਈ ਘਟਨਾਵਾਂ ਹੋਈਆਂ ਹਨ। ਸ਼ਹਾਦਤ ਦਾ ਵਿਚਾਰ ਸਿੱਖ ਸਮਾਜ ਵਿਚ ਵੱਖਰੇ ਅਜਿਹੇ ਢੰਗ ਨਾਲ ਵਿਕਸਿਤ ਹੋਇਆ ਹੈ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨੇ ਸਿੱਖਾਂ ਦੇ ਖ਼ੂਨ ਵਿਚ ਸ਼ਹਾਦਤ ਦਾ ਤੱਤ ਸ਼ਾਮਲ ਕਰ ਦਿੱਤਾ ਅਤੇ ਗੁਰੂ ਤੇਗ ਬਹਾਦਰ ਜੀ ਨੇ ਇਸ ਭਾਵਨਾ ਨੂੰ ਆਪਣੀ ਸ਼ਹਾਦਤ ਨਾਲ ਪੁਸ਼ਟ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੇ ਤਾਂ ਇਤਿਹਾਸ ਦੇ ਪੱਤਰਿਆਂ ਉਤੇ ਆਪਣੀ ਰੱਤ ਦਾ ਕੁੰਗੂ ਪਾ ਦਿੱਤਾ। ਮੁਸਲਮਾਨ ਹੁਕਮਰਾਨਾ ਨੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ। ਗੁਰੂ ਅਰਜਨ ਸਾਹਿਬ ਦਾ ਸ਼ਹੀਤੀ ਸਥਾਨ ਗੁਰਦੁਆਰਾ ਡੇਰਾ ਸਾਹਿਬ (ਲਾਹੌਰ) ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਵਾਲੇ ਸਥਾਨ ਉਤੇ ਹੁਣ ਗੁਰਦੁਆਰਾ ਸੀਸ ਗੰਜ (ਦਿੱਲੀ) ਕਾਇਮ ਹੈ। ਦਸਮ ਗੁਰੂ ਦੇ ਵੱਡੇ ਦੋ ਸਾਹਿਬਜ਼ਾਦਿਆਂ ਦਾ ਸ਼ਹੀਦੀ ਸਥਾਨ ਚਮਕੌਰ ਸਾਹਿਬ ਵਿਚ ਅਤੇ ਛੋਟੇ ਦੋ ਸਾਹਿਜ਼ਾਦਿਆਂ ਦਾ ਸਮਾਰਕ ਸਰਹਿੰਦ ਵਿਚ ਹੈ।

ਭਾਰਤ ਦੀ ਅਜ਼ਾਦੀ ਦੀ ਜੰਗ ਵਿਚ ਸ਼ਹਾਦਤ ਪਾਵੁਣ ਵਾਲੇ ਸਿਰਲੱਥ ਜਵਾਨਾਂ ਵਿਚ 80 ਪ੍ਰਤੀਸ਼ਤ ਸਿੱਖ ਹਨ। ਇਸ ਤਰ੍ਹਾਂ ਸ਼ਹੀਦ, ਸ਼ਹੀਦੀ ਸ਼ਹਾਦਤ ਸ਼ਬਦ ਸਿੱਖ ਸਭਿਆਚਾਰ ਦੇ ਅੰਗ ਬਣ ਗਏ ਹਨ। ਗੁਰਮਤਿ ਮਰਿਆਦਾ ਅਨੁਸਾਰ ਤਾਂ ਸ਼ਹਾਦਤ ਗੁਰਮਤਿ ਮਾਰਗ ਦੀ ਮੁਢਲੀ ਸ਼ਰਤ ਹੈ,

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ (ਸਲੋਕ ਵਾਰਾਂ ਤੇ ਵਧੀਕ ਮ: ੧ ਪੰਨਾ ੧੪੧੨)

ਮੈਦਾਨੇ ਜੰਗ ਵਿਚ ਜੂਝ ਕੇ ਸ਼ਹਾਦਤ ਪ੍ਰਾਪਤ ਕਰਨਾ ਤਾਂ ਸਿੰਘ-ਸੂਰਮਿਆਂ ਦੀ ਜ਼ਿੰਦਗੀ ਦਾ ਅਹਿਮ ਅੰਗ ਹੈ।

ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥ ੩॥

(ਵਡਹੰਸ ਮ: ੧ ਪੰਨਾ ੫੭੯)

ਜਿਥੇ ਮੈਦਾਨੇ ਜੰਗ ਵਿਚ ਧਰਮ ਦੀ ਰਾਖੀ ਹੇਤ ਜਬਰ ਜ਼ੁਲਮ ਨਾਲ ਜੂਝਦਾ ਸੂਰਮਾ ਸ਼ਹਾਦਤ ਪ੍ਰਾਪਤ ਕਰਕੇ ਅਜ਼ੀਮ ਰੁਤਬਾ ਪ੍ਰਾਪਤ ਕਰਦਾ ਹੈ ਉਥੇ ਰਣਭੂਮੀ ਵਿਚੋਂ ਪਿੱਠ ਦਿਖਾ ਕੇ ਨੱਸਣ ਵਾਲੇ ਨੂੰ ਕਾਇਰਤਾ ਦਾ ਕਲੰਕ ਲਗਦਾ ਹੈ,

ਜੋ ਸੂਰਾ ਤਿਸ ਹੀ ਹੋਇ ਮਰਣਾ॥ ਜੋ ਭਾਗੈ ਤਿਸੁ ਜੋਨੀ ਫਿਰਣਾ॥

(ਪੰਨਾ ੧੦੧੯ ਮਾਰੂ ਮ: ੫)

99.

"ਕੁਰਬਾਨ! ਪਿਦਰ ਕੋ ਕੋਈ ਇਨਕਾਰ ਨਹੀਂ ਹੈ!
ਸਿਨ ਖੇਲ ਕਾ ਹੈ, ਰਨ ਕਾ ਸ਼ਜਾਵਾਰ ਨਹੀਂ ਹੈ।
ਆਈ ਹੀ ਚਲਾਨੀ ਤੁਮੇਂ ਤਲਵਾਰ ਨਹੀਂ ਹੈ।
ਯਿਹ ਗੁਲ ਸਾ ਬਦਨ ਕਾਬਲਿ ਸੁਫ਼ਾਰ ਨਹੀਂ ਹੈ।"

ਸ਼ਾਹਜ਼ਾਦਾ ਇ ਜੁਝਾਰ ਨੇ ਫ਼ੌਰਨ ਕਹਾ, "ਅੱਬਾ!
ਮੈ ਭਾਇਓ ਸੇ ਕਿਉਂ ਰਹੂੰ ਘਟ ਕਰ ਭਲਾ "ਅੱਬਾ!

ਸ਼ਬਦ ਅਰਥ:- ਕੁਰਬਾਨ=ਸਦਕੇ, ਪਦਰ=ਪਿਤਾ, ਸਿਨ=ਉਮਰ, ਸ਼ਜਾਵਾਰ= ਯੋਗ, ਕਾਬਿਲ, ਲਾਇਕ, ਗੁਲ - ਫੁਲ, ਸਾ=ਵਰਗਾ, ਕਾਬਲਿ ਸੁਫ਼ਾਰ=ਤੀਰਾਂ ਦੀ ਨੋਕ ਦੇ ਕਾਬਿਲ, ਫੌਰਨ=ਝੱਟਪੱਟ।

ਅਰਥਾਤ:- ਗੁਰਪਾਤਸ਼ਾਹ ਨੇ ਸਾਹਿਬਜ਼ਾਦਾ ਜੁਝਾਰ ਸਿੰਘ[1] ਜੀ ਨੂੰ ਕਿਹਾ ਕਿ ਬੇਟਾ ਮੈਂ ਆਪ ਜੀ ਦੀ ਖਾਹਿਸ਼ ਤੋਂ ਸਦਕੇ ਜਾਦਾ ਹਾਂ, ਮੈਨੂੰ ਆਪ ਜੀ ਨੂੰ ਮੈਦਾਨੇ ਜੰਗ ਵਿਚ ਭੇਜਣ ਉਪਰ ਕੋਈ ਇਤਰਾਜ਼ ਨਹੀਂ ਹੈ ਅਤੇ ਨਾਂ ਹੀ ਰਣਭੂਮੀ ਵਿਚ ਤੁਹਾਨੂੰ ਭੇਜਣ ਤੋਂ ਇਨਕਾਰ ਕਰ ਸਕਦਾ ਹਾਂ, ਪਰੰਤੂ ਬੇਟਾ ਜੀ, ਅਜੇ ਤੁਹਾਡੀ ਖੇਡਣ ਦੀ ਉਮਰ ਹੈ, ਸ਼ਾਇਦ ਤੁਸੀਂ ਮੈਦਾਨੇ ਜੰਗ ਵਿਚ ਵੈਰੀ ਦਲ ਨਾਲ ਦੋ ਹੱਥ ਨਾ ਕਰ ਸਕੋ, ਕਿਉਂਕਿ ਤੁਸੀਂ ਅਜੇ ਪੂਰੀ ਤਰ੍ਹਾਂ ਨਾਲ ਯੁੱਧ ਵਿਦਿਆ ਹਾਸਲ ਨਹੀਂ ਕੀਤੀ, ਅਜੇ ਤਾਂ ਤੁਸੀਂ ਪੂਰੀ ਤਰ੍ਹਾਂ ਨਾਲ ਤੇਗ਼ ਦੇ ਜੌਹਰ ਵੀ ਨਹੀਂ ਵਿਖਾ ਸਕਦੇ। ਤੁਹਾਡਾ ਫੁੱਲ ਵਰਗਾ ਨਾਜ਼ੁਕ ਤੇ ਕੋਮਲ ਬਦਨ ਤਾਂ ਅਜੇ ਤੀਰਾਂ ਦੀਆਂ ਖੋਭਾਂ ਦੇ ਕਾਬਿਲ ਵੀ ਨਹੀਂ ਹੈ।

ਸਾਹਿਬਜ਼ਾਦਾ ਜੁਝਾਰ ਸਿੰਘ ਨੇ ਪਿਤਾ ਗੁਰੂ ਦੀ ਗੱਲ ਧਿਆਨ ਨਾਲ ਸੁਣ ਤੇ ਇਕਦਮ ਬੋਲੇ, "ਪਿਤਾ ਜੀ, ਬੇਸ਼ਕ ਮੇਰੀ ਉਮਰ ਅਜੇ ਜੰਗ ਵਿਚ ਜੂਝਣ ਦੇ ਕਾਬਿਲ ਨਹੀਂ ਹੈ ਪ੍ਰੰਤੂ ਮੈਂ ਆਪਣੇ ਭਰਾਵਾਂ ਤੋਂ ਪਿਛੇ ਕਿਵੇਂ ਰਹਿ ਸਕਦਾ ਹਾਂ ਜਿਹੜੇ ਮੈਦਾਨੇ ਜੰਗ ਵਿਚ ਸ਼ਹੀਦੀ ਪਿਆਲਾ ਪੀ ਚੁਕੇ ਹਨ।"

---

1. ਸਾਹਿਬਜ਼ਾਦਾ ਜੁਝਾਰ ਸਿੰਘ:- ਸਾਹਿਬਜ਼ਾਦਾ ਜੁਝਾਰ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਪੁੱਤਰ, ਗੁਰੂ ਤੇਗ ਬਹਾਦਰ ਸਾਹਿਬ ਦੇ ਪੋਤੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ ਸਨ। ਆਪ

ਦਾ ਜਨਮ ਮਾਤਾ ਜੀਤ ਕੌਰ ਦੀ ਕੁਖੋਂ ਅਨੰਦਪੁਰ ਸਾਹਬਿ ਵਿਚ ਹੋਇਆ। ਸਾਹਿਬਜ਼ਾਦਾ ਜੁਝਾਰ ਸਿੰਘ ਇਕ ਬਹੁਤ ਦਿਮਾਗੀ ਬੱਚਾ ਸੀ। ਅਤੇ ਛੋਟੀ ਉਮਰ ਵਿਚ ਹੀ ਬਹੁਤ ਸਾਰੀ ਬਾਣੀ ਯਾਦ ਕਰ ਲਈ ਸੀ। ਇਸ ਤੋਂ ਇਲਾਵਾ ਉਹ ਘੋੜ ਸਵਾਰੀ ਤੇ ਤਲਵਾਰਬਾਜ਼ੀ ਵਿਚ ਵੀ ਬੜੇ ਮਾਹਿਰ ਸਨ।

5-6 ਨਵੰਬਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫੈਸਲਾ ਕੀਤਾ ਤਾਂ ਸਾਹਿਬਜ਼ਾਦਾ ਜੁਝਾਰ ਸਿੰਘ ਉਹਨਾਂ ਦੇ ਨਾਲ ਹੀ ਸੀ। ਜਦੋਂ ਗੁਰੂ ਸਾਹਿਬ 7 ਦਸੰਬਰ ਸਵੇਰ ਵੇਲੇ ਜਦ ਚਮਕੌਰ ਪੁੱਜੇ ਤੇ ਆਪ ਵੀ ਉਨ੍ਹਾਂ ਦੇ ਨਾਲ ਹੀ ਸੀ ਉਸ ਦਿਨ ਦੁਪਿਹਰ ਵੇਲੇ ਮੁਗ਼ਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾ ਲਿਆ। ਇਸ ਮੌਕੇ ਤੇ ਸਿੱਖ ਭਾਵੇਂ ਗਿਣਤੀ ਵਿਚ ਬਹਤੁ ਥੋੜੇ ਸਨ। ਪਰ ਉਹਨਾਂ ਨੇ ਮੁਗ਼ਲ ਫੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਸਾਹਿਬਜ਼ਾਦਾ ਜੁਝਾਰ ਸਿੰਘ ਨੇ ਗੜ੍ਹੀ ਵਿਚੋਂ ਨਿਕਲ ਕੇ ਦੁਸ਼ਮਣਾਂ ਨਾਲ ਆਹਮੋ ਸਾਹਮਣੀ ਲੜਾਈ ਵਿਚ ਬਹੁਤ ਸਾਰੇ ਸਿਪਾਹੀ ਮਾਰ ਦਿੱਤੇ ਅਤੇ ਆਖੀਰ ਆਪ ਵੀ ਸ਼ਹੀਦ ਹੋ ਗਏ।

ਆਪ ਸੰਬੰਧੀ ਭੱਟ ਵਹੀਆਂ ਵਿਚ ਇੰਞ ਇੰਦਰਾਜ ਮਿਲਦਾ ਹੈ:

"ਜੁਝਾਰ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਜੀ, ਮੱਹਲ ਦਸਮੇ ਕਾ.... ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਤੀਜ, ਵੀਰਵਾਰ ਦਿਹੁੰ...ਭਾਈ ਅਨਕ ਸਿੰਘ ..... ਭਾਈ ਕਿਰਪਾ ਸਿੰਘ ਬੇਟਾ ਅੜੂ ਰਾਮ ਕਾ, ਭਾਈ ਮਨਮੁੱਖ ਸਿੰਘ ਬੇਟਾ ਅੜੂ ਗਮ ਕਾਂ, ਪੋਤੇ ਨਰੈਣ ਦਾਸ ਕੇ, ਮੰਝਾਲ ਦੱਤ ਬ੍ਰਹਮਣ, ਮੁਕਾਮ ਚਮਕੌਰ ਪਰਗਣਾਂ ਰੋਪੜ, ਤੁਰਕ ਫੋਜ ਗੈਲ, ਸਾਮ੍ਹੇ ਮਾਥੇ ਜੂਝ ਕੇ ਸ਼ਹਾਦਤਾਂ ਪਾਇ ਗਏ। ਆਗੇ ਗੁਰੂ ਕੀ ਗਤਿ ਗੁਰੂ ਜਾਣੇ।

(ਭੱਟ ਵਹੀ ਮੁਲਤਾਨੀ ਸਿੰਧੀ)

100.

"ਜ਼ਿੰਦਾ ਚੁਨਾ ਜਾਨਾ ਭੀ ਤੋ ਆਸਾਨ ਨਹੀਂ ਹੈ।
ਸਿਰ੍ਹੰਦ ਮੇਂ ਦੀ ਭਾਈਓ ਨੇ ਜਾਨ ਨਹੀਂ ਹੈ?
ਕਿਉਂ ਮੁਝ ਕੋ ਧਰਮ ਯੁੱਧ ਕਾ ਕੁਛ ਧਿਆਨ ਨਹੀਂ ਹੈ?
ਬੰਦੇ ਕੋ ਛੁਰੀ ਖਾਨੇ ਕਾ ਅਰਮਾਨ ਨਹੀਂ ਹੈ?

ਲੜਨਾ ਨਹੀਂ ਆਤਾ ਮੁਝੇ ਮਰਨਾ ਤੋ ਹੈ ਆਤਾ!
ਖ਼ੁਦ ਬੜ੍ਹ ਕੇ ਗਲਾ ਤੇਗ਼-ਪਿ ਧਰਨਾ ਤੋ ਹੈ ਆਤਾ!

ਸ਼ਬਦ ਅਰਥ:- ਸਿਰ੍ਹੰਦ - ਸਰਹਿੰਦ, ਅਰਮਾਨ - ਚਾਅ, ਖ਼ਾਹਿਸ਼।

ਅਰਥਾਤ:- ਸਾਹਿਬਜ਼ਾਦਾ ਜੁਝਾਰ ਸਿੰਘ ਨੇ ਬੜੀ ਦਲੇਰੀ ਨਾਲ ਕਿਹਾ, "ਪਿਤਾ ਜੀ, ਜਿਉਂਦਿਆਂ ਨੀਹਾਂ ਵਿਚ ਚਿਣੇ ਜਾਣਾ[1] ਵੀ ਕੋਈ ਆਸਾਨ ਬਾਤ ਨਹੀਂ ਹੈ ਕਿਉਂਕਿ ਮੇਰੇ ਛੋਟੇ ਭਰਾਵਾਂ (ਸਾਹਿਬ ਜ਼ੋਰਾਵਰ ਸਿੰਘ ਅਤੇ ਸਾਹਿਬ ਫਤਹਿ ਸਿੰਘ) ਸਰਹਿੰਦ ਵਿਖੇ ਸ਼ਹੀਦੀ ਜਾਮ ਪੀਤਾ ਹੈ। ਮੈਨੂੰ ਧਰਮ ਦੀ ਰੱਖਿਆ ਹੇਤ ਧਰਮ ਯੁੱਧ ਵਿਚ ਜੂਝਣ ਦਾ ਅਥਾਹ ਚਾਅ ਹੈ, ਜਿਸ ਤਰ੍ਹਾਂ ਮੇਰੇ ਭਰਾਵਾਂ ਨੇ ਸ਼ਹਾਦਤ ਪ੍ਰਾਪਤ ਕੀਤੀ ਹੈ ਉਸੇ ਤਰ੍ਹਾਂ ਮੈਨੂੰ ਵੀ ਚਾਅ ਹੈ ਕਿ ਮੈਂ ਵੀ ਮੈਦਾਨੇ-ਜੰਗ ਵਿਚ ਵੈਰੀ ਦਲ ਨਾਲ ਜੂਝ ਕੇ ਸ਼ਹਾਦਤ ਪ੍ਰਾਪਤ ਕਰਾਂ।" ਜੁਝਾਰ ਸਿੰਘ ਨੇ ਕਿਹਾ, "ਬੇਸ਼ਕ ਮੇਰੀ ਉਮਰ ਛੋਟੀ ਹੈ ਅਤੇ ਮੈਂ ਮੈਦਾਨੇ ਜੰਗ ਵਿਚ ਜੂਝ ਨਹੀਂ ਸਕਦਾ ਪਰੰਤੂ ਸ਼ਹਾਦਤ ਤਾਂ ਪ੍ਰਾਪਤ ਕਰ ਸਕਦਾ ਹਾਂ, ਬੇਸ਼ਕ ਤੇਗ਼ ਚਲਾਉਣੀ ਨਹੀਂ ਆਉਂਦੀ ਪਰੰਤੂ ਤੇਗ਼ ਦਾ ਫੱਟ ਖਾ ਕੇ ਸ਼ਹੀਦੀ ਪ੍ਰਾਪਤ ਕਰਨੀ ਤਾਂ ਆਉਂਦੀ ਹੈ।

1. ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤੇ ਜਾਣ ਦੀ ਰਵਾਇਤ ਕਾਫੀ ਪ੍ਰਚਲਿਤ ਹੈ ਪਰੰਤੂ ਕਵੀ ਨੇ ਜਿਸ ਸਮੇਂ ਉਪਰ ਸਾਹਿਬਜ਼ਾਦਾ ਜੁਝਾਰ ਸਿੰਘ ਦੇ ਪਾਸੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਕਰਵਾਇਆ ਹੈ। ਉਦੋਂ ਤੱਕ ਅਜੇ ਛੋਟੇ ਸਾਹਿਬਜ਼ਾਦੇ ਸ਼ਹੀਦ ਨਹੀਂ ਸਨ ਹੋਏ। ਇਤਿਹਾਸ ਸੋਮਿਆਂ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਪਹੁੰਚੇ ਤਾਂ ਉਨ੍ਹਾਂ ਨੇ ਗੜ੍ਹੀ ਦੇ ਮਾਲਕ ਬੁੱਧੀ ਚੰਦ ਦੇ ਰਾਹੀ ਕਰੀਮ ਬਖਸ਼ (ਕੁੰਮੇ ਮਾਸ਼ਕੀ) ਨੂੰ ਬੁਲਾਇਆ ਅਤੇ ਸਾਹਿਬਜ਼ਾਦਿਆਂ ਬਾਰੇ ਪੜਤਾਲ ਕੀਤੀ। ਗੁਰੂ ਕੀਆਂ ਸਾਖੀਆਂ ਪੰਨਾ 156 ਅਨੁਸਾਰ ਕਰੀਮ ਬਖਸ਼ ਜੀ ਨੇ ਗੁਰੂ ਜੀ ਨੂੰ ਦੱਸਿਆ ਕਿ ਮਾਤਾ ਜੀ ਇਕ ਰਾਤ ਮੇਰੇ ਘਰ ਰਹੇ ਅਤੇ ਅੱਜ ਸਵੇਰੇ ਹੀ ਸਹੇੜੀ ਨਿਵਾਸੀ ਮਸੰਦ ਧੁਮਾਂ (ਅਸਲ ਨਾਮ ਗੰਗੂ ਸੀ ਸ਼ਾਇਦ ਲੇਖਕ ਨੂੰ ਮੁਗ਼ਾਲਥਾ ਲੱਗਾ ਹੈ ਉਨ੍ਹਾਂ

ਨੂੰ ਪਿੰਡ ਚੌਤੇ ਵੱਲ ਲੈ ਗਿਆ ਹੈ (ਪਿੰਡ ਚੌਤੇ ਯਾਦਗਾਰ ਬਣੀ ਹੋਈ ਹੈ)

ਚਮਕੌਰ ਤੋਂ ਚੌਤੇ ਲਿਜਾਂਦੇ ਸਮੇਂ ਮਾਤਾ ਜੀ ਅਤੇ ਫਤਹਿ ਸਿੰਘ ਇਕ ਘੋੜੇ ਉਪਰ ਸਵਾਰ ਜਦੋਂ ਕਿ ਜ਼ੋਰਾਵਰ ਸਿੰਘ ਇਕ ਖੁਰਜੀ ਸਮੇਤ ਇਕ ਘੋੜੇ ਉਪਰ ਸਵਾਰ ਸਨ ਕਥਾ ਗੁਰ ਸੁਤਨ ਕੀ ਅਨੁਸਾਰ:

ਸ੍ਰੀ ਮਾਤਾ ਜੀ ਫਤਹਿ ਸਿੰਘ ਏਕ ਘੋੜੇ ਪੈ ਚਢੈ।
ਜੋਰਾਵਰ ਸਿੰਘ ਜੁ ਪਾਇ ਖੁਰਜੀ ਅਵਰ ਘੋੜੇ ਪੇ ਚੜੇ ।

ਚੌਤੇ ਪਹੁੰਚ ਕੇ ਮਾਤਾ ਜੀ ਨੇ ਗੰਗੂ ਨੂੰ ਚਮਕੌਰ ਪਹੁੰਚਣ ਲਈ ਕਿਹਾ ਪਰ ਉਦੋਂ ਤਕ ਮਾਲ ਅਸਬਾਬ ਨਾਲ ਭਰੀ ਹੋਈ ਖੁਰਜੀ ਵੇਖ ਕੇ ਗੰਗੂ ਦੀ ਨੀਯਤ ਬਦਲ ਚੁੱਕੀ ਸੀ। ਉਸ ਨੇ ਕਿਹਾ ਮੈਂ ਚਮਕੌਰ ਨਹੀਂ ਪਹੁੰਚਾ ਸਕਦਾ ਕਿਉਂਕਿ ਰੋਪੜ ਦਾ ਸਾਰਾ ਇਲਾਕਾ ਸ਼ਾਹੀ ਫ਼ੌਜ ਨੇ ਘੇਰਿਆ ਹੋਇਆ ਹੈ ਉਥੇ ਤੁਹਾਡਾ ਜਾਣਾ ਖਤਰੇ ਤੋਂ ਖਾਲੀ ਨਹੀਂ ਹੈ ਤੁਸੀਂ ਮੇਰੇ ਨਾਲ ਪਿੰਡ ਸਹੇੜੀ ਚਲੋ ਕਵੀ ਦੁਨਾ ਸਿੰਘ ਜੀ ਅਨੁਸਾਰ

ਜਬ ਹੀ ਤੁਰਕ ਅਪਨੇ ਗ੍ਰਹਿ ਜਾਵੇ,
ਤਬ ਹਮ ਕੋ ਘਰ ਪਹੁੰਚਾਵੈ।
ਇਹ ਕਹਿ ਕੇ ਤਬ ਘਰ ਲੈ ਆਯੋ,
ਭਈ ਰੈਣ ਪ੍ਰਸਾਦਿ ਕਰਾਯੋ।

ਸਹੇੜੀ ਪਿੰਡ ਪਹੁੰਚ ਕੇ ਜਿਸ ਤਰ੍ਹਾਂ ਦਾ ਭੋਜਨ ਗੰਗੂ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਛਕਣ ਵਾਸਤੇ ਦਿੱਤਾ ਉਹ ਉਸ ਦੇ ਕਪਟੀ ਮਨ ਦੀ ਅਸੀਮਤਾ ਨੂੰ ਕਿਸੇ ਹੱਦ ਤੱਕ ਜਾਚਣ ਲਈ ਸਹਾਈ ਹੈ ਕਿ ਕਿਸੇ ਸਮੇਂ ਗੁਰੂ ਦਾ ਘਰੇਲੂ ਨੌਕਰ ਰਿਹਾ ਗੰਗੂ ਇਹ ਭੁੱਲ ਗਿਆ ਕਿ ਗੁਰੂ ਸੁਤਾਂ ਨਾਲ ਕਿਹੋ ਜਿਹੇ ਘਟੀਆ ਦਰਜੇ ਦਾ ਵਿਹਾਰ ਕਰ ਰਿਹਾ ਹੈ। ਜਿਹੋ ਜਿਹਾ ਭੋਜਨ ਸਾਹਿਬਜ਼ਾਦਿਆਂ ਨੂੰ ਖਾਣ ਵਾਸਤੇ ਦਿੱਤਾ ਉਹ ਭੋਜਨ ਭੁੱਖ ਨਾਲ ਕੁਮਲਾਏ ਹੋਣ ਦੇ ਬਾਵਜੂਦ ਵੀ ਨਾ ਖਾ ਸਕੇ।

ਕਥਾ ਗੁਰ ਸੁਤਨ ਕੀ ਅਨੁਸਾਰ:-

ਸੋ ਐਸੀ ਰੋਟੀ ਕਰ ਲਯਾਯੋ,
ਹਮਰੇ ਕਾਗ ਨਾ ਕੂਕਰ ਖਾਯੋ।
ਤਬ ਮਾਤਾ ਐਸੇ ਬਿਖਲਾਨੀ,
ਭੁੱਖੇ ਕੁਇਰ ਦੇਖਿ ਕੁਮਲਾਨੀ।

ਦਰਅਸਲ ਗੰਗੂ ਦਾ ਸਾਰਾ ਧਿਆਨ ਮਾਇਆ ਉਪਰ ਕੇਂਦਰਿਤ ਹੋ ਚੁੱਕਾ ਸੀ। ਅੱਧੀ ਰਾਤ ਨੂੰ ਗੰਗੂ ਨੇ ਮਾਇਆ ਵਾਲੀ ਖੁਰਜੀ ਲੁਕਾ ਦਿੱਤੀ।

ਭਈ ਰੈਣ ਖੁਰਜੀ ਤਿਨ ਲੀਨੀ, ਜਾ ਕਰ ਚੋਏ ਮਹਿ ਗੱਢ ਦੀਨੀ।

ਸਵੇਰੇ ਮਾਤਾ ਜੀ ਨੂੰ ਗੰਗੂ ਦੀ ਕਰਤੂਤ ਦਾ ਪਤਾ ਲੱਗਾ ਤਾਂ ਮਾਤਾ ਜੀ ਨੇ ਗੰਗੂ ਨੂੰ ਕਿਹਾ ਕਿ ਗੰਗੂ ਜੇ ਮਾਇਆ ਦੀ ਜ਼ਰੂਰਤ ਸੀ ਤਾਂ ਮੰਗ ਲੈਂਦਾ ਚੋਰੀ ਜਿਹਾ ਬੁਰਾ ਕੰਮ ਕਿਉਂ ਕੀਤਾ ਹੈ? ਮਾਤਾ ਜੀ ਦੀ ਇਹ ਗੱਲ ਸੁਣ ਕੇ ਗੰਗੂ ਲੋਹਾ-ਲਾਖਾ ਹੋ ਗਿਆ ਤੇ ਕਹਿਣ ਲੱਗਾ ਕਿ ਇਕ ਤਾਂ ਮੈਂ ਤੁਹਾਨੂੰ ਹਕੂਮਤ ਦੇ ਬਾਗੀਆਂ ਨੂੰ ਪਨਾਹ ਦਿੱਤੀ ਹੈ ਦੂਜਾ ਤੁਸੀਂ ਮੇਰੇ ਤੇ ਚੋਰੀ ਦੀ ਤੁਹਮਤ ਲਗਾ ਰਹੇ ਹੋ ਕਵੀ

ਅਨੁਸਾਰ :-

ਤਬ ਮਸੰਦ ਐਸੇ ਕੈ, ਹਮ ਕੋ ਤੁਹਮਤ ਦੇਹੀਂ।
ਹਮ ਘਰ ਤੇ ਤੂ ਜਾਹਿ, ਹਮ ਸੋ ਕੈਸਾ ਨੇਹੀਂ।

ਗੰਗੂ ਰੌਲਾ ਪਾਉਂਦਾ ਹੋਇਆ ਘਰੋਂ ਨਿਕਲ ਗਿਆ ਤੇ ਮੋਰਿੰਡੇ ਦੇ ਹਾਕਮ ਜਾਨੀਖਾਨ ਅਤੇ ਮਾਨੀ ਖਾਨ ਨੂੰ ਲੈ ਆਇਆ। ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਗ੍ਰਿਫਤਾਰ ਕਰ ਕੇ ਸਰਹੰਦ ਲੈ ਜਾਣ ਦਾ ਜੋ ਕਰੁਨਾਮਈ ਜਿਕਰ ਕਵੀ ਨੇ ਕੀਤਾ ਹੈ ਕੋਈ ਵੀ ਅੱਖ ਨਮ ਹੋਏ ਬਿਨਾ ਨਹੀ ਰਹਿ ਸਕਦੀ ਹੈ ਕਵੀ ਅਨੁਸਾਰ ਸਾਹਿਬਜ਼ਾਦਿਆਂ ਨੂੰ ਬੋਰਿਆਂ ਵਿਚ ਬੰਨ ਕੇ ਘੋੜੇ ਉਪਰ ਲੱਦਿਆ ਗਿਆ ਤੇ ਮਾਤਾ ਜੀ ਨੂੰ ਇਕ ਘੋੜੇ ਉਪਰ ਬੰਨਿਆ ਗਿਆ। ਕਵੀ ਅਨੁਸਾਰ:-

ਫਿਰ ਫਤਹਿ ਸਿੰਘ ਜੋਰਾਵਰ ਤਹਿੰ,
ਪਾਇ ਬੋਰੀ ਮੇ ਲੀਏ।
ਉਪਰ ਸੁ ਘੋੜੇ ਲਦ ਕੇ,
ਬਹੁਤ ਆਗੈ ਕਰ ਲਏ।

ਜਿਸ ਸਮੇਂ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਦੇ ਸਾਹਮਣੇ ਪੇਸ਼ ਕੀਤਾ ਗਿਆ ਉਸ ਵਕਤ ਉਨ੍ਹਾਂ ਨੀਲੇ ਵਸਤਰ ਪਹਿਨੇ ਹੋਏ ਸਨ। ਕੋਮਲ ਹੱਥ ਹੱਥਕੜੀਆਂ ਵਿਚ ਜਕੜੇ ਹੋਏ ਸਨ। ਅਤੇ ਪੈਰਾਂ ਵਿਚ ਬੇੜੀਆਂ ਪਾਈਆਂ ਹੋਈਆਂ ਸਨ:

ਨੀਲ ਝਗਰੀਆਂ ਤਨ ਮੈ ਕੈਸੇ,
ਬਿਜਲੀ ਸਯਾਮ ਅਭ੍ਰ ਮੈ ਜੈਸੇ।
ਕੋਮਲ ਅੰਗ ਹਥੌੜੀ ਹਾਥਾ,
ਪਾਦ ਜੰਜੀਰ ਤਿਨੁ ਕੇ ਸਾਥਾ।

ਸਾਹਿਬਜ਼ਾਦਿਆਂ ਨੂੰ ਇਸਲਾਮ ਧਾਰਨ ਕਰਾਉਣ ਦੇ ਸਾਰੇ ਯਤਨ ਜਦੋਂ ਨਾਕਾਮ ਹੋ ਗਏ ਦੀਵਾਨ ਸੁੱਚੇ ਨੰਦ ਦੀ ਲਗਾਈ ਹੋਈ ਅੱਗ ਜਦੋਂ ਭਾਂਬੜ ਦਾ ਰੂਪ ਧਾਰਨ ਕਰ ਗਈ ਤਾਂ ਮਲੇਰ ਕੋਟਲੇ ਦੇ ਨਵਾਬ ਨੂੰ ਸਾਹਿਬਜ਼ਾਦਿਆਂ ਨੂੰ ਸਜਾਏ-ਮੌਤ ਦੇਣ ਲਈ ਕਿਹਾ ਗਿਆ ਦੀਵਾਨ ਸੁੱਚਾ ਨੰਦ ਨੇ ਨਵਾਬ ਮਲੇਰ ਕੋਟਲਾ ਨੂੰ ਉਕਸਾਇਆ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਫਰਜ਼ੰਦਾਂ ਨੂੰ ਖਤਮ ਕਰ ਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲਵੇ। (ਨਵਾਬ ਸ਼ੇਰ ਮੁਹੰਮਦ ਖਾਨ ਮਲੇਰ ਕੋਟਲਾ ਦਾ ਭਰਾ ਨਾਹਰ ਖਾਨ ਚਮਕੌਰ ਦੀ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਮਾਰਿਆ ਗਿਆ ਸੀ।) ਨਵਾਬ ਨੇ ਮਰਦਾਵੀਂ ਜੁਰਅੱਤ ਦਾ ਵਿਖਾਵਾ ਕਰਦੇ ਹੋਏ ਕਿਹਾ:-

ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।
ਮਹਿਫੂਜ ਰਖੇ ਖੁਦਾ ਹਮ ਕੋ ਐਸੇ ਪਾਪ ਸੇ।

ਨਵਾਬ ਮਲੇਰ ਕੋਟਲਾ ਦਾ ਇਹ ਦਲੇਰੀ ਭਰਿਆ ਜਵਾਬ ਸੁਣਕੇ ਸੁੱਚਾ ਨੰਦ ਨੇ ਆਪਣੀ ਮਲੀਨ ਬੁੱਧੀ ਨਾਲ ਭਰਪੂਰ ਇਕ ਵਾਰ ਹੋਰ ਕੀਤਾ:

ਉਨ ਕਹਯੋ ਨਵਾਬ! ਇਹ ਸਰਪ ਬਿਸੂਰੇ, ਛੋਟੇ ਬੜੇ ਏ ਡਸਗ ਜਰੂਰੇ

ਸਾਹਿਜ਼ਾਦਿਆਂ ਦੇ ਦਲੇਰਾਨਾ ਜਵਾਬ ਸੁਣਕੇ ਸੁੱਚਾ ਨੰਦ ਦੀ 'ਸੁਚੱਜੀ' ਸਲਾਹ ਤੋਂ ਪ੍ਰਭਾਵਿਤ

ਹੋ ਕੇ ਸੂਬੇਦਾਰ ਵਜੀਰ ਖਾਨ ਨੇ ਸਾਹਿਬਜ਼ਾਦਿਆਂ ਨੂੰ ਜਿਬਹਾ ਦਾ ਹੁਕਮ ਦਿੱਤਾ। ਪੁਰਾਤਨ ਇਤਿਹਾਸਕ ਹਵਾਲੇ ਜਿਵੇਂ ਸ੍ਰੀ ਗੁਰੂ ਸੋਭਾ, ਪੰਥ ਪ੍ਰਕਾਸ਼, ਮਹਿਮਾ ਪ੍ਰਕਾਸ਼ ਕਥਾ ਗੁਰੂ ਸੁਤਨ ਕੀ ਸ੍ਰੀ ਗੁਰੂ ਸੂਰਜ ਪ੍ਰਤਾਪ ਗ੍ਰੰਥ, ਗੁਰੂ ਬਿਲਾਸ ਪਾਤ: 10, ਬੰਸਾਵਲੀਆਂ ਨਾਮਾਂ ਆਦਿ ਵੀ ਸਾਰੇ ਇਹ ਗਲ ਪ੍ਰਭਾਵਿਤ ਮੰਨਦੇ ਹਨ ਕਿ ਸਾਹਿਬਜ਼ਾਦਿਆਂ ਨੂੰ ਜਿਬਾਹ ਕੀਤਾ ਗਿਆ, ਪ੍ਰੰਤੂ ਨੀਹਾਂ ਵਿਚ ਚਿਣਨ ਦੀ ਗਾਥਾ ਸਭ ਤੋਂ ਵੱਧ ਪ੍ਰਚਲਿਤ ਹੈ। "ਤਵਾਰੀਖ ਗੁਰੂ ਖਾਲਸਾ" ਅਨੁਸਾਰ ਜਦੋਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਿਆਂ ਗਿਆ ਤਾਂ ਸਾਹਿਬਜ਼ਾਦੇ ਬੇਹੋਸ਼ ਹੋ ਗਏ ਤੇ ਦੀਵਾਰ ਡਿੱਗ ਪਈ ਬੇਹੋਸ਼ ਹੋਏ ਸਾਹਿਬਜ਼ਾਦਿਆਂ ਨੂੰ ਜਿਬਾਹ ਕੀਤਾ ਗਿਆ ਕਵੀ ਦੁਨਾ ਸਿੰਘ ਅਨੁਸਾਰ ਸਾਹਿਬਜ਼ਾਦਿਆਂ ਦੇ ਸੀਸ ਸਰੀਰ ਨਾਲੋਂ ਜੁਦਾ ਕਰ ਕੇ ਇਕ ਪਿੱਪਲ ਦੇ ਦਰੱਖਤ ਉਪਰ ਟੰਗ ਦਿੱਤੇ ਅਤੇ ਮੁਗ਼ਲ ਲੋਕ ਗੁਲੇਲਾਂ ਨਾਲ ਨਿਸ਼ਾਨੇ ਲਗਾਉਂਦੇ ਰਹੇ,

ਜਬ ਦੁਸ਼ਟੀ ਐਸੇ ਦੁਖ ਪਾਏ,
ਬਹੁਰੇ ਫੇਰ ਸੀਸ ਕਟਵਾਏ।
ਰਜ (ਰੱਸੀ) ਕੋ ਪਾਏ ਪੀਪਲ ਬਾਂਧੇ,
ਦੁਸ਼ਟ ਗੁਲੇਲੇ ਤੀਰ ਸੁ ਸਾਧੇ। (ਕਥਾ ਗੁਰ ਸੁਤਨ ਕੀ)

101.

ਰੋਕੇ ਸੇ ਕਭੀ ਸ਼ੇਰ ਕਾ ਬੱਚਾ ਭੀ ਰੁਕਾ ਹੈ।
ਝੂਠਾ ਤੋ ਰੁਕੇ, ਕਿਯਾ ਕੋਈ ਸੱਚਾ ਭੀ ਰੁਕਾ ਹੈ।
ਪਤਝੜ ਸੇ ਸਮਰ ਸ਼ਾਖ ਪਿ ਕੱਚਾ ਭੀ ਰੁਕਾ ਹੈ।
ਸਰ ਦੇਨੇ ਸੇ ਰੱਬ ਕੋ ਕੋਈ ਹੱਛਾ ਭੀ ਰੁਕਾ ਹੈ।
ਨੇਕੀ ਹੈ ਯਿਹ ਐਸੀ, ਕਿ ਜਵਾਬ ਹੋ ਨਹੀਂ ਸਕਤਾ।
ਪਾਪੀ ਪਿ ਭੀ ਦੋਜ਼ਖ ਕਾ ਅੱਜ਼ਾਬ ਹੋ ਨਹੀਂ ਸਕਤਾ।

ਸ਼ਬਦ ਅਰਥ:- ਸਮਰ - ਫਲ, ਅੱਜ਼ਾਬ - ਬਰਬਾਦ, ਨਾਸ਼, ਸੰਤਾਪ।

ਅਰਥਾਤ:- ਸਾਹਿਬਜ਼ਾਦਾ ਜੁਝਾਰ ਸਿੰਘ ਨੇ ਬੜੀ ਬਹਾਦਰੀ ਨਾਲ ਗੁਰੂ ਪਿਤਾ ਪਾਸੋਂ ਮੈਦਾਨੇ ਜੰਗ ਵਿੱਚ ਜੂਝ ਕੇ ਸ਼ਹੀਦੀ ਪ੍ਰਾਪਤ ਕਰਨ ਦੀ ਇਜਾਜ਼ਤ ਮੰਗੀ। ਕਵੀ ਬੜਾ ਸੁੰਦਰ ਬਿਆਨ ਕਰਦਾ ਹੈ ਕਿ ਮੈਦਾਨੇ ਜੰਗ ਜਾਣ ਤੋਂ ਤਾਂ ਕਾਇਰ ਡਰਦੇ ਹਨ ਕਦੀ ਸਿੰਘ ਸੂਰਮੇ ਸ਼ੇਰ ਦਾ ਪੁੱਤਰ ਵੀ ਰਣ-ਭੂਮੀ ਤੋਂ ਕਿਨਾਰਾਕਸ਼ੀ ਕਰ ਸਕਦਾ ਹੈ। ਕੋਈ ਝੂਠਾ ਤਾਂ ਹੱਕ ਸੱਚ ਦੀ ਲੜਾਈ ਤੋਂ ਪਾਸਾ ਵੱਟ ਸਕਦਾ ਹੈ ਪਰ ਸੱਚਾ ਤੇ ਬਹਾਦਰ ਮਨੁੱਖ ਦੀਨ ਹੇਤ, ਨਿਮਾਣਿਆਂ ਨਿਤਾਣਿਆਂ ਦੀ ਰਾਖੀ ਹੇਤ ਜੂਝ ਕੇ ਸ਼ਹੀਦੀ ਪ੍ਰਾਪਤ ਕਰਦਾ ਹੈ। ਜਿਸ ਤਰ੍ਹਾਂ ਪਤਝੜ ਵਿੱਚ ਰੁੱਖਾਂ ਤੋਂ ਫਲ ਲੜ ਜਾਂਦੇ ਹਨ। ਇਸੇ ਤਰ੍ਹਾਂ ਹੀ ਸ਼ਹੀਦੀਆਂ ਦੀ ਰੁੱਤੇ ਸਿੰਘ ਸੂਰਮੇ ਅਕਾਲ ਪੁਰਖ ਦੇ ਭਾਣੇ ਨੂੰ ਸਤਿ ਮੰਨਦੇ ਹੋਏ ਮੈਦਾਨੇ ਜੰਗ ਵਿੱਚ ਸੀਸ ਭੇਟ ਕਰਦੇ ਹਨ।

ਨੇਕੀ ਅਤੇ ਸੱਚਾਈ ਸੰਸਾਰ ਵਿੱਚ ਐਸੀ ਥਿਰ ਰਹਿਣ ਵਾਲੀ ਸ਼ੈਅ ਹੈ ਜੋ ਕਦੀ ਖਤਮ ਨਹੀਂ ਹੋ ਸਕਦੀ। ਜੇਕਰ ਕੋਈ ਪਾਪੀ ਮਨੁੱਖ ਵੀ ਸਤਿ-ਮਾਰਗ ਤੇ ਚਲਦਿਆਂ ਆਪਣਾ ਸੀਸ ਭੇਟ ਕਿਸੇ ਨੇਕ ਕਾਰਜ ਹੇਤ ਕਰ ਦੇਵੇ ਤਾਂ ਉਹ ਵੀ ਨਰਕਾਂ[1] ਦੇ ਸੰਤਾਪ ਤੋਂ ਬਚ ਜਾਂਦਾ ਹੈ।

---

1. ਨਰਕ:- ਜਿਥੇ ਪਾਪੀ ਲੋਕ ਕਰਮ-ਫਲ ਭੋਗਣ ਲਈ ਰੱਖੇ ਜਾਂਦੇ ਹਨ, ਉਸ ਨੂੰ 'ਨਰਕ' ਆਖਦੇ ਹਨ। ਇਸ ਸੰਕਲਪ ਦਾ ਅਧਾਰ ਵੀ ਸਵਰਗ ਵਾਂਗ ਕਰਮਵਾਦ ਹੈ। ਮਾੜੇ ਕਰਮਾਂ ਤੋਂ ਲੋਕਾਂ ਨੂੰ ਵਰਜਣ ਲਈ ਹਰ ਧਰਮ ਵਾਲਿਆਂ ਨੇ ਆਪਣੇ-ਆਪਣੇ ਢੰਗ ਨਾਲ ਨਰਕ ਦਾ ਸੰਕਲਪ ਸਪਸ਼ਟ ਕੀਤਾ ਹੈ। ਹਿੰਦੂ ਧਰਮ ਵਿੱਚ ਮਨੁੱਖ ਨੂੰ ਨਰਕ ਬਾਰੇ ਅਧਿਕ ਸੁਚੇਤ ਕੀਤਾ ਗਿਆ ਹੈ।

ਪੁਰਾਣ-ਯੁਗ ਵਿੱਚ ਪੂਜਾ ਵਿਧੀਆਂ ਦੇ ਜ਼ਿਆਦਾ ਵਿਕਸਿਤ ਹੋ ਜਾਣ ਨਾਲ ਤੀਰਥ-ਅਸਥਾਨਾਂ

ਤੇ ਰਹਿਣ ਵਾਲੇ ਪੰਡਿਆਂ ਅਤੇ ਪੁਰੋਹਿਤਾਂ ਨੇ ਹਰ ਮਾੜੇ ਕਰਮ ਦਾ ਮਾੜਾ ਸਿੱਟਾ ਅਤੇ ਹਰ ਚੰਗੇ ਕਰਮ ਦਾ ਚੰਗਾ ਫਲ ਦਸਣ ਲਈ ਬਹੁਤ ਸਾਰੇ ਆਖਿਆਨਾਂ ਦੀ ਸਿਰਜਣਾਂ ਕੀਤੀ। ਕਿਤੇ-ਕਿਤੇ ਪੁਰਾਤਨ ਆਖਿਆਨਾਂ ਨੂੰ ਤੋੜ ਮਰੋੜ ਕੇ ਆਪਣੇ ਆਸ਼ੇ ਅਨੁਰੂਪ ਬਣਾ ਲਿਆ। ਨਰਕ ਦੇ ਭੇਦਾਂ-ਉਪਭੇਦਾਂ ਦਾ ਇਤਨਾ ਭਿਅੰਕਰ ਜ਼ਿਕਰ ਕੀਤਾ ਕਿ ਜਗਿਆਸੂ ਨਰਕ ਤੋਂ ਪਿੱਛਾ ਛਡਾਉਣ ਲਈ ਉਨ੍ਹਾਂ ਦੇ ਮੁਕਾਬਲੇ ਘੱਟ ਕਸ਼ਟਦਾਇਕ ਪੂਜਾ-ਵਿਧੀਆਂ ਅਤੇ ਕਰਮ-ਕਾਡਾਂ ਨੂੰ ਕਰਨ ਲਈ ਤਿਆਰ ਹੋ ਜਾਂਦੇ ਸਨ। ਪੁਰਾਣਾਂ ਵਿੱਚ ਪਾਪ-ਕਰਮਾਂ ਦੀਆਂ ਲੰਬੀਆਂ ਸੂਚੀਆਂ ਅਤੇ ਉਨ੍ਹਾਂ ਦੇ ਕੀਤੇ ਜਾਂਦੇ ਪ੍ਰਾਸ਼ਚਿਤਾਂ ਦਾ ਜ਼ਿਕਰ ਵੀ ਕੀਤਾ ਹੈ। ਤੀਰਥ-ਯਾਤ੍ਰਾ ਅਤੇ ਬਰਤ ਧਾਰਣ ਕਰਕੇ ਪੁੰਨ ਦਾਨ ਕਰਨ ਉਤੇ ਅਧਿਕ ਬਲ ਦਿੱਤਾ ਹੈ।

'ਮਨੁ ਸਿਮ੍ਰਤੀ' ਵਿੱਚ ਨਰਕ ਦੇ 21 ਪ੍ਰਕਾਰ ਜਾਂ ਭੇਦ ਲਿਖੇ ਹਨ। ਤਾਮਿਸ੍ਰ ਅੰਧ ਤਾਮਿਸ੍ਰ, ਰੌਰਵ, ਮਹਾਂ ਰੌਰਵ, ਨਰਕ, ਮਹਾਂਨਰਕ, ਕਾਲ ਸੂਤ੍ਰ, ਸੰਜੀਵਨ, ਮਹਾਵੀਚਿ, ਤਪਨ, ਸੰਪ੍ਰਤਾਪਤ, ਸੰਹਾਤ, ਸੰਕਾਕੋਲ, ਕੁਡਮਲ, ਪ੍ਰਤਿਮੂਰਤਿਕ, ਲੋਹਸ਼ੰਕ, ਰਿਜੀਸ਼, ਸ਼ਾਲਮਲੀ, ਵੈਤਰਣੀ, ਅਸਿਪਤ੍ਰਵਨ, ਲੋਹਦਾਰਕ। ਪੁਰਾਣਾਂ ਵਿੱਚ ਨਰਕ ਕੁੰਡਾਂ ਦੀ ਕਲਪਨਾਂ ਕੀਤੀ ਗਈ ਹੈ। ਬ੍ਰਹਮ ਵੈਵਰਤ ਪੁਰਾਣ ਵਿੱਚ ਇਨ੍ਹਾਂ ਦੀ ਗਿਣਤੀ 86 ਲਿਖੀ ਹੈ। ਅਤੇ ਭਾਗਵਤ ਪੁਰਾਣ ਵਿੱਚ 28।

ਮਾੜੇ ਕਰਮਾਂ ਦਾ ਫਲ ਭੋਗਣ ਲਈ ਨਰਕਾਂ ਦਾ ਡਰਾਵਾ ਦਿੱਤਾ ਜਾਂਦਾ ਹੈ, ਪਰੰਤੂ ਗੁਰਮਤਿ ਵਿਚਾਰਧਾਰਾ ਵਿੱਚ ਨਰਕ ਸਵਰਗ ਦੇ ਸੰਕਲਪ ਨੂੰ ਰੱਦ ਕੀਤਾ ਗਿਆ ਹੈ।

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ॥

(ਗੁਰੂ ਗ੍ਰੰਥ ਸਾਹਿਬ ਪੰਨਾ ੯੬੯)

ਨਰਕ ਦੇ ਅੱਖਰੀ ਅਰਥ ਹਨ ਨ=ਦ੍ਵੈਸ਼ ਅਰਗ-ਘਰ

ਨਰਕ-ਦ੍ਵੈਸ਼ ਰੂਪੀ ਘਰ, ਅਰਥਾਤ ਵਿਛੋੜੇ ਵਾਲੀ ਅਵਸਥਾ ਵਿੱਚ ਟਿਕਾਣਾ ਕਰਨਾ। ਅਕਾਲ ਪੁਰਖ ਤੋਂ ਵਿਛੜ ਕੇ ਜੂਨੀਆਂ ਵਿੱਚ ਬਾਰ-ਬਾਰ ਭਟਕਣਾ, ਇਸੇ ਨੂੰ ਹੀ ਗੁਰਮਤਿ ਨੇ ਨਰਕ ਮੰਨਿਆ ਹੈ। ਸੋ ਗੁਰਬਾਣੀ ਵਿੱਚ ਆਏ ਨਰਕ ਸ਼ਬਦ ਦੇ ਅਰਥ ਕਰਨ ਲੱਗਿਆਂ ਇਨ੍ਹਾਂ ਗੁਰਮਤਿ ਸਿਧਾਤਾਂ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ।

ਨਰਕ ਸਵਰਗ ਦੀ ਵਾਸ਼ਨਾ ਤਾਂ ਹਉ ਆਸ਼੍ਰਿਤ ਹੀ ਹੁੰਦੀ ਹੈ ਤੇ ਹਉਮੈ ਅਨੁਸਾਰ ਕੀਤੇ ਕਰਮ ਵੀ ਵਿਕਾਰ ਗਿਣੇ ਜਾਂਦੇ ਹਨ। ਸਾਹਿਬ ਫ਼ੁਰਮਾਉਂਦੇ ਹਨ,

ਹੋਮ ਜਗ ਤੀਰਥ ਕੀਏ ਵਿਚਿ ਹਉਮੈ ਬਧੈ ਬਿਕਾਰ॥
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥ (ਗਉੜੀ ਮ: ੫)

ਕਬੀਰ ਸਾਹਿਬ ਦਾ ਫ਼ੁਰਮਾਨ ਹੈ,

ਸੁਰਗ ਨਰਕ ਤੇ ਮੈਂ ਰਹਿਓ ਸਤਿਗੁਰ ਕੈ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰ ਆਦਿ॥ (ਸਲੋਕ ਕਬੀਰ ਜੀ)

102.

ਕਿਸ ਸਖ਼ਸ਼ ਨੇ ਹੋਨਾ ਯਹਾ ਤਰਾਜ਼ ਨਹੀਂ ਹੈ।
ਕਿਆ ਦਮ ਕਾ ਭਰੋਸਾ, ਕਿ ਥਾ ਕਲ, ਆਜ ਨਹੀਂ ਹੈ।
ਬੜ੍ਹ ਚੜ੍ਹ ਧਰਮ-ਯੁੱਧ ਸੇ ਮੇਰਾੱਜ਼ ਨਹੀਂ ਹੈ।
ਮਰਗਿ ਸ਼ੁਹਦਾ ਵਸਫ਼ ਕੀ ਮੁਹਤਾਜ਼ ਨਹੀਂ ਹੈ।

ਸਿੰਘੋਂ ਕੇ ਲੀਏ ਮੌਤ, ਤੋ ਰਹਿਮਤ ਕਾ ਸਬੱਬ ਹੈ।
ਰੱਬ ਹੋ ਗਿਆ ਜਿਨ ਭਗਤੋਂ ਕਾ ਉਨਕੇ ਲੀਏ ਸਭ ਹੈ।

ਸ਼ਬਦ ਅਰਥ :- ਤਾਰਾਜ਼ - ਖ਼ਤਮ-ਬਰਬਾਦ, ਮੇਰਾੱਜ਼ - ਪਉੜੀ, ਮਰਗਿ ਸ਼ੁਹਦਾ - ਸ਼ਹੀਦਾਂ ਦੀ ਮੌਤ, ਵਸਫ਼ - ਤਾੱਰੀਫ਼, ਮੁਹਤਾਜ਼ - ਗਵਾਹੀ ਦੀ ਲੋੜ ਨਹੀਂ, ਮੁਥਾਜ ਨਹੀਂ, ਰਹਿਮਤ ਕਾ ਸਬਬ - ਬਖਸ਼ਿਸ਼ ਦਾ ਮੌਕਾ।

ਅਰਥਾਤ :- ਇਹ ਸਾਰਾ ਸੰਸਾਰ ਅਤੇ ਸੰਸਾਰ ਦੀ ਹਰ ਸ਼ੈਅ ਨਾਸ਼ਵਾਨ ਹੈ। ਹਰ ਮਨੁੱਖ ਨੇ ਰੱਬੀ ਹੁਕਮ ਅਨੁਸਾਰ ਇਸ ਸੰਸਾਰ ਤੋਂ ਵਿਦਾ ਹੋ ਜਾਣਾ ਹੈ। ਐਸਾ ਮਨੁੱਖ ਕਿਹੜਾ ਹੈ ਜਿਸ ਨੇ ਅਕਾਲੀ ਹੁਕਮ ਅਨੁਸਾਰ ਇਸ ਸੰਸਾਰ ਤੋਂ ਕੂਚ ਨਹੀਂ ਕਰਨਾ? ਸਵਾਸਾਂ ਦਾ ਕੀ ਭਰੋਸਾ ਹੈ ਕਿ ਕਦੋਂ ਨਿਕਲ ਜਾਣ। ਕੋਈ ਪਤਾ ਨਹੀਂ ਹੈ ਕਿਹੜੇ ਦਿਨ ਸਵਾਸਾਂ ਦੀ ਪੂੰਜੀ ਖਤਮ ਹੋ ਜਾਵੇ ਤੇ ਜੀਵਨ ਲੀਲਾ ਸਮਾਪਤ ਹੋ ਜਾਵੇ। ਪਰੰਤੂ ਜੇਕਰ ਇਸ ਨਾਸ਼ਵਾਨ ਸਰੀਰ ਦਾ ਠੀਕਰਾ ਇਕ ਦਿਨ ਭੱਜਣਾ-ਟੁੱਟਣਾ ਹੀ ਤਾਂ ਫਿਰ ਕੋਈ ਨਾ ਧਰਮ ਯੁੱਧ ਵਿੱਚ ਜੂਝ ਕੇ ਸ਼ਹਾਦਤ ਦਾ ਅਜ਼ੀਮ ਰੁਤਬਾ ਹਾਸਲ ਕੀਤਾ ਜਾਵੇ। ਸ਼ਹਾਦਤ ਤੋਂ ਵੱਡਾ ਹੋਰ ਕਿਹੜਾ ਰੁਤਬਾ ਹੋ ਸਕਦਾ ਹੈ। ਸ਼ਹੀਦਾਂ ਦੀ ਮੌਤ ਦਾ ਮਾਰਗ ਐਸਾ ਵਡਮੁੱਲਾ ਤੇ ਸ੍ਰੇਸ਼ਠ ਹੈ ਜਿਸ ਦੀ ਸਿਫ਼ਤ ਤਾਂ ਕੀਤੀ ਹੀ ਨਹੀਂ ਜਾ ਸਕਦੀ।

ਸਿੰਘ ਸੂਰਮਿਆਂ ਵਾਸਤੇ ਸ਼ਹਾਦਤ ਤਾਂ ਅਕਾਲ ਪੁਰਖ ਦੀ ਅਗੰਮੀ ਬਖਸ਼ਿਸ਼ ਦੀ ਪ੍ਰਤੀਕ ਹੈ। ਉਸ ਅਕਾਲ ਪੁਰਖ ਦੇ ਸਿਦਕੀ ਸੂਰਮਿਆਂ ਵਾਸਤੇ ਧਰਮ ਹੇਤ ਸ਼ਹੀਦੀ ਉਸ ਦੇ ਭਾਣੇ ਦੀ ਖੇਡ ਹੈ ਜਿਸਨੂੰ ਅਕਾਲ ਪੁਰਖ ਦੇ ਭਾਣੇ ਨੂੰ ਸਿੰਘ ਸੂਰਮੇ ਮਿੱਠਾ ਕਰਕੇ ਮੰਨਦੇ ਹਨ।

---

[1]ਪੰਜ ਤੱਤਾਂ ਦਾ ਬਣਿਆ ਇਹ ਸਰੀਰ ਨਾਸ਼ਵਾਨ ਹੈ। ਸਵਾਸਾਂ ਦੀ ਪੂੰਜੀ ਦਾ ਅਕਾਲੀ ਹੁਕਮ ਅਧੀਨ ਖਤਮ ਹੋਣ ਦੇ ਕੁਦਰਤੀ ਵਰਤਾਰੇ ਦਾ ਨਾਮ ਮੌਤ ਹੈ। ਹਰ ਜੀਵ ਨੇ ਜੋ ਕਾਦਰ ਦੀ ਰਜ਼ਾ

ਅਨੁਸਾਰ ਉਪਜਿਆ ਹੈ, ਉਸਨੇ ਅਕਾਲੀ ਹੁਕਮ ਦਾ ਸਦਭਾ ਆਉਣ ਤੇ ਇਸ ਨਾਸ਼ਵਾਨ ਸੰਸਾਰ ਤੋਂ ਵਿਦਾ ਹੋ ਜਾਣਾ ਹੈ। ਗੁਰਮਤਿ ਅਨੁਸਾਰ ਸੰਸਾਰ ਇੱਕ ਸੁਪਨੇ ਦੀ ਨਿਆਂਈ ਜਿਸ ਦੇ ਮਨਭਾਵਨੇ ਦ੍ਰਿਸ਼ਾਂ ਨੇ ਅੰਤ ਖ਼ਤਮ ਹੋਣਾ ਹੀ ਹੈ। ਸਵਾਸਾਂ ਰੂਪੀ ਪੂੰਜੀ ਨੇ ਅੰਤ ਖ਼ਤਮ ਹੋਣਾ ਹੈ,

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ॥ (ਪੰਨਾ ੧੯੨੯ ਸਲੋਕ ਮ: ੯)

ਹਰ ਇਨਸਾਨ ਵਿੱਚ ਵਿਆਪ ਰਹੀ ਆਤਮਾ ਨੇ ਇਸ ਪੰਜ ਭੂਤਕ ਸਰੀਰ ਦਾ ਤਿਆਗ ਕਰਨਾ ਹੈ,

ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ॥

(ਮਾਰੂ ਸੋਹਲੇ ਪੰਨਾ ੧੦੭੩)

ਆਤਮਾ ਅਤੇ ਪੰਜ ਭੂਤਕ ਸਰੀਰ ਦੇ ਵਿਛੋੜੇ ਦਾ ਨਾਮ ਮੌਤ ਹੈ। ਜ਼ਿੰਦਗੀ ਸਰੀਰ ਨੂੰ ਕਾਇਮ ਰੱਖਣ ਵਿੱਚ ਸਮਰੱਥ ਨਹੀਂ ਰਹਿੰਦੀ। ਆਮ ਇਨਸਾਨ ਮੌਤ ਤੋਂ ਡਰਦਾ ਹੈ। ਪਰੰਤੂ ਗੁਰਮਤਿ ਫਲਸਫੇ ਅਨੁਸਾਰ ਮੌਤ ਕੋਈ ਭੈ-ਦਾਇਕ ਬਲਾ ਨਹੀਂ? ਸਗੋਂ ਇਕ ਤਬਦੀਲੀ ਹੈ ਇਕ ਭਾਣਾ ਹੈ ਜੋ ਕੁਦਰਤ ਦੇ ਕਾਦਰ ਦੀ ਰਜ਼ਾ ਅਧੀਨ ਵਾਪਰਦਾ ਹੈ।

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ (ਪੰਨਾ ੪੭੨, ਵਾਰ ਆਸਾ ਮ: ੧)

ਇਸ ਵਰਤਾਰੇ ਸਮੇਂ ਪੰਜ ਭੂਤਕ ਸਰੀਰ ਤੋਂ ਵਿਛੜ ਕੇ ਜੀਵਾਤਮਾ ਜੀਵ ਦੇ ਕੀਤੇ ਹੋਏ ਕਰਮਾਂ ਅਨੁਸਾਰ ਜਾਂ ਕਿਸੇ ਹੋਰ ਜੂਨੀ ਵਿੱਚ ਪ੍ਰਵੇਸ਼ ਕਰਦੀ ਹੈ ਜਾਂ ਅਕਾਲ ਪੁਰਖ ਵਿੱਚ ਅਭੇਦ ਹੋ ਜਾਂਦੀ ਹੈ। ਮੌਤ ਦੇ ਇਸ ਭਿਆਨਕ ਰੂਪ ਤੋਂ ਸਾਰਾ ਸੰਸਾਰ ਤ੍ਰਾਸਦਾ ਹੈ,

ਜਿਹ ਮਰਨੈ ਸਭੁ ਜਗਤੁ ਤਰਾਸਿਆ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥ (ਪੰਨਾ ੩੨੭, ਗਉੜੀ ਕਬੀਰ ਜੀ)

ਪਰੰਤੂ ਸ਼ਬਦ ਗੁਰੂ ਦੇ ਅਦੁੱਤੀ ਤੇ ਰੂਹਾਨੀ ਫਲਸਫੇ ਨਾਲ ਜੁੜਿਆ ਗੁਰਸਿੱਖ ਮੌਤ ਤੋਂ ਡਰਦਾ ਨਹੀਂ ਬਲਕਿ ਇਕ ਸੰਯੋਗ ਵਿਯੋਗ ਦੀ ਕਾਰ ਸਮਝਦਾ ਹੈ ਜੋ ਧੁਰ ਕਰਤੇ ਦੀ ਰਜ਼ਾ ਅਧੀਨ ਚਲਦੀ ਹੈ।

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ॥ ਪੰਚ ਧਾਤੁ ਕਰਿ ਪੁਤਲਾ ਕੀਆ॥

(ਮਾਰੂ ਮ: ੫ ਅੰਜਲੀਆਂ, ਪੰਨਾ ੧੦੦੭)

ਜੀਵਨ ਰੂਪੀ ਲਾੜੀ ਨੂੰ ਅੰਤ ਮੌਤ ਰੂਪੀ ਲਾੜੇ ਨੇ ਪਰਨਾਉਣਾ ਹੀ ਹੈ,

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥ (ਪੰਨਾ ੧੩੭੭)

(ਸਲੋਕ ਫਰੀਦ ਜੀ)

103.

ਭਗਵਾਨ ਹੋ ਖ਼ੁਸ਼ ਜਿਨ ਸੇ, ਹੈ ਖ਼ੁਸ਼ਕੀ ਤਰੀ ਉਨਕੀ।
ਰਹਿਤੀ ਹੈ ਹਰ ਇਕ ਫਸਲ ਮੇਂ, ਖੇਤ਼ੀ ਹਰੀ ਉਨਕੀ।
ਕਰਤਾਰ ਸਦਾ ਰਖ਼ਤੇ ਹੈਂ ਝੋਲੀ ਭਰੀ ਉਨ ਕੀ।
ਫਿਰਦੌਸ ਭੀ ਉਨ ਕਾ ਹੈ, ਇੰਦ੍ਰ-ਪੁਰੀ ਉਨ ਕੀ।

ਮਰ ਜਾਨਾ ਧਰਮ ਪਰ ਬਹੁਤ ਆਸਾਨ ਹੈ ਹਮਕੋ!
ਸਤਿਗੁਰ ਕੇ ਪਿਸਰ ਹੈ, ਯਹੀ ਸ਼ਾਯਾਂ ਹੈ ਹਮਕੋ!!

ਸ਼ਬਦ ਅਰਥ:- ਖ਼ੁਸ਼ਕੀ - ਥਲ, ਤਰੀ - ਜਲ, ਖੇਤ਼ੀ - ਖੇਤੀ, ਫਿਰਦੌਸ - ਇਸਲਾਮੀ ਵਿਸ਼ਵਾਸ ਅਨੁਸਾਰ ਸਵਰਗ, ਇੰਦ੍ਰ ਪੁਰੀ - ਹਿੰਦੂ ਧਰਮ ਅਨੁਸਾਰ ਇੰਦ੍ਰ ਲੋਕ ਸਵਰਗ, ਸ਼ਾਯਾਂ - ਮੁਨਾਸਿਬ, ਕਾਫੀ, ਫਸਲ - ਮੌਸਮ।

ਅਰਥਾਤ :- ਜਿਨ੍ਹਾਂ ਉਪਰ ਅਕਾਲ ਪੁਰਖੀ ਦੀ ਨੂਰਾਨੀ ਰਹਿਮਤ ਹੁੰਦੀ ਹੈ ਉਨ੍ਹਾਂ ਦੇ ਤਾਂ ਵਾਰੇ ਨਿਆਰੇ ਹੋ ਜਾਂਦੇ ਹਨ। ਦੁੱਖ ਵਿੱਚ ਵੀ ਮਹਾਂ-ਅਨੰਦ ਦੀ ਬਖਸ਼ਿਸ਼ ਹੁੰਦੀ ਹੈ। ਉਹ ਹਰ ਸਮੇਂ ਪ੍ਰਸੰਨ ਚਿਤ ਰਹਿੰਦੇ ਹਨ। ਉਨ੍ਹਾਂ ਨੂੰ ਕਿਸੇ ਦਾ ਮੁਥਾਜ ਨਹੀਂ ਹੋਣਾ ਪੈਂਦਾ। ਪ੍ਰਮਾਤਮਾ ਆਪਣੇ ਪਿਆਰਿਆਂ ਦੀ ਲਾਜ ਰੱਖਦਾ ਹੈ ਅਤੇ ਭਗਤਾਂ ਦੀਆਂ ਝੋਲੀਆਂ ਬਖਸ਼ਿਸ਼ਾਂ ਨਾਲ ਭਰਪੂਰ ਕਰ ਦਿੰਦਾ ਹੈ। ਉਨ੍ਹਾਂ ਨੂੰ ਨਾ ਤੇ ਜਮਾਂ[1] ਦੀ ਮਾਰ ਪੈਂਦੀ ਹੈ ਤੇ ਨਾਂ ਹੀ ਨਰਕਾਂ ਦੀ ਅੱਗ ਵਿੱਚ ਸੜਨਾ ਪੈਂਦਾ ਹੈ। ਉਨ੍ਹਾਂ ਵਾਸਤੇ ਫਿਰਦੌਸ ਅਤੇ ਇੰਦਰਪੁਰੀ ਦੇ ਦਰਵਾਜੇ ਹਮੇਸ਼ਾਂ ਖੁਲੇ ਰਹਿੰਦੇ ਹਨ।

ਸਾਹਿਬ ਜੁਝਾਰ ਸਿੰਘ ਨੇ ਗੁਰੂ ਪਾਤਸ਼ਾਹ ਨੂੰ ਬੜੀ ਦਲੇਰੀ ਨਾਲ ਕਿਹਾ ਕਿ ਪਿਤਾ ਜੀ ਧਰਮ ਵਾਸਤੇ ਸ਼ਹਾਦਤ ਪ੍ਰਾਪਤ ਕਰਨਾ ਤਾਂ ਮੇਰੇ ਵਾਸਤੇ ਮਾਣ ਵਾਲੀ ਗੱਲ ਹੈ। ਮੈਂ ਆਪਦਾ ਸਪੁੱਤਰ ਹਾਂ ਅਤੇ ਆਪ ਜੀ ਦੀ ਸਿਖਿਆ ਅਨੁਸਾਰ ਇਹੀ ਮੁਨਾਸਿਬ ਹੈ ਕਿ ਧਰਮ ਦੀ ਰੱਖਿਆ ਦੀ ਖਾਤਰ ਸ਼ਹਾਦਤ ਪ੍ਰਾਪਤ ਕਰਾਂ।

---

1. ਯਮ :- ਯਮ ਦਾ ਬ੍ਰਿਤਾਂਤ ਰਿਗਵੇਦ ਵਿੱਚ ਮਿਲਦਾ ਹੈ। ਇਸ ਦੀ ਇੱਕ ਜੁੜਵੀ ਭੈਣ ਯਮੀ ਵੀ ਹੈ। ਇਹ ਦੋਵੇਂ ਸੂਰਜ ਪਿਤਾ ਅਤੇ ਸੰਜਨਾਂ ਜਾਂ ਸੰਗਿਆਂ ਜਾਂ ਸਰਵਯੂ ਤੋਂ ਪੈਦਾ ਹੋਏ ਹਨ। ਇੱਕ ਪੁਰਾਣ ਕਥਾ ਅਨੁਸਾਰ ਦੋਵੇਂ ਜਲ ਗੰਧਰਵ ਅਤੇ ਜਲ ਅਪੱਛਰਾਂ ਦੀ ਸੰਤਾਨ ਹਨ। ਯਮ ਦੀ ਉਮਰ

ਯਮੀ ਤੋਂ ਕੁਝ ਛਿਣ ਜਿਆਦਾ ਹੈ। ਇਸ ਲਈ ਇਸ ਨੂੰ ਯਮੀ ਦਾ ਵੱਡਾ ਭਰਾ ਮੰਨਿਆ ਜਾਂਦਾ ਹੈ। ਰਿਗਵੇਦ ਦੇ ਯਮੀ-ਯਮੀ ਸੰਵਾਦ ਵਿੱਚ ਇਸਤਰੀ ਵੱਲੋਂ ਸੰਤਾਨ ਪੈਦਾ ਕਰਨ ਲਈ ਸਹਿਵਾਸ ਦੀ ਇੱਛਾ ਪ੍ਰਗਟ ਕਰਵਾਈ ਗਈ।

ਯਮ ਮੁੱਖ ਤੌਰ ਤੇ ਮ੍ਰਿਤੂ ਦਾ ਦੇਵਤਾ ਹੈ, ਇਸ ਲਈ ਡਰ ਦਾ ਇੱਕ ਚਿੰਨ੍ਹ ਜਿਹਾ ਪ੍ਰਤੀਕ ਹੁੰਦਾ ਹੈ। ਇਸਦਾ ਰੰਗ ਹਰਾ ਹੈ ਅਤੇ ਲਾਲ ਰੰਗ ਬਸਤ੍ਰ ਧਾਰਣ ਕਰਦਾ ਹੈ। ਇਹ ਝੋਟੇ ਉਪਰ ਸਵਾਰੀ ਕਰਦਾ ਹੈ। ਇਸ ਦੇ ਹੱਥ ਵਿੱਚ ਗੁਰਜ, ਭਾਲਾ ਅਤੇ ਕਮੰਦ ਆਦਿ ਸ਼ਸਤ੍ਰਾਸਤ, ਧਾਰਣੀ ਕੀਤੇ ਹੋਏ ਹਨ। ਇਸ ਨੂੰ ਦੱਖਣ ਦਿਸ਼ਾ ਦਾ ਦਿਕਪਾਲ ਵੀ ਕਿਹਾ ਜਾਂਦਾ ਹੈ। ਇਸ ਕੋਲ ਸੁਨੇਹਾ ਲੈ ਜਾਣ ਵਾਲੇ ਭੂਰੇ ਰੰਗ ਦੇ ਦੋ ਕੁੱਤੇ ਹਨ ਜੋ ਸਰਮਾਂ ਦੇ ਪੁੱਤਰ ਮੰਨੇ ਜਾਂਦੇ ਹਨ। ਇਨ੍ਹਾਂ ਦੀਆਂ ਚਾਰ ਅੱਖਾਂ ਅਤੇ ਚੌੜੀਆਂ ਨਾਸਾਂ ਹਨ। ਇਹ ਧਰਤੀ ਤੋਂ ਸਵਰਗ ਦੇ ਰਾਹ ਦੀ ਰੱਖਿਆ ਕਰਦੇ ਹਨ। ਇਹ ਮ੍ਰਿਤੂ ਦੇ ਪਾਤਰਾਂ ਨੂੰ ਚੁਣਦੇ ਹਨ ਅਤੇ ਉਨ੍ਹਾਂ ਨੂੰ ਲੈ ਜਾਣ ਲਈ ਤੇਜ਼ ਤੋਂ ਤੇਜ਼ ਚੱਲਣ ਲਈ ਮਜਬੂਰ ਕਰਦੇ ਹਨ। ਇਸ ਤਰ੍ਹਾਂ ਉਹ ਯਮ ਦੇ ਸੰਦੇਸਵਾਹਕ ਹਨ।

ਕਹਿੰਦੇ ਹਨ ਇਨ੍ਹਾਂ ਦੋ ਕੁੱਤਿਆਂ ਤੋਂ ਇਲਾਵਾ ਯਮ ਕੋਲ ਇੱਕ ਪੰਛੀ ਵੀ ਹੈ ਜੋ ਇੱਕ ਤਰ੍ਹਾਂ ਨਾਲ ਹੋਣੀ ਦਾ ਸੱਦਾ ਦਿੰਦਾ ਹੈ 'ਪਟੀ' ਨਾਮ ਦੀ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ,

ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ।
ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ (ਗੁਰੂ ਗ੍ਰੰਥ ਸਾਹਿਬ ੪੩੨)

ਯਮ ਦੀਆਂ ਅਨੇਕਾਂ ਪਤਨੀਆਂ ਹਨ। ਇਸ ਦਾ ਨਿਵਾਸ ਯਮਪੁਰੀ ਵਿੱਚ ਹੈ ਜਿਥੇ ਉਹ ਆਪਣੇ ਕਾਲੀਚੀ ਨਾਂ ਦੇ ਮਹੱਲ ਵਿੱਚ ਵਿਚਾਰ ਭੂ ਨਾਲ ਵਾਲੇ ਤਖਤ ਉੱਤੇ ਬਹਿੰਦਾ ਹੈ ਚਿਤਰ ਅਤੇ ਗੁਪਤ ਨਾਂ ਦੇ ਦੋ ਇਸ ਦੇ ਮੁਨਸ਼ੀ ਹਨ ਜੋ ਸਾਰਿਆਂ ਜੀਵਾਂ ਦਾ ਲੇਖਾ ਅਗ੍ਰਸੰਧਾਨੀ ਨਾਂ ਦੀ ਇਕ ਵੱਡੀ ਵਹੀ ਵਿੱਚ ਰੱਖਦੇ ਹਨ।

ਪੁਰਾਣ ਸਾਹਿਤ ਵਿੱਚ ਇਸ ਦੇ ਦੋ ਰੂਪ ਹਨ- ਯਮਰਾਜ ਅਤੇ ਧਰਮ ਰਾਜ। ਯਮਰਾਜ ਰੂਪ ਵਿੱਚ ਇਹ ਦੁਸ਼ਟਾਂ ਨੂੰ ਦੰਡ ਦੇ ਕੇ ਨਰਕਾਂ ਨੂੰ ਭੇਜਦਾ ਹੈ ਅਤੇ ਧਰਮਰਾਜ ਰੂਪ ਵਿੱਚ ਇੱਕ ਨੇਕ ਬੰਦਿਆਂ ਦੇ ਕਰਮਾਂ ਦੀ ਕਦਰ ਪਾਉਂਦਾ ਹੋਇਆ ਸਵਰਗਾਂ ਨੂੰ ਭੇਜਦਾ ਹੈ। ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ-

'ਨਾਨਕ ਜੀਅ ਉਪਾਇਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥

(ਗੁਰੂ ਗ੍ਰੰਥ ਸਾਹਿਬ ੪੬੩)

104

ਭੱਰਾਈ ਸੀ ਆਵਾਜ਼ ਸੇ ਬੋਲੇ ਗੁਰੂ ਗੋਬਿੰਦ,
"ਪਾਲਾ ਹੈ ਤੁਮ੍ਹੇ ਨਾਜ਼ ਸੇ !" ਬੋਲੇ ਗੁਰੂ ਗੋਬਿੰਦ।
"ਰੋਕਾ ਨਹੀਂ ਆਗਾਜ਼ ਸੇ!" ਬੋਲੇ ਗੁਰੂ ਗੋਬਿੰਦ।
ਉਸ ਨੰਨ੍ਹੇ ਸੇ ਜਾਂ-ਬਾਜ਼ ਸੇ ਬੋਲੇ ਗੁਰੂ ਗੋਬਿੰਦ।

"ਲੋ ਆਓ ਤਨਿ ਪਾਕ ਪਿ ਹਥਿਆਰ ਸਜਾ ਦੇਂ।
ਛੋਟੀ ਸੀ ਕਮਾਂ ਨੰਨ੍ਹੀ ਸੀ ਤਲਵਾਰ ਸਜਾ ਦੇਂ।"

ਸ਼ਬਦ ਅਰਥ:- ਨਾਜ਼ - ਚਾਵਾਂ, ਮੱਲਾਰਾਂ ਨਾਲ, ਆਗਾਜ਼ - ਸ਼ੁਰੂ, ਜਾਂ ਬਾਜ਼ - ਜਾਨ ਤੇ ਖੇਡਣ ਵਾਲਾ ਸੂਰਮਾ, ਤਨਿ ਪਾਕ - ਪਵਿੱਤਰ ਸਰੀਰ, ਕਮਾਂ - ਕਮਾਨ, ਧਨੁਖ।

ਅਰਥਾਤ :- ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਨੇ ਬੜੀ ਨਿੰਮੀ ਅਤੇ ਹੌਲੀ ਜਿਹੀ ਅਵਾਜ਼ ਨਾਲ ਕਿਹਾ ਕਿ ਬੇਟਾ, ਤੁਹਾਡਾ ਪਾਲਣ ਪੋਸ਼ਣ ਬੜੇ ਹੀ ਚਾਵਾਂ ਮਲਾਰਾਂ ਨਾਲ ਕੀਤਾ ਗਿਆ ਹੈ। ਬਚਪਨ ਤੋਂ ਹੀ ਤੁਹਾਨੂੰ ਕਿਸੇ ਚੀਜ਼ ਤੋਂ ਵਾਂਝਾ ਨਹੀਂ ਰਹਿਣ ਦਿੱਤਾ। ਆਪ ਦੀ ਹਰ ਖਾਹਿਸ਼ ਨੂੰ ਪੂਰਾ ਕੀਤਾ ਹੈ। ਫਿਰ ਗੁਰੂ ਪਾਤਸ਼ਾਹ ਨੇ ਉਸ ਮਾਸੂਮ ਜਿਹੇ ਜਾਂਬਾਜ ਯੋਧੇ ਨੂੰ ਬੜੇ ਪਿਆਰ ਨਾਲ ਨੇੜੇ ਬੁਲਾਇਆ ਅਤੇ ਕਿਹਾ,

"ਮੇਰੇ ਕੋਲ ਆਉ ਤੁਹਾਡੇ ਪਵਿੱਤਰ ਸਰੀਰ ਉਪਰ ਸ਼ਸ਼ਤਰ ਸਜਾ ਦੇਵਾਂ, ਤੁਹਾਨੂੰ ਇਹ ਛੋਟੀ ਜਿਹੀ ਕਮਾਨ ਧਾਰਨ ਕਰਾਵਾਂ ਅਤੇ ਆਪ ਦੇ ਹੱਥ ਵਿੱਚ ਸ਼ਮਸ਼ੀਰ ਦੇਵਾਂ ਤਾਂ ਜੋ ਤੁਸੀ ਮੈਦਾਨੇ ਜੰਗ ਵਿੱਚ ਵੈਰੀ ਦੇ ਆਹੂ ਲਾਹ ਸਕੋ।"

105.

"ਹਮ ਦੇਤੇ ਹੈਂ ਖੰਜਰ ਉਸੇ ਸ਼ਮਸ਼ੀਰ ਸਮਝਨਾ!
ਨੇਜ਼ੇ ਦੀ ਜਗ੍ਹਾ ਦਾਦਾ ਕਾ ਤੁਮ ਤੀਰ ਸਮਝਨਾ!
ਜਿਤਨੇ ਮਰੇਂ ਇਸ ਸੇ ਉਨ੍ਹੇਂ ਬੇ-ਪੀਰ ਸਮਝਨਾ!
ਜ਼ਖ਼ਮ ਆਏ ਤੋ ਹੋਨਾ ਨਹੀਂ ਦਿਲਗੀਰ, ਸਮਝਨਾ!
ਜਬ ਤੀਰ ਕਲੇਜੇ ਮੇਂ ਲਗੇ ਸੀ ਨਹੀਂ ਕਰਨਾ!
ਉਫ਼ ਮੂੰਹ ਸੇ ਮੇਰੀ ਜਾਨ, ਕਭੀ ਭੀ ਨਹੀਂ ਕਰਨਾ!!"

ਸ਼ਬਦ ਅਰਥ :- ਖ਼ੰਜਰ- ਤਲਵਾਰ ਵਰਗਾ ਛੋਟਾ ਛੁਰਾ, ਸ਼ਮਸ਼ੀਰ - ਤਲਵਾਰ, ਦਿਲਗੀਰ - ਨਾਖ਼ੁਸ਼ ਅਫ਼ਸੋਸਨਾਕ, ਬੇ-ਪੀਰ - ਨਾਮੁਰਾਦ, ਨਿਗੁਰੇ ਧਰਮ ਤੋਂ ਹੀਣੇ।

ਅਰਥਾਤ :- ਗੁਰੂ ਪਾਤਸ਼ਾਹ ਨੇ ਜੁਝਾਰ ਸਿੰਘ ਨੂੰ ਕਿਹਾ, ਬੇਟੇ ਮੈਂ ਤੁਹਾਨੂੰ ਤਲਵਾਰ ਵਰਗਾ ਛੋਟਾ ਜਿਹਾ ਖੰਜਰ ਸੌਂਪ ਰਿਹਾ ਹਾਂ ਇਸ ਦੀ ਤਲਵਾਰ ਵਾਂਗ ਵਰਤੋ ਕਰਨੀ। ਆਪ ਨੂੰ ਨੇਜ਼ਾ ਦੇ ਰਿਹਾ ਹਾਂ ਜਿਸ ਨਾਲ ਤੁਸੀਂ ਮੈਦਾਨੇ ਜੰਗ ਵਿੱਚ ਵੈਰੀ ਦਲਾਂ ਨੂੰ ਚੀਰ-ਚੀਰ ਕੇ ਰੱਖ ਦੇਣਾ। ਤੁਸੀਂ ਧਰਮ-ਯੁੱਧ ਵਿੱਚ ਜੂਝਣ ਵਾਸਤੇ ਜਾ ਰਹੇ ਹੋ, ਅਤੇ ਧਰਮ ਤੋਂ ਹੀਣੇ ਇਨ੍ਹਾਂ ਵੈਰੀਆਂ ਨੂੰ ਚੰਗੀ ਤਰ੍ਹਾਂ ਸਬਕ ਸਿਖਾਉਣਾ। ਜੇਕਰ ਮੈਦਾਨੇ-ਜੰਗ ਵਿੱਚ ਜੂਝਦਿਆਂ ਜੇਕਰ ਆਪ ਦੇ ਤਨ ਉਪਰ ਕੋਈ ਘਾਉ ਲਗ ਜਾਵੇ ਤਾਂ ਬਿਲਕੁਲ ਮਾਯੂਸ ਨਹੀਂ ਹੋਣਾ ਸਗੋਂ ਚੜ੍ਹਦੀ ਕਲਾ ਵਿੱਚ ਰਹਿਣਾ।"

"ਜਦੋਂ ਮੈਦਾਨੇ ਜੰਗ ਵਿੱਚ ਜੂਝਦਿਆਂ ਦੁਸ਼ਮਣ ਦਾ ਤੀਰ ਤੁਹਾਡੇ ਸੀਨੇ ਵਿੱਚ ਆ ਕੇ ਲੱਗੇ ਤਾਂ ਤੁਸੀਂ ਮੂੰਹ ਵਿੱਚੋਂ 'ਸੀ' ਨਹੀਂ ਕਰਨਾ, ਬੇਟਾ ਜੀ, ਤੁਸੀਂ ਮੈਨੂੰ ਬਹੁਤ ਪਿਆਰੇ ਹੋ, ਪਰ ਮੈਦਾਨੇ-ਜੰਗ ਵਿੱਚ ਜੂਝਦਿਆਂ ਜੇਕਰ ਸ਼ਹੀਦੀ ਦਾ ਸਮਾਂ ਆ ਬਣੇ ਤਾਂ ਮੂੰਹ ਤੋਂ 'ਉਫ਼' ਤੱਕ ਨਹੀਂ ਕਰਨਾ।"

106.

"ਲੋ ਜਾਉ, ਸਿਧਾਰੋ ! ਤੁਮੇ ਅੱਲਾਹ ਕੋ ਸੌਂਪਾ!
ਮਰ ਜਾਓ ਯਾ ਮਾਰੋ, ਤੁਮੇਂ ਅੱਲਾਹ ਕੋ ਸੌਂਪਾ!
ਰਬ ਕੋ ਨਾ ਬਿਸਾਰੋ, ਤੁਮੇ ਅੱਲਾਹ ਕੋ ਸੌਂਪਾ!
ਸਿੱਖੀ ਕੋ ਉਭਾਰੋ, ਤੁਮੇਂ ਅੱਲਾਹ ਕੋ ਸੌਂਪਾ!

ਵਾਹਗੁਰੂ ਅਬ ਜੰਗ ਕੀ ਹਿੰਮਤ ਤੁਮੇ ਬਖਸ਼ੇ!
ਪਿਆਸੇ ਹੋ ਜਾਤੇ, ਜਾਮਿ-ਸ਼ਹਾਦਤ ਤੁਮੇ ਬਖਸ਼ੇ!!"

ਸ਼ਬਦ ਅਰਥ:- ਬਿਸਾਰੋ - ਭੁਲੋ, ਹਿੰਮਤ - ਹੌਸਲਾ, ਜਾਮਿ-ਸ਼ਹਾਦਤ - ਸ਼ਹੀਦੀ ਦਾ ਅੰਮ੍ਰਿਤ ਪਿਆਲਾ।

ਅਰਥਾਤ:- ਗੁਰੂ ਗੋਬਿੰਦ ਸਿੰਘ ਮਹਾਰਾਜ ਫੁਰਮਾਏ, "ਬੇਟਾ ਜੀ, ਜਾ ਕੇ ਮੈਦਾਨੇ-ਜੰਗ ਵਿੱਚ ਸ਼ਹਾਦਤ ਦਾ ਇਲਾਹੀ ਜਾਮ ਪੀਓ, ਤੁਸੀਂ ਅਕਾਲਪੁਰਖ ਦੀ ਬਖਸ਼ੀ ਹੋਈ ਦਾਤ ਹੋ, ਮੈਂ ਤਾਂ ਪ੍ਰਸੰਨ ਹਾਂ ਕਿ ਤੁਸੀਂ ਪਰਮ-ਪਿਤਾ ਦੀ ਗੋਦ ਵਿੱਚ ਬਿਰਾਜਣ ਜਾ ਰਹੇ ਹੋ, ਵਾਹਿਗੁਰੂ ਦੀ ਦਾਤ ਮੈਂ ਉਸਦੇ ਹਵਾਲੇ ਕਰਦਾ ਹਾਂ। ਬੇਟਾ, ਮੈਦਾਨੇ-ਜੰਗ ਵਿੱਚ ਵੈਰੀ ਨਾਲ ਜੂਝ ਕੇ ਜ਼ੁਲਮ ਦਾ ਖਾਤਮਾ ਕਰੋ ਅਤੇ ਸ਼ਹਾਦਤ ਪ੍ਰਾਪਤ ਕਰੋ। ਬੇਟਾਂ, ਅਕਾਲ ਪੁਰਖ ਨੂੰ ਕਦੇ ਨਾ ਵਿਸਾਰਨਾ ਅਤੇ ਉਸਦੇ ਸਿਮਰਨ ਵਿੱਚ ਲੀਨ ਹੋ ਕੇ ਰਣਭੂਮੀ ਵਿੱਚ ਐਸੇ ਤੇਗ ਦਾ ਜੌਹਰ ਵਿਖਾਉ ਕਿ ਸਿੱਖੀ ਦਾ ਨਾਮ ਸਾਰੇ ਸੰਸਾਰ ਤੇ ਰੋਸ਼ਨ ਹੋ ਜਾਵੇ।"

"ਬੇਟਾ, ਅਕਾਲ ਪੁਰਖ ਆਪ ਨੂੰ ਮੈਦਾਨੇ ਜੰਗ ਵਿੱਚ ਜੂਝਣ ਦਾ ਹੌਂਸਲਾ ਅਤੇ ਉਤਸ਼ਾਹ ਬਖਸ਼ਿਸ਼ ਕਰਨ, ਬੇਟਾ, ਤੁਸੀਂ ਸ਼ਹੀਦੀ ਖੁਮਾਰੀਆਂ ਪ੍ਰਾਪਤ ਕਰਨ ਲਈ ਬੜੇ ਉਤਾਵਲੇ ਲੱਗ ਰਹੇ ਹੋ, ਅਕਾਲ ਪੁਰਖ ਆਪ ਨੂੰ ਸ਼ਹੀਦੀ ਜਾਮ ਬਖਸ਼ਿਸ਼ ਕਰਨ।"

107.

"ਬੇਟਾ, ਹੋ ਤੁਮ ਹੀ ਪੰਥ ਕੇ ਬੇੜੇ ਕੇ ਖਵੱਯਾ!
ਸਰ ਭੇਂਟ ਕਰੋ ਤਾਂ ਕਿ ਚਲੇ ਧਰਮ ਕੀ ਨੱਯਾ!
ਲੇ ਦੇ ਕੇ ਤੁਮ ਹੀ ਥੇ ਮੇਰੇ ਗੁਲਸ਼ਨ ਕੇ ਬਕੱਯਾ!
ਲੋ ਜਾਓ, ਰਾਹ ਤਕਤੇ ਹੈਂ ਸਭ ਖ਼ੁਲਦ ਮੇਂ ਭੱਯਾ!
ਖ਼ਾਹਸ਼ ਹੈ, ਤੁਮੇ ਤੇਗ਼ ਚਲਾਤੇ ਹੂਏ ਦੇਖੇਂ!
ਹਮ ਆਂਖ ਸੇ ਬਰਛੀ ਤੁਮੇਂ ਖਾਤੇ ਹੂਏ ਦੇਖੇਂ!!"

ਸ਼ਬਦ ਅਰਥ :- ਖਵੱਯਾ - (ਸੰਸਕ੍ਰਿਤ) ਮਲਾਹ, ਨੱਯਾ - ਕਿਸ਼ਤੀ, ਗੁਲਸ਼ਨ - ਬਾਗ, ਬਕੱਯਾ - ਬਾਕੀ ਨਿਸ਼ਾਨ, ਖ਼ੁਲਦ - ਸਵਰਗ, ਖ਼ਾਹਸ਼ - ਸੱਧਰ।

ਅਰਥਾਤ :- "ਬੇਟਾ, ਤੁਸੀਂ ਇਸ ਪੰਥ ਦੇ ਬੇੜੇ ਦਾ ਮਲਾਹ ਹੋ, ਤੁਸੀਂ ਹੀ ਸ਼ਹਾਦਤ ਦੇ ਕੇ ਕੌਮ ਦੇ ਗੁਲਸ਼ਨ ਨੂੰ ਬਹਾਰ ਬਖਸ਼ਿਸ਼ ਕਰਨੀ ਹੈ, ਬੇਟਾ, ਸੰਸਾਰ ਵਿੱਚ ਜ਼ੁਲਮ ਨੂੰ ਨਾਸ਼ ਕਰਨ ਵਾਸਤੇ, ਜ਼ਾਲਿਮ ਨਾਲ ਜੂਝ ਕੇ ਸੀਸ ਭੇਂਟ ਕਰਨ ਨਾਲ ਹੀ ਧਰਮ ਦੀ ਕਿਸ਼ਤੀ (ਬੇੜੀ) ਕਿਨਾਰੇ ਉਪਰ ਪਹੁੰਚ ਸਕਦੀ ਹੈ। ਬੇਟਾ, ਤੁਹਾਡੇ ਦੋ ਛੋਟੇ ਵੀਰ ਤਾਂ ਸਰਸਾ ਦੇ ਕਿਨਾਰੇ ਵਿਛੜ ਚੁੱਕੇ ਹਨ, ਇੱਕ ਵੱਡਾ ਭਰਾ ਸਾਹਿਬ ਅਜੀਤ ਸਿੰਘ ਰਣਭੂਮੀ ਵਿੱਚ ਸ਼ਹੀਦ ਹੋਇਆ ਪਿਆ ਹੈ। ਤੁਸੀਂ ਹੀ ਮੇਰੇ ਗੁਲਸ਼ਨ ਦੇ ਆਖਰੀ ਨਿਸ਼ਾਨ ਸੀ ਜੋ ਮੇਰੇ ਪਾਸ ਰਹਿ ਗਏ ਹੋ ਪਰ ਹੁਣ ਤੁਹਾਨੂੰ ਵੀ ਰਣਭੂਮੀ ਵਿੱਚ ਸ਼ਹੀਦ ਹੋਣ ਲਈ ਵਿਦਾ ਹੋਣਾ ਪਵੇਗਾ, ਕਿਉਂ ਕਿ ਤੁਹਾਡੇ ਵੱਡੇ ਭਰਾ (ਸਾਹਿਬ ਅਜੀਤ ਸਿੰਘ ਜੀ) ਅਕਾਲ ਪੁਰਖ ਦੀ ਗੋਦ ਵਿੱਚ ਲਾੜੀ ਮੌਤ ਨੂੰ ਪਰਨਾ ਕੇ ਪਹੁੰਚ ਚੁੱਕੇ ਹਨ ਅਤੇ ਤੁਹਾਡਾ ਇੰਤਜ਼ਾਰ ਕਰ ਰਹੇ ਹਨ।"

ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਬੜੇ ਪਿਆਰ ਨਾਲ ਜਿਗਰ ਦੇ ਟੋਟੇ, ਸਾਹਿਬ ਜੁਝਾਰ ਸਿੰਘ ਵੱਲ ਤੱਕਿਆ ਤੇ ਕਿਹਾ, "ਬੇਟਾ, ਮੇਰੀ ਇੱਛਾ ਹੈ, ਕਿ ਮੈਂ ਰਣਭੂਮੀ ਵਿੱਚ ਤੁਹਾਡੀ ਤੇਗ਼ ਦੇ ਜੌਹਰ ਵੇਖਣਾ ਚਾਹੁੰਦਾ ਹਾਂ, ਮੈਂ ਅੱਖਾਂ ਦੇ ਸਾਹਮਣੇ ਤੁਹਾਨੂੰ ਵੈਰੀ ਦਲ ਨਾਲ ਜੂਝਦੇ ਹੋਏ ਅਤੇ ਸ਼ਹੀਦੀ ਪ੍ਰਾਪਤ ਕਰਦੇ ਹੋਏ ਵੇਖਣਾ ਚਾਹੁੰਦਾ ਹਾਂ।"

108.

"ਦਾਦਾ ਸੇ ਮਿਲੋ ਸੁਰਗ ਮੇਂ ਜਿਸ ਦਮ ਤੋ ਯਿਹ ਕਹਨਾ।
ਦੋ ਚਾਰ ਹੋ ਗੁਰ ਖ਼ੁਲਦ ਮੇਂ ਆਦਮ ਤੋ ਯਿਹ ਕਹਨਾ।
ਜਬ ਭੇਸ ਮੇਂ ਨਾਨਕ ਕੇ ਮਿਲੇ ਹਮ ਤੋ ਯਿਹ ਕਹਨਾ।
ਪਾਏਂ ਕਹੀਂ ਗੋਬਿੰਦ ਕਾ ਮਹਿਰਮ ਤੋ ਯਿਹ ਕਹਨਾ।

"ਆਜ਼ਾਦ ਕਰਾਇਆ ਬਨੀਂ ਆਦਮ ਕੇ ਗਲੇ ਕੋ!
ਕਟਵਾ ਦੀਏ ਬੱਚੇ ਭੀ ਮੁਰੀਦੋਂ ਕੇ ਭਲੇ ਕੋ!!"

ਸ਼ਬਦ ਅਰਥ :- ਮਹਰਮ - ਪ੍ਰੀਤਮ, ਅਕਾਲ ਪੁਰਖ, ਜਿਸ ਨੂੰ ਹਰ ਥਾਂ ਜਾਣ ਦੀ ਖੁਲ ਹੋਵੇ, ਆਦਮ - ਇਨਸਾਨ, ਬਨੀ - ਔਲਾਦ, ਆਮ ਲੋਕ, ਬਨੀਂ-ਆਦਮ - ਬਾਬੇ ਆਦਮ ਦੀ ਔਲਾਦ, ਦੁਨੀਆਂ, ਮੁਰੀਦੋਂ - ਸਿੱਖ ਸੇਵਕ।

ਅਰਥਾਤ :- ਗੁਰੂ ਪਾਤਸ਼ਾਹ ਨੇ ਮੈਦਾਨੇ ਜੰਗ ਵੱਲ ਤੋਰਦਿਆਂ ਸਾਹਿਬ ਜੁਝਾਰ ਸਿੰਘ ਨੂੰ ਕਿਹਾ "ਬੇਟਾ, ਮੈਦਾਨੇ-ਜੰਗ ਵਿੱਚ ਜੂਝ ਕੇ ਸ਼ਹੀਦੀ ਪ੍ਰਾਪਤ ਕਰਨ ਉਪਰੰਤ ਜਦੋਂ ਤੁਸੀਂ ਅਕਾਲ ਪੁਰਖ ਦੀ ਗੋਦ ਵਿੱਚ ਬਿਰਾਜੋਗੇ, ਤਾਂ ਤੁਹਾਡਾ ਤੁਹਾਡੇ ਦਾਦਾ ਜੀ (ਗੁਰੂ ਤੇਗ ਬਹਾਦਰ ਜੀ) ਨਾਲ ਮਿਲਾਪ ਹੋਵੇਗਾ ਜੋ ਹਿੰਦੂ ਧਰਮ ਦੀ ਰੱਖਿਆ ਹੇਤ ਸ਼ਹੀਦੀ ਜਾਮ ਪੀ ਕੇ ਅਕਾਲ ਪੁਰਖ ਪਾਸ ਜਾ ਬਿਰਾਜੇ ਹਨ। ਜਦੋਂ ਤੁਸੀਂ ਸ਼ਹੀਦੀ ਪ੍ਰਾਪਤ ਕਰਕੇ ਸਵਰਗ[1] ਆ ਪਹੁੰਚੋਗੇ ਤਾਂ ਤੁਹਾਨੂੰ ਉਥੇ ਕੁਝ ਮਹਾਂਪੁਰਸ਼ ਜਾਂ ਪਹਿਲੇ ਜੋਤਿ ਗੁਰੂ ਨਾਨਕ ਸਾਹਿਬ ਮਿਲਣਗੇ। ਜੇਕਰ ਤੁਹਾਨੂੰ ਸ਼ਹੀਦੀ ਉਪਰੰਤ ਅਕਾਲ ਪੁਰਖ ਦੇ ਦਰਸ਼ਨ ਦੀਦਾਰੇ ਹੋਣ ਤਾਂ ਬਿਆਨ ਕਰਨਾ ਕਿ ਗੁਰੂ ਗੋਬਿੰਦ ਸਿੰਘ ਨੇ ਇਨਸਾਨੀਅਤ ਦੀ ਜ਼ਾਤ ਨੂੰ ਜ਼ੁਲਮਾਂ ਤੋਂ ਮੁਕਤ ਕਰਨ ਲਈ ਹਰ ਕੁਰਬਾਨੀ ਦਿੱਤੀ ਹੈ ਅਤੇ ਇਥੋਂ ਤੱਕ ਕਿ ਪੰਥ ਖਾਲਸੇ ਦੀ ਚੜ੍ਹਦੀ ਕਲਾ ਵਾਸਤੇ ਚਾਰੇ ਪੁੱਤਰ ਵੀ ਸ਼ਹੀਦ ਕਰਵਾ ਦਿੱਤੇ ਹਨ।"

---

1. ਸਵਰਗ :- ਮਨੁੱਖ ਨੂੰ ਚੰਗੇ ਕਰਮਾ ਵੱਲ ਪ੍ਰੇਰਿਤ ਕਰਨ ਅਤੇ ਮਾੜੇ ਕਰਮਾਂ ਤੋਂ ਹਟਾਉਣ ਲਈ 'ਸਵਰਗ' ਅਤੇ 'ਨਰਕ' ਦੀ ਪ੍ਰਾਪਤੀ ਦੀ ਕਲਪਨਾ ਕੀਤੀ ਗਈ ਹੈ। ਇਸ ਤਰ੍ਹਾਂ ਦਾ ਮੂਲ ਅਧਾਰ 'ਕਰਮਵਾਦ' ਹੈ। ਚੂੰਕਿ ਸਾਰੇ ਧਰਮਾਂ ਦੇ ਮੂਲ ਵਿੱਚ ਚੰਗੇ ਕਰਮਾਂ ਉਤੇ ਬਲ ਦਿੱਤਾ ਗਿਆ ਹੈ ਅਤੇ ਮਾੜੇ ਕਰਮਾਂ ਨੂੰ ਨਿਖੇਧਿਆ ਗਿਆ ਹੈ ਇਸ ਲਈ ਸਵਰਗ ਅਤੇ ਨਰਕ ਦਾ ਸੰਕਲਪ ਲਗਭਗ ਸਾਰੇ ਧਰਮਾਂ ਵਿੱਚ ਮਿਲ ਜਾਂਦਾ ਹੈ।

ਹਿੰਦੂ ਧਰਮ ਵਿੱਚ ਸਵਰਗ ਦਾ ਵਿਵੇਚਨ ਬੜੀ ਬਰੀਕੀ ਨਾਲ ਹੋਇਆ ਹੈ। ਉਪਨਿਸ਼ਦਾਂ ਅਨੁਸਾਰ ਜਿਨ੍ਹਾਂ ਲੋਕਾਂ ਨੂੰ ਪੂਰਵ ਗਿਆਨ ਜਾਂ ਬ੍ਰਹਮ ਗਿਆਨ ਪ੍ਰਾਪਤ ਹੋ ਜਾਂਦਾ ਹੈ, ਉਹ ਬ੍ਰਹਮ ਲੋਕ ਵਿੱਚ ਜਾਂਦੇ ਹਨ। ਜਿੰਨ੍ਹਾਂ ਪ੍ਰਾਣੀਆਂ ਦਾ ਗਿਆਨ ਅਪੂਰਣ ਹੁੰਦਾ ਹੈ, ਉਹ ਸਵਰਗ ਵਿੱਚ ਜਾਂਦੇ ਹਨ ਅਤੇ ਆਪਣੇ ਸ਼ੁੱਭ ਕਰਮਾਂ ਅਨੁਸਾਰ ਫਲ ਭੋਗ ਕੇ ਫਿਰ ਸੰਸਾਰ ਵਿੱਚ ਜਨਮ ਲੈਂਦੇ ਹਨ। ਪਰ ਜੋ ਲੋਕ ਅਗਿਆਨੀ ਹਨ, ਉਹ ਨਰਕਾਂ ਵਿੱਚ ਦੁੱਖ ਭੋਗਦੇ ਹਨ ਜਾਂ ਫਿਰ ਫਿਰ ਜਨਮ ਧਾਰਣ ਕਰਦੇ ਹਨ।

ਸਵਰਗ ਅਤੇ ਨਰਕ ਦਾ ਸਕੰਲਪ ਪੁਰਾਣਾਂ ਵਿੱਚ ਅਧਿਕ ਵਿਕਸਤ ਹੋਇਆ ਹੈ। 'ਪਦਮ ਪੁਰਾਣ' (ਸਵਰਗ ਖੰਡ) ਵਿੱਚ ਸਵਰਗ ਦਾ ਵਰਨਣ ਕਰਦਿਆਂ ਹੋਇਆਂ ਲਿਖਿਆ ਗਿਆ ਹੈ ਕਿ ਇਸ ਵਿੱਚ ਬਹੁਤ ਸੁੰਦਰ ਬਾਗ ਅਤੇ ਉਪਵਨ ਹਨ। ਹਰ ਪਾਸੇ ਫੁੱਲਾਂ ਨਾਲ ਲਦੇ ਬ੍ਰਿਛ ਲਹਿਰਾ ਰਹੇ ਹਨ। ਬੈਠਣ ਲਈ ਚਾਂਦੀ ਦੇ ਆਸਣ ਅਤੇ ਸੌਣ ਲਈ ਸੁਨਹਿਰੀ ਪਲੰਘ ਹਨ। ਰਹਿਣ ਲਈ ਸੁੰਦਰ ਮਹਿਲ ਹਨ ਸੇਵਾਂ ਲਈ ਮਨਮੋਹਨੀਆਂ ਅਪੱਛਰਾਵਾਂ ਹਨ। ਮਨੋਰੰਜਨ ਲਈ ਗੰਧਰਵਾਂ ਦੀ ਵਿਵਸਥਾ ਹੈ। ਅਸਲੇ ਸਵਰਗ ਵਿੱਚ ਹਰ ਪ੍ਰਕਾਰ ਦੀਆਂ ਸੁਵਿਧਾਵਾਂ ਉਪਲਬਧ ਹਨ। ਇਸ ਵਿੱਚ ਕਿਸੇ ਕਿਸਮ ਦੀ ਬਿਮਾਰੀ ਜਾਂ ਦੁੱਖ-ਸੰਤਾਪ ਨਹੀਂ। ਸ਼ੁੱਭ ਕਰਮਾਂ ਕਰਕੇ ਹੀ ਵਿਅਕਤੀ ਉਥੇ ਪਹੁੰਚਦਾ ਹੈ।

ਇਸ ਦੀ ਸਥਿਤੀ ਬਾਰੇ ਵੀ ਕਈ ਪ੍ਰਕਾਰ ਦੇ ਵਿਵਰਣ ਮਿਲਦੇ ਹਨ। ਇਕ ਮਤ ਅਨੁਸਾਰ ਇਹ ਧਰਤੀ ਤੋਂ ਉਪਰ ਸੂਰਜ ਲੋਕ ਤੋਂ ਪਰੇ ਸੂਰਜ ਅਤੇ ਧ੍ਰੂਹ ਲੋਕ ਦੇ ਵਿਚਕਾਰ ਸਥਿਤ ਹੈ। ਦੂਜੇ ਮਤ ਅਨੁਸਾਰ ਇਹ ਇਲਾਵ੍ਰਿਤ ਦੀਪ (ਜੰਬੂ ਦੀਪ ਦੇ ਨੌਂ ਭਾਗਾਂ ਵਿੱਚ ਇੱਕ) ਵਿੱਚ ਸੁਮੇਰ ਪਰਬਤ ਦੇ ਉਤਰ ਵੱਲ ਹੈ। ਸਧਾਰਣ ਰੂਪ ਵਿੱਚ ਇੰਦਰ ਨੂੰ ਸਵਰਗ ਦਾ ਸਵਾਮੀ ਮੰਨਿਆ ਜਾਂਦਾ ਹੈ। ਇੰਦਰ-ਪਦ ਵਿਅਕਤੀ ਸੂਚਕ ਨਹੀਂ, ਉਪਾਧੀ ਦਾ ਲਿਖਾਇਕ ਹੈ। ਹਰ ਸੌ ਦੈਵੀ ਵਰ੍ਹਿਆਂ ਬਾਦ ਇੰਦਰ ਦੀ ਬਦਲੀ ਹੁੰਦੀ ਹੈ। ਇਸ ਪਦ ਨੂੰ ਪ੍ਰਾਪਤ ਕਰਨ ਲਈ ਕਈ ਰਿਸ਼ੀਆਂ ਮੁਨੀਆਂ ਰਾਜਿਆਂ ਦੈਂਤਾਂ ਨੇ ਵੀ ਜਗ ਅਤੇ ਤਪੱਸਿਆ ਕੀਤੀ ਹੈ।

ਪੁਰਾਣ-ਸਾਹਿਤ ਵਿੱਚ ਸੰਪ੍ਰਦਾਇਕ ਵਿਚਾਰਧਾਰਾ ਦੇ ਵਿਕਸਿਤ ਹੋ ਜਾਣ ਤੋਂ ਬਾਦ ਹਰ ਪ੍ਰਮੁੱਖ ਦੇਵਤੇ ਨੇ ਅਨੁਯਾਈਆਂ ਨੇ ਆਪਣੇ ਆਪਣੇ ਦੇਵਤੇ ਦੇ ਸਵਰਗ ਵਿੱਚ ਜਾਣ ਦੀ ਗੱਲ ਕੀਤੀ ਹੈ। ਇਸ ਤਰ੍ਹਾਂ ਸਵਰਗਾਂ ਦੇ ਕਈ ਸਰੂਪ ਅਤੇ ਭੇਦ ਪ੍ਰਚਲਿਤ ਹੋ ਗਏ ਹਨ। ਮੁੱਖ ਤੌਰ ਤੇ, 'ਪਦਮ-ਪੁਰਾਣ' ਵਿੱਚ ਪੰਜ ਸਵਰਗ ਦੱਸੇ ਗਏ ਜਿਵੇਂ ਇੰਦਰਪੁਰੀ, ਬੈਕੁੰਠ ਪੁਰੀ, ਕੈਲਾਸ਼ ਪੁਰੀ, ਅਲਕਾਪੁਰੀ ਅਤੇ ਬ੍ਰਹਮ ਲੋਕ (ਬ੍ਰਹਮਪੁਰੀ) 'ਨਰਸਿੰਘ ਪੁਰਾਣ' ਵਿੱਚ ਸੁਮੇਰ ਪਰਬਤ ਦੀਆਂ ਤਿੰਨ ਚੋਟੀਆਂ ਨੂੰ ਹੀ ਸਵਰਗ ਮੰਨਿਆ ਜਾਂਦਾ ਹੈ।

ਤਿੰਨ ਲੋਕਾਂ ਦੀ ਕਲਪਨਾ ਅਨੁਸਾਰ 'ਸਵਰਗ ਲੋਕ' ਅਕਾਸ਼ ਵਿੱਚ ਹੈ। ਪਾਤਾਲ ਲੋਕ, ਧਰਤੀ ਦੇ ਹੇਠਾਂ ਹੈ ਅਤੇ 'ਮਾਤ ਲੋਕ' ਧਰਤੀ ਉਪਰ ਹੈ। ਪੁਰਾਣਾ ਅਨੁਸਾਰ ਸਵਰਗ ਦੀ ਸਥਾਨਗਤ ਹੋਂਦ ਹੈ। ਮੱਧਕਾਲ ਦੇ ਸੰਤਾਂ ਨੇ ਆਪਣੀਆਂ ਬਾਣੀਆਂ ਵਿੱਚ ਭਾਵੇਂ ਸਵਰਗ ਦੀ ਹੋਂਦ ਨੂੰ ਮੰਨਿਆ ਹੈ। ਪਰ ਇਹ ਸਥਾਨਗਤ ਨਹੀਂ, ਭਾਵਨਾਗਤ ਹੈ, ਜਿਵੇਂ ਸੋਦਰ ਦੀ ਪੌੜੀ ਵਿੱਚ ਗੁਰੂ ਨਾਨਕ ਦੇਵ ਜੀ ਸਪੱਸ਼ਟ ਕੀਤਾ ਹੈ। ਸੰਤ ਰਵਿਦਾਸ ਨੇ ਇਸ ਨੂੰ ਬੇਗਮਪੁਰਾ ਨਾਮ ਦਿੱਤਾ ਹੈ। ਸੰਤ ਕਬੀਰ ਨੇ ਇਸ ਨੂੰ ਬੈਕੁੰਠ ਕਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਸਵਰਗ ਅਤੇ ਨਰਕ ਨੂੰ ਮਾਯਾਵੀ ਕੁਚੱਕਰ ਨਾਲ ਸੰਬੰਧਿਤ ਕੀਤਾ ਹੈ- 'ਮੇਰੀ ਮੇਰੀ ਧਾਰਿ ਬੰਧਨਿ ਬੰਧਿਆ। ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ।

ਅਕਾਲ ਪੁਰਖ ਨਾਲ ਅਭੇਦਤਾ ਪ੍ਰਾਪਤ ਕਰਕੇ ਉਸ ਵਿੱਚ ਲੀਨ ਹੋ ਜਾਣਾ ਹੀ ਸਿੱਖੀ ਦਾ ਸਵਰਗ ਹੈ। ਸਵਰਗ ਦੇ ਅੱਖਰੀ ਅਰਥ ਹਨ ਸ੍ਵੈ - ਆਪਣਾ, ਅਰਗ - ਘਰ

ਸਵਰਗ - ਆਪਣਾ ਘਰ, ਭਾਵ ਅਸਲ ਟਿਕਾਣੇ ਤੇ ਪਹੁੰਚਣ। ਆਪਣੇ ਅਸਲ ਰੂਪ ਦੀ ਪਹਿਚਾਣ ਕਰਨੀ। ਜੀਵ ਦਾ ਅਸਲ ਟਿਕਾਣਾ ਅਕਾਲ ਪੁਰਖ ਹੀ ਹੈ। ਜਿਸ ਤੋਂ ਵਿਛੜਿਆ ਹੋਇਆ ਹੈ। ਜਿਸ ਤੋਂ ਇਹ ਪੈਦਾ ਹੋਇਆ ਹੈ, ਸਿਮਰਨ ਦੇ ਸਦਕਾ ਉਸ ਵਿਚ ਸਮਾ ਜਾਣਾ ਹੀ ਸਿੱਖੀ ਵਿਚ ਸਵਰਗ ਹੈ।

ਬੈਕੁੰਠ ਨਗਰੁ ਜਹਾ ਸੰਤ ਵਾਸਾ॥ ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ॥

(ਸੂਹੀ ਮਹਲਾ ੫, ਪੰਨਾ ੭੪੨)

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥

(ਸੂਹੀ ਮ: ੫, ਪੰਨਾ ੭੪੯)

ਤਹ ਬੈਕੁੰਠੁ ਜਹ ਨਾਮੁ ਉਚਰਹਿ॥

(ਰਾਮਕਲੀ ਮਹਲਾ ੫, ਪੰਨਾ ੮੯੦)

109.

ਜਬ ਫਤਹਿ ਗ਼ਜਾ ਕਰ ਗਏ 'ਜੁਝਾਰ' ਥੇ ਰਨ ਮੇਂ।
ਹਰ ਸ਼ੇਰ, ਬਘੇਲਾ ਨਜ਼ਰ ਆਨੇ ਲਗਾ ਬਨ ਮੇਂ।
ਨੰਨ੍ਹੀ ਸੀ ਕਜ਼ਾ ਬੋਲੀ, "ਮੈਂ ਆਈ ਹੂੰ ਸ਼ਰਨ ਮੇਂ।
ਦਿਲਵਾਉ ਅਮਾਂ ਗੋਸ਼ਾਇ ਦਾਮਾਨਿ ਕਫ਼ਨ ਮੇਂ।
ਮੈਂ ਜਿਸ ਕੇ ਹੂੰ ਕਬਜ਼ੇ ਮੇਂ, ਵੁਹ ਕਾਬੂ ਮੇਂ ਹੈ ਤੇਰੇ।
ਗੁਰਿਆਈ ਕਾ ਬਲ ਨੰਨ੍ਹੇ ਸੇ ਬਾਜ਼ੂ ਮੇਂ ਹੈ ਤੇਰੇ।"

ਸ਼ਬਦ ਅਰਥ :- ਅਮਾਂ - ਪਨਾਹ, ਓਟ, ਸ਼ਰਨ, ਗੋਸ਼ਾਇ=ਦਾਮਾਨਿ ਕਫ਼ਨ - ਕੱਫਨ ਦੇ ਪਲਿਆਂ ਦੀ ਕੰਨੀ, ਬਘੇਲਾ=ਛੋਟਾ ਚੀਤਾ।

ਅਰਥਾਤ :- ਗੁਰੂ ਪਾਤਸ਼ਾਹ ਪਾਸੋਂ ਅਸੀਸ ਲੈ ਕੇ ਅਤੇ ਹੁਕਮ ਪਾ ਕੇ ਸਾਹਿਬ ਜੁਝਾਰ ਸਿੰਘ ਜੀ ਫਤਹਿ ਗਜ਼ਾ ਕੇ ਮੈਦਾਨੇ ਜੰਗ ਵਿੱਚ ਜਾ ਕੁੱਦੇ ਦੁਸ਼ਮਣਾਂ ਦੇ ਆਹੂ ਲਾਹ ਕੇ ਰੱਖ ਦਿੱਤੇ। ਵੈਰੀ ਦਲਾਂ ਅੰਦਰ ਐਸੀ ਭਗਦੜ ਮਚਾ ਦਿੱਤੀ ਕਿ ਕਈ ਬਹਾਦਰ ਸੂਰਮੇ ਵੀ ਰਣਭੂਮੀ ਨੂੰ ਛੱਡ ਕੇ ਕਾਇਰਾਂ ਵਾਂਗ ਭੱਜਣ ਲੱਗੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਆਪਣੇ ਆਪ ਨੂੰ ਸ਼ੇਰ ਅਖਵਾਉਣ ਵਾਲੇ ਸੂਰਮੇ ਗਿੱਦੜਾਂ ਵਾਂਗ ਮੈਦਾਨੇ ਜੰਗ ਅੰਦਰ ਕਾਇਰ ਜਾਪ ਰਹੇ ਹੋਣ। ਸਾਹਿਬਜ਼ਾਦੇ ਨੇ ਮੈਦਾਨੇ ਜੰਗ ਅੰਦਰ ਕੁਹਰਾਮ ਮਚਾ ਕੇ ਰੱਖ ਦਿੱਤਾ। ਸਾਰੇ ਪਾਸੇ ਆਹ ਆਹ ਮੱਚ ਗਈ। ਸਾਹਿਬਜ਼ਾਦਾ ਜੁਝਾਰ ਸਿੰਘ ਨੇ ਰਣਭੂਮੀ ਵਿੱਚ ਤੇਗ਼ ਦੇ ਐਸੇ ਕਾਬਿਲ ਜੌਹਰ ਵਿਖਾਂਉਦਿਆਂ ਵੈਰੀ ਦਲ ਦੇ ਸੱਥਰ ਲਾਹੇ ਕਿ ਮੌਤ ਵੀ ਸਾਹਿਬਜ਼ਾਦੇ ਦੇ ਸਨਮੁੱਖ ਹੱਥ ਜੋੜ ਕੇ ਖੜੀ ਹੋ ਗਈ ਤੇ ਕਹਿਣ ਲੱਗੀ ਮੈਂ ਤੇਰੀ ਸ਼ਰਨ ਵਿੱਚ ਆ ਗਈ ਹਾਂ। ਮੈਨੂੰ ਵੀ ਕਫ਼ਨ ਦੇ ਅੰਦਰ ਸ਼ਰਨ ਦੇ ਦੇਵੋ। (ਅਰਥਾਤ ਮੌਤ ਖ਼ੁਦ ਇਸ ਘਮਸਾਣ ਦੇ ਯੁੱਧ ਨੂੰ ਵੇਖ ਕੇ ਹਾਲੋ-ਬੇਹਾਲ ਹੋ ਗਈ)

ਮੌਤ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਆਖਣ ਲੱਗੀ,

"ਮੈਂ ਜਿਸ ਅਕਾਲ ਪੁਰਖ ਦੀ ਰਜ਼ਾ ਅਧੀਨ ਖ਼ੁਦ ਆਪਣਾ ਕਾਰਜ ਕਰਦੀ ਹਾਂ ਉਹ ਤਾਂ ਖ਼ੁਦ ਤੇਰੇ ਉਪਰ ਮੇਹਰਬਾਨ ਹੈ। ਤੇਰੀਆਂ ਬਾਹਾਂ ਅੰਦਰ ਦਸਮੇਸ਼ ਪਿਤਾ ਦਾ ਬਖਸ਼ਿਆ ਹੋਇਆ ਅਥਾਹ ਬਲ ਤੇ ਪਕੜ ਹੈ।"

110.

ਦਸ ਬੀਸ ਕੋ ਜ਼ਖ਼ਮੀਂ ਕੀਆ, ਦਸ ਬੀਸ ਕੋ ਮਾਰਾ।
ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ।
ਖ਼ੱਨਾਸ ਕੋ ਮਾਰਾ ਕਭੀ ਇਬਲੀਸ ਕੋ ਮਾਰਾ।
ਗ਼ੁਲ ਮਚ ਗਿਆ : "ਇਕ ਤਿਫ਼ਲ ਨੇ ਚਾਲੀਸ ਕੋ ਮਾਰਾ।

ਬਚ ਬਚ ਕੇ ਲੜੋ ਕਲਗੀਓਂ ਵਾਲੇ ਕੇ ਪਿਸਰ ਸੇ।
ਯਿਹ ਨੀਮਚਾ ਲਾਏ ਹੈਂ ਗੁਰੂ ਜੀ ਕੀ ਕਮਰ ਸੇ!!"

ਸ਼ਬਦ ਅਰਥ :- ਖ਼ੱਨਾਸ - ਦੈਂਤ, ਦੇਉ, ਰਾਖਸ਼ਸ਼, [1]ਇਬਲੀਸ - ਸ਼ੈਤਾਨ, ਤਿਫ਼ਲ - ਛੋਟੇ ਬੱਚੇ, ਗ਼ੁਲ - ਸ਼ੋਰ, ਪਿਸਰ - ਬੱਚਾ, ਨੀਮਚਾ - ਛੋਟੀ ਤਲਵਾਰ, ਖੰਜਰ।

ਅਰਥਾਤ :- ਮੈਦਾਨੇ ਜੰਗ ਵਿੱਚ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਵੈਰੀ ਦਲਾਂ ਦੇ ਆਹੂ ਲਾਹ ਲਾ ਕੇ ਰੱਖ ਦਿੱਤੇ। ਕਈਆਂ ਨੂੰ ਸਦਾ ਦੀ ਨੀਂਦ ਸੁਵਾ ਦਿੱਤਾ ਅਤੇ ਅਨੇਕਾਂ ਨੂੰ ਹੀ ਜ਼ਖ਼ਮੀ ਕਰ ਦਿੱਤਾ। ਵੈਰੀ ਦਲ ਦੇ ਇਕ ਦਸਤੇ ਉਪਰ ਸਾਹਿਬ ਜੁਝਾਰ ਸਿੰਘ ਜੀ ਨੇ ਐਸਾ ਜਬਰਦਸਤ ਹੱਲਾ ਕੀਤਾ ਇੱਕੀ ਦੇ ਕਰੀਬ ਵੈਰੀਆਂ ਨੂੰ ਧਰਤੀ ਉਪਰ ਵਿਛਾ ਕੇ ਰੱਖ ਦਿੱਤਾ ਕਈ ਨਾਮੀ ਸੂਰਮੇ ਜੋ ਵੇਖਣ ਨੂੰ ਰਾਖਸ਼ਸ਼ਾਂ ਅਤੇ ਸ਼ੈਤਾਨਾਂ ਵਾਂਗ ਮੈਦਾਨੇ ਜੰਗ ਵਿੱਚ ਜੂਝ ਰਹੇ ਸਨ ਸਾਹਿਬਜ਼ਾਦੇ ਨੇ ਚਿੱਤ ਕਰਕੇ ਰੱਖ ਦਿੱਤੇ। ਸਾਹਿਬਜ਼ਾਦੇ ਨੇ ਮੈਦਾਨੇ ਜੰਗ ਅੰਦਰ ਐਸੇ ਜੰਗੀ ਕਰਤਬ ਦਿਖਾਏ ਕਿ ਸਾਰੇ ਪਾਸੇ ਸ਼ੋਰ ਮੱਚ ਗਿਆ ਸੀ ਇਕ ਛੋਟੇ ਜਿਹੇ ਬੱਚੇ ਨੇ ਚਾਲੀ ਦੇ ਕਰੀਬ ਸੂਰਮਿਆਂ ਨੂੰ ਮਾਰ ਮੁਕਾਇਆ ਹੈ।

ਵੈਰੀ ਦਲ ਦੇ ਸਿਪਾਹੀ ਏਨੇ ਡਰ ਗਏ ਸਨ ਕਿ ਇਕ ਦੂਸਰੇ ਨੂੰ ਕਹਿ ਰਹੇ ਸਨ, ਇਸ ਛੋਟੇ ਜਿਹੇ ਸੂਰਮੇ ਤੋਂ ਬੱਚ-ਬੱਚ ਕੇ ਲੜੋ ਕਿਉਂਕਿ ਇਹ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਛੋਟੀ ਤਲਵਾਰ ਲੈ ਕੇ ਮੈਦਾਨੇ ਜੰਗ ਵਿੱਚ ਜੂਝਣ ਵਾਸਤੇ ਆਏ ਹਨ।

---

1. ਇਬਲੀਸ (ਸ਼ੈਤਾਨ) :- ਇਸਲਾਮਿਕ ਪਰੰਪਰਾ ਅਨੁਸਾਰ ਇਹ ਇੱਕ ਬਦਨਾਮ ਫ਼ਰਿਸ਼ਤਾ ਹੈ ਜੋ ਮਨੁੱਖ ਨੂੰ ਰੱਬ ਵੱਲ ਜਾਣ ਤੋਂ ਰੋਕਦਾ ਹੈ ਅਤੇ ਬਦੀ ਵੱਲ ਪ੍ਰੇਰਦਾ ਹੈ। 'ਕੁਰਾਨ' ਅਨੁਸਾਰ ਫ਼ਰਿਸ਼ਤੇ ਨੂਰ ਤੋਂ ਪੈਦਾ ਹੋਣ ਕਾਰਣ ਨੂਰੀ ਹਨ ਸ਼ੈਤਾਨ ਨਾਰ (ਅੱਗ) ਤੋਂ ਪੈਦਾ ਹੋਏ ਕਾਰਣ ਨਾਰੀ ਹੈ। ਅਤੇ ਮਨੁੱਖ ਖਾਕ (ਮਿੱਟੀ) ਤੋਂ ਉਤਪੰਨ ਹੋਏ ਹੋਣ ਕਰਕੇ ਖਾਕੀ ਹੈ। ਇਸ ਦੇ ਹੋਰ ਨਾਮਾਤਰ ਹਨ-

ਅਜ਼ਾਜ਼ਿਲ ਅਤੇ ਇਬਲੀਸ।

ਇਹ ਪਹਿਲਾ ਚੰਗਾ ਫ਼ਰਿਸਤਾ ਸਮਝਿਆ ਜਾਂਦਾ ਸੀ, ਪਰ ਜਦੋਂ ਰੱਬ ਨੇ ਆਦਮ ਦੀ ਸਿਰਜਣਾ ਕੀਤੀ ਤਾਂ ਉਸ ਅੱਗੇ ਸਾਰੇ ਫ਼ਰਿਸ਼ਤਿਆਂ ਨੂੰ ਸਿਜਦਾ ਕਰਨ ਦਾ ਆਦੇਸ਼ ਦਿੱਤਾ। ਇਬਲੀਸ ਤੋਂ ਬਿਨਾਂ ਬਾਕੀ ਸਭ ਨੇ ਰੱਬ ਦੇ ਆਦੇਸ਼ ਦੀ ਪਾਲਣਾ ਕੀਤੀ। ਰੱਬ ਵਲੋਂ ਇਸ ਗੁਸਤਾਖੀ ਦਾ ਕਾਰਣ ਪੁੱਛੇ ਜਾਣ ਤੇ ਇਬਲੀਸ ਨੇ ਦਸਿਆ ਕਿ ਅੱਗ ਤੋਂ ਪੈਦਾ ਹੋਣ ਕਾਰਣ ਉਹ ਖਾਕ ਤੋਂ ਪੈਦਾ ਹੋਣ ਵਾਲੇ ਆਦਮ ਤੋਂ ਸ੍ਰੇਸ਼ਠ ਹੈ ਇਸ ਲਈ ਸਿਜਦਾ ਨਹੀਂ ਕੀਤਾ ਰੱਬ ਨੇ ਇਬਲੀਸ ਨੂੰ ਧਿਕਾਰ ਪਾਈ ਅਤੇ ਬਹਿਸ਼ਤ ਵਿਚੋਂ ਬਾਹਰ ਕੱਢ ਦਿੱਤਾ। ਇਬਲੀਸ ਨੇ ਗੁੱਸੇ ਵਿੱਚ ਆ ਕੇ ਕਿਹਾ ਕਿ ਰੱਬਾ ਤੂੰ ਮੇਰੇ ਨਾਲ ਅਜਿਹਾ ਭੈੜਾ ਸਲੂਕ ਕੀਤਾ ਹੈ, ਮੈਂ ਵੀ ਆਦਮ ਨੂੰ ਗੁੰਮਰਾਹ ਕਰਕੇ ਤੇਰੇ ਵੱਲ ਨਹੀ ਆਉਣ ਦਿਆਂਗਾ ਅਤੇ ਇਹ ਤੇਰਾ ਕਦੇ ਵੀ ਸ਼ੁਕਰਗੁਜਾਰ ਨਹੀ ਹੋਵੇਗਾ।

ਸ਼ੈਤਾਨ ਨੇ ਆਪਣੇ ਮਨ ਵਿੱਚ ਸ਼ੁਰੂ ਤੋਂ ਹੀ ਆਦਮ ਪ੍ਰਤੀ ਨਫ਼ਰਤ ਦੀ ਭਾਵਨਾ ਭਰ ਲਈ ਉਸ ਨੇ ਸੱਪ ਅਤੇ ਮੋਰ ਦੀ ਸਹਾਇਤਾ ਨਾਲ ਬਹਿਸ਼ਤ ਵਿੱਚ ਪ੍ਰਵੇਸ਼ ਕਰਕੇ ਆਦਮ ਅਤੇ ਹਵਾ ਨੂੰ ਵਰਜਿਤ ਫਲ ਖਾਣ ਲਈ ਪ੍ਰੇਰਿਆ ਉਨ੍ਹਾਂ ਦੁਆਰਾ ਵਰਜਿਤ ਫਲ ਖਾ ਲਏ ਜਾਣ ਤੇ ਰੱਬ ਨੇ ਬਹਿਸ਼ਤੋਂ ਬਾਹਰ ਸੁੱਟ ਦਿੱਤਾ ਪਰ ਇਸ ਨਾਲ ਸ਼ੈਤਾਨ ਸੰਤੁਸ਼ਟ ਨਾ ਹੋਇਆ ਅਤੇ ਆਦਮ ਦੀ ਸੰਤਾਨ ਨੂੰ ਸਦਾ ਕੁਮਾਰਗ ਉਤੇ ਪਾਉਣਾ ਉਸ ਨੇ ਆਪਣਾ ਕਰਤੱਵ ਬਣਾ ਲਿਆ। ਸ਼ੈਤਾਨ ਦੇ ਬੁਰੇ ਪ੍ਰਭਾਵ ਤੋਂ ਕੋਈ ਵੀ ਬਚਿਆ ਨਹੀਂ ਰਹਿ ਸਕਦਾ। ਉਸ ਦੇ ਵਾਰ ਤੋਂ ਬਚਣ ਲਈ, ਇਸਲਾਮ ਦੇ ਧਰਮ-ਸਾਧਕਾਂ ਅਨੁਸਾਰ ਰੱਬ ਨੇ ਮਨੁੱਖ ਨੂੰ ਇੱਕ ਮੰਤ੍ਰ (ਲਾਹੋਰ ਵੱਲਾ ਕੁਵੱਤ ਇੱਲਾ ਬਿੱਲਾ) ਬਖ਼ਸ਼ਿਆ ਜਿਸ ਦੇ ਪੜ੍ਹਨ ਨਾਲ ਮਨੁੱਖ ਸ਼ੈਤਾਨ ਦੇ ਪ੍ਰਭਾਵ ਤੋਂ ਬਚ ਸਕਦਾ ਹੈ। ਆਪਣੇ ਭੈੜੇ ਕਿਰਦਾਰ ਕਰਕੇ ਇਸ ਨੂੰ ਬੜੀ ਨੀਚ ਬਿਰਤੀ ਵਾਲਾ ਸਮਝਿਆ ਜਾਂਦਾ ਹੈ।

ਪੰਜਾਬੀ ਕਾਵਿ ਵਿੱਚ ਸ਼ੈਤਾਨ ਅਤੇ ਇਬਲੀਸ ਦਾ ਉਲੇਖ ਹੋਇਆ ਹੈ। ਜਿਵੇਂ ਸੇਖ ਫਰੀਦ ਜੀ ਨੇ ਕਿਹਾ ਹੈ ਕਿ ਸ਼ੈਤਾਨ ਸਦਕਾ ਵਿਗੜੇ ਹੋਏ ਮਨੁੱਖਾਂ ਲਈ ਆਪਣਾ ਮਨ ਬਦਲਣਾ ਸਰਲ ਨਹੀ ਹੈ। ਜੋ ਸ਼ੈਤਾਨਿ ਵੰਞਾਇਆ ਸੇ ਕਿਤ ਫੇਰਨਿ ਚਿਤ। ਮੀਆਂ ਮੁਹੰਮਦ ਬਖਸ਼ ਨੇ ਸੈਫੁਲ ਮਲੂਕ ਵਿੱਚ ਪਵਿੱਤਰ ਨੀਅਤ ਵਾਲਿਆਂ ਨੂੰ ਇਬਲੀਸ ਦੇ ਪ੍ਰਭਾਵ ਤੋਂ ਮੁਕਤ ਮੰਨਿਆਂ ਹੈ।

ਬਾਤਿਨ ਪਾਕ ਹੋਵੇ ਜਿਸ ਨੀਅਤ ਅੰਦਰ ਵਿੱਚ ਸਫਾਈ॥
ਵੈਰੀ ਦੇਵ ਇਬਲੀਸ ਲਈ ਪੇਸ਼ ਨਾ ਜਾਂਦੀ ਕਾਈ॥

ਵਾਰਿਸ ਸ਼ਾਹ ਨੇ ਹੀਰ ਵਿੱਚ ਅਜਾਜੀਲ ਦਾ ਹਵਾਲਾਂ ਵੀ ਦਿੱਤਾ ਹੈ- ਅਜਾਜੀਲ ਥੇ ਉਮਰ ਅੱਯਾਰ ਆਇਆ, ਹੀਰ ਚਲ ਕੇ ਸੱਸ ਤੇ ਆਉਂਦੀ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਬਾਬਰ ਦੇ ਹਮਲੇ ਤੋਂ ਪੈਦਾ ਹੋਈ ਸਥਿਤੀ ਦਾ ਚਿੱਤ੍ਰਣ ਕਰਦਿਆਂ ਇਸਤਰੀਆਂ ਨਾਲ ਹੋ ਰਹੇ ਬਲਾਤਕਾਰ ਨੂੰ ਸ਼ੈਤਾਨ ਦੀ ਕਾਰਵਾਈ ਦੱਸਿਆ ਹੈ। ਕਾਜੀਆ ਬਾਮਣਾ ਦੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ। ਪੰਜਾਬੀ ਲੋਕ ਜੀਵਨ ਵਿੱਚ ਇਸ ਨਾਲ ਸੰਬੰਧਿਤ ਅਨੇਕ ਮੁਹਾਵਰੇ ਅਤੇ ਅਖਾਣ ਵੀ ਪ੍ਰਚਲਿਤ ਹਨ। ਭਾਰਤੀ ਧਰਮਾਂ ਵਿੱਚ ਸ਼ੈਤਾਨ ਨਾਲ ਕੁਝ ਕੁਝ ਮੇਲ ਖਾਂਦੀ ਭਾਵਨਾ ਮਾਇਆ ਦੇ ਸਰੂਪ ਰਾਹੀਂ ਪ੍ਰਗਟ ਕੀਤੀ ਗਈ ਹੈ।

111.

ਸ਼ਹਿਜ਼ਾਦੇ ਕੇ ਹਰਬੇ ਸੇ ਸ਼ੱਜਾ-ਓ-ਜਰੀ ਹਾਰੇ।
ਜ਼ੀ-ਦਾਰੋਂ ਕੇ ਜੀ ਛੂਟ ਗਏ ਸਭ ਕਵੀ ਹਾਰੇ।
ਮਾੱਸੂਮ ਸੇ ਬਾਜ਼ੀ ਵੁਹ ਸਭੀ ਲਸ਼ਕਰੀ ਹਾਰੇ।
ਕਮਜ਼ੋਰ ਸੇ, ਨਿਰਬਲ ਸੇ, ਹਜ਼ਾਰੋਂ ਬਲੀ ਹਾਰੇ।
ਮੈਦਾਂ ਮੇਂ ਜਬ ਭਾਈ ਕਾ ਲਾਸ਼ਾ ਨਜ਼ਰ ਆਇਆ।
ਘੋੜੇ ਸੇ ਵੁਹ ਮਾੱਸੂਮ ਦਿਲਾਵਰ ਉਤਰ ਆਇਆ।

ਸ਼ਬਦ ਅਰਥ :- ਸ਼ੱਜਾ-ਓ-ਜ਼ਰੀ - ਵਰਿਆਮ ਯੋਧੇ, ਹਰਬੇ - ਹਥਿਆਰ, ਜ਼ੀ-ਦਾਰ - ਬਹਾਦਰ ਯੋਧੇ, ਕਵੀ - ਬਲਵਾਨ, ਮੈਦਾਂ - ਰਣ ਖੇਤਰ, ਲਾਸ਼ਾ - ਮ੍ਰਿਤਕ ਦੇਹ, ਦਿਲਾਵਰ - ਯੋਧਾ।

ਅਰਥਾਤ :- ਸਾਹਿਬਜ਼ਾਦਾ ਜੁਝਾਰ ਸਿੰਘ ਜੀ ਛੋਟੀ ਜਿਹੀ ਤਲਵਾਰ ਨਾਲ ਮੈਦਾਨੇ ਜੰਗ ਅੰਦਰ ਦੁਸ਼ਮਣ ਦੇ ਐਸੇ ਆਹੂ ਲਾਹ ਰਹੇ ਸਨ ਕਈ ਨਾਮੀ ਵਰਿਆਮ ਯੋਧੇ ਹਾਰ ਮੰਨਣ ਵਾਸਤੇ ਮਜ਼ਬੂਰ ਹੋ ਗਏ। ਕਈ ਬਹਾਦਰ ਸੂਰਮਿਆਂ ਦੇ ਹੌਂਸਲੇ ਪ੍ਰਸਤ ਹੋ ਗਏ ਅਤੇ ਬਲਵਾਨ ਸੂਰਮੇ ਕਾਇਰਾਂ ਵਾਂਗ ਮੈਦਾਨੇ ਜੰਗ ਅੰਦਰੋਂ ਹਾਰ ਮੰਨ ਕੇ ਭੱਜ ਨਿਕਲੇ। ਛੋਟੇ ਜਿਹੇ ਮਾਸੂਮ ਸਾਹਿਬਜ਼ਾਦੇ ਤੋਂ ਡਰ ਕੇ ਕਈ ਸੂਰਮੇ ਹਾਰ ਮੰਨ ਬੈਠੇ। ਸਾਹਿਬਜ਼ਾਦਾ ਜੁਝਾਰ ਸਿੰਘ ਜੋ ਵੇਖਣ ਨੂੰ ਬੜਾ ਛੋਟਾ ਜਿਹਾ ਕਮਸਿਨ ਨਜ਼ਰ ਆਉਂਦਾ ਸੀ ਉਸ ਨੇ ਅਨੇਕਾਂ ਸੂਰਮਿਆਂ ਨੂੰ ਚਿੱਤ ਕਰਕੇ ਰੱਖ ਦਿੱਤਾ।

ਸਾਹਿਬ ਜੁਝਾਰ ਸਿੰਘ ਜੀ ਵੈਰੀ ਦਲ ਨਾਲ ਜੂਝਦਿਆਂ- ਜੂਝਦਿਆਂ ਉਸ ਜਗ੍ਹਾ ਉਪਰ ਪਹੁੰਚੇ ਜਿਥੇ ਸਾਹਿਬ ਅਜੀਤ ਸਿੰਘ ਜੀ ਦਾ ਸ਼ਹਾਦਤ ਉਪਰੰਤ ਪਾਵਨ ਸਰੀਰ ਪਿਆ ਹੋਇਆ ਸੀ। ਆਪਣੇ ਵੱਡੇ ਭਰਾ ਨੂੰ ਮੈਦਾਨ ਜੰਗ ਵਿੱਚ ਸ਼ਹੀਦ ਹੋਇਆ ਪਿਆ ਵੇਖਕੇ ਮਾਸੂਮ ਜਿਹੇ ਸਾਹਿਬ ਜੁਝਾਰ ਸਿੰਘ ਜੀ ਆਪਣੇ ਘੋੜੇ ਤੋਂ ਹੇਠਾਂ ਉਤਰ ਆਏ ਅਤੇ ਭਰਾ ਦੀ ਲਾਸ਼ ਦੇ ਪਾਸ ਜਾ ਕੇ ਬੈਠ ਗਏ।

112.

ਸਰ ਗੋਦ ਮੇਂ ਲੇ ਕਰਕੇ ਕਹਾ ਭਾਈ ਸੇ, ਬੋਲੋ!
ਇਸ ਖ਼ਾਬਿ-ਗਿਰਾਂ ਸੇ ਕਹੀਂ ਹੁਸ਼ਿਆਰ ਤੋ ਹੋਲੋ!
ਹਮ ਕੌਨ ਹੈ? ਦੇਖੋ ਜ਼ਰਾ ਆਂਖ ਤੋ ਖੋਲੋ!
ਸੋਨੇ ਕੀ ਹੀ ਠਾਨੀ ਹੈ ਅਗਰ, ਮਿਲ ਕੇ ਤੋ ਸੋ ਲੋ!

ਭਾਈ ਤੁਮ੍ਹੇ ਜਬ 'ਗੰਜਿ ਸ਼ਹੀਦਾਂ' ਕੀ ਜ਼ਮੀਂ ਹੈ।
ਠਾਨੀ ਹੁਈ ਹਮ ਨੇ ਭੀ ਬਸੇਰੇ ਕੀ ਯਹੀਂ ਹੈ।

ਸ਼ਬਦ ਅਰਥ :- ਖ਼ਾਬਿ-ਗਿਰਾਂ - ਗੂੜ੍ਹੀ ਨੀਂਦ, ਹੁਸ਼ਿਆਰ - ਸਾਵਧਾਨ, ਠਾਨੀ - ਇਰਾਦਾ, ਭਾਈ - ਚੰਗੀ ਲਗੀ, ਪਸੰਦ ਆਈ, ਗੰਜਿ ਸ਼ਹੀਦਾਂ - ਸ਼ਹੀਦਾਂ ਦਾ ਭੰਡਾਰ।

ਅਰਥਾਤ :- ਸਾਹਿਬ ਜੁਝਾਰ ਸਿੰਘ ਜੀ ਆਪਣੇ ਵੱਡੇ ਭਰਾਤਾ ਸਾਹਿਬ ਅਜੀਤ ਸਿੰਘ ਜੀ ਪਾਸ ਬੈਠ ਗਏ ਅਤੇ ਉਨ੍ਹਾਂ ਦਾ ਸਿਰ ਉਠਾ ਕੇ ਆਪਣੇ ਗੋਦ ਵਿੱਚ ਰੱਖਿਆ ਤੇ ਬੜੇ ਪਿਆਰ ਤੇ ਵੈਰਾਗ ਦੇ ਨਾਲ ਕਹਿਣ ਲੱਗੇ, "ਵੀਰ ਜੀ, ਤੁਸੀਂ ਸ਼ਹਾਦਤ ਪ੍ਰਾਪਤ ਕਰਕੇ ਗੂੜ੍ਹੀ ਨੀਂਦ ਸੌਂ ਗਏ ਹੋ। ਇਕ ਵਾਰ ਉਠੋ ਤੇ ਸਹੀ, ਜ਼ਰਾ ਅੱਖਾਂ ਖੋਲ ਤਾਂ ਵੇਖੋ ਮੈਂ ਕੌਣ ਹਾਂ? ਜੇਕਰ ਤੁਸੀਂ ਸਦਾ ਦੀ ਨੀਂਦ ਸੌਣ ਦਾ ਨਿਸ਼ਚਾ ਕਰ ਹੀ ਲਿਆ ਹੈ ਤਾਂ ਮੈਨੂੰ ਆਖਰੀ ਵਾਰ ਗੱਲਵਕੜੀ ਪਾ ਤਾਂ ਮਿਲ ਲਵੋ।"

ਵੀਰ ਜੀ ਜੇ ਤੁਸੀਂ ਇਸ ਅਸਥਾਨ ਉਪਰ ਹੀ ਸ਼ਹੀਦੀ ਦਾ ਨਿਸ਼ਚਾ ਕੀਤਾ ਹੈ ਤਾਂ ਮੈਂ ਵੀ ਤੁਹਾਡਾ ਵੀਰ ਹਾਂ ਮੈਂ ਵੀ ਇਸੇ ਸਥਾਨ ਉਪਰ ਹੀ ਸ਼ਹੀਦੀ ਪ੍ਰਾਪਤ ਕਰਾਂਗਾ।

113.

ਇਤਨੇ ਮੇਂ ਖ਼ਦੰਗ ਆ ਕੇ ਲਗਾ 'ਹਾਇ' ਜ਼ਿਗਰ ਮੇਂ।
ਥਾ ਤੀਰ ਕਲੇਜੇ ਮੇਂ ਯਾ ਕਾਂਟਾ ਗ਼ੁਲਿ-ਤਰ ਮੇਂ।
ਤਾਰੀਕ ਜ਼ਮਾਨਾ ਹੂਆ ਸਤਿਗੁਰ ਕੀ ਨਜ਼ਰ ਮੇਂ।
ਤੂਫ਼ਾਨ ਉਠਾ ਖਾਕ ਉੜੀ ਬਹਰ ਮੇਂ ਬਰ ਮੇਂ।

ਤਿਉਰਾ ਕੇ ਗਿਰਾ ਲਖ਼ਤਿ ਜ਼ਿਗਰ, ਲਖਤਿ ਜਿਗਰ ਪਰ।
ਕਿਆ ਗੁਜ਼ਰੀ ਹੈ ਉਸ ਵਕਤ ਕਹੂੰ ਕਿਆ ਮੈਂ ਪਿਦਰ ਪਰ।

ਸ਼ਬਦ ਅਰਥ :- ਖ਼ਦੰਗ - ਤੀਰ, ਕਾਂਟਾ- ਕੰਡਾ, ਗੁਲਿ ਤਰ - ਕੋਮਲ ਫੁੱਲ, ਤਾਰੀਕ - ਹਨੇਰਾ, ਜ਼ਮਾਨਾ - ਦੁਨੀਆਂ, ਬਹਰ - ਸਮੁੰਦਰ, ਖ਼ਾਕ - ਮਿੱਟੀ-ਘੱਟਾ, ਤਿਉਰਾਕੇ - ਗਸ਼ ਖਾ ਕੇ, ਭੁਆਂਟਣੀ ਖਾ ਕੇ, ਲਖਤਿ ਜਿਗਰ - ਦਿਲ ਦਾ ਟੋਟਾ, ਪੁੱਤਰ, ਬਰ - ਧਰਤੀ।

ਅਰਥਾਤ :- ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਾਹਿਬ ਅਜੀਤ ਸਿੰਘ ਜੀ ਦਾ ਪਾਵਨ ਸੀਸ ਗੋਦ ਵਿੱਚ ਲੈ ਕੇ ਇਸੇ ਤਰ੍ਹਾਂ ਵੈਰਾਗਮਈ ਵਾਰਤਾਲਾਪ ਹੀ ਕਰ ਰਹੇ ਸਨ ਕਿ ਅਚਾਨਕ ਇਹ ਵੈਰੀ ਨੇ ਇਕ ਬਾਣ ਸ਼ਿਸ਼ਤ ਲੈ ਕੇ ਛੋਟੇ ਸਾਹਿਬਜ਼ਾਦੇ ਵੱਲ ਛੱਡਿਆ ਜੋ ਸਿੱਧਾ ਛਾਤੀ ਵਿੱਚ ਆ ਕੇ ਲੱਗਾ। ਛਾਤੀ ਵਿੱਚ ਤੀਰ ਕੀ ਵੱਜਾ ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਕੋਮਲ ਜਿਹੇ ਫੁੱਲ ਦੀ ਛਾਤੀ ਵਿੱਚ ਕੰਡਾ ਆਰ-ਪਾਰ ਹੋ ਗਿਆ ਹੋਵੇ। ਕਵੀ ਲਿਖਦਾ ਹੈ ਕਿ ਜਦੋਂ ਛੋਟੇ ਪੁੱਤਰ ਦੀ ਸ਼ਹੀਦੀ ਨੂੰ ਗੁਰੂਪਾਤਸ਼ਾਹ ਨੇ ਤੱਕਿਆ ਤਾਂ ਇੰਝ ਲੱਗਿਆ ਜਿਵੇਂ ਸੀਨੇ ਅੰਦਰ ਤੁਫ਼ਾਨ ਉਠਿਆ ਹੋਵੇ ਤੇ ਸਮੁੰਦਰ ਤੇ ਧਰਤੀ ਉਪਰ ਖ਼ਾਕ ਉਡੀ ਹੋਵੇ ਅਰਥਾਤ ਹਨੇਰੀ ਆ ਗਈ ਹੋਵੇ।

ਸਾਹਿਬ ਜੁਝਾਰ ਸਿੰਘ ਜੀ ਵੈਰੀ ਦਾ ਤੀਰ ਲਗਦਿਆਂ ਹੀ ਘੁੰਮਣਘੇਰੀ ਖਾ ਕੇ ਆਪਣੇ ਵੱਡੇ ਭਰਾ ਸਾਹਿਬ ਅਜੀਤ ਸਿੰਘ ਦੇ ਪਾਵਨ ਸਰੀਰ, ਉਪਰ ਮੂਧੇ ਹੋ ਕੇ ਡਿੱਗ ਪਏ। ਕਵੀ ਲਿਖਦਾ ਹੈ, ਕਿ ਮੈਂ ਕਿਸ ਤਰ੍ਹਾਂ ਬਿਆਨ ਕਰਾਂ ਕਿ ਦੋ ਪੁੱਤਰਾਂ ਦੀ ਐਸੀ ਸ਼ਹਾਦਤ ਨੂੰ ਤੱਕ ਕੇ ਪਿਤਾ ਉਪਰ ਕੀ ਬੀਤੀ ਹੋਵੇਗੀ?

114.

ਥੇ ਚਾਹਤੇ :- ਪੈਵੰਦ ਕਰੇਂ ਖ਼ਾਕ ਕਾ ਸਭ ਕੋ!
ਹਾਤਿਫ਼ ਨੇ ਕਹਾ, ਕਾਮ ਮੇ ਲਾਨਾ ਨ ਗਜ਼ਬ ਕੋ!
ਲੜਨਾ ਨਹੀਂ ਮਨਜ਼ੂਰ ਹੈ ਆਜ ਆਪ ਕਾ ਰਬ ਕੋ!
ਯਿਹ ਸੁਨ ਕੇ ਗੁਰੂ ਭੂਲ ਗਏ ਰੰਜੋ ਤਅੱਬ ਕੋ!!

ਕਬਜ਼ੇ ਸੇ ਮਅੱਨਨ ਤੇਗ ਕੇ ਫਿਰ ਹਾਥ ਉਠਾਇਆ।
ਸਤਿਗੁਰ ਨੇ ਵਹੀਂ ਸਜਦਾਇ-ਸ਼ੁਕਰਾਨਾ ਬਜਾਇਆ।

ਸ਼ਬਦ ਅਰਥ :- ਪੈਵੰਦ - ਸੰਬੰਧ ਪੈਦਾ ਕਰਨਾ, ਮਿਲਾ ਦੇਣਾ, ਹਾਤਿਫ਼ - ਆਕਾਸ਼ ਤੋਂ ਫਰਿਸ਼ਤੇ ਦੀ ਗ਼ੈਬੀ ਆਵਾਜ਼, ਗਜ਼ਬ - ਗੁੱਸਾ, ਰੰਜੋ ਤਅੱਬ - ਸਾਰੇ ਦੁੱਖ, ਅਫਸੋਸ, ਗ਼ਮ, ਕਬਜ਼ੇ - ਮੁੱਠ, ਮੱਆਨਨ - ਉਸੇ ਵੇਲੇ, ਸਜ਼ਦਾਇ-ਸ਼ੁਕਰਾਨਾ - ਧੰਨਵਾਦ ਵਿੱਚ ਸੀਸ ਨਿਵਾਉਣਾ।

ਅਰਥਾਤ :- ਗੁਰੂ ਪਾਤਸ਼ਾਹ ਨੇ ਜਦੋਂ ਸਾਹਿਬਜ਼ਾਦਿਆਂ ਨੂੰ ਮੈਦਾਨੇ ਜੰਗ ਅੰਦਰ ਸ਼ਹਾਦਤ ਪ੍ਰਾਪਤ ਕਰਦੇ ਤੱਕਿਆ ਤਾਂ ਵੈਰੀ ਦਲ ਨਾਲ ਜੂਝ ਕੇ ਉਸ ਦਾ ਨਾਮੋ-ਨਿਸ਼ਾਨ ਮਿਟਾਉਣ ਦਾ ਨਿਸ਼ਚਾ ਕੀਤਾ, ਪਰੰਤੂ ਉਸੇ ਸਮੇਂ ਹੀ ਅਕਾਸ਼ਬਾਣੀ[1] ਹੋਈ ਕਿ ਤੁਸੀਂ ਅੱਜ ਰੋਹ ਤੋਂ ਕੰਮ ਨਹੀਂ ਲੈਣਾ। ਅੱਜ ਤੁਹਾਡਾ ਲੜਨਾ ਅਕਾਲਪੁਰਖ ਨੂੰ ਮਨਜ਼ੂਰ ਨਹੀਂ ਹੈ। ਅਕਾਲ ਪੁਰਖ ਦਾ ਅਗੰਮੀ ਹੁਕਮ ਸੁਣ ਕੇ ਗੁਰੂ ਸਾਹਿਬ ਨੇ ਸੀਸ ਝੁਕਾ ਦਿੱਤਾ।

ਗੁਰੂ ਸਾਹਿਬ ਨੇ ਤੇਗ ਦੇ ਕਬਜ਼ੇ ਤੋਂ ਆਪਣਾ ਹੱਥ ਉਸੇ ਵੇਲੇ ਉਠਾ ਲਿਆ ਤੇ ਅਕਾਲਪੁਰਖ ਦਾ ਹੁਕਮ[2] ਮੰਨਦਿਆਂ ਹੋਇਆਂ ਧੰਨਵਾਦ ਨਾਲ ਸੀਸ ਨਿਵਾ ਦਿੱਤਾ।

---

1. ਕਵੀ ਅੱਲ੍ਹਾ ਯਾਰ ਖ਼ਾਂ ਜੋਗੀ ਜੀ ਵਲੋਂ ਗੁਰੂ ਸਾਹਿਬ ਨੂੰ ਪੰਜ ਪਿਆਰਿਆਂ ਵਲੋਂ ਦਿੱਤੇ ਗਏ ਹੁਕਮ ਨੂੰ 'ਹਾਤਿਫ਼' ਅਰਥਾਤ ਅਕਾਸ਼ ਤੋਂ ਫਰਿਸ਼ਤੇ ਦੀ ਗੈਬੀ ਆਵਾਜ਼ ਲਿਖਿਆ ਹੈ। ਅੰਮ੍ਰਿਤ ਦੀ ਬਖਸ਼ਿਸ਼ ਕਰਨ ਉਪਰੰਤ ਗੁਰੂ ਪਾਤਸ਼ਾਹ ਨੇ ਪੰਜ ਸਿੰਘਾਂ ਨੂੰ ਪਿਆਰਿਆਂ ਦਾ ਪਦ ਬਖਸ਼ਿਸ਼ ਕੀਤਾ ਅਤੇ ਉਨ੍ਹਾਂ ਨੂੰ ਪੰਥ ਗੁਰੂ ਕਹਿ ਕੇ ਨਿਵਾਜਿਆ। ਚਮਕੌਰ ਦੀ ਕਚੀ ਗੜ੍ਹੀ ਵਿਚੋਂ ਵੀ ਗੁਰੂ ਸਾਹਿਬ ਪੰਜ ਪਿਆਰਿਆਂ ਦੇ ਹੁਕਮ ਨੂੰ ਸਿਰ-ਮੱਥੇ ਸਵੀਕਾਰ ਕਰਕੇ ਨਿਕਲੇ ਅਤੇ ਪੰਥ ਦੇ ਹੁਕਮ ਅੱਗੇ ਸੀਸ ਝੁਕਾਇਆ ਭਾਵੇਂ ਕਿ ਖ਼ੁਦ ਵੀ ਮੈਦਾਨ ਜੰਗ ਵਿੱਚ ਜੂਝਣਾ ਚਾਹੁੰਦੇ ਸਨ। ਪ੍ਰਸਿੱਧ ਕਵੀ ਕਰਤਾਰ ਸਿੰਘ 'ਬਲੱਗਣ' ਨੇ ਗੜ੍ਹੀ ਛੱਡਣ ਸਮੇਂ ਦੇ ਹਲਾਤਾਂ ਨੂੰ ਬੜਾ ਸੁੰਦਰ ਕਾਵਿ-ਬੰਦ ਕੀਤਾ ਹੈ,

ਹੌਲੀ ਹੌਲੀ ਸਰਕਾਰ ਨੇ ਗੜ੍ਹੀ ਵਿੱਚੋਂ
ਦੇ ਕੇ ਥਾਪੜਾ ਸਿੰਘ ਸਰਦਾਰ ਟੋਰੇ।
ਵਿਹਲਾ ਹੋ ਗਿਆ ਜੱਥਾ, ਜਾ ਜੱਥੇ ਵਿੱਚੋਂ
ਇੱਕ ਇੱਕ ਕਰ ਕੇ, ਜੱਥੇਦਾਰ ਟੋਰੇ।

ਅਰਦਲ ਵਿੱਚ ਬਸ ਪੰਜ ਕੁ ਸਿੰਘ ਰਹਿ ਗਏ,
ਬਾਕੀ ਚੋਣਵੇਂ ਸਿਪਾਹ-ਸਾਲਾਰ ਟੋਰੇ।
ਪੈ ਗਈ ਸਿੰਘਾਂ ਨੂੰ ਸੋਚ ਜਾ ਪਾਤਸ਼ਾਹ ਨੇ,
ਵਾਰੀ ਨਾਲ ਅਜੀਤ ਜੁਝਾਰ ਟੋਰੇ।

ਸਿੰਘਾਂ ਸੋਚਿਆ ਪਿਆ ਹਨੇਰ ਭਾਵੇਂ
ਵਿਹੰਦਿਆਂ ਵਿਹੰਦਿਆਂ ਚੰਨ ਨ ਚਾੜ੍ਹ ਬਹੀਏ।
ਆਈ ਖਿਜ਼ਾ, ਤੇ ਕਿਤੇ ਬਹਾਰ ਆਈ,
ਮੁਢੋਂ ਬਾਗ ਨਾ ਕਿਤੇ ਉਜਾੜ ਬਹੀਏ।

ਜਾ ਕੇ ਕੋਲ ਹਜ਼ੂਰ ਦੇ ਕਹਿਣ ਲੱਗੇ,
ਦਾਤਾ! ਵਕਤ ਸੰਭਾਲਣਾ ਚਾਹੀਦਾ ਏ।
ਸੂਰਬੀਰ ਜੀਉ! ਨੀਤੀਵਾਨ ਬਣ ਕੇ
ਐਖੀ ਘੜੀ ਨੂੰ ਟਾਲਣਾ ਚਾਹੀਦਾ ਏ।

ਅੰਗ ਪਾਲ ਜੀਉ! ਸਾਡੀ ਬੇਨਤੀ ਏ,
ਅੰਗ ਸਿੱਖੀ ਦਾ ਪਾਲਣਾ ਚਾਹੀਦਾ ਏ।
ਇਹੋ ਰਾਇ ਹੈ ਸਾਰੇ ਸੇਵਕਾਂ ਦੀ,
ਮੋਇਆ ਪੰਥ ਜਵਾਲਣਾ ਚਾਹੀਦਾ ਏ।

ਅਸੀਂ ਮਰਾਂਗੇ ਲੜਦਿਆਂ ਅੰਤ ਤੀਕਰ,
ਐਪਰ ਪਾਤਸ਼ਾਹ ਤੁਸੀ ਤਿਆਰ ਹੋ ਜਾਉ।
ਏਥੋ ਨਿਕਲ ਜਾਉ ਨੀਲੇ ਤੇ ਲੱਤ ਦੇ ਕੇ,
ਲੋਅ ਲਗਦਿਆਂ ਜੰਗਲੋਂ ਪਾਰ ਹੋ ਜਾਉ।

ਟੁੱਕੇ ਬੁੱਲ ਹਜ਼ੂਰ ਨੇ ਖਾ ਘੂਰੀ।
ਕਿਹਾ ਕਿਹੜਾ ਸਰਦਾਰ ਇਹ ਬੋਲਦਾ ਏ।
"ਸੇਵਕ ਬੋਲਦੇ" ਸਿੰਘ ਨੇ ਕਿਹਾ ਅੱਗੋਂ
"ਸਾਡਾ ਸਾਂਝਾ ਵਿਚਾਰ ਇਹ ਬੋਲਦਾ ਏ।

ਮੈਂ ਨਹੀਂ ਬੋਲਦਾ, ਬੋਲਦੈ ਪੰਥ ਸਾਰਾ,
ਬਲਕਿ ਦੇਸ ਪਿਆਰ ਇਹ ਬੋਲਦਾ ਏ।
ਬੈਠਾ ਹੋਇਆ ਮਜ਼ਲੂਮ ਦੇ ਦਿਲ ਅੰਦਰ,
ਪਿਆ ਆਪ ਕਰਤਾਰ ਇਹ ਬੋਲਦਾ ਹੈ।
ਸਾਡੇ ਜਿਹੇ ਲੱਖਾਂ ਪੈਦਾ ਕਰੇਗਾ ਤੂੰ,
ਪਾਸਾ ਅਸਾਂ ਕੋਈ ਜਗਤ ਦਾ ਥੰਮਣਾ ਨਹੀ।
ਪਰ ਜੇ ਤੂੰ ਨਾ ਰਹਿਉ ਦਸਮੇਸ਼ ਦੂਲੇ,
ਗੋਬਿੰਦ ਸਿੰਘ ਮੁੜ ਕੇ ਫੇਰ ਜੰਮਣਾ ਨਹੀਂ।
ਆਇਆ ਰੋਹ ਅੰਦਰ ਪੁਤਲਾ ਸਰਬ ਲੋਹ ਦਾ,
ਉਹਦੀ ਬੀਰਤਾ ਸ਼ਾਨ ਵਿਖਾਣ ਲੱਗੀ।
ਤੀਰਾਂ ਉਹਦਿਆਂ ਨੇ ਗਿੱਠ ਗਿੱਠ ਜੀਭ ਕੱਢੀ,
ਆਕੜ ਉਸਦੀ ਲੈਣ ਕਮਾਨ ਲੱਗੀ।
ਸ਼ੂਕੀ ਵਾਂਗ ਦਮੂੰਹੀ ਦੇ ਤੇਗ ਉਹਦੀ,
ਵੱਟ ਵਿੱਚ ਮਿਆਨ ਦੇ ਖਾਣ ਲੱਗੀ।
ਨੀਲਾ ਹਿਣਕਿਆ, ਬਾਜ ਨੇ ਖੰਭ ਛੰਡੇ,
ਧਰਤੀ ਕੰਬ ਕੇ ਹੋਣ ਹੈਰਾਨ ਲੱਗੀ।
ਲਾਟਾਂ ਨਿਕਲੀਆਂ ਉਹਦਿਆਂ ਨੇਤਰਾਂ ਚੋਂ,
ਡੋਲੀਂ ਉਸਦੇ, ਡੱਲੀਆਂ ਪੈ ਗਈਆਂ।
ਕਲਗੀ ਉਸਦੀ ਚੋਂ ਬਿਜਲੀ ਜਿਹੀ ਲਿਸ਼ਕੀ,
ਫ਼ੌਜਾਂ ਵਿੱਚ ਤਰਥਲੀਆਂ ਪੈ ਗਈਆਂ।
ਉਸਨੇ ਕਿਹਾ ਗੰਭੀਰਤਾ ਨਾਲ, ਸਿੰਘੋ!
ਕੀ ਮੈਂ ਪਿੱਠ ਵਿੱਖਾ ਕੇ ਨੱਠ ਜਾਵਾਂ?
ਜਿੰਨ੍ਹਾ ਮੌਤ ਤੀਕਰ ਮੇਰਾ ਸਾਥ ਦਿੱਤਾ,
ਮੈਂ ਉਹ ਪੁੱਤ ਮਰਵਾ ਕੇ ਨੱਠ ਜਾਵਾਂ?
ਚਾਰ ਦਿਨਾਂ ਦੀ ਕੂੜੀ ਜਿਹੀ ਜਿੰਦਗੀ ਲਈ,
ਮੈਂ ਹੁਣ ਘੋੜਾ ਭਜਾ ਕੇ ਨੱਠ ਜਾਵਾਂ?
ਅੰਮ੍ਰਿਤ ਦੇ ਕੇ ਜਿੰਨ੍ਹਾਂ ਨੂੰ ਅਮਰ ਕੀਤੈ,
ਮੈ ਉਹ ਪੁੱਤ ਮਰਵਾ ਕੇ ਨੱਠ ਜਾਵਾਂ?

ਜੇਕਰ ਆਸ ਮੈਥੋਂ ਇਹੋ ਰਖਦੇ ਹੋ,
ਤੁਸੀਂ ਸੱਚ ਜਾਣੋਂ ਕੁਝ ਵੀ ਜਾਣਦੇ ਨਹੀਂ।
ਵੇਲਾ ਵਕਤ ਪਛਾਣਦੇ ਹੋ ਭਾਵੇਂ,
ਪਰ ਦਸਮੇਸ਼ ਨੂੰ ਤੁਸੀਂ ਪਛਾਣਦੇ ਨਹੀਂ।

ਸਿੱਖ ਨਾਲ ਜਕਲੰਬ ਦੇ ਬੋਲ ਉਠੇ,
"ਹੁਣ ਕੁਝ ਸੁਣਨ ਸੁਣਾਨ ਦੀ ਆਗਿਆ ਨਹੀਂ।
ਗੋਬਿੰਦ ਸਿੰਘ ਤੈਨੂੰ ਪੰਥ ਹੁਕਮ ਦੇਂਦੈ
ਏਥੇ ਘੜੀ ਲੰਘਾਣ ਦੀ ਆਗਿਆ ਨਹੀਂ।

ਤੂੰ ਹੈ ਗੁਰੂ ਤੇ ਖਾਲਸਾ ਗੁਰੂ ਤੇਰਾ,
ਉਹਦਾ ਹੁਕਮ ਪਰਤਾਣ ਦੀ ਆਗਿਆ ਨਹੀਂ।
ਤੇਰੀ ਜਾਨ ਅਮਾਨਤ ਹੈ ਖਾਲਸੇ ਦੀ,
ਉਹਨੂੰ ਕਿਤੇ ਅਵਾਣ ਦੀ ਆਗਿਆ ਨਹੀਂ।

ਛੇਤੀ ਉਠੋ ਤੇ ਕਲਗੀਆਂ ਜਿਗ੍ਹੇ ਲਾਹੋ,
ਦੂਰ ਵੈਰੀਆਂ ਦੀ ਨਜ਼ਰੋਂ ਹੱਟ ਜਾਉ।
ਵੇਲਾ ਪਾ ਕੇ ਫ਼ੌਜ ਤਿਆਰ ਕਰ ਲਵੋ,
ਫੇਰ ਦੁਸਮਨਾਂ ਦੇ ਅੱਗੇ ਡੱਟ ਜਾਉ।

ਸੁਣਿਆ ਗੁਰੂ ਨੇ 'ਗੁਰੂ' ਦਾ ਹੁਕਮਨਾਮਾ,
ਛੇਤੀ ਸੀਸ ਝੁਕਾ ਕੇ ਉਠ ਟੁਰਿਆ।
ਹੱਥ ਜੋੜ ਦਿੱਤੇ ਅੱਖਾਂ ਭਰ ਆਈਆਂ,
ਅਤੇ ਹੁਕਮ ਬਜਾ ਕੇ ਉਠ ਟੁਰਿਆ।

ਭੇਟਾ ਪੰਥ ਦੀ ਕਲਗੀਆਂ ਜਿਗ੍ਹੇ ਕੀਤੇ,
ਬਾਜ ਉਂਗਲੀ ਲਾ ਕੇ ਉੱਠ ਟੁਰਿਆ।
ਗੋਬਿੰਦ ਸਿੰਘ ਆਪੇ ਗੁਰੂ ਆਪ ਚੇਲਾ,
ਜਗਤ ਤਾਂਈ ਵਿਖਾ ਕੇ ਉੱਠ ਟੁਰਿਆ।

ਇਹ ਇਤਿਹਾਸ ਕਹਿੰਦੈ ਮੋਈ ਹੋਈ ਹੋਈ ਸਿੱਖੀ,
ਪੰਜਾਂ ਸਿੰਘਾਂ ਨੇ ਫਿਰ ਜਿਵਾਲ ਦਿੱਤੀ।
ਘੜੀ ਮੌਤ ਦੀ ਆਈ ਸੀ ਪੰਥ ਉਤੇ,
ਸਿੱਖਾਂ ਗੁਰੂ ਬਣ ਕੇ, ਫੇਰ ਟਾਲ ਦਿੱਤੀ।

2. ਕੁਝ ਪੁਰਾਤਨ ਇਤਿਹਾਸਕ ਸੋਮਿਆਂ ਵਿੱਚ ਜ਼ਿਕਰ ਮਿਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਗੜ੍ਹੀ ਛੱਡਣ ਸਮੇਂ ਗਹਿਗੱਚ ਲੜਾਈ ਦਾ ਸਾਹਮਣਾ ਕਰਨਾ ਪਿਆ। ਕਵੀ ਸੈਨਾਪਤਿ ਤਾਂ ਇਥੋਂ ਤੱਕ ਲਿਖਦਾ ਹੈ ਇਸ ਗਹਿਗੱਚ ਲੜਾਈ ਦੌਰਾਨ ਗੁਰੂ ਸਾਹਿਬ ਜੀ ਦੀ ਉਂਗਲ ਦਾ ਇਕ ਪੋਟਾ ਵੀ ਕੱਟਿਆ ਗਿਆ। ਸ੍ਰੀ ਗੁਰੂ ਸੋਭਾ ਵਿੱਚ ਜ਼ਿਕਰ ਹੈ,

ਤਬਹੀ ਗਹਿ ਬਾਨ ਕਮਾਨ ਗਹੀ ਕਰ ਮੈ ਸਜਿ ਕੈ ਦਲ ਕੋ ਉਠਿ ਧਾਏ॥
ਮਾਰਤ ਤੀਰ ਬਿਲੰਮੁ ਨਹੀ ਕਛੁ ਚੋਟ ਪੈ ਚੋਟ ਕਰੈ ਪੁਨਿ ਲਾਏ॥
ਤਾਹਿ ਸਮੈ ਪ੍ਰਭ ਕੌਤਕ ਕੈ ਇਕ ਦੂਤ ਨੇ ਚੋਟ ਕਰੀ ਖੁਨਸਾਇ॥
ਯੌ ਪ੍ਰਭ ਜੀ ਕਰਨੀ ਇਵ ਹੀ ਇਕ ਉਂਗਲ ਪੋਰ ਤਿਹ ਠਾਏ॥

(ਸ੍ਰੀ ਗੁਰੂ ਸੋਭਾ, ਸੰਪਾਦਿਤ ਡਾ: ਗੰਡਾ ਸਿੰਘ)

ਹੋ ਸਕਦਾ ਹੈ ਕਿ ਗੁਰੂ ਸਾਹਿਬ ਨੂੰ ਇਸ ਜੰਗ ਵਿੱਚ ਜੂਝਣਾ ਪਿਆ ਹੋਵੇ ਪਰੰਤੂ ਗੁਰੂ ਸਾਹਿਬ ਦੁਆਰਾ ਰਚਿਤ ਜ਼ਫ਼ਰਨਾਮੇ ਵਿੱਚ ਗੁਰੂ ਸਾਹਿਬ ਦੇ ਜ਼ਖ਼ਮੀ ਹੋਣ ਬਾਰੇ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ, ਗੁਰੂ ਸਾਹਿਬ ਤਾਂ ਲਿਖਦੇ ਹਨ,

ਨਾ ਪੇਚੀਦਾਹ ਮੂਇ ਨ ਰੰਜੀਦਹ ਤਨ।
ਕਿ ਬੇਰੂੰ ਖ਼ੁਦ ਆਵੁਰਦ ਦੁਸ਼ਮਨ-ਸ਼ਿਕਨ। (੪੪) (ਜ਼ਫ਼ਰਨਾਮਾ)

ਕੁਝ ਲਿਖਾਰੀਆਂ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਰਾਤ ਦੇ ਹਨੇਰੇ ਵਿੱਚ ਲਲਕਾਰ ਕੇ 'ਪੀਰ-ਏ-ਹਿੰਦ-ਵ-ਰਵਦ' ਕਹਿ ਕੇ ਨਿਕਲੇ। ਪਰੰਤੂ ਭੱਟ ਵਹੀਆਂ ਉਪਰ ਆਧਾਰਿਤ ਸੋਮਿਆਂ ਵਿੱਚ ਗੁਰੂ ਸਾਹਿਬ ਦੁਆਰਾ ਗੜੀ ਛੱਡ ਕੇ ਨਿਕਲਣ ਦਾ ਸੁੰਦਰ ਜ਼ਿਕਰ ਹੈ। ਡਾ: ਦਿਲਗੀਰ ਲਿਖਦੇ ਹਨ ਕਿ,

ਫੌਜਾਂ ਵਲੋਂ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਉਣ ਮਗਰੋਂ ਗਿਣਤੀ ਦੇ ਸਿੱਖਾਂ ਅਤੇ ਹਜ਼ਾਰਾਂ ਮੁਗ਼ਲ ਫੌਜਾਂ ਵਿੱਚ ਅ-ਸਾਂਵੀਂ ਲੜਾਈ ਸ਼ੁਰੂ ਹੋ ਗਏ.। ਇਹ ਲੜਾਈ ਹਨੇਰਾ ਪੈਣ ਤੱਕ ਚਲਦੀ ਰਹੀ। ਇਸ ਵੇਲੇ ਤੱਕ 45 ਵਿਚੋਂ 38 ਸਿੱਖ ਅਤੇ ਦੋਵੇਂ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ।

ਰਾਤ ਵੇਲੇ ਭਾਈ ਨਿਹੰਗ ਖਾਨ ਦੀ ਭੂਆ ਬੀਬੀ ਉਮਰੀ ਦੇ ਦੋ ਪੁੱਤਰ ਭਾਈ ਨਬੀ ਖ਼ਾਨ ਅਤੇ ਭਾਈ ਗ਼ਨੀ ਖ਼ਾਨ ਮੁਗ਼ਲ ਫ਼ੌਜ ਦਾ ਨੀਲਾ ਬਾਣਾ ਲੈ ਕੇ ਆ ਗਏ। (ਜ਼ਫ਼ਰਨਾਮੇ ਵਿੱਚ ਵੀ ਮੁਗ਼ਲ ਫੌਜਾਂ ਦੀ ਪੋਸ਼ਾਕ ਨੂੰ ਗੁਰੂ ਸਾਹਿਬ ਨੇ ਸ਼ਿਆਹ (ਗੂੜੀ ਨੀਲੀ ਜਾਂ ਕਾਲੀ) ਹੀ ਲਿਖਿਆ ਹੈ)। ਉਨ੍ਹਾਂ ਗੁਰੂ ਸਾਹਿਬ ਨੂੰ ਉਥੋਂ ਲਿਜਾਣ ਵਾਸਤੇ ਭੇਸ ਬਦਲਣ ਵਾਸਤੇ ਆਖਿਆ। ਜਦੋਂ ਗੁਰੂ ਸਾਹਿਬ ਨੇ ਗੜ੍ਹੀ ਛੱਡਣ ਤੋਂ ਇਨਕਾਰ ਕਰ ਦਿੱਤਾ ਤਾਂ ਹਾਜ਼ਰ ਸਿੱਖਾਂ ਨੇ 'ਗੁਰਮਤਾ' ਕਰਕੇ ਗੁਰੂ ਸਾਹਿਬ ਨੂੰ ਹੁਕਮ ਜਾਰੀ ਕੀਤਾ ਜੋ ਗੁਰੂ ਸਾਹਿਬ ਨੂੰ ਮੰਨਣਾ ਪਿਆ। ਇਸ ਮੌਕੇ ਗੜ੍ਹੀ ਵਿੱਚ ਕੇਵਲ ਭਾਈ ਦਇਆ ਸਿੰਘ (ਪਿਆਰਾ) ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਦਇਆ ਸਿੰਘ ਪੁਰੋਹਿਤ ਭਾਈ ਰਾਮ ਸਿੰਘ (ਪਰਮਾਰ) ਭਾਈ ਸੰਗਤ ਸਿੰਘ ਛਾਬੜਾ ਅਤੇ ਭਾਈ ਸੰਤ ਸਿੰਘ ਬੰਗਸ਼ੇਰੀ ਹੀ ਰਹਿ ਗਏ ਸਨ। ਇਨ੍ਹਾਂ ਸਾਰਿਆਂ ਦੇ ਪੰਥ ਰੂਪ ਵਿੱਚ ਹੁਕਮ ਦੇਣ ਤੇ ਗੁਰੂ ਸਾਹਿਬ ਨੇ ਭੇਸ ਬਦਲਿਆ ਅਤੇ ਗੜ੍ਹੀ ਵਿਚੋਂ ਨਿਕਲਣ ਲਈ ਤਿਆਰ ਹੋ ਗਏ। ਗੁਰੂ ਸਾਹਿਬ ਦਾ ਚੋਲਾ ਭਾਈ ਸੰਗਤ ਸਿੰਘ ਛਾਬੜਾ ਨੇ ਪਹਿਣ ਲਿਆ ਅਤੇ ਕਲਗੀ ਵੀ ਸਜਾ ਲਈ ਤਾਂ ਮੁਗ਼ਲ ਫ਼ੌਜਾਂ ਭੁਲੇਖੇ ਵਿੱਚ ਫਸੀਆਂ ਰਹਿਣ। ਗੁਰੂ ਸਾਹਿਬ ਨੇ ਭਾਈ ਦਇਆ ਸਿੰਘ, ਧਰਮ ਸਿੰਘ, ਮਾਨ ਸਿੰਘ, ਰਾਮ ਸਿੰਘ ਤੇ ਦਇਆ ਸਿੰਘ ਪੁਰੋਹਿਤ ਨੂੰ

ਫ਼ੌਜ ਦੇ ਇਕ ਪ੍ਰਮੁੱਖ ਸਿਪਾਹੀ ਸਨ। ਉਹ ਗੁਰੂ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ।

28. ਭਾਈ ਸ਼ਾਮ ਸਿੰਘ —

ਭਾਈ ਸ਼ਾਮ ਸਿੰਘ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਪ੍ਰਮੁੱਖ ਸਿਪਾਹੀ ਸਨ। ਉਨ੍ਹਾਂ ਨੇ ਚਮਕੌਰ ਦੀ ਗੜ੍ਹੀ ਦੀ ਲੜਾਈ ਵਿਚ 7 ਦਸੰਬਰ 1705 ਦੇ ਦਿਨ ਸ਼ਹੀਦੀ ਹਾਸਿਲ ਕੀਤੀ ਸੀ।

29. ਭਾਈ ਸੁੱਖਾ ਸਿੰਘ —

ਭਾਈ ਸੁੱਖਾ ਸਿੰਘ 7 ਦਸੰਬਰ 1705 ਦੀ ਸ਼ਾਮ ਨੂੰ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਣ ਵਾਲੇ ਚਾਲ੍ਹੀ ਸਿੰਘਾਂ ਵਿਚੋਂ ਇਕ ਸਨ। ਆਪ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਆਪ ਨੇ ਆਨੰਦਪੁਰ ਸਾਹਿਬ ਅਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਭਰਪੂਰ ਹਿੱਸਾ ਲਿਆ ਸੀ ਅਤੇ ਆਪਣੀ ਬਹਾਦਰੀ ਦੇ ਜ਼ੌਹਰ ਦਿਖਾਏ ਸਨ।

30. ਭਾਈ ਕੇਸਰਾ ਸਿੰਘ —

ਭਾਈ ਕੇਸਰਾ ਸਿੰਘ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਵਿਚੋਂ ਇਕ ਸਨ। ਆਪ ਦੀ ਸ਼ਹੀਦੀ 7 ਦਸੰਬਰ 1705 ਦੀ ਦੁਪਹਿਰ ਤੋਂ ਮਗਰੋਂ ਤੇ ਹਨੇਰਾ ਸ਼ੁਰੂ ਹੋਣ ਤੋਂ ਪਹਿਲਾਂ ਹੋਈ ਸੀ। ਭਾਈ ਕੇਸਰਾ ਸਿੰਘ ਇਕ ਦਲੇਰ ਸਿਪਾਹੀ ਸਨ ਤੇ ਗੁਰੂ ਸਾਹਿਬ ਦੀ ਫ਼ੌਜ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ।

31. ਭਾਈ ਲਾਲ ਸਿੰਘ —

7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਦੇ ਬਾਹਰ ਹੋਈ ਲੜਾਈ ਵਿਚ ਸ਼ਹੀਦ ਹੋਏ ਭਾਈ ਲਾਲ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਨੇ ਪੰਜ ਪਿਆਰਿਆਂ, ਪੰਜ ਮੁਕਤਿਆਂ ਅਤੇ ਪਾਈ ਮਨੀ ਸਿੰਘ ਵਾਲੇ ਦਸਤੇ ਦੇ ਯਾਰ੍ਹਾਂ ਸਿੱਖਾਂ ਤੋਂ ਬਅਦ ਦੇ ਦਸਤੇ ਵਿਚ ਖੰਡੇ ਦੀ ਪਾਹੁਲ ਲਈ ਸੀ ਅਤੇ ਲਾਲ ਚੰਦ ਤੋਂ ਭਾਈ ਲਾਲ ਸਿੰਘ ਬਣੇ ਸਨ।

32. ਭਾਈ ਹੁਕਮ ਸਿੰਘ —

ਭਾਈ ਹੁਕਮ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਜਾਣੇ-ਪਛਾਣੇ ਸਿਪਾਹੀ ਸਨ। ਆਪ ਨੇ ਆਪਣੀ ਉਮਰ ਦਾ ਆਖ਼ਰੀ ਹਿੱਸਾ ਆਨੰਦਪੁਰ ਸਾਹਿਬ ਵਿਚ, ਗੁਰੂ ਸਾਹਿਬ ਦੀ ਸੰਗਤ ਵਿਚ, ਬਿਤਾਇਆ ਸੀ ਅਤੇ ਆਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਹਿੱਸਾ ਵੀ ਲਿਆ ਸੀ।

33. ਭਾਈ ਖ਼ਜ਼ਾਨ ਸਿੰਘ —

ਭਾਈ ਖ਼ਜ਼ਾਨ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਜ਼ਦੀਕੀ ਸਿੰਘਾਂ ਵਿਚੋਂ ਇਕ ਸਨ। ਆਪ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਪ੍ਰਮੁੱਖ ਸਿਪਾਹੀ ਸਨ। ਆਪ ਨੇ ਆਪਣੀ ਉਮਰ ਦਾ ਕਾਫ਼ੀ ਹਿੱਸਾ ਆਨੰਦਪੁਰ ਸਾਹਿਬ ਵਿਚ ਬਿਤਾਇਆ ਸੀ। ਆਪ ਅਕਸਰ ਗੁਰੂ ਸਾਹਿਬ ਦੇ ਨਾਲ ਰਿਹਾ ਕਰਦੇ ਸਨ। ਆਪ ਦਾ ਗੁਰੂ ਸਾਹਿਬ ਨਾਲ ਡੂੰਘਾ ਪਿਆਰ ਸੀ। 5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਆਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਗੁਰੂ ਸਾਹਿਬ ਦੇ ਨਾਲ ਜੀਣ ਮਰਨ ਦਾ ਪ੍ਰਣ ਕੀਤਾ ਸੀ।

115.

ਯਾਕੂਬ ਕੋ ਯੂਸਫ਼ ਕੇ ਬਿਛੜਨੇ ਨੇ ਰੁਲਾਇਆ।
ਸਾਬਰ ਕੋਈ, ਕਮ ਐਸਾ ਰਸੂਲੋਂ ਮੇਂ ਹੈ ਆਇਆ?
ਕਟਵਾ ਕੇ ਪਿਸਰ ਚਾਰੇ, ਇਕ ਆਂਸੂ ਨ ਗਿਰਾਇਆ।
ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਓਂ ਕਾ ਬੜਾਇਆ!

ਡੰਡਕ ਮੇਂ ਫਿਰੇ ਰਾਮ ਤੋ ਸੀਤਾ ਥੀਂ ਬਗਲ ਮੇਂ।
ਵੁਹ ਫ਼ਖ਼ਰਿ ਜਹਾਂ ਹਿੰਦ ਕੀ ਮਾਤਾ ਥੀ ਬਗਲ ਮੇਂ।

ਸ਼ਬਦ ਅਰਥ :- ਸਾਬਰ - ਸਿਦਕੀ, ਰਸੂਲੋਂ - ਖ਼ੁਦਾ ਦੇ ਭੇਜੇ ਅਵਤਾਰ, ਰੁਤਬਾ - ਮੁਰਾਤਬਾ, ਸ਼ੋਭਾ, ਅਹੁਦਾ, ਡੰਡਕ - ਇਕ ਪੁਰਾਣਾ ਜੰਗਲ ਤੋਂ ਵਿੰਧਯਾਚਲ ਤੋਂ ਲੈ ਕੇ ਗੋਦਾਵਰੀ ਨਦੀ ਦੇ ਕਿਨਾਰੇ ਤੱਕ ਫੈਲਿਆ ਹੈ,

ਰਾਮ - ਦਸ਼ਰਥ ਦਾ ਪੁੱਤਰ, ਫ਼ਖ਼ਰਿ ਜਹਾਂ - ਜਿਸ ਤੇ ਮਾਣ ਕੀਤਾ ਜਾਵੇ।

ਅਰਥਾਤ :- ਗੁਰੂ ਪਾਤਸ਼ਾਹ ਦੇ ਦੋਵੇਂ ਲਾਲ ਮੈਦਾਨੇ ਜੰਗ ਅੰਦਰ ਸ਼ਹਾਦਤ ਪ੍ਰਾਪਤ ਕਰ ਗਏ। ਜਿਸ ਸਮੇ ਯੂਸਫ਼[1] ਯਾਕੂਬ[2] ਤੋਂ ਵਿਛੜਿਆ ਤਾਂ ਯੂਸਫ ਪੁੱਤਰ ਦੇ ਗ਼ਮ ਵਿੱਚ ਰੋ ਰੋ ਕੇ ਅੰਨਾ ਹੋ ਗਿਆ ਪਰੰਤੂ ਕਵੀ ਲਿਖਦਾ ਹੈ ਕਿ ਅਕਾਲਪੁਰਖ ਦੇ ਭੇਜੇ ਅਵਤਾਰਾਂ[3] ਵਿੱਚ ਮੈਂ ਗੁਰੂ ਗੋਬਿੰਦ ਸਿੰਘ ਜੀ ਵਰਗਾ ਸਿਦਕ ਦਿਲ ਨਹੀਂ ਵੇਖਿਆ ਜਿਸ ਨੇ ਕੋਮ ਦੇ ਉਪਰੋਂ ਚਾਰੇ ਲਾਲ ਵਾਰ ਕੇ ਅੱਖ ਵਿੱਚੋ ਅੱਥਰੂ ਨਾ ਡੇਗਿਆ ਹੋਵੇ[4]। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਐਸਾ ਲਾਸਾਨੀ ਬਲਿਦਾਨ ਦੇ ਕੇ ਨਵਾਂ ਇਤਿਹਾਸ ਸਿਰਜਿਆ ਹੈ।

ਜਦੋਂ ਰਾਮ[5] ਬਨਵਾਸ ਵਾਸਤੇ ਜੰਗਲ (ਡੰਡਕ) ਵਿੱਚ ਗਏ ਤਾਂ ਸੀਤਾ[6] ਵਰਗੀ ਪਤਨੀ ਨਾਲ ਸੀ, ਜੋ ਲਵਕੁਸ਼ ਜਿਨਾਂ ਉਪਰ ਹਿੰਦੋਸਤਾਨ ਨੂੰ ਮਾਣ ਹੈ ਦੀ ਮਾਤਾ ਸੀ।

---

1. ਯੂਸਫ :- ਹਜਰਤ ਯਾਕੂਬ ਦੇ ਪੁੱਤਰ ਅਤੇ ਹਜ਼ਰਤ ਇਬਰਾਹੀਮ ਦੇ ਪੜਪੋਤੇ, ਯੂਸਫ ਦਾ ਉਲੇਖ ਬਾਈਬਲ ਵਿੱਚ ਹੋਇਆ ਹੈ। ਪਰ ਇਸਦਾ ਜਿਆਦਾ ਬ੍ਰਿਤਾਂਤ ਕੁਰਾਨ ਦੇ ਬਾਰਵੇਂ ਸੂਰੇ ਵਿੱਚ ਮਿਲਦਾ ਹੈ। ਅਤਿ ਸੁੰਦਰ ਯੂਸਫ ਪ੍ਰਤੀ ਪਿਤਾ ਵਲੋਂ ਅਧਿਕ ਰੁਚੀ ਵਿਖਾਉਣ ਕਾਰਣ ਮਤਰੇਏ ਭਰਾਵਾਂ ਨੇ ਈਰਖਾਂ-ਵਸ ਇਸ ਨੂੰ ਜੰਗਲ ਦੇ ਇਕ ਅੰਨ੍ਹੇ ਖੂਹ ਵਿੱਚ ਸੁੱਟ ਦਿੱਤਾ। ਇਸ ਖੂਹ ਕੋਲੋ ਇੱਕ ਲੰਘਦਾ ਸੌਦਾਗਰਾਂ ਦਾ ਇਕ ਕਾਫਲਾ ਇਸ ਨੂੰ ਖੂਹ ਵਿਚੋਂ ਕੱਢ ਕੇ ਮਿਸਰ ਲੈ ਗਿਆ ਅਤੇ ਕਿਤਫੀਰ ਨਾ ਦੇ

ਧਨਾਢ ਪਾਸ ਗ਼ੁਲਾਮ ਵਜੋਂ ਵੇਚ ਦਿੱਤਾ। ਕਿਤਫੀਰ ਦੀ ਪਤਨੀ ਜ਼ੁਲੈਖਾਂ ਯੂਸਫ ਤੇ ਮੋਹਿਤ ਹੋ ਗਈ, ਪਰ ਯੂਸਫ ਨੇ ਉਸਦੀ ਕਾਮੁਕ ਪੇਸ਼ਕਸ਼ ਠੁਕਰਾ ਦਿੱਤੀ। ਖਿਝੀ ਹੋਈ ਜ਼ੁਲੈਖਾਂ ਨੇ ਯੂਸਫ ਉਤੇ ਵਿਭਚਾਰ ਦਾ ਦੂਸ਼ਣ ਲਗਾ ਕੇ ਆਪਣੇ ਪਤੀ ਦੁਆਰਾ ਕੈਦ ਕਰਵਾ ਦਿੱਤਾ। ਕਾਲਾਂਤਰ ਵਿੱਚ ਮਿਸ਼ਰ ਦੇ ਬਾਦਸ਼ਾਹ ਨੂੰ ਆਏ ਇਕ ਸੁਪਨੇ ਦਾ ਸਹੀ ਸਹੀ ਫਲ ਦੱਸਣ ਕਾਰਣ ਬਾਦਸ਼ਾਹ ਨੇ ਯੂਸਫ ਨੂੰ ਕੈਦ ਤੋਂ ਮੁਕਤ ਕਰਕੇ ਆਪਣੇ ਕੋਲ ਨੌਕਰ ਰੱਖ ਲਿਆ। ਅਤੇ ਆਪਣੀ ਯੋਗਤਾ ਨਾਲ ਮੰਤਰੀ ਪਦ ਉਤੇ ਪਹੁੰਚ ਗਿਆ। ਇਕ ਵਾਰ ਕਾਲ ਪੈਣ ਕਾਰਣ ਯੂਸਫ ਦੇ ਭਰਾ ਅੰਨ ਲੈਣ ਲਈ ਮਿਸਰ ਆਏ। ਯੂਸਫ ਨੇ ਉਨ੍ਹਾਂ ਨਾਲ ਬਹੁਤ ਚੰਗਾ ਸਲੂਕ ਕੀਤਾ। ਜਦੋਂ ਉਹਨਾਂ ਨੂੰ ਯੂਸਫ ਦੇ ਪਿਛੋਕੜ ਦਾ ਪਤਾ ਲੱਗਾ ਤਾਂ ਬਹੁਤ ਪਛਤਾਏ ਤੇ ਮਾਫੀ ਮੰਗੀ। ਯੂਸਫ ਨੇ ਉਨ੍ਹਾਂ ਨੂੰ ਖਿਮਾਂ ਕਰ ਦਿੱਤਾ ਤੇ ਖ਼ੁਦਾ ਤੋਂ ਵੀ ਮਾਫ ਕਰਾਉਣ ਲਈ ਪ੍ਰਾਰਥਨਾ ਕੀਤੀ।

"ਕੁਰਾਨ" ਵਿਚ ਉਲਿਖਿਤ ਹੋਣ ਕਾਰਣ ਉਸਨੂੰ ਇਕ ਪਵਿੱਤਰ ਕਥਾ ਸਮਝਿਆ ਜਾਂਦਾ ਹੈ। ਇਸ ਨੂੰ ਅਹਸਨਲ ਕਸ਼ਿਸ਼ (ਅਰਥਾਤ ਸਭ ਤੋਂ ਸ੍ਰੇਸ਼ਠ ਕਿੱਸਾ) ਵੀ ਕਿਹਾ ਜਾਂਦਾ ਹੈ। ਇਸ ਪ੍ਰੇਮ ਆਖਿਆਨ ਦੇ ਅਧਾਰ ਤੇ ਫਾਰਸੀ ਤੋਂ ਇਲਾਵਾ ਅਨੇਕ ਭਾਰਤੀ ਭਾਸ਼ਾਵਾਂ ਵਿੱਚ ਵੀ ਰਚਨਾਵਾਂ ਤਿਆਰ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਨਵੀਆਂ ਕਈ ਪ੍ਰਕਾਰ ਦੀਆਂ ਨਵੀਆਂ ਕਲਪਨਾਵਾਂ ਅਥਵਾ ਉਦਭਾਵਨਾਵਾਂ ਸਮੋਈਆਂ ਗਈਆਂ। ਪੰਜਾਬੀ ਵਿੱਚ ਇਸ ਪ੍ਰੇਮ ਕਥਾ ਬਾਰੇ ਸਭ ਤੋਂ ਪਹਿਲਾਂ ਕਿੱਸਾ ਹਾਫਿੱਸ ਬਰਖ਼ੁਰਦਾਰ ਨੇ ਲਿਖਿਆ। ਪੰਜਾਬੀ ਵਿੱਚ ਲਿਖੇ ਗਏ ਕਿੱਸਿਆਂ ਅਤੇ ਲੋਕ ਵਾਰਤਾਵਾਂ ਅਨੁਸਾਰ ਇਸ ਆਖਿਆਨ ਦਾ ਸਾਰਾਸ ਇਸ ਪ੍ਰਕਾਰ ਹੈ।

ਈਸਵੀ ਸੰਨ ਦੇ ਸ਼ੁਰੂ ਹੋਣ ਦੇ ਨੇੜੇ ਤੇੜੇ ਕਨਿਆਨ (ਇਸਰਾਇਲ) ਦੇ ਬਾਦਸ਼ਾਹ ਹਜ਼ਰਤ ਯਾਕੂਬ ਦੇ ਚਾਰ ਪੁੱਤਰਾਂ ਵਿਚੋਂ ਸਭ ਤੋਂ ਛੋਟਾ ਯੂਸਫ, ਸਭ ਤੋਂ ਸੋਹਣਾ ਤੇ ਬੁੱਧੀਮਾਨ ਸੀ। ਇਸ ਲਈ ਉਸਨੂੰ ਕਨਿਆਨ ਦਾ ਚੰਦ੍ਰਮਾਂ (ਮਾਹਿ ਕਨਿਆਨ) ਕਿਹਾ ਜਾਂਦਾ ਸੀ। ਯਕੂਬ ਤੇ ਯੂਸਫ ਪ੍ਰਤੀ ਅਧਿਕ ਝੁਕਾ ਵੇਖ ਕੇ ਬਾਕੀ ਭਰਾਵਾਂ ਨੂੰ ਡਰ ਪੈਦਾ ਹੋ ਗਿਆ ਕਿ ਕਿਤੇ ਬਾਪ ਯੂਸਫ ਨੂੰ ਹੀ ਬਾਦਸ਼ਾਹੀ ਨਾ ਦੇ ਦੇਵੇ ਫਲਸਰੂਪ ਉਹ ਇਕ ਦਿਨ ਯੂਸਫ ਨੂੰ ਸ਼ਿਕਾਰ ਦੇ ਬਹਾਨੇ ਜੰਗਲ ਵਿੱਚ ਲੈ ਗਏ ਤੇ ਅੰਨੇ ਖੂਹ ਵਿੱਚ ਸੁੱਟ ਦਿੱਤਾ। ਵਾਪਸ ਪਰਤ ਕੇ ਕਿਸੇ ਪਸ਼ੂ ਦੇ ਲਹੂ ਨਾਲ ਲਿਬੜੇ ਇਸਦੇ ਕੱਪੜੇ ਵਿਖਾ ਕੇ ਬਾਪ ਨੂੰ ਕਹਿ ਦਿੱਤਾ। ਕਿ ਯੂਸਫ ਨੂੰ ਬਗਿਆੜ ਖਾ ਗਿਆ ਹੈ। ਯਕੂਬ ਪੁੱਤਰ ਦੇ ਵਿਯੋਗ ਵਿੱਚ ਰੋ ਰੋ ਕੇ ਅੰਨ੍ਹਾਂ ਹੋ ਗਿਆ।

ਉਧਰੋਂ ਸੁਧਾਗਰਾਂ ਦਾ ਇਕ ਕਾਫਲਾ ਖੂਹ ਕੋਲੋਂ ਲੰਘਿਆ। ਖੂਹ ਵਿੱਚ ਉਹਨਾਂ ਨੇ ਮਨੁੱਖੀ ਆਵਾਜ਼ ਸੁਣ ਕੇ ਯੂਸਫ ਨੂੰ ਬਾਹਰ ਕੱਢਿਆ ਤੇ ਆਪਣੇ ਦੇਸ਼ ਮਿਸ਼ਰ ਲੈ ਗਏ। ਉਥੇ ਗ਼ੁਲਾਮਾਂ ਦੀ ਲੱਗੀ ਮੰਡੀ ਵਿਚੋਂ ਯੂਸਫ ਨੂੰ ਮਿਸਰ ਦੇ ਬਾਦਸ਼ਾਹ ਅਜੀਜ ਦੀ ਸਭ ਤੋਂ ਛੋਟੀ ਰਾਣੀ ਜ਼ੁਲੈਖਾਂ ਦੇ ਮਹੱਲ ਵਿੱਚ ਕੰਮ ਕਰਨ ਲਈ ਖਰੀਦ ਲਿਆ। ਜਦੋਂ ਯੂਸਫ ਭਰ ਜਵਾਨ ਹੋਨਿਆਂ ਤਾਂ ਜ਼ੁਲੈਖਾਂ ਉਸਦੀ ਖ਼ੂਬਸੂਰਤੀ ਨੂੰ ਵੇਖ ਕੇ ਉਸ ਤੇ ਮੋਹਿਤ ਹੋ ਗਈ। ਉਸਨੇ ਹਰ ਹੀਲੇ ਯੂਸਫ ਦਾ ਸੰਜੋਗ ਸੁਖ ਪ੍ਰਾਪਤ ਕਰਨ ਦਾ ਯਤਨ ਕੀਤਾ। ਪਰ ਯੂਸਫ ਆਪਣੇ ਧਰਮ ਤੋਂ ਨਾ ਥਿੜਕਿਆ। ਜ਼ੁਲੈਖਾਂ ਨੇ ਖਿਝ ਕੇ ਯੂਸਫ ਨੂੰ ਕੈਦ ਕਰਵਾ ਦਿੱਤਾ। ਉਥੇ ਵੀ ਯੂਸਫ ਨੂੰ ਹੁੰਗਾਰਾ ਭਰਨ ਲਈ ਕਈ ਵਾਰੀ ਗਈ ਪਰ ਇਹ ਆਪਣੇ ਆਦਰਸ਼ ਤੋਂ ਨਾ ਟਲਿਆ। ਕੁਝ ਸਮੇਂ ਬਾਦ ਮਿਸਰ ਦਾ ਬਾਦਸ਼ਾਹ ਅਜੀਜ ਮਰ ਗਿਆ। ਜ਼ੁਲੈਖਾਂ ਨੇ ਯੂਸਫ ਨੂੰ ਰਿਹਾ

ਕਰਾ ਕੇ ਆਪਣੇ ਵਿਆਹ ਦਾ ਪ੍ਰਸਤਾਵ ਰੱਖਿਆ। ਜ਼ੁਲੈਖਾਂ ਨੇ ਪਿਆਰ ਨੂੰ ਸੱਚਾ ਵੇਖ ਕੇ ਯੂਸਫ ਨੇ ਹਾਂ ਕਰ ਦਿੱਤੀ ਤੇ ਜ਼ੁਲੈਖਾਂ ਨਾਲ ਵਿਆਹ ਕਰਾ ਕੇ ਉਹ ਮਿਸ਼ਰ ਦਾ ਰਾਜਾ ਬਣ ਗਿਆ।

ਸੰਯੋਗ ਵਸ ਕਨਿਆਨ ਵਿੱਚ ਕਾਲ ਪੈ ਜਾਣ ਕਾਰਣ ਯੂਸਫ ਨੇ ਅੰਨ ਆਦਿ ਦੇ ਕੇ ਬਹੁਤ ਮਦਦ ਕੀਤੀ। ਜਦੋਂ ਲੋਕਾਂ ਨੂੰ ਕਨਿਆਨ ਦੇ ਯੂਸਫ ਦੀ ਵਾਸਤਵਿਕਤਾ ਦਾ ਬੋਧ ਹੋਇਆ ਤੇ ਉਹ ਬਹੁਤ ਪ੍ਰਸੰਨ ਹੋਏ ਤੇ ਉਹਨਾਂ ਯੂਸਫ ਨੂੰ ਕਨਿਆਨ ਦਾ ਬਾਦਸ਼ਾਹ ਵੀ ਬਣਾ ਦਿੱਤਾ।

ਇਸ ਪ੍ਰੇਮ-ਆਖਿਆਨ ਨੂੰ ਸੱਚੇ ਪ੍ਰੇਮ ਦਾ ਸੁੰਦਰ ਨਮੂਨਾ ਦੱਸਿਆ ਜਾਂਦਾ ਹੈ। ਸੂਫੀ ਫਕੀਰਾਂ ਨੇ ਇਸ਼ਕੇ ਮਜਾਜੀ ਤੇ ਇਸ਼ਕੇ ਹਕੀਕੀ ਵੱਲ ਯਾਤਰਾ ਕਰਦਿਆਂ ਇਸ ਪ੍ਰੇਮ ਕਥਾ ਦੇ ਰੂਪਕ ਨੂੰ ਸਾਧਨ ਵਜੋਂ ਵਰਤਿਆ ਹੈ। ਕਿਉਂਕਿ ਜਦ ਤੱਕ ਵਾਸ਼ਨਾਵਾਂ ਖਤਮ ਨਹੀਂ ਹੁੰਦੀਆਂ ਤਦ ਤੱਕ ਜੀਵਾਤਮਾਂ ਰੂਪੀ ਜ਼ੁਲੈਖਾਂ ਦਾ ਪਰਮਾਤਮਾ ਰੂਪੀ ਯੂਸਫ ਨਾਲ ਸੱਚਾ ਪ੍ਰੇਮ ਕਾਇਮ ਨਹੀਂ ਹੋ ਸਕਦਾ। ਬੁੱਲੇ ਸ਼ਾਹ ਨੇ ਇਸ ਪ੍ਰੇਮ ਪ੍ਰਸੰਗ ਦਾ ਹਵਾਲਾ ਦਿੰਦੇ ਲਿਖਿਆ ਹੈ। ਖਵਾਬ ਜ਼ੁਲੈਖਾਂ ਨੂੰ ਦਿਖਲਾਇਓਂ, ਯੂਸਫ ਖੂਹ ਦੇ ਵਿੱਚ ਪਵਾਈਉ, ਭਾਈਆਂ ਨੂੰ ਇਲਜਾਮ ਦਿਵਾਇਉ, ਤਾਂ ਮਰਤਬ ਚੜ੍ਹਿਆ ਈ। ਅਤੇ ਖੂਹ ਵਿੱਚ ਯੂਸਫ ਪਾਇਉ ਨੇ ਫੜ ਵਿੱਚ ਬਾਜ਼ਾਰ ਵਿਕਾਇਉ ਨੇ। ਨੇਹੁੰ ਲਾ ਵੇਖ ਜ਼ੁਲੈਖਾਂ ਲਏ, ਉਥੇ ਆਸ਼ਕ ਤੜਫਨ ਪਏ।

2\. ਯਾਕੂਬ - ਇੱਕ ਪੈਗੰਬਰ ਜਿਸ ਦਾ ਇੱਕ ਨਾਮਾਤਰ 'ਇਸਰਾਈਲ' ਸੀ। ਇਸ ਦੇ ਪਿਤਾ ਦਾ ਨਾਂ ਇਸਹਾਕ ਅਤੇ ਦਾਦੇ ਦਾ ਨਾਂ ਇਬਰਾਹੀਮ ਸੀ। ਯੂਸਫ ਇਸ ਦਾ ਪੁੱਤਰ ਸੀ। ਜਿਸ ਨੂੰ ਇਹ ਬਹੁਤ ਅਧਿਕ ਪਿਆਰ ਕਰਦਾ ਸੀ। ਯੂਸਫ ਦੇ ਭਰਾਵਾਂ ਨੇ ਈਰਖਾ ਵਸ ਉਸਨੂੰ ਖੂਹ ਵਿੱਚ ਸੁੱਟ ਦਿੱਤਾ ਅਤੇ ਪਿਉ ਨੂੰ ਉਸਦੇ ਜੰਗਲੀ ਜਾਨਵਰਾਂ ਦੁਆਰਾ ਮਾਰੇ ਜਾਣ ਦੀ ਖਬਰ ਦੇ ਦਿੱਤੀ। ਪੁੱਤਰ ਦੇ ਵਿਯੋਗ ਵਿੱਚ ਯਾਕੂਬ ਬਹੁਤ ਦੁਖੀ ਹੋਇਆ। ਵਾਰਿਸ ਸਾਹ ਨੇ ਇਸ ਤੱਕ ਵੱਲ ਸੰਕੇਤ ਕੀਤਾ ਹੈ- ਇਸ਼ਕ ਨਾਲ ਫਰਜ਼ੰਦ ਅਜੀਜ਼ ਯੂਸਫ ਨਾਹਰੇ ਦਰਦ ਦੇ ਬਹੁਤ ਯਾਕੂਬ ਕੀਤੇ।

ਇਸ ਦੀਆਂ ਦੋ ਪਤਨੀਆਂ ਅਤੇ ਦੋ ਦਾਸੀਆਂ ਤੋਂ ਬਾਰਾਂ ਪੁੱਤਰ ਪੈਦਾ ਹੋਏ ਇਸਰਾਇਲੀ ਜਾਤਿ ਦੀਆਂ ਬਾਰਾਂ ਵੰਸ਼ ਪਰੰਪਰਾਵਾਂ ਚਲੀਆਂ। ਇਸ ਦਾ ਉਲੇਖ ਕੁਰਾਨ ਅਤੇ ਬਾਈਬਲ ਵਿੱਚ ਹੋਇਆ ਹੈ ਇਸ ਦਾ ਦੇਹਾਂਤ ਮਿਸਰ ਦੇਸ਼ ਵਿੱਚ ਲਗਭਗ 147 ਵਰਿਆਂ ਦੀ ਉਮਰ ਵਿੱਚ ਹੋਇਆਂ।

3\. ਅਵਤਾਰ:- ਇਸ ਸ਼ਬਦ ਦਾ ਅਰਥ ਹੈ ਉੱਚੇ ਸਥਾਨ ਤੋਂ ਨੀਵੇਂ ਸਥਾਨ ਤੇ ਉਤਰਨਾ (ਅਣਤਰਵਮਵਤਾਰ)। ਪਰ ਇਸ ਦੇ ਸਧਾਰਨ ਅਰਥ ਤੋਂ ਹੱਟ ਕੇ ਇੱਕ ਵਿਸ਼ੇਸ਼ ਅਰਥ ਵੀ ਹੈ ਭਗਵਾਨ ਦਾ ਬੈਕੁੰਠ-ਧਾਮ ਤੇ ਭੂ ਲੋਕ ਵਿੱਚ ਆਪਣੀ ਲੀਲਾ ਦਿਖਾਉਣ ਲਈ ਪ੍ਰਗਟ ਹੋਣਾ। ਸਨਾਤਨੀ ਹਿੰਦੂ ਵਿਚਾਰਧਾਰਾ ਅਨੁਸਾਰ ਈਸ਼ਵਰ ਭਾਵੇਂ ਸਰਵਵਿਆਪਕ ਹੈ ਫਿਰ ਵੀ ਸਮੇਂ-ਸਮੇਂ ਲੋੜ ਅਨੁਸਾਰ ਧਰਤੀ ਉਤੇ ਕਿਸੇ ਵਿਸ਼ੇਸ਼ ਰੂਪ ਵਿੱਚ ਆਪਣੀ ਯੋਗ ਮਾਯਾ ਦੁਆਰਾ ਪੈਦਾ ਹੁੰਦਾ ਹੈ। ਇਸ ਤਰ੍ਹਾਂ ਪ੍ਰਮਾਤਮਾ ਦੀ ਵਿਸ਼ੇਸ਼ ਸ਼ਕਤੀ ਦਾ ਮਾਯਾ ਨਾ ਸੰਬੰਧਿਤ ਹੋਣਾ ਅਤੇ ਫਿਰ ਪ੍ਰਗਟ ਹੋਣਾ ਹੀ ਅਵਤਾਰ ਧਾਰਨ ਕਰਨ ਦੀ ਪ੍ਰਕਿਰਿਆ ਦਾ ਅਵਰਤਣ ਹੈ। ਇਸ ਵਿਚਾਰਧਾਰਾ ਤੇ ਆਧਾਰਿਤ ਸਿਧਾਂਤ ਨੂੰ ਅਵਤਾਰਵਾਦ ਕਿਹਾ ਜਾਂਦਾ ਹੈ।

ਇਸ ਵਿੱਚ ਕੋਈ ਸੰਦੇਹ ਨਹੀਂ ਹੈ ਕਿ ਅਵਤਾਰਾਂ ਸੰਬੰਧੀ ਉਲੇਖ ਵੈਦਿਕ ਸਾਹਿਤ ਵਿੱਚ ਮਿਲ ਜਾਂਦਾ ਹੈ, ਪਰ ਅਵਤਾਰਾਂ ਸੰਬੰਧੀ ਉਲੇਖ ਵੈਦਿਕ ਸਾਹਿਤ ਵਿੱਚ ਮਿਲ ਜਾਂਦਾ ਹੈ, ਪਰ ਅਵਤਾਰਾਂ

ਸੰਬੰਧੀ ਵਿਸਤਾਰ ਸਾਹਿਤ ਚਰਚਾ ਪੁਰਾਣ-ਸਾਹਿਤ ਵਿੱਚ ਹੋਈ ਹੈ। ਲਗਭਗ ਸਾਰੇ ਪੁਰਾਣਾਂ ਵਿੱਚ ਕੋਈ ਨਾ ਕੋਈ ਅਵਤਾਰ ਪ੍ਰਸੰਗ ਮਿਲ ਜਾਂਦਾ ਹੈ। ਸ਼ੈਵ-ਮਤ ਦੀ ਭਾਵਨਾ ਵਾਲੇ ਪੁਰਾਣਾਂ ਵਿੱਚ ਭਗਵਾਨ ਸ਼ੰਕਰ ਦੇ ਅਨੇਕ ਅਵਤਾਰਾਂ ਦਾ ਬ੍ਰਿਤਾਂਤ ਦਿੱਤਾ ਹੋਇਆ ਹੈ। ਇਸੇ ਤਰ੍ਹਾਂ ਵੈਸ਼ਣਵ ਪੁਰਾਣਾਂ ਵਿੱਚ ਵਿਸ਼ਣੂ ਦੇ ਅਵਗਿਣਤ ਅਵਤਾਰ ਦੱਸੇ ਗਏ ਹਨ ਅਤੇ ਹੋਰਨਾਂ ਪੁਰਾਣਾਂ ਵਿੱਚ ਹੋਰਨਾਂ ਦੇਵਤਿਆਂ ਦੇ ਅਵਤਾਰਾਂ ਦੇ ਆਖਿਆਨਾਂ ਦਾ ਵਰਨਣ ਹੈ। ਭਵਿਸ਼ ਆਦਿ ਕਈ ਸੌਰ ਪੁਰਾਣ ਹਨ ਜਿਨਾਂ ਵਿੱਚ ਸੂਰਜ ਦੇਵਤਾ ਦੇ ਅਵਤਾਰ ਗਿਣਾਏ ਜਾਂਦੇ ਹਨ। ਮਾਰਕੰਡੇਯ ਆਦਿ ਸਾਕਤ ਪੁਰਾਣਾਂ ਵਿੱਚ ਦੇਵੀ ਦੇ ਅਵਤਾਰਾਂ ਦਾ ਵਰਨਣ ਹੈ। ਕਿਤੇ-ਕਿਤੇ ਗਣਪਤੀ ਦੇ ਸਗੁਣ ਜਾ ਅਵਤਾਰੀ ਰੂਪਾਂ ਦੀ ਕਲਪਨਾ ਮਿਲਦੀ ਹੈ। ਪਾਲਕ ਹੋਣ ਕਾਰਨ ਪੁਰਾਣਾਂ ਵਿੱਚ ਵਿਸ਼ਣੂ ਦੇ ਅਵਤਾਰਾਂ ਦਾ ਵਰਨਣ ਮੁਕਾਬਲਤਨ ਅਧਿਕ ਹੋਇਆ ਹੈ। ਵਿਸ਼ਣੂ ਦੇ ਦਸ ਅਵਤਾਰ ਬਹੁਤ ਪ੍ਰਸਿੱਧ ਹਨ - ਮਤ੍ਸ੍ਯ, ਕੂਰਮ, ਵਰਾਹ ਨ੍ਰਿਸਿੰਹ, ਵਾਮਨ, ਪਰਸਰਾਮ, ਰਾਮ, ਕ੍ਰਿਸਨ, ਬੁੱਧ ਅਤੇ ਕਲਕੀ। ਇਹਨਾਂ ਵਿੱਚੋਂ ਪਹਿਲੇ ਪੰਜ ਕਾਲਪਨਿਕ ਜਾਂ ਮਿਥਿਕ ਹਨ, ਅਗਲੇ ਚਾਰ ਦਾ ਅਧਾਰ ਇਤਿਹਾਸਿਕ ਹੈ ਅਤੇ ਦਸਵਾਂ ਕਲਕੀ ਅਵਤਾਰ ਕਲਿਯੁਗ ਦੇ ਅੰਤ ਵਿੱਚ ਪ੍ਰਗਟ ਹੋ ਕੇ ਹਿੰਦੂ ਧਰਮ ਦੀ ਪੁਨਰ ਸਥਾਪਨਾ ਕਰੇਗਾ ਅਤੇ ਵਿਪੱਖੀਆਂ ਦਾ ਨਾਮ ਕਰੇਗਾ। ਇਨਾਂ ਦਸਾਂ ਅਵਤਾਰਾਂ ਵਿਚੋਂ ਰਾਮ ਅਤੇ ਕ੍ਰਿਸ਼ਨ ਦਾ ਅਧਿਕ ਵਰਨਣ ਹੋਇਆ ਹੈ।

'ਭਾਗਵਤ ਪੁਰਾਣ' (ਸਕੰਧ 1/3) ਵਿੱਚ ਵਿਸ਼ਣੂ ਦੇ ਅਵਤਾਰਾਂ ਦੀ ਗਿਣਤੀ 22 ਲਿਖੀ ਹੈ ਸਨਕਾਦਿਕ, ਸੂਕਰ (ਵਰਾਹ) ਨਾਰਦ। ਨਰ-ਨਾਰਾਇਣ, ਕਪਿਲ, ਦੱਤਾਤ੍ਰੇਯ, ਸੁਯੱਗ, ਰਿਸ਼ਭਦੇਵ ਪ੍ਰਿਥੁ, ਮਤਸ੍ਯ, ਕੱਛਪ, ਧਨਵੰਤਰੀ, ਮੋਹਿਨੀ, ਨਰਸਿੰਹ, ਵਾਮਨ, ਪਰਸੁਰਾਮ, ਵਿਆਸ, ਰਾਮ ਬਲਰਾਮ, ਕ੍ਰਿਸ਼ਨ, ਬੁੱਧ, ਕਲਕੀ। ਪਰ ਇਸ ਪੁਰਾਣ (ਸਕੰਧ 2/7) ਵਿੱਚ ਇੱਕ ਥਾਂ ਇਹ ਗਿਣਤੀ ਵਧਾ ਕੇ 24 ਕਰ ਦਿੱਤੀ ਹੈ। ਉਥੇ ਨਾਰਦ ਅਤੇ ਮੋਹਿਨੀ ਦੋਹਾਂ ਦਾ ਉਲੇਖ ਨਹੀਂ ਹੋਇਆ। ਅਤੇ ਬਲਰਾਮ ਤੇ ਕ੍ਰਿਸ਼ਨ ਨੂੰ ਇੱਕ ਮੰਨਿਆ। ਬਾਕੀ ਦੇ ਪੰਜ ਅਵਤਾਰ ਇਹ ਹਨ-

ਮਨੁ,ਹੰਸ, ਹਯਗ੍ਰੀਵ, ਰਾਜਤ੍ਰਾਸ, ਨਿਵਾਰਕ, ਧ੍ਰਹ ਸਹਾਇਕ। ਸਪੱਸ਼ਟ ਹੈ ਕਿ ਪੁਰਾਣਾਂ ਵਿੱਚ ਵਿਸ਼ਣੂ ਦੇ ਅਵਤਾਰਾਂ ਦੀ ਕਲਪਨਾ ਸਮਾਨ ਰੂਪ ਵਿੱਚ ਨਹੀਂ ਹੋਈ? ਫਿਰ ਵੀ 24 ਗਿਣਤੀ ਆਮ ਪ੍ਰਚਲਿਤ ਹੈ। ਅਸਲ ਵਿੱਚ ਵਿਸ਼ਣੂ ਦੇ ਅਵਤਾਰਾਂ ਦੀ ਗਿਣਤੀ ਬੇਅੰਤ ਹੈ। ਭਾਗਵਤ ਪੁਰਾਣ (ਸਕੰਧ 1/3) ਅਨੁਸਾਰ ਜਿਵੇਂ ਅਗਾਧ ਸਰੋਵਰ ਤੋਂ ਹਜਾਰਾਂ ਨਿੱਕੇ ਨਿੱਕੇ ਨਾਲੇ ਨਿਕਲਦੇ ਹਨ, ਇਸੇ ਤਰ੍ਹਾਂ ਹੀ ਸਤਿਸਰੂਪ ਹਰਿ ਤੋਂ ਅਸੰਖ ਅਵਤਾਰਾਂ ਦਾ ਉਦਭਵ ਹੁੰਦਾ ਹੈ।

ਵਿਸ਼ਣੂ ਦੇ ਅਵਤਾਰਾਂ ਦਾ ਸਰੂਪ ਅਧਿਕਤਰ ਰੱਖਿਅਕ ਅਤੇ ਮਾਲਕ ਵਾਲਾ ਰਿਹਾ ਹੈ। ਆਮ ਤੌਰ ਤੇ ਵਿਸ਼ਣੂ ਤਦੋਂ ਅਵਤਾਰ ਲੈਂਦਾ ਹੈ। ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦਾ ਵਾਧਾ ਹੁੰਦਾ ਹੈ। ਭਗਤਾਂ ਦੀ ਸਹਾਇਤਾ ਵਿਸ਼ਣੂ ਦੇ ਅਵਤਾਰਾਂ ਦਾ ਮੁੱਖ ਉਦੇਸ਼ ਹੈ। 'ਭਗਵਦ ਗੀਤਾ' (4/7-8) ਵਿੱਚ ਇਸੇ ਸਿਧਾਂਤ ਦੀ ਸਥਾਪਨਾ ਹੋਈ ਹੈ। ਦਸਮ ਗ੍ਰੰਥ ਵਿੱਚ ਵੀ ਲਿਖਿਆ ਹੈ- 'ਜਬ ਤਬ ਹੋਤ ਅਰਿਸਟਿ ਅਪਾਰਾ। ਤਬ ਤਬ ਦੇਹ ਧਰਤ ਅਵਤਾਰਾ। ਕਾਲ ਸਬਨ ਕੋ ਪੇਖ ਤਮਾਸ਼ਾ। ਅੰਤਹ ਕਾਲ ਕਰਤ ਹੈ ਨਾਸ਼ਾ। ਇਸ ਗ੍ਰੰਥ ਵਿੱਚ ਵਰਣਿਤ ਚੌਬਿਸ ਅਵਤਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ- ਮੱਛ, ਕੱਛ, ਨਰ, ਨਰਾਇਣ, ਮਹਾਮੋਹਿਨੀ, ਬੈਰਾਹ, ਨਰਸਿੰਘ, ਬਾਵਨ, ਪਰਸਰਾਮ, ਬ੍ਰਹਮਾਂ ਰੁਦ੍ਰ ਜਲੰਧਰ, ਅਦਿੱਤੀ ਪੁੱਤਰ, ਮਧੁ-ਕੈਟਭ ਸੰਘਾਰਕ, ਅਰਹੰਤ ਦੇਵ, ਮਨੁ, ਧਨਵੰਤਰ, ਸੂਰਜ ਚੰਦ੍ਰ, ਰਾਮ, ਕ੍ਰਿਸ਼ਨ, ਨਰ

ਮੇਰੇ ਹੱਥ ਵਿਚੋਂ ਕਲਮ ਨਹੀਂ ਹਜ਼ਰਤ ਮੂਸਾ ਦਾ ਡੰਡਾ ਹੈ ਜਿਸ ਦੇ ਸਦਕਾ ਫਰਊੱਨ[1] ਵਰਗੇ ਦੁਸ਼ਮਣ ਦੀ ਮੌਤ ਮੇਰੀ ਮੁੱਠੀ ਵਿਚ ਹੈ।

---

1. ਫੱਰਊਨ :- ਫੱਰਊਨ ਮਿਸਰ ਦਾ ਇਕ ਮਸ਼ਹੂਰ ਬਾਦਸ਼ਾਹ ਸੀ। ਇਹ ਹਜ਼ਰਤ ਮੂਸਾ ਦੇ ਸਮੇਂ ਹੋਇਆ ਸੀ। ਇਸ ਨੇ ਇਸਰਾਈਲ ਵੰਸ਼ਿਆ ਉਪਰ ਬਹੁਤ ਜ਼ੁਲਮ ਕੀਤੇ। ਇਹ ਖ਼ੁਦਾਈ ਦਾ ਦਾਅਵਾ ਕਰਿਆ ਕਰਦਾ ਸੀ ਅਤੇ ਬਹੁਤ ਹੀ ਜ਼ਾਲਿਮ ਸੀ। ਇਹ ਹਜ਼ਰਤ ਮੂਸਾ ਨੂੰ ਖਤਮ ਕਰਨਾ ਚਾਹੁੰਦਾ ਸੀ। ਕੁਦਰਤੀ ਤੌਰ ਤੇ ਮਿਸਰ ਵਿਚ ਪਲੇਗ ਫੈਲ ਗਈ ਅਤੇ ਹਜਰਤ ਮੂਸਾ ਆਪਣੀ ਕੌਮ ਨੂੰ ਲੈ ਕੇ ਮਿਸਰ ਤੋਂ ਬਾਹਰ ਚਲ ਪਏ। ਹਜ਼ਰਤ ਮੂਸਾ ਲਾਲ ਸਾਗਰ (Red Sea) ਦੇ ਕਿਨਾਰੇ-ਕਿਨਾਰੇ ਨਿਕਲੇ। ਫਰਊੱਨ ਨੂੰ ਹਜ਼ਰਤ ਮੂਸਾ ਦੇ ਨਿਕਲਣ ਬਾਰੇ ਪਤਾ ਲੱਗਾ ਤਾਂ ਇਸ ਨੇ ਬੇਸ਼ੁਮਾਰ ਫ਼ੌਜ ਲੈ ਕੇ ਹਜ਼ਰਤ ਮੂਸਾ ਨਾਲ ਨਿਕਲ ਰਹੇ ਵਹੀਰ ਦਾ ਪਿੱਛਾ ਕੀਤਾ। ਕੁਦਰਤੀ ਤੌਰ ਤੇ ਸਮੁੰਦਰੀ ਪਾਣੀ ਦਾ ਐਸਾ ਤੇਜ ਵਹਾਅ ਆਇਆ ਕਿ ਫੱਰਊਨ ਫ਼ੌਜ ਸਮੇਤ ਡੁੱਬ ਗਿਆ।

ਅਰਜਨ ਧਾਹਾਂ ਮਾਰ-ਮਾਰ ਕੇ ਰੋ ਉਠਿਆ।

4. ਰੂਸ ਦੀ ਜੰਗ ਵਿੱਚ ਨੈਪੋਲੀਅਨ ਆਪਣੇ ਕੇਵਲ ਇਕ ਸਿਪਾਹੀ ਦੀ ਮੌਤ ਤੇ ਧਾਹਾਂ ਮਾਰ ਕੇ ਰੋਣ ਲੱਗਾ।

5. ਭਗਵਾਨ ਰਾਮ ਬਨਵਾਸ ਵਾਸਤੇ ਗਏ ਤਾਂ ਦਸ਼ਰਥ ਦੀ ਇਸ ਵਿਛੋੜੇ ਨੂੰ ਨਾਂ ਸਹਾਰਦਿਆਂ ਮਹੱਲਾ ਤੋਂ ਡਿੱਗ ਕੇ ਮੌਤ ਹੋ ਗਈ ਭਾਵੇਂ ਕਿ ਰਾਮ ਨੇ ਬਨਵਾਸ ਸਮਾਪਤੀ ਉਪਰੰਤ ਫਿਰ ਵਾਪਸ ਪਰਤ ਆਉਣਾ ਸੀ।

6. ਈਸਾ ਮਸੀਹ ਨੇ ਸ਼ਹਾਦਤ ਤੋਂ ਪਹਿਲਾਂ ਆਪਣੇ ਇਸ਼ਟ ਪਾਸ ਅਰਦਾਸ ਕੀਤੀ, (O, God please take away this cup of sorrow from me.) ਹੇ ਪ੍ਰਮਾਤਮਾਂ ਇਹ ਦੁਖਾਂ ਦਾ ਪਿਆਲਾ ਮੇਰੇ ਤੋਂ ਦੂਰ ਲੈ ਜਾ।

ਪਰੰਤੂ ਧੰਨ ਹਨ ਦਸ਼ਮੇਸ਼ ਪਿਤਾ, ਅੱਖਾਂ ਦੇ ਸਾਹਮਣੇ ਨਾਦੀ ਅਤੇ ਬਿੰਦੀ ਪੁੱਤਰ ਮੈਦਾਨੇ-ਜੰਗ ਵਿੱਚ ਸ਼ਹੀਦ ਹੋਏ ਪਏ ਹਨ ਪਰ ਗੁਰੂ ਸਾਹਿਬ ਚੜ੍ਹਦੀ ਕਲ੍ਹਾ ਵਿੱਚ ਕਹਿ ਰਹੇ ਹਨ।

ਲਗੀ ਕਾਰ ਅਸਵਾਰ ਕੈ ਕੀਨੋ ਕਾਮ ਅਪਾਰ॥
ਪੀਓ ਪਿਆਲਾ ਪ੍ਰੇਮ ਕਾ ਮਗਨ ਭਯੋ ਅਸਵਾਰ॥
ਤਾਹਿ ਸਮੈ ਐਸੇ ਕਹਿਓ ਗੋਬਿੰਦ ਸਰਨ ਬੀਚਾਰ॥
ਆਜ ਖ਼ਾਸ ਭਏ ਖਾਲਸਾ ਸਤਿਗੁਰੁ ਕੇ ਦਰਬਾਰ॥ (ਸ੍ਰੀ ਗੁਰੂ ਸੋਭਾ)

ਗੁਰੂ ਸਾਹਿਬ ਦੀਆਂ ਅੱਖਾਂ ਵਿੱਚ ਹੰਝੂ ਨਹੀਂ ਆਏ, ਦਿਲ ਨਹੀਂ ਘਬਰਾਇਆ, ਸਗੋਂ ਫ਼ਖ਼ਰ ਨਾਲ ਕਿਹਾ,

ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ (ਪੰਨਾ ੩੯੪)

5. ਰਾਮ :- ਰਘੂ ਕੁੱਲ ਵਿੱਚ ਅੱਜ ਰਾਜਾ ਦੇ ਪੁੱਤਰ ਦਸ਼ਰਥ ਦੇ ਘਰ ਕੋਈ ਸੰਤਾਨ ਨਹੀ ਸੀ। ਉਸਨੇ ਪੁੱਤਰ ਪ੍ਰਾਪਤੀ ਲਈ ਅਸ਼ਵਮੇਘ ਯੱਗ ਕੀਤਾ। ਯੱਗ ਕੁੰਢ ਵਿੱਚੋਂ ਅੰਮ੍ਰਿਤ ਦੇ ਭਰੇ ਬਰਤਨ ਸਹਿਤ ਵਿਸ਼ਨੂ ਪ੍ਰਗਟ ਹੋਇਆ। ਵਿਸ਼ਨੂ ਨੇ ਉਹ ਅੰਮ੍ਰਿਤ ਰਾਣੀਆਂ ਨੂੰ ਪਿਲਾਉਣ ਲਈ ਦਸ਼ਰਥ ਨੂੰ ਦਿੱਤਾ। ਰਾਜੇ ਨੇ ਅੰਮ੍ਰਿਤ ਦਾ ਅੱਧਾ ਹਿੱਸਾ ਕੋਸ਼ਲਿਆ ਨੂੰ ਪਿਲਾਇਆ ਅਤੇ ਬਾਕੀ ਹਿੱਸਾ ਕੈਕਈ ਨੂੰ ਦਿੱਤਾ। ਕੈਕਈ ਨੇ ਅੱਗੋਂ ਅੱਧਾ ਹਿੱਸਾ ਸੀਮ੍ਰਿੱਤਾ ਨੂੰ ਦਿੱਤਾ। ਫਲਸਰੂਪ ਕੋਸ਼ਲਿਆ ਨੇ ਰਾਮ ਨੂੰ ਜਨਮ ਦਿੱਤਾ ਕੈਕਈ ਨੇ ਭਾਰਤ ਨੂੰ ਅਤੇ ਸੁਮਿੱਤਾ ਨੇ ਲੱਛਮਣ ਤੇ ਸ਼ਤਰੂਘਨ ਨੂੰ। ਅੰਮ੍ਰਿਤ ਦੇ ਅੰਸ਼ਾਂ ਅਨੁਸਾਰ ਹੀ ਉਨ੍ਹਾਂ ਸਾਰਿਆਂ ਵਿੱਚ ਵਿਸ਼ਨੂ ਦੇ ਤੱਤ ਦ੍ਰਿਸ਼ਟੀ ਗੋਚਰ ਹੋਏ।

ਚੋਹਾਂ ਬਾਲਕਾਂ ਦੀ ਅਯੋਧਿਆ ਵਿੱਚ ਇੱਕਠੀਆਂ ਦੀ ਪੜ੍ਹਾਈ ਤੇ ਸਿਖਲਾਈ ਹੋਈ। ਵਿਸਵਾਮਿੱਤਰ ਨੇ ਰਾਖਸ਼ਾਂ ਤੋਂ ਤੰਗ ਆ ਕੇ ਦਸ਼ਰਥ ਪਾਸੋਂ ਰਾਮ ਦੀ ਮੰਗ ਕੀਤੀ। ਦਸ਼ਰਥ ਨੇ ਅਨਮਨੇ ਮਨ ਨਾਲ ਰਾਮ ਤੇ ਲੱਛਮਣ ਨੂੰ ਰਿਸ਼ੀ ਨਾਲ ਤੋਰ ਦਿੱਤਾ। ਰਾਮ ਨੇ ਤਾੜਕਾ ਨਾਂ ਦੀ ਰਾਖਸ਼ਣੀ ਨੂੰ ਮਾਰ ਕੇ ਰਿਸ਼ੀ ਦੇ ਆਸ਼ਰਮ ਨੂੰ ਸੁਰੱਖਿਅਤ ਕੀਤਾ। ਕੁਝ ਸਮੇਂ ਪਿਛੋਂ ਵਿਸ਼ਵਾਮਿੱਤਰ ਰਾਮ ਅਤੇ ਉਸਦੇ ਭਰਾਵਾਂ ਨੂੰ ਸੀਤਾ ਦੇ ਸੁਅੰਬਰ ਵਿੱਚ ਜਨਕ ਰਾਜਾ ਦੇ ਦਰਬਾਰ ਵਿੱਚ ਲੈ ਗਿਆ। ਰਾਮ ਸ਼ਿਵ ਧਨੁਸ਼ ਤੇ ਚਿਲਾਂ ਚੜ੍ਹਾਉਣ ਦੀ ਸ਼ਰਤ ਨੂੰ ਪੂਰਾ ਕਰਕੇ ਸੀਤਾ ਨੂੰ ਵਿਆਉਣ ਦਾ ਅਧਿਕਾਰੀ ਬਣਿਆ। ਬਾਕੀ ਭਰਾਵਾਂ ਨਾਲ ਵੀ ਜਨਕ ਦੇ ਪਰਿਵਾਰ ਵਿਚੋਂ ਰਾਜ ਕੁਮਾਰੀਆਂ ਵਿਆਈਆਂ ਗਈਆਂ। ਅਯੋਧਿਆ ਨੂੰ

ਪਰਤਦੇ ਸਮੇਂ ਵਿਸ਼ਨੂ ਦੇ ਛੇਵੇਂ ਅਵਤਾਰ ਪਰਸੁਰਾਮ ਨਾਲ ਭੇਟ ਹੋਈ। ਸ਼ਿਵ ਦਾ ਭਗਤ ਹੋਣ ਕਾਰਣ ਪਰਸੁਰਾਮ ਨੂੰ ਸ਼ਿਵ ਧਨੁਸ਼ ਤੋੜਨ ਦਾ ਬਹੁਤ ਗੁੱਸਾ ਸੀ। ਇਸ ਲਈ ਦੋਹਾਂ ਦੀ ਲੜਾਈ ਹੋਈ। ਪਰਸੁਰਾਮ ਹਾਰ ਗਿਆ ਪਰ ਰਾਮ ਨੇ ਉਸਦੀ ਜਾਨ ਬਖਸ਼ੀ ਕਰ ਦਿੱਤੀ।

ਅਯੋਧਿਆ ਪਹੁੰਚਣ ਤੇ ਰਾਮ ਨੂੰ ਰਾਜ ਦਾ ਉਤਰਾਧਿਕਾਰੀ ਥਾਪਣ ਲਈ ਤਿਆਰੀਆਂ ਸ਼ੁਰੂ ਹੋ ਗਈਆਂ ਪਰ ਮਦਰਾਂ ਦਾਸੀ ਤੇ ਉਕਸਾਉਣ ਤੇ ਕੈਕਹੀ ਨੇ ਦਸ਼ਰਥ ਨੂੰ ਮਜ਼ਬੂਰ ਕਰ ਕੇ ਮਨਾ ਲਿਆ ਕਿ ਸਿੰਘਾਸਣ ਦਾ ਉਤਰਾਧਿਕਾਰੀ ਭਰਤ ਨੂੰ ਬਣਾਇਆ ਜਾਏ ਤੇ ਰਾਮ ਨੂੰ ਚੌਦਾਂ ਬਰਸਾ ਦਾ ਬਨਵਾਸ ਦਿੱਤਾ ਜਾਵੇ। ਪਿਤਾ ਦੀ ਆਗਿਆ ਦੀ ਪਾਲਣਾ ਕਰਦਾ ਹੋਇਆ ਰਾਮ ਸੀਤਾ ਤੇ ਭਰਾ ਲਛਮਣ ਸਾਹਿਤ ਬੰਨ ਨੂੰ ਚੱਲ ਪਏ। ਉਨ੍ਹਾਂ ਨੇ ਪਹਿਲਾਂ ਦੱਖਣ ਦਿਸ਼ਾ ਵੱਲ ਦੰਡਕ ਬੰਨ ਵਿਚ ਚਿਤ੍ਰਕੂਟ ਪਰਬਤ ਉਤੇ ਨਿਵਾਸ ਕੀਤਾ। ਪਿੱਛੇ ਪੁੱਤਰ ਵਿਯੋਗ ਵਿੱਚ ਦਸ਼ਰਥ ਦਾ ਦੇਹਾਂਤ ਹੋ ਗਿਆ। ਭਰਤ ਨੇ ਆ ਕੇ ਰਾਜ ਸਿੰਘਾਸਨ ਤੇ ਬੈਠਣ ਤੋਂ ਨਾਂਹ ਕਰ ਦਿੱਤੀ ਤੇ ਰਾਮ ਨੂੰ ਵਾਪਸ ਲਿਆਉਣ ਲਈ ਚਿਤ੍ਰਕੂਟ ਪਰਬਤ ਤੇ ਗਿਆ। ਰਾਮ ਨੇ ਪਿਤਾ ਦੇ ਬਨਵਾਸ ਵਾਲੇ ਆਦੇਸ਼ ਨੂੰ ਪਾਲਣ ਤੋਂ ਬਿਨਾਂ ਵਾਪਸ ਪਰਤਣ ਤੋਂ ਇਨਕਾਰ ਕਰ ਦਿੱਤਾ। ਭਰਤ ਰਾਮ ਦੀਆਂ ਖੜਾਵਾਂ ਲੈ ਕੇ ਪਰਤਿਆ ਤੇ ਰਾਮ ਦੀ ਚਰਣ ਸ਼ਰਨ ਵਿੱਚ ਬੈਠ ਕੇ ਰਾਜ ਦਾ ਕਾਰਜ ਭਾਰ ਸੰਭਾਲਣ ਲੱਗਾ।

ਸ੍ਰੀ ਰਾਮ ਬਨਵਾਸ ਦੌਰਾਨ ਦਸ ਵਰ੍ਹੇ ਇਧਰ ਉਧਰ ਫਿਰਦੇ ਰਹੇ ਤੇ ਅੰਤ ਵਿੱਚ ਅਗਸਤ ਮੁਨੀ ਦੇ ਆਸ਼ਰਮ ਵਿੱਚ ਪਹੁੰਚੇ। ਅਗਸਤ ਦੇ ਕਹਿਣ ਤੇ ਰਾਮ ਨੇ ਪੰਚਵਟੀ ਵਿੱਚ ਨਿਵਾਸ ਕਰਨਾ ਸ਼ੁਰੂ ਕਰ ਦਿੱਤਾ। ਉਥੇ ਰਾਵਣ ਦੀ ਭੈਣ ਸਰੂਪਣਖਾਂ ਰਾਮ ਤੇ ਮੋਹਿਤ ਹੋ ਗਈ। ਉਸ ਪ੍ਰਤਿ ਰੁਚਿਤ ਹੋਣ ਤੋਂ ਸ੍ਰੀ ਰਾਮ ਦੇ ਨਾਂਹ ਕਰਨ ਤੇ ਉਸਨੇ ਸੀਤਾ ਤੇ ਹਮਲਾ ਕੀਤਾ। ਲੱਛਮਣ ਨੇ ਇਸ ਗੁਸਤਾਖੀ ਕਾਰਣ ਉਸਦਾ ਕੰਨ ਤੇ ਨੱਕ ਵੱਢ ਦਿੱਤਾ। ਉਸਨੇ ਪਹਿਲਾਂ ਆਪਣੇ ਦੋ ਭਰਾਵਾਂ, ਖਰ ਤੇ ਦੂਖਣ ਨੂੰ ਉਕਸਾਇਆ। ਪਰ ਉਹ ਦੋਵੇਂ ਰਾਮ ਤੇ ਲੱਛਮਣ ਹੱਥੋਂ ਮਾਰੇ ਗਏ। ਫਿਰ ਰਾਵਣ ਪਾਸ ਗਈ। ਰਾਵਣ ਨੇ ਮਾਰੀਚ ਦੀ ਮੱਦਦ ਨਾਲ ਪੰਚਵਟੀ ਤੋਂ ਸੀਤਾ ਨੂੰ ਉਠਾਲ ਲਿਆ। ਰਾਮ ਤੇ ਲਛਮਣ ਸੀਤਾ ਨੂੰ ਲਭਦਿਆਂ ਕਬੰਧ ਨੂੰ ਮਿਲੇ। ਉਸਦੇ ਦੱਸਣ ਤੇ ਉਨ੍ਹਾਂ ਨੇ ਸੁਗ੍ਰੀਵ ਨਾਲ ਸੰਪਰਕ ਕਾਇਮ ਕੀਤਾ ਤੇ ਉਸਨੇ ਬਾਲੀ ਕੋਲੋਂ ਕਿਮਕੰਧਾਂ ਦਾ ਰਾਜ ਦਿਵਾਇਆ। ਫਿਰ ਸੁਗ੍ਰੀਵ ਦੀ ਮਦਦ ਨਾਲ ਤੇ ਸੈਨਾਂ ਨਾਇਕ ਹਨੂੰਮਾਨ ਦੀ ਮਦਦ ਨਾਲ ਰਾਮ ਨੇ ਲੰਕਾਂ ਤੇ ਹਮਲਾ ਕੀਤਾ। ਰਾਵਣ ਤੇ ਉਸਦਾ ਸਾਰਾ ਸੈਨਾ ਦਲ ਹਾਰ ਗਿਆ ਰਾਵਣ ਤੇ ਉਸਦੇ ਸਾਰੇ ਸੈਨਾ ਨਾਇਕਾਂ ਨੂੰ ਰਾਮ ਤੇ ਲੱਛਮਣ ਨੇ ਮਾਰ ਦਿੱਤਾ। ਸੀਤਾ ਨੂੰ ਅਗਨੀ ਪਰੀਖਿਆ ਉਪਰੰਤ ਸਵੀਕਾਰ ਕੀਤਾ ਗਿਆ। ਰਾਮ ਲੱਛਮਣ ਤੇ ਸੀਤਾ ਆਪਣੇ ਸਹਾਇਕਾਂ ਸਹਿਤ ਅਯੋਧਿਆ ਪਰਤੇ ਤੇ ਰਾਜ ਗੱਦੀ ਉਤੇ ਸ੍ਰੀ ਰਾਮ ਨੂੰ ਪ੍ਰਤਿਸ਼ਠਿਤ ਕੀਤਾ ਗਿਆ। 'ਬਾਲਮੀਕੀ ਰਾਮਾਇਣ ਦੇ ਉੱਤਰ ਕਾਂਢ ਵਿੱਚ ਪ੍ਰਜਾ ਵੱਲੋਂ ਮੇਹਣਾਂ ਮਾਰੇ ਜਾਣ ਤੇ ਰਾਮ ਨੇ ਗਰਭਵਤੀ ਸੀਤਾ ਨੂੰ ਬਾਲਮੀਕ ਦੇ ਆਸ਼ਰਮ ਵਿੱਚ ਭਿਜਵਾ ਦਿੱਤਾ ਜਿੱਥੇ ਉਸ ਨੇ ਜੋੜੇ ਬੱਚਿਆਂ ਲਵ ਤੇ ਕੁਸ਼ ਨੂੰ ਜਨਮ ਦਿੱਤਾ। ਜਵਾਨ ਹੋਣ ਤੇ ਦੋਵੇਂ ਬਾਲਕ ਤੁਰਦੇ ਫਿਰਦੇ ਅਯੋਧਿਆ ਪਹੁੰਚੇ। ਰਾਮ ਨੇ ਉਨ੍ਹਾਂ ਨੂੰ ਪਛਾਣ ਲਿਆ ਅਤੇ ਪੁੱਤਰਾਂ ਵਜੋਂ ਸਵੀਕਾਰ ਕੀਤਾ। ਸੀਤਾ ਨੂੰ ਵੀ ਬੁਲਾਵਾ ਭੇਜਿਆ ਤੇ ਫਿਰ ਪੱਵਿਤਰਤਾ ਬਾਰੇ ਵਿਸ਼ਵਾਸ਼ ਦਿਵਾਉਣ ਦੀ ਗੱਲ ਕੀਤੀ। ਸੀਤਾ ਨੇ ਪ੍ਰਿਥਵੀ ਨੂੰ ਸੰਬੋਧਨ ਕਰਦਿਆਂ ਹੋਇਆਂ ਪਵਿੱਤਰਤਾ ਦਾ ਪ੍ਰਮਾਣ ਦਾ ਵਾਸਤਾ ਪਾਇਆ। ਪ੍ਰਿਥਵੀ ਨੇ ਸੀਤਾ ਨੂੰ ਆਪਣੇ ਵਿੱਚ ਸਮਾ ਲਿਆ। ਸੀਤਾ ਦੇ ਚਲੇ ਜਾਣ ਤੋਂ ਬਾਦ ਸ੍ਰੀ ਰਾਮ ਚੰਦਰ ਸਰਯੂ ਨਦੀ ਵਿੱਚ ਪ੍ਰਵੇਸ਼ ਕਰਕੇ ਵਿਸ਼ਨੂ ਰੂਪ ਹੋ ਗਏ।

ਦਸ਼ਰਥ ਪੁੱਤਰ ਰਾਮ ਤੇ ਅਧਾਰਿਤ ਜੀਵਨ ਕਥਾ ਰਾਮਇਣ ਅਜਿਹੀ ਹੀ ਵੈਦਿਕ ਵਿਚਾਰਧਾਰਾ ਦੇ ਪ੍ਰਚਾਰਕ ਗ੍ਰੰਥਾਂ ਦਾ ਹਿੱਸਾ ਹੈ। ਗੁਰਮਤਿ ਤੋਂ ਕਿਨਾਰਾਕਸ਼ੀ ਕਰ ਚੁੱਕੇ ਆਗੂ ਰਮਾਇਣ ਪਾਠ ਕਰਵਾ ਕੇ ਪਤਾ ਨਹੀਂ ਕੀ ਸੰਦੇਸ਼ ਦੇਣਾ ਚਾਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਵਾਰ 'ਰਾਮ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਘਟ ਘਟ ਅੰਦਰ ਵਰਤ ਰਹੀ ਅਕਾਲ ਪੁਰਖ ਦੀ ਜੋਤ ਦੇ ਪ੍ਰਥਾਇ 'ਰਾਮ' ਸ਼ਬਦ ਅਕਾਲ ਬੋਧਿਕ ਦੇ ਰੂਪ ਵਿੱਚ ਵਰਤਿਆ ਗਿਆ ਹੈ।

ਉਦਾਹਰਣ ਵਜੋਂ:-

੧. ਰਾਮ ਰਮਤ ਸਭ ਰਹਿਓ ਸਮਾਇ॥ (ਪਾਤ : ੫)
੨. ਟੇਕ ਟੇਕ ਰਘੁਨਾਥ॥ (ਪਾਤ : ੯)
੩. ਜਾ ਕੇ ਰਾਮ ਬਸੈ ਮਨ ਮਾਹੀ॥ (ਪਾਠ : ੫)
੪. ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ॥ (ਆਸਾ ਕਬੀਰ ਜੀਉ)

ਭਾਵੇਂ ਕਿ ਦਸ਼ਰਥ ਪੁੱਤਰ ਰਾਮ ਦਾ ਜਿਕਰ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਕੀਤਾ ਗਿਆ ਹੈ। ਪ੍ਰੰਤੂ ਕਿਤੇ ਵੀ ਉਸਦਾ ਜਿਕਰ ਅਕਾਲ ਬੋਧਿਕ ਰਾਮ ਦੇ ਤੌਰ ਤੇ ਨਹੀਂ ਕੀਤਾ ਗਿਆ ਉਸ ਪ੍ਰਤੀ ਕੋਈ ਧਾਰਮਿਕ ਆਸਥਾਂ ਨਹੀਂ ਪ੍ਰਗਟਾਈ ਗਈ, ਸਗੋਂ ਇਵੇਂ ਹੀ ਜਿਕਰ ਹੈ।

ਉਦਾਹਰਨ ਵਜੋਂ...

੧) ਹੋਰਿ ਕੇਤੇ ਰਾਮ ਰਵਾਲ॥
੨) ਰਾਮੁ ਗਇਓ ਰਾਵਣੁ ਗਇਓ॥
੩) ਰਾਮ ਰਹੀਮ ਉਬਾਰ ਨਾ ਸਕ ਹੈ ਜਾਕਰ ਨਾਮ ਰਟੈ ਹੈ॥ (ਪਾਤ. ੧੦)
੪) ਪਾਂਡੇ ਤੁਮਰਾ ਰਾਮਚੰਦੁ ਸੋਭੀ ਆਵਤੁ ਦੇਖਿਆ ਥਾ॥
ਰਾਵਣ ਸੇਤੀ ਸਰਬਰ ਹੋਈ, ਘਰ ਕੀ ਜੋਇ ਗਵਾਈ ਥੀ॥ (ਭਗਤ ਨਾਮ ਦੇਵ ਜੀ)
੫) ਪਰਸਾਰਾਮੁ ਰਾਮੁ ਕਿਸ਼ਨ ਹੋਇ ਕਿਲਕਿ ਕਲੰਕੀ ਅਤਿ ਅਹੰਕਾਰੇ।
ਪ੍ਰਤੀ ਮਾਹ ਇਕੀਹ ਵਾਰ, ਆਇਣ ਕਰ ਭਾਰਥ ਭਾਰੇ,
ਕਾਮ ਕ੍ਰੋਧ ਨਾ ਸਾਧਿਉ ਲੋਭ ਮੋਹ ਅਹੰਕਾਰ ਨਾ ਮਾਰੇ।

(ਵਾਰ ਭਾਈ ਗੁਰਦਾਸ)

6. ਸੀਤਾ :- ਰਾਜਾ ਜਨਕ ਦੀ ਪਾਲਿਤ ਪੁੱਤਰੀ ਅਤੇ ਸ੍ਰੀ ਰਾਮ ਚੰਦਰ ਦੀ ਸੁਪਤਨੀ ਜੋ ਪਿਛਲੇ ਜਨਮ ਵਿੱਚ ਵੇਦਵਤੀ ਸੀ। 'ਬਾਲਮੀਕੀ ਰਾਮਾਇਣ' (ਉੱਤਰ-ਕਾਂਡ) ਅਨੁਸਾਰ ਬ੍ਰਿਹਸਪਤੀ ਦੇ ਪੁੱਤਰ ਕੁਸ਼ਧ੍ਵਜ ਦੀ ਪੱਤਰੀ ਦਾ ਨਾਂ ਵੇਦਵਤੀ ਸੀ। ਕੁਸ਼ਧ੍ਵਜ ਦੀ ਇੱਛਾ ਸੀ ਕਿ ਉਹ ਆਪਣੀ ਪੁੱਤਰੀ ਦਾ ਵਿਆਹ ਵਿਸ਼ਣੂ ਨਾਲ ਕਰੇਗਾ। ਜਦੋਂ ਵੇਦਵਤੀ ਨੂੰ ਪ੍ਰਾਪਤ ਕਰਨ ਵਿਚ ਦੇਵਤੇ, ਗੰਧਰਵ, ਦੈਂਤ ਸਭ ਨਿਰਾਸ਼ ਹੋ ਗਏ ਤਾਂ ਸ਼ੁੰਭ ਦੈਂਤ ਨੇ ਸੁੱਤੇ ਪਏ ਕੁਸ਼ਧ੍ਵਜ ਨੂੰ ਮਾਰ ਦਿੱਤਾ। ਵੇਦਵਤੀ ਵਿਸ਼ਣੂ ਨੂੰ ਪਤੀ ਰੂਪ ਵਿੱਚ ਪ੍ਰਾਪਤ ਕਰਨ ਲਈ ਬਨ ਵਿੱਚ ਤਪੱਸਿਆ ਕਰਨ ਲੱਗੀ। ਉਸ ਦੌਰਾਨ ਰਾਵਣ ਨੇ ਉਸ ਨੂੰ ਵੇਖਿਆ ਅਤੇ ਵਿਆਹ ਦਾ ਪ੍ਰਸਤਾਵ ਰੱਖਿਆ। ਵੇਦਵਤੀ ਦੇ ਨਾਂਹ ਕਰਨ ਤੇ ਰਾਵਣ ਨੇ ਉਸ ਨਾਲ ਜ਼ਬਰਦਸਤੀ ਕਰਨੀ ਚਾਹੀ। ਪਰ ਵੇਦਵਤੀ ਨੇ ਆਪਣੇ ਆਪ ਨੂੰ ਸਾੜ ਕੇ ਭਸਮ ਕਰ ਦਿੱਤਾ। ਉਹੀ ਵੇਦਵਤੀ ਸੀਤਾ ਦੇ ਰੂਪ ਵਿੱਚ ਪ੍ਰਗਟ ਹੋਈ ਅਤੇ ਵਿਸ਼ਣੂ ਰੂਪ ਸ੍ਰੀ ਰਾਮ ਨਾਲ ਵਿਆਹੀ ਗਈ।

ਇਕ ਵਾਰ ਰਾਜਾ ਜਨਕ ਦੇ ਰਾਜ ਵਿੱਚ ਕਾਲ ਪਿਆ। ਉਸ ਨੇ ਖ਼ੁਦ ਹਲ ਵਾਹਿਆ। ਉਦੋਂ ਪ੍ਰਿਥਵੀ ਵਿਚੋਂ ਸੀਤਾ ਪ੍ਰਗਟ ਹੋਈ ਜੋ ਇਕ ਸਿਆੜ ਵਿੱਚ ਪਈ ਸੀ। (ਇਸ ਕਰਕੇ ਇਸ ਦਾ ਨਾਂ ਸੀਤਾ ਰਖਿਆ ਗਿਆ)। ਰਾਜੇ ਨੇ ਇਸ ਨੂੰ ਚੁੱਕ ਲਿਆ। ਅਕਾਸ਼ਵਾਣੀ ਨੂੰ ਸੁਣ ਕੇ ਰਾਜੇ ਨੇ ਇਸ ਨੂੰ ਆਪਣੀ ਧੀ ਸਮਝ ਕੇ ਪਾਲਿਆ ਕਿਉਂਕਿ ਇਸ ਦੀ ਆਪਣੀ ਕੋਈ ਸੰਤਾਨ ਨਹੀਂ ਸੀ। ਜਦੋਂ ਸੀਤਾ ਜਵਾਨ ਹੋਈ ਤਾਂ ਉਸਦਾ ਵਿਆਹ ਕਰਨ ਲਈ ਰਾਜਾ ਜਨਕ ਨੇ ਸਵੰਬਰ ਰਚਿਆ ਅਤੇ ਸ਼ਿਵ ਧਨੁਸ਼ ਨੂੰ ਤੋੜਨ ਦੀ ਸ਼ਰਤ ਰੱਖੀ। ਰਾਜਾ ਦਸ਼ਰਥ ਦੇ ਸਪੁੱਤਰ ਸ੍ਰੀ ਰਾਮ ਚੰਦਰ ਨੇ, ਜੋ ਉਸ ਸਵੰਬਰ ਵਿੱਚ ਸ਼ਾਮਲ ਸਨ, ਧਨੁਸ਼ ਤੋੜ ਕੇ ਸੀਤਾ ਨੂੰ ਵਰ ਲਿਆ। ਉਸ ਸਮੇਂ ਵਿਸ਼ਵਾਮਿਤਰ ਵੀ ਸ੍ਰੀ ਰਾਮ ਦੇ ਨਾਲ ਸੀ। ਉਸ ਅਵਸਰ ਤੇ ਰਾਜਾ ਜਨਕ ਦੇ ਖ਼ਾਨਦਾਨ ਦੀਆਂ ਤਿੰਨ ਹੋਰ ਕੰਨਿਆਵਾਂ ਉਰਮਿਲਾ, ਮਾਂਡਵੀ ਅਤੇ ਸ਼੍ਰੁਤਕੀਰਤੀ ਦਾ ਵਿਆਹ ਵੀ ਕ੍ਰਮਾਨੁਸਾਰ ਲੱਛਮਣ, ਭਰਤ ਅਤੇ ਸ਼ਤ੍ਰੂਘਨ ਨਾਲ ਕੀਤਾ ਗਿਆ।

ਕਾਲਾਂਤਰ ਵਿੱਚ ਕੈਕਈ ਨੇ ਵਰ ਮੰਗ ਕੇ ਰਾਮ ਨੂੰ ਚੌਦ੍ਹਾਂ ਵਰ੍ਹਿਆਂ ਦੇ ਬਨਵਾਸ ਤੇ ਭਿਜਵਾਇਆ। ਸੀਤਾ ਅਤੇ ਲੱਛਮਣ ਵੀ ਰਾਮ ਨਾਲ ਬਨਵਾਸ ਗਏ। ਬਨਵਾਸ ਦੇ ਆਖੀਰਲੇ ਸਾਲ ਰਾਵਣ ਸੀਤਾ ਨੂੰ ਛਲ ਨਾਲ ਉਧਾਲ ਕੇ ਲੈ ਗਿਆ। ਫਲਸਰੂਪ ਰਾਮ-ਰਾਵਣ ਯੁੱਧ ਹੋਇਆ। ਰਾਵਣ ਮਾਰਿਆ ਗਿਆ। ਤਦਉਪਰੰਤ ਸੀਤਾ ਨੇ ਆਪਣੀ ਪਵਿੱਤਰਤਾ ਸਿੱਧ ਕਰਨ ਲਈ ਅਗਨੀ ਪਰੀਖਿਆ ਦਿੱਤੀ। ਤਿੰਨੋਂ ਆਪਣੇ ਬਾਂਦਰ ਸਾਥੀਆਂ ਸਹਿਤ ਅਯੋਧਿਆ ਪਰਤੇ।

ਲੋਕ-ਅਪਵਾਦ ਕਾਰਣ ਰਾਮ ਨੇ ਸੀਤਾ ਨੂੰ ਆਪਣੇ ਘਰ ਵਸਾਉਣੋਂ ਨਾਂਹ ਕਰ ਦਿੱਤੀ। ਗਰਭਵਤੀ ਸੀਤਾ ਨੂੰ ਲੱਛਮਣ ਬਨ ਵਿੱਚ ਛੱਡ ਆਇਆ, ਜਿਥੋਂ ਬਾਲਮੀਕ ਰਿਸ਼ੀ ਇਸ ਨੂੰ ਆਪਣੇ ਆਸ਼੍ਰਮ ਵਿੱਚ ਲੈ ਗਿਆ। ਉਥੇ ਹੀ ਸੀਤਾ ਨੇ ਦੋ ਪੁੱਤਰਾਂ (ਲਵ ਅਤੇ ਕੁਸ਼) ਨੂੰ ਜਨਮ ਦਿੱਤਾ। ਇਨ੍ਹਾਂ ਬਾਲਕਾਂ ਦਾ ਪਾਲਣ-ਪੋਸ਼ਣ ਉਥੇ ਹੀ ਹੋਇਆ। ਬਾਲਮੀਕ ਨੇ ਇਨ੍ਹਾਂ ਨੂੰ ਰਾਮਾਇਣ ਕੰਠ ਕਰਵਾਈ। ਜਦੋਂ ਰਾਮ ਨੇ ਅਸ਼੍ਵਮੇਧ ਯੱਗ ਕੀਤਾ ਤਾਂ ਉਥੇ ਇਹ ਰਾਮਾਇਣ ਸੁਣਾਉਣ ਲਈ ਗਏ। ਇਸੇ ਦੌਰਾਨ ਰਾਮ ਨੇ ਇਨ੍ਹਾਂ ਨੂੰ ਪਛਾਣ ਲਿਆ। ਸੀਤਾ ਨੂੰ ਰਾਜ-ਸਭਾ ਵਿੱਚ ਬੁਲਾਇਆ ਗਿਆ। ਸੀਤਾ ਦੀ ਪਵਿੱਤਰਤਾ ਦੀ ਵਸ਼ਿਸ਼ਠ ਨੇ ਸਾਖੀ ਭਰੀ। ਰਾਮ ਸੀਤਾ ਨੂੰ ਦੁਬਾਰਾ ਅਪਣਾਉਣਾ ਚਾਹੁੰਦੇ ਸਨ, ਪਰ ਸੀਤਾ ਮਨੋਂ ਟੁੱਟ ਚੁਕੀ ਸੀ। ਇਸ ਦੀ ਪ੍ਰਾਰਥਨਾ ਤੇ ਧਰਤੀ ਫੱਟ ਗਈ ਅਤੇ ਸੀਤਾ ਉਸ ਵਿੱਚ ਸਮਾ ਗਈ। ਸੀਤਾ ਦੇ ਇਸ ਪਵਿੱਤਰ ਸਾਕੇ ਕਾਰਣ ਇਸ ਦੀ ਗਿਣਤੀ ਹਿੰਦੂ ਮਤ ਦੀਆਂ ਪਵਿੱਤਰ ਨਾਰੀਆਂ ਵਿੱਚ ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਨੇ ਰਾਵਣ ਦੁਆਰਾ ਸੀਤਾ-ਹਰਣ ਦੀ ਘਟਨਾ ਵਲ ਸੰਕੇਤ ਕਰਦਿਆਂ ਲਿਖਿਆ ਹੈ –

'ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ॥
ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ॥ (ਗੁਰੂ ਗ੍ਰੰਥ ਸਾਹਿਬ ੧੪੧੨)

116.

ਲਛਮਨ ਸਾ ਬਿਰਾਦਰ ਪਇ-ਤਸਕੀਨਿ-ਜ਼ਿਗਰ ਥਾ।
ਸੀਤਾ ਸੀ ਪਤੀ ਬਰਤ ਸੇ, ਬਨ ਰਾਮ ਕੋ ਘਰ ਥਾ।
ਬਾਕੀ ਹੈ ਕਨੱਯਾ ਤੋ ਨਹੀਂ ਉਨਕਾ ਪਿਸਰ ਥਾ।
ਸੱਚ ਹੈ ਗੁਰੂ ਗੋਬਿੰਦ ਕਾ ਰੁਤਬਾ ਹੀ ਦਿਗਰ ਥਾ।
ਕਟਵਾ ਦਿਯੇ ਸ਼ਿਸ਼ ਸ਼ਾਮ ਨੇ ਗੀਤਾ ਕੋ ਸੁਨਾ ਕਰ।
ਰੂਹ ਫੂੰਕ ਦੀ ਗੋਬਿਦ ਨੇ ਔਲਾਦ ਕਟਾ ਕਰ।

ਸ਼ਬਦ ਅਰਥ:- ਬਿਰਾਦਰ - ਭਰਾ, ਪਇ-ਤਸਕੀਨਿ-ਜ਼ਿਗਰ - ਦਿਲ ਨੂੰ ਤਸੱਲੀ ਸੀ, ਪਤੀ ਬਰਤ - ਪਤੀ ਦੇ ਹੁਕਮ ਅਧੀਨ, ਦਿਗ਼ਰ - ਵੱਖਰਾ, ਕੱਨਯਾ - ਸ੍ਰੀ ਕ੍ਰਿਸ਼ਨ, ਸ਼ਿਸ਼ - ਚੇਲੇ, ਫੂੰਕ - ਭਰ ਦਿੱਤੀ।

ਅਰਥਾਤ:- ਜਦੋਂ ਸ੍ਰੀ ਰਾਮ ਬਨਵਾਸ ਵਾਸਤੇ ਜੰਗਲ ਵਿੱਚ ਗਏ ਤਾਂ ਲਛਮਣ[1] ਵਰਗਾ ਭਰਾ ਨਾਲ ਸੀ ਤੇ ਸੀਤਾ ਵਰਗੀ ਪਤਨੀ ਵੀ ਰਾਮ ਦੀ ਸੇਵਾ ਵਿੱਚ ਹਾਜ਼ਰ ਸੀ ਅਰਥਾਤ ਬਨਵਾਸ ਰਾਮ ਵਾਸਤੇ ਕੋਈ ਵਧੇਰੇ ਮੁਸ਼ਕਲ ਕਾਰਜ ਨਹੀਂ ਸੀ। ਜੇਕਰ ਕ੍ਰਿਸ਼ਨ ਦੀ ਗੱਲ ਕੀਤੀ ਜਾਵੇ ਤਾਂ ਉਸਦੀ ਕੋਈ ਔਲਾਦ ਨਹੀਂ ਸੀ ਉਸਨੇ ਤਾਂ ਬੜੀ ਚਾਤਰਬੁੱਧੀ ਨਾਲ ਗੀਤਾ[2] ਦਾ ਉਪਦੇਸ਼ ਦੇ ਕੇ ਆਪਣੇ ਚੇਲੇ ਹੀ ਲੜਵਾ-ਮਰਵਾ ਦਿੱਤੇ।

ਸੱਚ ਹੈ ਕਿ ਸੰਸਾਰ ਵਿੱਚ ਗੁਰੂ ਗੋਬਿੰਦ ਸਿੰਘ ਦਾ ਰੁਤਬਾ ਹੀ ਵਿਲੱਖਣ ਤੇ ਨਿਰਾਲਾ ਹੈ ਜਿਸ ਨੇ ਕੌਮ ਦੇ ਉਪਰੋਂ ਚਾਰੇ ਲਾਲ ਵਾਰ ਕੇ ਕੌਮ ਅੰਦਰ ਨਵੀਂ ਰੂਹ ਫੂਕ ਦਿੱਤੀ।

---

1. ਲੱਛਮਣ:- ਅਯੋਧਿਆ ਦੇ ਰਾਜਾ ਦਸ਼ਰਥ ਦੇ ਘਰ ਸੁਮਿਤ੍ਰਾ ਦੀ ਕੁੱਖੋਂ ਪੈਦਾ ਹੋਇਆ ਲੱਛਮਣ (ਲਕ੍ਸ਼ਮਣ) ਸ੍ਰੀ ਰਾਮਚੰਦਰ ਦਾ ਛੋਟਾ ਮਤਰੇਇਆ ਭਰਾ ਸੀ। ਇਸ ਦੇ ਛੋਟੇ ਜੁੜਵੇਂ ਭਰਾ ਦਾ ਨਾਂ ਸ਼ਤ੍ਰੁਘਨ ਸੀ। ਰਿਸ਼ੀਸ਼੍ਰਿੰਗ ਦੁਆਰਾ ਕੀਤੇ ਪੁਤ੍ਰੇਸ਼ਟਿ ਯੱਗ ਵਿੱਚੋਂ ਨਿਕਲੇ ਤੇਜਸਵੀ ਪੁਰਸ਼ ਨੇ ਜੋ ਦੁੱਧ ਲਿਆਉਂਦਾ, ਉਸ ਦੇ ਸੇਵਨ ਨਾਲ ਸੁਮਿਤ੍ਰਾ ਨੇ ਇਨ੍ਹਾਂ ਦੋਹਾਂ ਭਰਾਵਾਂ ਨੂੰ ਜਨਮ ਦਿੱਤਾ। ਲੱਛਮਣ ਦਾ ਵਿਆਹ ਉਰਮਿਲਾ ਨਾਲ ਹੋਇਆ ਜਿਸ ਨੇ ਚੰਦ੍ਰਕੇਤੁ ਅਤੇ ਅੰਗਦ ਨਾਂ ਦੇ ਦੋ ਪੁੱਤਰਾਂ ਨੂੰ ਜਨਮ ਦਿੱਤਾ। 'ਅਧਿਆਤਮ ਰਾਮਾਇਣ' ਵਿਚ ਇਸ ਨੂੰ ਸ਼ੇਸ਼ਨਾਗ ਦਾ ਅਵਤਾਰ ਦਸਿਆ ਗਿਆ ਹੈ।

ਜਦੋਂ ਸ੍ਰੀ ਰਾਮਚੰਦਰ ਨੂੰ ਚੌਦਾਂ ਵਰ੍ਹਿਆਂ ਦਾ ਬਨਵਾਸ ਮਿਲਿਆ ਤਾਂ ਇਸ ਨੇ ਰਾਮ ਅਤੇ ਸੀਤਾ

ਦੇ ਨਾਲ ਬਨ ਵਿੱਚ ਜਾਣ ਦੀ ਪ੍ਰਤਿਗਿਆ ਕੀਤੀ ਅਤੇ ਬਿਨਾਂ ਆਪਣੇ ਸੁਖ ਨੂੰ ਵਿਚਾਰਿਆ ਤਨੋਂ, ਮਨੋਂ ਉਨ੍ਹਾਂ ਦੀ ਨਿਸ਼ਕਾਮ ਸੇਵਾ ਕਰਕੇ ਇਕ ਆਗਿਆਕਾਰੀ ਭਰਾ ਦਾ ਅਦੁੱਤੀ ਨਮੂਨਾ ਪੇਸ਼ ਕੀਤਾ। ਇਸ ਦੀ ਇਸ ਮਹਾਨ ਸਾਧਨਾ ਕਰਕੇ ਕਾਲਾਂਤਰ ਵਿਚ ਇਸ ਨੂੰ ਛੇ ਜਤੀਆਂ ਵਿੱਚ ਗਿਣਿਆ ਜਾਣ ਲਗਿਆ। ਇਸ ਨੇ ਰਾਮ ਦੇ ਨਾਲ ਮੋਢੇ ਨਾਲ ਮੋਢਾ ਡਾਹ ਕੇ ਅਨੇਕ ਰਾਖਸ਼ਾਂ ਨਾਲ ਯੁੱਧ ਕੀਤੇ। ਰਾਮ ਤੋਂ ਆਗਿਆ ਲੈ ਕੇ ਇਸ ਨੇ ਸ਼ੂਰਪਣਖਾ ਦਾ ਨੱਕ ਤੇ ਕੰਨ ਵੱਢ ਦਿੱਤੇ। ਜਦੋਂ ਰਾਮ ਮਾਯਾਵੀ ਮ੍ਰਿਗ ਦਾ ਪਿਛਾ ਕਰਦਿਆਂ ਦੂਰ ਨਿਕਲ ਗਏ ਤਾਂ ਉਨ੍ਹਾਂ ਦੀ ਸਹਾਇਤਾ ਲਈ ਇਸ ਨੇ 'ਪੰਚਵਟੀ' ਤੋਂ ਜਾਣ ਲਗਿਆਂ ਕੁਟੀਆਂ ਦੇ ਇਰਦ-ਗਿਰਦ ਸੀਤਾ ਦੀ ਸੁਰਖਿਆ ਲਈ ਰਾਮ ਦਾ ਨਾਂ ਲੈ ਕੇ ਇਕ ਲਕੀਰ ਲਗਾ ਦਿੱਤੀ ਸੀ। ਉਸ ਦਾ ਹਵਾਲਾ ਸ਼ਿਵ ਕੁਮਾਰ ਬਟਾਲਵੀ ਨੇ ਇਸ ਤਰ੍ਹਾਂ ਦਿੱਤਾ ਹੈ— 'ਪੰਚਵਟੀ ਦੇ ਬਾਹਰ ਮਾਰ ਦੇ ਲੱਛਮਣ ਵਾਂ ਲਕੀਰਾਂ ਭਾਵੇਂ ਤੇਰੀ ਜੋਤ ਕੋਈ, ਬਾਲੇ ਪਾ ਕੇ ਦੇਸੀ ਘੀ।'

ਰਾਮ-ਰਾਵਣ ਯੁੱਧ ਵਿੱਚ ਇਹ ਬਰਛੀ ਲੱਗਣ ਨਾਲ ਘਾਇਲ ਹੋਇਆ। ਸੁਸ਼ੇਣ ਅਤੇ ਹਨੂੰਮਾਨ ਦੀ ਸਹਾਇਤਾ ਨਾਲ ਸੰਜੀਵਨੀ ਬੂਟੀ ਮੰਗਵਾ ਕੇ ਇਸ ਦੇ ਪ੍ਰਾਣਾਂ ਦੀ ਰੱਖਿਆ ਕੀਤੀ ਗਈ।

'ਬਾਲਮੀਕੀ ਰਾਮਾਇਣ' ਅਨੁਸਾਰ ਲੱਛਮਣ ਨੇ ਦੁਰਬਾਸਾ ਦੇ ਸਰਾਪ ਦੇ ਡਰ ਤੋਂ ਯੋਗ-ਕ੍ਰਿਆ ਰਾਹੀਂ ਸਰਯੂ ਨਦੀ ਦੇ ਕੰਢੇ ਸਦੀਵੀ ਸਮਾਧੀ ਲੈਣ ਵੇਲੇ ਆਪਣੀ ਰਹਿੰਦੀ ਆਯੂ ਰਾਮ ਦੇ ਨਾਂ ਸੰਕਲਪ ਕਰ ਦਿੱਤੀ, ਕਿਉਂਕਿ ਉਨ੍ਹਾਂ ਦਾ ਅੰਤ-ਕਾਲ ਆ ਚੁਕਿਆ ਸੀ।

2. ਗੀਤਾ :- ਮਹਾਂਭਾਰਤ ਦੇ ਯੁੱਧ ਵੇਲੇ ਸ੍ਰੀ ਕ੍ਰਿਸ਼ਣ ਨੇ ਅਰਜੁਨ ਦਾ ਮੋਹ ਤੋੜਨ ਲਈ ਜੋ ਉਪਦੇਸ਼ ਦਿੱਤਾ, ਉਹ 'ਭੀਸ਼ਮ-ਪਰਵ' ਦਾ ਇਕ ਅੰਗ ਹੈ ਅਤੇ 'ਗੀਤਾ' ਜਾਂ 'ਭਗਵਦ ਗੀਤਾ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਵਿਚ ਕੁਲ 18 ਅਧਿਆਇ ਅਤੇ 700 ਸ਼ਲੋਕ ਹਨ। ਇਸ ਦੇ ਰਚਨਾ-ਕਾਲ ਬਾਰੇ ਵਿਦਵਾਨਾਂ ਵਿੱਚ ਮਤ-ਭੇਦ ਹੈ। ਪਰੰਪਰਾਗਤ ਮਤ ਅਨੁਸਾਰ ਇਸ ਦੀ ਰਚਨਾ 'ਮਹਾਂਭਾਰਤ' ਦੇ ਨਾਲ ਹੀ ਹੋਈ ਸੀ ਅਤੇ ਦੂਜੇ ਮਤ ਅਨੁਸਾਰ ਇਹ ਈਸਵੀ ਸੰਨ ਦੇ ਸ਼ੁਰੂ ਹੋਣ ਦੇ ਨੇੜੇ-ਤੇੜੇ ਲਿਖੀ ਗਈ ਸੀ। ਅੱਠਵੀਂ ਸਦੀ ਵਿੱਚ ਸ਼ੰਕਰਾਚਾਰਯ ਨੇ ਗੀਤਾ ਉਤੇ ਜੋ ਭਾਸ਼੍ਯ ਲਿਖਿਆ, ਉਸ ਕੋਲ ਅਜੋਕਾ ਵਰਤਮਾਨ ਪਾਠ ਉਪਲਬਧ ਸੀ।

ਹਿੰਦੂ ਧਰਮ ਵਿਚ ਗੀਤਾ ਦਾ ਆਦਰਯੋਗ ਸਥਾਨ ਹੈ। ਇਸ ਦੀ ਪ੍ਰਸਥਾਨਤ੍ਰਈ (ਉਪਨਿਸ਼ਦ, ਬ੍ਰਹਮ-ਸੂਤ੍ਰ ਅਤੇ ਗੀਤਾ) ਵਿਚ ਗਿਣਤੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਭਾਰਤੀ ਦਰਸ਼ਨ-ਪਰੰਪਰਾ ਅਨੁਸਾਰ ਗੀਤਾ ਦਾ ਸਥਾਨ ਬ੍ਰਹਮਸੂਤ੍ਰ ਅਤੇ ਉਪਨਿਸ਼ਦਾਂ ਦੇ ਬਰਾਬਰ ਹੈ। ਇਸ ਦਾ ਭਾਰਤੀ ਧਰਮ ਉਤੇ ਅਮਿਟ ਪ੍ਰਭਾਵ ਹੈ। ਇਸ ਦੀ ਭਾਰਤੀ ਅਤੇ ਪੱਛਮੀ ਸਾਰੇ ਵਿਦਵਾਨਾਂ ਨੇ ਪ੍ਰਸ਼ੰਸਾ ਕੀਤੀ ਹੈ। ਇਸ ਦੇ ਵਿਸ਼ਵ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਇਹ ਅਨੁਵਾਦ ਹੋ ਚੁੱਕੇ ਹਨ। ਮੱਧ-ਕਾਲ ਦੇ ਸਾਰੇ ਆਚਾਰਯਾਂ ਨੇ ਇਸ ਉਤੇ ਭਾਸ਼੍ਯ ਲਿਖ ਕੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ।

ਗੀਤਾ ਵਿੱਚ ਮੋਖ (ਮੁਕਤੀ) ਦੇ ਤਿੰਨ ਸਾਧਨ ਦਸੇ ਗਏ ਹਨ। ਸਭ ਤੋਂ ਪਹਿਲਾਂ ਗਿਆਨ-ਮਾਰਗ ਹੈ ਜੋ ਉਪਨਿਸ਼ਦਾਂ ਅਤੇ ਸਾਂਖ੍ਯ ਦਰਸ਼ਨ ਵਿੱਚ ਵਿਸਤਾਰ ਨਾਲ ਵਰਣਿਤ ਹੈ। ਦੂਜਾ ਸਾਧਨ ਕਰਮ-ਮਾਰਗ ਹੈ। ਇਹ ਪ੍ਰਾਚੀਨ ਕਾਲ ਤੋਂ ਹਿੰਦੂ ਧਰਮ ਵਿੱਚ ਪ੍ਰਚਲਿਤ ਚਲਿਆ ਆ ਰਿਹਾ ਹੈ। ਇਸ ਬਾਰੇ ਗੀਤਾ ਇਹ ਸਿੱਧਾਂਤ ਹੈ ਕਿ ਧਰਮ ਗ੍ਰੰਥਾਂ ਵਿੱਚ ਵਰਣਿਤ ਕਰਮ ਕੇਵਲ ਛਿਣ ਭਰ ਦੇ ਸੁਖ ਜਾਂ ਸਵਰਗ ਦਿਵਾ ਸਕਦਾ ਹੈ ਜਦ ਕਿ ਨਿਸ਼ਕਾਮ ਭਾਵ ਨਾਲ ਕੀਤਾ ਕਰਮ ਮੋਖ ਪ੍ਰਾਪਤ ਕਰਾਉਂਦਾ ਹੈ। ਅਜਿਹੇ

ਢੰਗ ਨਾਲ ਕੀਤੇ ਕਰਮ ਦੀ ਵਿਧੀ ਨੂੰ ਕਰਮਯੋਗ ਦਾ ਨਾਂ ਦਿੱਤਾ ਗਿਆ ਹੈ। ਤੀਜਾ ਸਾਧਨਾ ਮਾਰਗ ਭਗਤੀ-ਮਾਰਗ ਹੈ। ਸੰਪੂਰਣ ਚਿੱਤਵ੍ਰਿੱਤੀ ਨਾਲ ਪਰਮਾਤਮਾ ਦਾ ਪ੍ਰੇਮ-ਪੂਰਵਕ ਭਜਨ ਜਾਂ ਪੂਜਾ ਕਰਨਾ ਮੁਕਤੀ ਦਾ ਸਾਧਨ ਹੈ।

ਗੀਤਾ ਵਿੱਚ ਹਿੰਦੂ ਧਰਮ ਦੇ ਪ੍ਰਮੁੱਖ ਆਦਰਸ਼ਾਂ ਦੀ ਪਾਲਣਾ ਉਤੇ ਬਲ ਦਿੱਤਾ ਗਿਆ ਹੈ। ਇਸ ਵਿਚ ਹਿੰਦੂ ਧਰਮ ਦੇ ਲਗਭਗ ਸਾਰੇ ਮਹੱਤਵਪੂਰਣ ਸਿੱਧਾਤਾਂ ਦਾ ਸਰੂਪ ਸੰਖੇਪ ਵਿਚ ਦਰਜ ਹੈ ਅਤੇ ਜਿਥੇ ਕਿਤੇ ਯੁਗ ਦੀ ਸਥਿਤੀ ਅਨੁਸਾਰ ਕੋਈ ਸੋਧ ਜਾਂ ਸੁਧਾਰ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਹੈ, ਉਥੇ ਹਰ ਪ੍ਰਾਕਰ ਦੇ ਅੰਤਰ ਵਿਰੋਧਾਂ ਨੂੰ ਖਤਮ ਕਰਕੇ ਯੁਗ ਦੀ ਨੁਹਾਰ ਅਨੁਸਾਰ ਢਾਲਿਆ ਗਿਆ ਹੈ। ਗੀਤਾ ਕਿਤੇ ਵੀ ਵਰਣਾਸ਼੍ਰਮ ਧਰਮ ਦਾ ਵਿਰੋਧ ਨ੍ਹੀ ਕਰਦੀ। ਪਰ ਧਿਆਨ ਰਹੇ, ਗੀਤਾ ਹੋਰਨਾਂ ਧਾਰਮਿਕ ਸੰਪ੍ਰਦਾਵਾਂ ਅਨੁਸਾਰ ਕੇਵਲ ਗ੍ਰਿਹਸਥ ਧਰਮ ਦਾ ਤਿਆਗ ਕਰਕੇ ਸੰਨਿਆਸੀ ਬਣਨ ਵਾਲਿਆਂ ਨੂੰ ਹੀ ਮੁਕਤੀ ਪ੍ਰਾਪਤ ਕਰਨ ਦਾ ਅਧਿਕਾਰੀ ਸਮਝਦੀ ਹੈ ਜੋ ਸੰਸਾਰਿਕ ਕਰਮਾਂ ਵਿੱਚ ਲੀਨ ਹਨ। ਅਰਥਾਤ ਗੀਤਾ ਅਨੁਸਾਰ ਮੁਕਤੀ ਦੀ ਪ੍ਰਾਪਤੀ ਲਈ ਸੰਨਿਆਸ ਧਾਣ ਕਰਨਾ ਜ਼ਰੂਰੀ ਨਹੀਂ। ਸਪੱਸ਼ਟ ਹੈ ਕਿ ਗੀਤਾ ਪਰੰਪਰਾ ਦਾ ਪਾਲਣ ਕਰਦੀ ਹੋਈ ਵੀ ਯੁਗ-ਬੋਧ ਅਤੇ ਯੁਗ ਲੋੜ ਦੀ ਪੂਰਤੀ ਕਰਦੀ ਹੈ। ਫਲਸਰੂਪ, ਇਸ ਨੂੰ ਹਿੰਦੂ ਧਰਮ ਦਾ ਆਧਾਰ ਗ੍ਰੰਥ ਸਮਝਿਆ ਜਾਂਦਾ ਹੈ।

ਕੁਝ ਤਰਕਵਾਦੀ ਵਿਦਵਾਨਾਂ ਦਾ ਵਿਚਾਰ ਹੈ ਕਿ ਗੀਤਾ ਜਾਤ-ਪਾਤ੍ਰ ਵਰਣ ਵੰਡ ਨੂੰ ਉਜਾਗਰ ਕਰਦੀ ਹੈ, ਲੋਟੂ ਵਰਗ ਦੀ ਹਮਾਇਤ ਕਰਦੀ ਹੈ ਅਤੇ ਆਪਾ ਵਿਰੋਧੀ ਵਿਚਾਰਾਂ ਨਾਲ ਭਰਪੂਰ ਹੈ ਇਕ ਵਿਦਵਾਨ ਅਨੁਸਾਰ "ਹਿੰਦੂ ਧਰਮ ਵਿੱਚ ਗੀਤਾ ਦਾ ਇਕ ਖਾਸ ਸਥਾਨ ਹੈ। ਹਰ ਕਿਸਮ ਦੇ ਸੰਪ੍ਰਦਾਇ ਅਤੇ ਵਿਅਕਤੀ ਕਿਸੇ ਨਾ ਕਿਸੇ ਰੂਪ ਵਿਚ ਗੀਤਾ ਦਾ ਅਧਿਐਨ ਕਰਦੇ ਹਨ। ਗੀਤਾ ਨੂੰ ਭਾਰਤੀ ਦਰਸ਼ਨ ਦਾ ਮਹਾਂ ਗਰੰਥ ਮੰਨਿਆ ਜਾਂਦਾ ਹੈ। ਹਿੰਦੂਆਂ ਦੇ ਬਾਕੀ ਧਾਰਮਿਕ ਗਰੰਥਾਂ ਮਹਾਭਾਰਤ ਰਾਮਚਰਿਤਮਾਨਸ ਅਤੇ ਵੇਦਾਂ ਨਾਲੋਂ ਵੱਧ ਸਤਿਕਾਰ ਗੀਤਾ ਨੂੰ ਹੀ ਪ੍ਰਾਪਤ ਹੋਇਆ ਹੈ ਭਾਰਤ ਵਿਚ ਹੀ ਨਹੀਂ ਬਦੇਸ਼ਾਂ ਵਿਚ ਵੀ ਗੀਤਾ ਨੂੰ ਆਦਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਗੀਤਾ ਦੇ ਭਗਤ ਇਸ ਕਿਤਾਬ ਨੂੰ ਭਾਰਤ ਦੇ ਸਾਰੇ ਦਰਸ਼ਨਾਂ ਦਾ ਨਿਚੋੜ ਸਮਝਦੇ ਹਨ। ਇਥੋਂ ਤਕ ਆਖਿਆ ਜਾਂਦਾ ਹੈ ਕਿ ਜੇ ਵੇਦ ਗਊ ਹਨ ਤਾਂ ਗੀਤਾ ਦੁੱਧ ਹੈ। ਇਹ ਸਭ ਕੁਝ ਗੀਤਾ ਦੇ ਭਗਤਾਂ ਉਪਾਸ਼ਕਾਂ, ਪਰਚਾਰਕਾਂ ਅਤੇ ਵਿਦਵਾਨਾਂ ਦੇ ਕਥਨਾਂ ਅਨੁਸਾਰ ਹੈ। ਪਰੰਤੂ ਜਦੋਂ ਅਸੀਂ ਗੀਤਾ ਨੂੰ ਤਰਕ ਦੀ ਕਸਵੱਟੀ ਤੇ ਪਰਖ ਕੇ ਉਸਦਾ ਨਿਰਪੱਖ ਅਧਿਐਨ ਕਰਦੇ ਹਾਂ ਤਾਂ ਗੀਤਾ ਦੇ ਮੁੱਖ ਨਾਇਕ ਸ੍ਰੀ ਕ੍ਰਿਸ਼ਨ ਵਲੋਂ ਗਿਣੀ-ਮਿੱਥੀ ਸਾਜਿਸ਼ ਅਧੀਨ ਜਾਣ ਬੁੱਝ ਕੇ ਆਮ ਲੋਕਾਂ ਵਿੱਚ ਇਕ ਅਜਿਹੇ ਦਰਸ਼ਨ ਨੂੰ ਪਰਚਾਰਨਾ ਸੀ ਜਿਸ ਨਾਲ ਉਹਨਾਂ ਵਿੱਚ ਅੰਧਵਿਸ਼ਵਾਸ ਹੋਰ ਪੱਕੇ ਹੋ ਜਾਣ। ਕ੍ਰਿਸ਼ਨ ਵਲੋਂ ਪਰਚਾਰੇ ਗਏ ਸਿਧਾਂਤ ਆਮ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਹੀ ਹਨ। ਆਓ ਗੀਤਾ ਵਿਚ ਦਰਜ ਸਿਧਾਂਤਾਂ ਦੀ ਪੜਚੋਲ ਕਰਕੇ ਵੇਖੀਏ ਕਿ ਇਹ ਕਿਸ ਵਰਗ ਦੀ ਸੇਵਾ ਕਰਦੇ ਹਨ, ਲੁਟੇ ਜਾਣ ਵਾਲੇ ਵਰਗ ਦੀ ਜਾਂ ਲੋਟੂ ਵਰਗ ਦੀ।

ਧਰਮ ਦੀ ਕੋਈ ਸਪੱਸ਼ਟ ਪਰਿਭਾਸ਼ਾਂ ਨਹੀਂ— ਗੀਤਾ ਦੇ ਪਾਠਕ ਨੂੰ ਸਭਾ ਤੋਂ ਪਹਿਲੀ ਗੱਲ ਜੋ ਚੁਭਦੀ ਹੈ ਉਹ ਇਹ ਹੈ ਕਿ ਇਸ ਕਿਤਾਬ ਵਿੱਚ ਆਦਿ ਤੋਂ ਅੰਤ ਤੱਕ ਧਰਮ ਦੀ ਭਾਵੇਂ ਦੁਹਾਈ ਮਚਾਈ ਗਈ ਹੈ ਪਰੰਤੂ ਕਿਧਰੇ ਵੀ ਧਰਮ ਦੀ ਪਰਿਭਾਸ਼ਾ ਨਹੀਂ ਕੀਤੀ ਗਈ ਕਿ ਧਰਮ ਹੁੰਦਾ ਕੀ ਹੈ। ਗੀਤਾ ਵਿੱਚ ਧਰਮ ਦੀ ਪ੍ਰਸ਼ੰਸਾ ਥਾਂ ਥਾਂ ਮਿਲਦੀ ਹੈ। ਗੀਤਾ ਵਿੱਚ ਉਲੇਖ ਹੈ, "ਧਰਮ ਨਸ਼ਟ ਹੋ ਜਾਣ

ਤੇ ਸਾਰੀ ਕੁੱਲ ਨੂੰ ਅਧਰਮ ਦਬਾ ਲੈਂਦਾ ਹੈ। ਇਸ ਨਾਲ ਕੁੱਲ ਦੀਆਂ ਨਾਰੀਆਂ ਦੂਸ਼ਿਤ ਹੋ ਜਾਂਦੀਆਂ ਹਨ। ਅਜਿਹੀਆਂ ਔਰਤਾਂ ਨੂੰ ਬੇਰੜੇ ਬੱਚੇ ਪੈਦਾ ਹੁੰਦਾ ਹਨ। ਅਜਿਹੀ ਹਰਾਮ ਸੰਤਾਨ ਕੁੱਲ ਨਾਸ਼ਕਾਂ ਅਤੇ ਕੁੱਲ ਨੂੰ ਨਰਕ ਵਿਚ ਲੈ ਜਾਂਦੀ ਹੈ।"

ਇੰਝ ਹੀ ਅੱਗੇ ਆਖਿਆ ਗਿਆ ਹੈ, "ਜਦੋਂ ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦੀ ਉੱਨਤੀ ਹੁੰਦੀ ਹੈ ਤਾਂ ਉਸ ਸਮੇਂ ਮੈਂ ਜਨਮ ਲੈਂਦਾ ਹਾਂ। ਮੈਂ ਸੱਜਣਾਂ ਦੀ ਰਾਖੀ ਕਰਨ ਅਤੇ ਦੁਸ਼ਟਾਂ ਦੇ ਨਾਸ਼ ਦੇ ਲਈ ਹਰ ਇਕ ਯੁੱਗ ਵਿੱਚ ਪੈਦਾ ਹੁੰਦਾ ਹਾਂ।" ਜਿਵੇਂ ਗੀਤਾ ਵਿੱਚ ਹੋਰ ਸਿਧਾਂਤ ਉਲਝੇ ਹੋਏ ਹਨ ਅਤੇ ਕੁਝ ਵੀ ਸਪੱਸ਼ਟ ਨਹੀ ਹੈ ਇਸੀ ਤਰ੍ਹਾਂ ਧਰਮ ਭੀ ਅਜਿਹਾ ਹੀ ਇਕ ਮਸਲਾ ਹੈ ਜਿਸਨੂੰ ਗੀਤਾ ਸੁਲਝਾ ਨਹੀਂ ਸਕੀ। ਇਕ ਪਾਸੇ ਤਾਂ ਧਰਮ ਬਹੁਤ ਮਹਾਨ ਹੈ ਪਰੰਤੂ ਜਦੋਂ ਉਸਦੀ ਹਾਨੀ ਹੁੰਦੀ ਹੈ ਤਾਂ ਕ੍ਰਿਸ਼ਨ ਨੂੰ ਜਨਮ ਲੈਣਾ ਪੈਂਦਾ ਹੈ। ਧਰਮ ਨੂੰ ਠੁੰਮਣਾ ਦੇਣ ਲਈ, ਇਥੇ ਹੀ ਬੱਸ ਨਹੀਂ, ਕ੍ਰਿਸ਼ਨ ਅਰਜਨ ਨੂੰ ਉਪਦੇਸ਼ ਦਿੰਦੇ ਹਨ, "ਹੇ ਅਰਜਨ, ਸਾਰੇ ਧਰਮਾਂ ਨੂੰ ਛੱਡਕੇ ਮੇਰੀ ਸ਼ਰਨ ਵਿਚ ਆ। ਮੈਂ ਤੈਨੂੰ ਸਾਰੇ ਪਾਪਾਂ ਤੋਂ ਛੁਡਾ ਦੇਵਾਂਗਾ। ਤੂੰ ਅਫਸੋਸ ਮੱਤ ਕਰ।" ਸਾਰੇ ਧਰਮਾਂ ਨੂੰ ਤਿਆਗ ਕੇ ਜਿਨ੍ਹਾਂ ਦੀ ਮਹਾਨਤਾ ਅਤੇ ਪ੍ਰਸ਼ੰਸਾ ਗੀਤਾ ਵਿਚ ਖੁਦ ਕ੍ਰਿਸ਼ਨ ਕਰਦਾ ਹੈ ਅਰਜਨ ਨੂੰ ਸਿੱਖਿਆ ਦਿੰਦਾ ਹੈ ਕਿ ਮੈਂ ਹੀ ਮਹਾਨ ਹਾਂ ਕਿਸੇ ਧਰਮ ਦੀ ਜ਼ਰੂਰਤ ਨਹੀ ਹੈ। ਕ੍ਰਿਸ਼ਨ ਦੀ ਇਹੋ ਹੀ ਧਾਰਨਾ ਸੀ ਕਿ ਕਿਵੇਂ ਨਾ ਕਿਵੇਂ ਉਹ ਆਪਣੀ ਮਹਾਨਤਾ ਨੂੰ ਦਰਸਾਵੇ ਅਤੇ ਇਹੋ ਹੀ ਉਸਨੇ ਕੀਤਾ।

ਸਵੈ ਪ੍ਰਚਾਰ ਦਾ ਸਾਧਨ ਧਰਮ ਉਪਦੇਸ਼ ਨਹੀਂ— ਦੂਜੀ ਗੱਲ ਜੋ ਗੀਤਾ ਦੇ ਪਾਠਕ ਨੂੰ ਰੜਕਦੀ ਹੈ ਕਿ ਜਿਵੇਂ ਆਮ ਆਖਿਆ ਜਾਂਦਾ ਹੈ ਕਿ ਗੀਤਾ ਇਕ ਮਹਾਨ ਧਾਰਮਿਕ ਗ੍ਰੰਥ ਹੈ। ਇਸ ਵਿਚ ਵਡਮੁੱਲੇ ਦਾਰਸ਼ਨਿਕ ਤੇ ਧਾਰਮਿਕ ਉਪਦੇਸ਼ ਦਰਜ ਹਨ ਪਰੰਤੂ ਜਦੋਂ ਦਲੀਲ ਨਾਲ ਪੂਰੀ ਘੋਖ ਅਤੇ ਸੁੱਧੀ ਬੁੱਧੀ ਵਿੱਚ ਰਹਿਕੇ ਇਸ ਕਿਤਾਬ ਦਾ ਅਧਿਐਨ ਕਰੀਏ ਤਾਂ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਗੀਤਾ ਕ੍ਰਿਸ਼ਨ ਦਾ ਸਵੈ-ਪ੍ਰਚਾਰ ਹੈ ਇਸ ਤੋਂ ਵੱਧ ਕੁਝ ਵੀ ਨਹੀ। ਆਪਣੇ ਮੂੰਹੋਂ ਆਪਣੀ ਹੀ ਪ੍ਰਸ਼ੰਸਾ ਕਰਨਾ ਕ੍ਰਿਸ਼ਨ ਦਾ ਹੀ ਕੰਮ ਸੀ ਅਤੇ ਗੀਤਾ ਵਿਚ ਉਸਨੇ ਬਹੁਤ ਹੀ ਹੁਸ਼ਿਆਰੀ ਅਤੇ ਖੂਬੀ ਨਾਲ ਇਹ ਭੂਮਿਕਾ ਨਿਭਾਈ ਹੈ। ਗੀਤਾ ਦੇ ਕੁੱਲ 700 ਸ਼ਲੋਕ ਹਨ ਜਿਹਨਾਂ ਵਿਚੋਂ 620 ਕ੍ਰਿਸ਼ਨ ਨੇ ਆਖੇ ਹਨ। ਇਹਨਾਂ 620 ਸ਼ਲੋਕਾਂ ਵਿਚ ਕ੍ਰਿਸ਼ਨ ਨੇ 77 ਵਾਰੀ (ਮੈਂ) 76 ਵਾਰੀ (ਮੈਨੂੰ), 43 ਵਾਰੀ (ਮੇਰੇ ਵਾਸਤੇ), 19 ਵਾਰੀ (ਮੇਰਾ), 12 ਵਾਰੀ (ਮੈਂਨੇ), 18 ਵਾਰੀ (ਮੇਰੇ ਵਿਚ), ਸ਼ਬਦ ਦਾ ਇਸਤੇਮਾਲ ਕੀਤਾ ਹੈ। ਇੰਝ 620 ਸ਼ਲੋਕਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਕ੍ਰਿਸ਼ਨ ਨੇ 375 ਵਾਰੀ ਮੈਂ ਸ਼ਬਦ ਦਾ ਪ੍ਰਯੋਗ ਕੀਤਾ ਹੈ। ਇਸ ਤਰ੍ਹਾਂ ਗੀਤਾ ਇਕ ਦਾਰਸ਼ਨਿਕ ਜਾਂ ਧਾਰਮਿਕ ਕ੍ਰਿਤ ਨਹੀ ਹੈ ਸਗੋਂ ਕ੍ਰਿਸ਼ਨ ਵੱਲੋਂ ਆਪਣੇ ਹੀ ਪਰਚਾਰ ਅਤੇ ਪ੍ਰਸ਼ੰਸਾ ਵਿਚ ਕੀਤੀ ਇਕ ਤਕਰੀਰ ਹੀ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਜਦੋਂ ਅਸੀ ਇਹ ਪੜ੍ਹਦੇ ਹਾਂ, "ਮੈਂ ਸਾਰੇ ਸੰਸਾਰ ਦਾ ਆਦਿ ਅਤੇ ਅੰਤ ਅਰਥਾਤ ਮੂਲ ਕਾਰਨ ਹਾਂ— 6. ਮੇਰੇ ਅਤਿਰਿਕਤ ਦੂਜੀ ਵਸਤੂ ਕੁਝ ਭੀ ਨਹੀ ਹੈ। ਇਹ ਸਾਰਾ ਸੰਸਾਰ ਮੇਰੇ ਵਿਚ ਇਸ ਤਰ੍ਹਾਂ ਸਮਾਇਆ ਹੋਇਆ ਹੈ ਜਿਵੇਂ ਧਾਗੇ ਵਿੱਚ ਮਨਕੇ ਪਰੋਤੇ ਹੁੰਦੇ ਹਨ— 7. ਹੇ ਅਰਜਨ! ਮੈਂ ਜਲ ਵਿਚ ਰਸ ਹਾਂ ਤੇ ਸੂਰਜ ਚੰਦਰਮਾਂ ਵਿਚ ਪ੍ਰਕਾਸ਼ ਹਾਂ। ਮੈਂ ਸਾਰੇ ਵੇਦਾਂ ਵਿੱਚ ਓਂਕਾਰ ਹਾਂ ਮੈਂ ਆਕਾਸ਼ ਵਿਚ ਸ਼ਬਦ ਹਾਂ ਮੈਂ ਮਨੁੱਖ ਵਿਚ ਪੁਰਸ਼ ਹਾਂ— 8. ਮੈਂ ਧਰਤੀ ਵਿਚ ਪਵਿੱਤਰ ਗੰਧ ਹਾਂ ਅਤੇ ਮੈਂ ਅਗਨੀ ਵਿੱਚ ਤੇਜ ਹਾਂ। ਮੈਂ ਸਾਰੇ ਪ੍ਰਾਣੀਆਂ ਵਿਚ ਜੀਵਨ ਅਤੇ ਤਪੱਸਵੀਆਂ ਵਿਚ ਤਪ ਹਾਂ। — 9. ਇੰਝ ਹੀ ਨੌਵੇਂ ਅਧਿਆਏ ਦੇ 34 ਸ਼ਲੋਕ ਹਨ ਜੋ ਸਾਰੇ ਦੇ ਸਾਰੇ ਕ੍ਰਿਸ਼ਨ ਦੀ ਮੈਂ ਨਾਲ ਭਰੇ ਪਏ ਹਨ। ਇਸ ਅਧਿਆਏ

ਵਿਚੋਂ ਕ੍ਰਿਸ਼ਨ ਦੇ ਸਵੈ-ਪ੍ਰਚਾਰ ਅਤੇ ਸਵੈ-ਪ੍ਰਸ਼ੰਸਾ ਦੇ ਉਦਾਹਰਣ ਮਿਲਦੇ ਹਨ ਜਿਵੇਂ, "ਮੈਂ ਇਸ ਸੰਸਾਰ ਦਾ ਪਿਤਾ ਹਾਂ, ਮੈਂ ਮਾਤਾ ਹਾਂ, ਮੈਂ ਧਾਰਣ ਕਰਨ ਵਾਲਾ ਹਾਂ, ਮੈਂ ਪਿਤਾਮਾ ਹਾਂ, ਮੈਂ ਜਾਨਣਯੋਗ ਪਵਿੱਤਰ ਉਂਕਾਰ ਹਾਂ, ਮੈਂ ਰਿਗਵੇਦ ਹਾਂ, ਮੈਂ ਸਾਮਵੇਦ ਹਾਂ, ਮੈਂ ਯੁਜਰਵੇਦ ਹਾਂ, —17. ਮੈਂ ਸਭ ਦੀ ਗਤੀ ਹਾਂ, ਮੈਂ ਸਭ ਦਾ ਭਰਣ ਕਰਨ ਵਾਲਾ ਹਾਂ, ਮੈਂ ਸਭ ਦਾ ਸਵਾਮੀ ਹਾਂ, ਮੈਂ ਚੰਗਿਆਈ ਨੂੰ ਵੇਖਣ ਵਾਲਾ ਹਾਂ, ਮੈਂ ਸਭ ਦਾ ਨਿਵਾਸ ਹਾਂ, ਮੈਂ ਸਭ ਨੂੰ ਸ਼ਰਣ ਦੇਣ ਵਾਲਾ ਹਾਂ, ਮੈਂ ਸਭ ਦਾ ਮਿੱਤਰ ਹਾਂ, ਮੈਂ ਸਭ ਦੀ ਉਤਪਤੀ ਹਾਂ, ਮੈਂ ਪਰਲੋ ਹਾਂ, ਮੈਂ ਸਥਾਨ ਹਾਂ, ਮੈਂ ਵਿਧਾਨ ਹਾਂ, ਮੈਂ ਸਭ ਦਾ ਅਵਿਨਾਸ਼ੀ ਕਾਰਣ ਹਾਂ— 18. ਮੈਂ ਸੂਰਜ ਰੂਪ ਵਿਚ ਤਪਦਾ ਹਾਂ। ਮੈਂ ਬਰਸਾਤ ਨੂੰ ਖਿੱਚਦਾ ਹਾਂ, ਮੈਂ ਹੀ ਇਸਨੂੰ ਛੱਡਦਾ ਹਾਂ, ਮੈਂ ਅੰਮ੍ਰਿਤ ਹਾਂ ਮੈਂ ਮੌਤ ਹਾਂ। ਹੇ ਅਰਜਨ! ਮੈਂ ਸੱਚ ਹਾਂ ਮੈਂ ਝੂਠ ਹਾਂ —19. ਹੇ ਅਰਜਨ! ਮੇਰੇ ਵਿਚ ਮਨ ਲਗਾ ਮੇਰਾ ਭਗਤ ਬਣ, ਮੇਰੇ ਲਈ ਯੱਗ ਕਰ, ਮੈਨੂੰ ਨਮਸਕਾਰ ਕਰ। ਇਸ ਤਰ੍ਹਾਂ ਆਪਣੇ ਆਪ ਨੂੰ ਮੇਰੀ ਸ਼ਰਨ ਕਰਕੇ ਤੂੰ ਮੈਨੂੰ ਪ੍ਰਾਪਤ ਹੋਵੇਂਗਾ— 34. ਇਥੇ ਹੀ ਬਸ ਨਹੀ ਸਾਰੀ ਗੀਤਾ ਨੂੰ ਜੇ ਉਲਟ ਪੁਲਟ ਕੇ ਅਧਿਐਨ ਕਰੀਏ ਤਾਂ ਕ੍ਰਿਸ਼ਨ ਨੇ ਆਪਣੇ ਮੂੰਹੋਂ ਮੀਆਂ ਮਿੱਠੂ ਦੀ ਕਹਾਵਤ ਪੂਰੀ ਢੁੱਕਦੀ ਹੈ। ਦਸਵੇਂ ਅਧਿਆਏ ਦੇ 33 ਸ਼ਲੋਕ ਹਨ ਅਤੇ ਇਨ੍ਹਾਂ ਵਿੱਚ ਕ੍ਰਿਸ਼ਨ ਨੇ 96 ਵਾਰੀ ਮੈਂ ਸ਼ਬਦ ਦੀ ਵਰਤੋਂ ਕੀਤੀ ਹੈ। ਹੇ ਅਰਜਨ! ਮੈਂ ਸਭ ਪ੍ਰਾਣੀਆਂ ਦੇ ਹਿਰਦੇ ਵਿੱਚ ਰਹਿਣ ਵਾਲਾ ਹਾਂ, ਮੈਂ ਪ੍ਰਾਣੀਆਂ ਦਾ ਆਦੀ ਹਾਂ, ਮੈਂ ਮੱਧ ਹਾਂ, ਮੈਂ ਅੰਤ ਹਾਂ— 20......ਮੈਂ ਦੰਡ ਪਾਉਣ ਵਾਲਿਆਂ ਵਿਚ ਦੰਡ ਹਾਂ, ਮੈਂ ਜਿੱਤਣ ਦੀ ਇੱਛਾ ਵਾਲਿਆਂ ਵਿਚ ਨੀਤੀ ਹਾਂ, ਮੈਂ ਗੁਪਤ ਰੱਖਣ ਯੋਗ ਭਾਵਾਂ ਵਿਚ ਮੋਨ ਹਾਂ, ਮੈਂ ਗਿਆਨ ਵਾਲਿਆਂ ਵਿਚ ਗਿਆਨ ਹਾਂ— 38. ਇਥੇ ਤਕ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕਿਵੇਂ ਕ੍ਰਿਸ਼ਨ ਨੇ ਸਵੈ-ਪ੍ਰਚਾਰ ਕੀਤਾ ਅਤੇ ਖੁਦ ਹੀ ਆਪਣੀ ਪ੍ਰਸ਼ੰਸਾ ਕੀਤੀ।

ਆਪਾ ਵਿਰੋਧੀ ਸਿਧਾਂਤਾਂ ਦੀ ਕਿਤਾਬ:- ਆਪਣੇ ਇਸ ਸਵੈ-ਪ੍ਰਚਾਰ ਅਤੇ ਸਵੈ-ਪ੍ਰਸ਼ੰਸਾ ਵਿਚ ਕ੍ਰਿਸ਼ਨ ਇਤਨਾ ਮਗਨ ਹੋ ਗਿਆ ਕਿ ਉਸ ਨੂੰ ਇਹ ਵੀ ਗਿਆਨ ਨਹੀਂ ਰਿਹਾ ਕਿ ਉਹ ਕਈ ਅਜਿਹੀਆਂ ਗੱਲਾਂ ਆਖ ਰਿਹਾ ਹੈ ਕਿ ਜੋ ਆਪਾ ਵਿਰੋਧੀ ਹਨ ਜੇ ਇਕ ਗਲ ਠੀਕ ਹੈ ਤਾਂ ਲਾਜ਼ਮੀ ਦੂਜੀ ਗਲ ਗਲਤ ਹੈ। ਪਰੰਤੂ ਕ੍ਰਿਸ਼ਨ ਦੇ ਸਾਹਮਣੇ ਮੁੱਖ ਕੰਮ ਇਕ ਸਾਰ ਤਰਕ ਭਰਪੂਰ ਦਰਸ਼ਨ ਜਾਂ ਫਿਲਾਸਫੀ ਪੇਸ਼ ਕਰਨਾ ਨਹੀਂ ਸੀ। ਉਸਦੇ ਸਾਹਮਣੇ ਤਾਂ ਮੁਖ ਕੰਮ ਆਪਣੇ ਆਪ ਨੂੰ ਮਹਾਨ ਮਹਾਤਮਾ ਪੇਸ਼ ਕਰਕੇ ਲੋਕਾਂ ਨੂੰ ਆਪਣੀ ਭਗਤੀ ਕਰਨ ਲਈ ਗੁਮਰਾਹ ਕਰਨਾ ਸੀ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਉਸਨੂੰ ਚਾਹੇ ਕਿੰਨੀਆਂ ਹੀ ਊਟ-ਪਟਾਂਗ ਅਤੇ ਆਪਾ-ਵਿਰੋਧੀ ਦਲੀਲਾਂ ਕਿਉਂ ਨਾ ਪੇਸ਼ ਕਰਨੀਆਂ ਪੈਂਦੀਆਂ, ਕ੍ਰਿਸ਼ਨ ਆਖਦਾ ਹੈ, ਈਸ਼ਵਰ ਨਾ ਤਾਂ ਸੰਸਾਰ ਨੂੰ ਬਣਾਉਂਦਾ ਹੈ, ਨਾ ਹੀ ਕਰਮ ਬਣਾਉਂਦਾ ਹੈ ਅਤੇ ਨਾ ਹੀ ਕਰਤਾ ਨੂੰ ਕਰਮ ਦਾ ਫਲ ਦਿਵਾਉਂਦਾ ਹੈ ਇਹ ਸਭ ਤਾਂ ਕੁਦਰਤੀ ਸੁਭਾਅ ਤੋਂ ਹੀ ਹੁੰਦਾ ਹੈ। ਇਸ ਦਾ ਮਤਲਬ ਇਹ ਕਿ ਈਸ਼ਵਰ ਨੇ ਕਿਸੇ ਨੂੰ ਵੀ ਕਰਮ ਕਰਨ ਦੀ ਸ਼ਕਤੀ ਨਹੀਂ ਦਿੱਤੀ ਅਤੇ ਨਾ ਹੀ ਉਸਨੇ ਕਰਮ ਅਥਵਾ ਫਲ ਦੀ ਵਿਵਸਥਾ ਕੀਤੀ ਹੈ। ਅੱਗੇ ਆਪਣੀ ਇਸ ਆਖੀ ਗੱਲ ਨੂੰ ਕ੍ਰਿਸ਼ਨ ਭੁੱਲ ਜਾਂਦਾ ਹੈ ਅਤੇ ਆਖਦਾ ਹੈ, ਹੇ ਅਰਜਨ! ਈਸ਼ਵਰ ਸਭ ਦੇ ਹਿਰਦਿਆਂ ਵਿੱਚ ਸਥਿਤ ਹੈ। ਉਹ ਮਾਇਆ ਦੇ ਸਹਾਰੇ ਪ੍ਰਾਣੀਆਂ ਨੂੰ ਇਸ ਤਰ੍ਹਾਂ ਘੁੰਮਾਉਂਦਾ ਹੈ ਜਿਵੇਂ ਲਗਨ ਚੱਕਰ ਤੇ ਬੈਠੇ ਲੋਕਾਂ ਨੂੰ ਉਸਦੇ ਚਲਾਉਣਾ ਵਾਲਾ। ਇਸ ਰੂਪ ਵਿੱਚ ਪ੍ਰਾਣੀ ਚੱਕਰ ਤੇ ਬੈਠੇ ਲੋਕ ਹਨ, ਮਾਇਆ ਚੱਕਰ ਹੈ ਅਤੇ ਈਸ਼ਵਰ ਚਲਾਉਣ ਵਾਲਾ ਹੈ। ਇਸ ਤਰ੍ਹਾਂ ਗੋਲ ਚੱਕਰ ਤੇ ਬੈਠੇ ਲੋਕ ਆਪਣੀ ਇੱਛਾ ਨਾਲ ਨਹੀਂ, ਚਾਲਕ ਦੇ ਇਸ਼ਾਰੇ ਤੇ ਨੱਚਦੇ ਹਨ। ਉਸ ਤਰ੍ਹਾਂ ਸੰਸਾਰ ਦੇ ਜੀਵ ਆਪਣੀ ਇੱਛਾ

ਡਾ: ਸੁਖਪ੍ਰੀਤ ਸਿੰਘ ਉਦੋਕੇ ਉਨ੍ਹਾਂ ਚੰਦ ਇਕ ਖੋਜੀਆਂ ਤੇ ਸਕਾਲਰਾਂ ਵਿਚੋਂ ਹਨ ਇਨ੍ਹਾਂ ਦੀ ਕਲਮ ਨੂੰ ਸਿੱਕੇਬੰਦ ਤਵਾਰੀਖ ਪੇਸ਼ ਕਰਨ ਵਾਲੀਆਂ ਕਲਮਾਂ ਵਿਚੋਂ ਇਕ ਹੋਣ ਦਾ ਮਾਣ ਹਾਸਿਲ ਹੈ ਉਨ੍ਹਾਂ ਦੀ ਹਰ ਲਿਖਤ ਤਵਾਰੀਖ, ਫਲਸਫਾ, ਦਲੀਲ ਦੀ ਨੀਂਹ ਤੇ ਪੂਰੀ ਉਤਰਦੀ ਹੈ। ਸੱਚ ਪੁੱਛੋ ਤਾਂ ਪਿਛਲੇ ਵੀਹ ਸਾਲਾਂ ਵਿਚ ਸ਼ਾਇਦ ਡਾ: ਉਦੋਕੇ ਹੀ ਇਕੋ-ਇਕ ਨਵੀਂ ਕਲਮ ਹੈ ਜਿਸ ਨੂੰ ਮੈਂ ਸਿੱਖ ਤਵਾਰੀਖ ਲਿਖਣ ਵਾਲਿਆਂ ਦਾ ਵਾਰਿਸ ਸਮਝਦਾ ਹਾਂ। ਵਾਹਿਗੁਰੂ ਕਰੇ ਉਨ੍ਹਾਂ ਵਰਗੇ ਚਾਰ ਪੰਜ ਹੋਰ ਖੋਜੀ ਤੇ ਸਕਾਲਰ ਸਿੱਖ ਪੰਥ ਵਿਚ ਪੈਦਾ ਹੋ ਜਾਣ ਤਾਂ ਮੈਨੂੰ ਜ਼ਮਾਨੇ ਭਰ ਦੀ ਸਭ ਤੋਂ ਵੱਡੀ ਖੁਸ਼ੀ ਹੋਵੇਗੀ। ਇਸ ਦਾ ਮਾਅਨਾ ਹੋਵੇਗਾ ਕਿ ਹੁਣ ਸਿੱਖ ਤਵਾਰੀਖ ਨਾਲ ਕੋਈ ਜ਼ਿਆਦਤੀ ਨਹੀਂ ਕਰ ਸਕੇਗਾ। ਜਿਊਂਦਾ-ਵਸਦਾ ਤੇ ਪੰਥ ਦੀ ਸੇਵਾ ਕਰਦਾ ਰਹੇ ਮੇਰਾ ਨਿੱਕਾ ਵੀਰ ਡਾ: ਸੁਖਪ੍ਰੀਤ ਸਿੰਘ ਉਦੋਕੇ।

ਹਰਜਿੰਦਰ ਸਿੰਘ 'ਦਿਲਗੀਰ'

ਅਜਿਹੇ ਭੰਬਲਭੂਸੇ ਵਿੱਚ ਪਾਇਆ ਕਿ ਉਹ ਪਾਗਲ ਵਾਂਗੂ ਹੋ ਗਿਆ ਅਤੇ ਕ੍ਰਿਸ਼ਨ ਦੇ ਕਹਿਣ ਤੇ ਯੁੱਧ ਲਈ ਤਿਆਰ ਹੋ ਗਿਆ।

117.

ਬੇਚੈਨ ਹੈਂ ਅਬ 'ਖ਼ਾਲਸਾ' ਜੀ ਰੰਜ ਕੇ ਮਾਰੇ।
ਦਿਲ ਪਰ ਗ਼ਮੁ-ਅੰਦੋਹ ਮੇਂ ਚਲਨੇ ਲਗੇ ਆਰੇ।
ਖਾਮੋਸ਼ ਤੜਪਨੇ ਲਗੇ ਸਤਿਗੁਰ ਕੇ ਪਿਆਰੇ।
'ਜੋਗੀ ਜੀ' ਕਹੋ ਪੰਥ ਸੇ ਅਬ "ਫ਼ਤਹਿ" ਪੁਕਾਰੇ।

ਛਾਇਆ ਹੂਆ ਦੀਵਾਨ ਪਿ ਅਬ ਗ਼ਮ ਕਾ ਸਮਾਂ ਹੈ।
ਬੱਸ, ਖਤਮ ਸ਼ਹੀਦੋਂ ਕੀ ਸ਼ਹਾਦਤ ਕਾ ਬਿਆਂ ਹੈ।

ਸ਼ਬਦ ਅਰਥ :- ਗ਼ਮੁ-ਅੰਦੋਹ - ਚਿੰਤਾ, ਫ਼ਿਕਰ।

ਅਰਥਾਤ :- ਕਵੀ ਜੀ ਜਦੋਂ ਇਹ ਰਚਨਾ ਦੀਵਾਨ ਵਿੱਚ ਸੁਣਾ ਰਹੇ ਸਨ ਤਾਂ ਸਰੋਤਿਆਂ ਦੀ ਹਾਲਤ ਬਾਰੇ ਬਿਆਨ ਕਰਦੇ ਹਨ ਕਿ ਸਾਰਾ ਖਾਲਸਾ ਪੰਥ ਇਸ ਸ਼ਹੀਦੀ ਸਾਕੇ ਦੀ ਵਾਰਤਾ ਨੂੰ ਸੁਣ ਕੇ ਬੇਚੈਨ ਹੋ ਗਿਆ ਹੈ। ਹਰ ਪੰਥ ਦਰਦੀ ਦੇ ਸੀਨੇ ਉਪਰ ਇਸ ਸ਼ਹੀਦੀ ਸਾਕੇ ਨੂੰ ਸੁਣ ਕੇ ਫ਼ਿਕਰ (ਦੁੱਖ) ਦੇ ਆਰੇ ਚਲ ਰਹੇ ਮਹਿਸੂਸ ਹੋ ਰਹੇ ਹਨ। ਅੰਦਰੋਂ ਅੰਦਰ ਹੀ ਹਿਰਦਿਆਂ ਅੰਦਰ ਤੁਫ਼ਾਨ ਮੱਚਿਆ ਹੋਇਆ ਹੈ। ਜੋਗੀ ਜੀ ਫ਼ਤਹਿ ਬੁਲਾ ਕੇ ਖਾਲਸਾ ਪੰਥ ਤੋਂ ਆਗਿਆ ਲੈ ਕੇ ਦੀਵਾਨ ਦੀ ਸਮਾਪਤੀ ਕਰਦੇ ਹਨ।

ਹਰ ਪਾਸੇ ਦੀਵਾਨ ਵਿੱਚ ਸੁੰਨਸਾਨਤਾ ਅਤੇ ਗ਼ਮਗੀਨ ਵਾਤਾਵਰਨ ਬਣਿਆ ਹੋਇਆ ਹੈ ਅਤੇ ਜੋਗੀ ਜੀ ਨੇ ਇਸ ਮਹਾਨ ਸ਼ਹੀਦੀ ਸਾਕੇ ਨੂੰ ਖਾਲਸਾ ਪੰਥ ਨੂੰ ਸੁਣਾ ਕੇ ਸਮਾਪਤ ਕੀਤਾ।

ਹਾਲਾਤਿ ਚਮਕੌਰ

ਬੱਸ ਹਿੰਦ ਮੇਂ ਏਕ ਤੀਰਥ ਹੈ ਯਾਤਰਾ ਕੇ ਲੀਏ।
ਕਟਾਏ ਬਾਪ ਨੇਂ ਬੇਟੇ ਜਹਾਂ ਖ਼ੁਦਾ ਕੇ ਲੀਏ।
ਚਮਕ ਹੈ ਮਹਰ ਕੀ ਚਮਕੌਰ ! ਤੇਰੇ ਜ਼ੱਰਰੋਂ ਮੇਂ।
ਯਹੀ ਸੇ ਬਨ ਕੇ ਸਿਤਾਰੇ ਗਏ ਸਮਾਂ ਕੇ ਲੀਏ।

ਅਰਥਾਤ :- ਕਵੀ ਦਾ ਖਿਆਲ ਹੈ ਕਿ ਬੇਸ਼ਕ ਹਿੰਦੁਸਤਾਨ ਵਿੱਚ ਅਨੇਕਾਂ ਤੀਰਥ* ਅਸਥਾਨ ਹਨ ਪਰੰਤੂ ਹਿੰਦੁਸਤਾਨ ਵਿੱਚ ਇਕ ਵਿਲੱਖਣ ਅਤੇ ਅਨੋਖਾ ਤੀਰਥ ਅਸਥਾਨ ਹੈ ਜਿਸ ਮੁਕਾਮ ਤੇ ਇਕ ਪਿਤਾ ਨੇ ਧਰਮ ਦੀ ਰੱਖਿਆ ਹੇਤ ਸਤਿ ਮਾਰਗ ਉਪਰ ਚਲਦਿਆਂ ਆਪਣੇ ਪੁੱਤਰਾਂ ਦਾ ਬਲਿਦਾਨ ਦਿੱਤਾ, ਇਹ ਤੀਰਥ ਚਮਕੌਰ ਹੈ ਜਿਸ ਦੀ ਮਿੱਟੀ ਦੇ ਕਣਾਂ ਵਿੱਚ ਵੀ ਸੂਰਜ ਵਰਗੀ ਚਮਕ ਹੈ ਅਤੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਆਕਾਸ਼ ਦੇ ਤਾਰੇ ਵੀ ਇਸ ਮਹਾਨ ਸ਼ਹੀਦੀ ਸਥਾਨ ਤੋਂ ਬਣ ਕੇ ਆਕਾਸ਼ ਦੀ ਰੌਣਕ ਬਣੇ ਹੋਵਣ।

ਗੁਰੂ ਗੋਬਿੰਦ ਕੇ ਲਖਤਿ ਜਿਗਰ ਅਜੀਤੋ ਜੁਝਾਰ॥
ਫਲਕ ਪਿ ਇਕ ਯਹਾਂ ਦੋ ਚਾਂਦ ਹੈਂ ਜ਼ਿਆ ਕੇ ਲੀਏ॥
ਦੱਕਨ ਮੇਂ ਦੂਰ ਮਰਕਦ ਹੈ ਹਜ਼ੂਰ ਸਾਹਿਬ ਕਾ॥
ਪਹੁੰਚਨਾ ਜਿਸ ਜਗਹ ਮੁਸ਼ਕਿਲ ਹੈ 'ਬੇਨਵਾ ਕੇ ਲੀਏ॥

ਅਰਥਾਤ :- ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਦੇ ਜਿਗਰ ਦੇ ਟੋਟੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਕੌਮ ਉਪਰੋਂ ਬਲਿਦਾਨ ਦੇ ਕੇ ਇਸ ਮਹਾਨ ਸਥਾਨ ਤੇ ਸੁੱਤੇ ਪਏ ਹਨ। ਆਕਾਸ਼ ਵਿੱਚ ਤਾਂ ਇਕ ਚੰਦਰਮਾ ਹੈ ਪਰੰਤੂ ਇਸ ਅਸਥਾਨ ਤਾਂ ਦਰਸ਼ਨ ਕਰਨ ਵਾਸਤੇ ਦੋ ਚੰਦ੍ਰਮਾਂ ਹਨ। ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਜੋਤੀ ਜੋਤ ਸਮਾਉਣ ਦਾ ਅਸਥਾਨ ਦੱਖਣ ਵਿੱਚ (ਹਜ਼ੂਰ ਸਾਹਿਬ, ਨੰਦੇੜ)[1] ਬਹੁਤ ਦੂਰ ਹੈ, ਜਿਥੇ ਮੇਰੇ ਵਰਗਾ ਫਕੀਰ ਦਰਸ਼ਨ ਕਰਨ ਵਾਸਤੇ ਨਹੀਂ ਜਾ ਸਕਦਾ।

---

1. ਹਜ਼ੂਰ ਸਾਹਿਬ :- ਦੱਖਣ ਭਾਰਤ ਦੇ ਆਂਧਰ ਪ੍ਰਦੇਸ਼ ਵਿਚ ਨਾਦੇੜ ਸਥਿਤ ਸਿੱਖਾਂ ਦਾ ਚੌਥਾ ਤਖ਼ਤ ਜੋ ਗੋਦਾਵਰੀ ਨਦੀ ਦੇ ਕੰਢੇ ਉਤੇ ਬਣਿਆ ਹੋਇਆ ਹੈ। ਇਥੇ ਗੁਰੂ ਗੋਬਿੰਦ ਸਿੰਘ ਨੇ 7 ਅਕਤੂਬਰ, 1708 ਈ. (ਕਤਕ ਸੁਦੀ 5, 1765 ਬਿ.) ਨੂੰ ਗ੍ਰੰਥ ਸਾਹਿਬ ਨੂੰ ਗੁਰੂ-ਪਦ ਪ੍ਰਦਾਨ ਕਰਕੇ ਮਹਾ-ਪ੍ਰਸਥਾਨ ਕੀਤਾ ਸੀ। ਜਿਸ ਥਾਂ ਤੇ ਗੁਰੂ ਸਾਹਿਬ ਦਾ ਅੰਗੀਠਾ ਤਿਆਰ ਕੀਤਾ ਗਿਆ। ਉਥੇ ਹੁਣ ਮੁੱਖ ਗੁਰੂ-ਧਾਮ ਬਣਿਆ ਹੋਇਆ ਹੈ ਜਿਸ ਨੂੰ 'ਤਖ਼ਤ ਸਾਹਿਬ' ਵੀ ਕਿਹਾ ਜਾਂਦਾ ਹੈ। ਅੰਗੀਠੇ ਵਾਲੀ ਥਾਂ ਤੇ ਬਣੇ ਅੰਦਰਲੇ ਕਮਰੇ ਵਿੱਚ ਕਈ ਇਤਿਹਾਸਿਕ ਸ਼ਸਤ੍ਰ ਪਏ ਹੋਏ ਹਨ ਜਿਨ੍ਹਾਂ ਦੇ ਦਰਸ਼ਨ ਹਰ ਰੋਜ਼ ਰਹਿਰਾਸ ਤੋਂ ਬਾਦ ਕਰਵਾਏ ਜਾਂਦੇ ਹਨ।

ਪ੍ਰੇਮੀ ਸ਼ਰਧਾਲੂਆਂ ਨੇ ਰਾਗ ਸੂਹੀ ਛੰਦ ਮਹਲਾ ੫ ਦੀ ਇਕ ਤੁਕ (ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ) ਵਿਚ 'ਅਬਿਚਲ ਨਗਰੁ' ਦੇ ਅਨੁਕਰਣ ਤੇ ਇਸ ਗੁਰੂ-ਧਾਮ ਦਾ ਨਾਂ 'ਅਬਿਚਲ ਨਗਰ' ਪ੍ਰਸਿੱਧ ਕੀਤਾ ਹੈ, ਪਰ ਆਮ ਤੌਰ ਤੇ ਇਸ ਨੂੰ 'ਹਜ਼ੂਰ ਸਾਹਿਬ' ਕਿਹਾ ਜਾਂਦਾ ਹੈ। ਕਈ ਪ੍ਰੇਮੀ ਇਸ ਤੋਂ ਪਹਿਲਾਂ 'ਸੱਚਖੰਡ' ਪਦ ਵੀ ਜੋੜ ਦਿੰਦੇ ਹਨ— 'ਸਚਖੰਡ ਹਜ਼ੂਰ ਸਾਹਿਬ'।

ਨਾਦੇੜ ਵਿਚ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਦਸ ਗੁਰਦੁਆਰੇ ਹਨ, ਜਿਵੇਂ ਸ਼ਿਕਾਰ ਘਾਟ, ਸੰਗਤ ਸਾਹਿਬ, ਹੀਰਾ ਘਾਟ, ਗੋਬਿੰਦ ਬਾਗ, ਨਗੀਨਾ ਘਾਟ, ਬੰਦਾ-ਸਥਾਨ, ਮਾਲਟੇਕਰੀ ਅਤੇ ਮਾਤਾ ਸਾਹਿਬ ਕੌਰ ਦਾ ਸਥਾਨ। ਇਨ੍ਹਾਂ ਤੋਂ ਇਲਾਵਾ ਗੁਰਦੁਆਰਾ ਲੰਗਰ ਸਾਹਿਬ ਦੀ ਵੀ ਬਹੁਤ ਮਾਨਤਾ ਹੈ। ਤਖ਼ਤ ਸਾਹਿਬ ਦੇ ਪਰਿਸਰ ਵਿੱਚ ਮਾਈ ਭਾਗੋ ਦਾ ਬੁੰਗਾ ਅਤੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦਾ ਅੰਗੀਠਾ ਵੀ ਹੈ। ਤਖ਼ਤ ਸਾਹਿਬ ਉਤੇ ਵਿਸਾਖੀ, ਦੀਵਾਲੀ, ਹੋਲਾ-ਮਹੱਲਾ, ਗੁਰੂ ਗੋਬਿੰਦ ਸਿੰਘ ਦੇ ਜਨਮ ਅਤੇ ਜੋਤੀ-ਜੋਤਿ ਸਮਾਉਣ ਦੇ ਦਿਨ, ਗੁਰੂ ਨਾਨਕ ਦੇਵ ਦਾ ਜਨਮ ਦਿਨ ਅਤੇ ਗੁਰੂ ਗ੍ਰੰਥ ਸਾਹਿਬ ਦਾ ਗੁਰਿਆਈ-ਦਿਨ ਬੜੀ ਸ਼ਰਧਾ ਅਤੇ ਰੁਚੀ ਨਾਲ ਮੰਨਾਏ ਜਾਂਦੇ ਹਨ। ਹਰ ਸਾਲ ਲੱਖਾਂ ਸ਼ਰਧਾਲੂ ਇਸ ਧਰਮ ਧਾਮ ਦੀ ਯਾਤ੍ਰਾ ਕਰਦੇ ਹਨ।

ਭਟਕਤੇ ਫਿਰਤੇ ਹੈਂ ਕਿਉਂ ਹੱਜ ਕਰੋ ਯਹਾਂ ਆ ਕਰ।
ਯਿਹ ਕਾਬਾ ਪਾਸ ਹੈ ਹਰ ਇਕ ਖ਼ਾਲਸਾ ਕੇ ਲੀਏ।
ਯਹਾਂ-ਵੁਹ ਲੇਟੇ ਹੈਂ ਸਤਲੁਜ ਨੇ ਜੋਸ਼ ਮੇਂ ਆ ਕਰ।
ਚਰਨ ਹਜ਼ੂਰ ਕੇ ਨਹਰੇ ਬਹਾ ਬਹਾ ਕੇ ਲੀਏ।

ਅਰਥਾਤ :- ਐ, ਖਾਲਸਾ ਪੰਥ ਤੂੰ ਕਿਉਂ ਇਧਰ-ਉਧਰ ਘੁੰਮਦਾ ਫਿਰਦਾ ਹੈਂ ਤੇਰਾ ਤਾਂ ਚਮਕੌਰ ਦੇ ਦਰਸ਼ਨ ਕੀਤਿਆਂ ਹੀ ਹੱਜ[1] ਹੋ ਜਾਂਦਾ ਹੈ। ਤੇਰੇ ਵਾਸਤੇ ਤਾਂ ਇਸ ਸ਼ਹੀਦ ਗੰਜ ਦੇ ਦਰਸ਼ਨ ਹੀ ਕਾਬੇ[2] ਦੀ ਜ਼ਿਆਰਤ ਦੇ ਬਰਾਬਰ ਹਨ। ਇਥੇ ਤਾਂ ਗੁਰੂ ਪਿਤਾ ਦੇ ਮਹਾਨ ਸਪੂਤ ਸ਼ਹੀਦੀ ਪ੍ਰਾਪਤ ਕਰਕੇ ਗੂੜੀ ਨੀਂਦ ਸੁੱਤੇ ਪਏ ਹਨ ਜਿਨ੍ਹਾਂ ਦੇ ਦਰਸ਼ਨ ਅਤੇ ਚਰਨ ਧੂੜੀ ਵਾਸਤੇ ਦਰਿਆ ਤੇ ਨਹਿਰਾਂ ਵੀ ਉਤਾਵਲੀਆਂ ਹਨ।

---

1. ਹੱਜ :- ਮੁਸਲਮਾਨਾਂ ਦੇ ਪੰਜ ਅਹਿਮ ਧਰਮ-ਕਰਮਾਂ ਵਿਚੋਂ ਇਕ ਅਰਬੀ ਮੁਲਕਾਂ 'ਚ ਇਸ ਸ਼ਬਦ ਦਾ ਅਰਥ ਹੈ ਯਾਤ੍ਰਾ, ਜ਼ਿਆਰਤ, ਪਰ ਹਜ਼ਰਤ ਇਬਰਾਹੀਮ ਦੇ ਸਮੇਂ ਤੋਂ ਇਹ ਸ਼ਬਦ 'ਕਾਅਬਾ' ਦੀ ਯਾਤ੍ਰਾ ਲਈ ਰੂੜ ਹੋ ਗਿਆ ਹੈ। ਇਕ ਰੱਬ ਵਿਚ ਯਕੀਨ ਰੱਖਣ ਵਾਲੇ ਇਬਰਾਹੀਮ ਨੇ ਜਦੋਂ ਹੋਰ ਕਿਸੇ ਸੱਤਾ ਨੂੰ ਮੰਨਣੋਂ ਇਨਕਾਰ ਕਰ ਦਿੱਤਾ ਤਾਂ ਅੱਲ੍ਹਾ ਨੇ ਉਸ ਨੂੰ ਆਪਣੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੇਣ ਦੀ ਆਜ਼ਮਾਇਸ਼ ਵਿਚ ਪਾਇਆ। ਹਜ਼ਰਤ ਇਬਰਾਹੀਮ ਵਲੋਂ ਦਿੱਤੀ ਕੁਰਬਾਨੀ ਦੇ ਮਕਬੂਲ ਹੋ ਜਾਣ ਤੇ ਅੱਲ੍ਹਾ ਵਲੋਂ ਉਸ ਨੂੰ ਵਿਸ਼ਵ-ਇਮਾਮ ਬਣਾਏ ਜਾਣ ਦਾ ਫ਼ੈਸਲਾ ਸੁਣਾਇਆ ਗਿਆ। ਤਦਉਪਰੰਤ ਇਬਰਾਹੀਮ ਅਤੇ ਇਸਮਾਈਲ ਨੇ ਮਿਲ ਕੇ ਜਿਸ ਥਾਂ ਤੋਂ ਵਿਸ਼ਵ ਵਿਆਪੀ ਅੰਦੋਲਨ ਦਾ ਸੰਚਾਲਨ ਕੀਤਾ, ਉਹ 'ਕਾਅਬਾ' ਨਾਂ ਨਾਲ ਪ੍ਰਸਿੱਧ ਹੋਇਆ। ਇਸ ਥਾਂ ਨਾਲ ਇਹ ਧਾਰਮਿਕ ਮਹੱਤਵ ਸਥਾਪਿਤ ਕੀਤਾ ਗਿਆ ਕਿ ਰੱਬ ਵਿੱਚ ਯਕੀਨ ਰੱਖਣ ਵਾਲੇ ਸਾਰੇ ਲੋਕ ਇਥੇ ਆ ਕੇ ਰੱਬ ਦੀ ਭਗਤੀ ਕਰਨ ਅਤੇ ਪਰਤ ਕੇ ਇਸਲਾਮ ਦਾ ਪ੍ਰਚਾਰ ਦੂਰ ਦੁਰਾਡੇ ਦੇਸ਼ਾਂ ਵਿਚ ਕਰਨ। ਇਹੀ ਮਨੋਰਥ ਹੁਣ ਤਕ ਇਸ ਯਾਤ੍ਰਾ ਦਾ ਮੂਲ-ਉਦੇਸ਼ ਚਲਿਆ ਆ ਰਿਹਾ ਹੈ। ਹਰ ਇਕ ਮੁਸਲਮਾਨ ਲਈ ਜੀਵਨ ਭਰ ਵਿੱਚ ਇਕ ਵਾਰ ਹੱਜ ਕਰਨੀ ਜ਼ਰੂਰੀ ਮੰਨੀ ਗਈ ਹੈ।

ਹੱਜ, ਹਿਜਰੀ ਸਾਲ ਦੇ ਬਾਰ੍ਹਵੇਂ ਮਹੀਨੇ (ਜ਼ੁਲਹਿਜਹ) ਵਿਚ ਕੀਤੀ ਜਾਂਦੀ ਹੈ ਜਦੋਂ ਹੱਜ ਕਰਨ ਵਾਲਾ ਵਿਅਕਤੀ ਮੱਕਾ ਸ਼ਰੀਫ਼ ਦੇ ਨੇੜੇ ਪਹੁੰਚ ਜਾਂਦਾ ਹੈ ਤਾਂ ਪਹਿਲੇ ਬਸਤ੍ਰ ਉਤਾਰ ਕੇ ਅਤੇ ਇਸ਼ਨਾਨ ਕਰਕੇ ਕੇਵਲ ਦੋ ਚਾਦਰਾਂ (ਏਹਰਾਮ) ਧਾਰਣ ਕਰਦਾ ਹੈ, ਇਕ ਤੇੜ ਅਤੇ ਦੂਜੀ ਸ਼ਰੀਰ ਉਤੇ। ਰੱਬ ਦੀ ਉਸਤਤ ਕਰਦਾ ਅਤੇ ਉਸ ਨੂੰ ਲਾਸ਼ਰੀਕ ਮੰਨਦਾ ਹੋਇਆ ਜਦੋਂ ਉਹ ਕਾਅਬੇ ਪਾਸ ਪਹੁੰਚਦਾ ਹੈ ਤਾਂ ਪਹਿਲਾਂ ਇਸ਼ਨਾਨ ਕਰਦਾ ਹੈ ਫਿਰ 'ਸੰਗਿ-ਅਸਵਦ' (ਕਾਲੇ ਪੱਥਰ) ਨੂੰ ਹਰ ਵਾਰ ਚੁੰਮ ਕੇ ਕਾਅਬੇ ਨੂੰ ਖੱਬੇ ਹੱਥ ਰਖਦਿਆਂ ਉਸ ਦੀਆਂ ਸੱਤ ਪਰਿਕ੍ਰਮਾਂ ਕਰਦਾ ਹੈ ਜਿਨ੍ਹਾਂ ਵਿਚੋਂ ਤਿੰਨ ਵਾਰ ਤੇਜ਼ ਗਤੀ ਨਾਲ ਅਤੇ ਚਾਰ ਵਾਰ ਧੀਮੀ ਚਾਲ ਨਾਲ। ਇਸ ਤੋਂ ਬਾਦ ਕੀਤੇ ਜਾਣ ਵਾਲੇ ਹੋਰ ਧਾਰਮਿਕ ਕਰਮ ਨੌਵੀਂ ਤਿਥੀ ਤਕ ਸਮਾਪਤ ਕਰ ਲਏ ਜਾਂਦੇ ਹਨ। ਦਸਵੀਂ ਤਿਥੀ ਨੂੰ ਕਿਸੇ ਪਸ਼ੂ ਦੀ ਕੁਰਬਾਨੀ ਦਿੱਤੀ

ਜਾਂਦੀ ਹੈ ਅਤੇ ਸ਼ੈਤਾਨ ਦੇ ਸਥਾਨ ਉਤੇ ਸੱਤ ਪੱਥਰ, ਰੋੜੇ ਸੁਟੇ ਜਾਂਦੇ ਹਨ। ਇਸ ਉਪਰੰਤ ਤਿੰਨ ਦਿਨ ਮੱਕੇ ਠਹਿਰ ਕੇ ਮੁੰਡਨ ਕਰਵਾਇਆ ਜਾਂਦਾ ਹੈ, ਨਹੁੰ ਉਤਰਵਾਏ ਜਾਂਦੇ ਹਨ ਅਤੇ ਆਪਣੀ ਇੱਛਾ ਅਨੁਸਾਰ ਨਵੇਂ ਬਸਤ੍ਰ ਧਾਰਣ ਕੀਤੇ ਜਾਂਦੇ ਹਨ। ਇਸ ਉਪਰੰਤ ਤਿੰਨ ਦਿਨ ਮੱਕੇ ਠਹਿਰ ਕੇ ਮੁੰਡਨ ਕਰਵਾਇਆ ਜਾਂਦਾ ਹੈ, ਨਹੁੰ ਉਤਰਵਾਏ ਜਾਂਦੇ ਹਨ ਅਤੇ ਆਪਣੀ ਇੱਛਾ ਅਨੁਸਾਰ ਨਵੇਂ ਬਸਤ੍ਰ ਧਾਰਣ ਕੀਤੇ ਜਾਂਦੇ ਹਨ। ਫਿਰ ਕਾਅਬੇ ਦੀ ਪਰਿਕ੍ਰਮਾ ਕਰਕੇ, ਸ਼ੈਤਾਨ ਦੇ ਸਥਾਨ ਤੇ ਪੱਥਰ/ਰੋੜੇ ਸੁਟ ਕੇ ਅਤੇ ਚਾਹੇ-ਜ਼ਮਜ਼ਮ (ਜ਼ਮਜ਼ਮ ਨਾਂ ਦਾ ਖ਼ੂਹ) ਤੋਂ ਜਲ-ਪਾਨ ਕਰਕੇ, ਯਾਤ੍ਰੀ ਮੱਕੇ ਤੋਂ ਪ੍ਰਸਥਾਨ ਕਰਦਾ ਹੈ। ਇਸ ਸਾਰੀ ਯਾਤ੍ਰਾ-ਕਾਰਵਾਈ ਨੂੰ ਹੀ 'ਹੱਜ' ਮੰਨਿਆ ਜਾਂਦਾ ਹੈ। ਹੱਜ ਕਰਨ ਵਾਲੇ ਯਾਤ੍ਰੀ ਨੂੰ 'ਹਾਜੀ' ਕਿਹਾ ਜਾਂਦਾ ਹੈ।

2. ਕਾਅਬਾ :- ਮੁਸਲਮਾਨਾਂ ਦਾ ਪ੍ਰਮੁੱਖ ਧਰਮ-ਸਥਾਨ ਜੋ ਅਰਬ ਦੇਸ਼ ਦੇ ਮੱਕਾ ਨਾਂ ਦੇ ਨਗਰ ਵਿੱਚ ਸਥਿਤ ਹੈ। ਇਸ ਨੂੰ ਕਿਸੇ ਨੇ ਬਣਵਾਇਆ, ਇਸ ਬਾਰੇ ਵੱਖ ਵੱਖ ਰਵਾਇਤਾਂ ਪ੍ਰਚਲਿਤ ਹਨ, ਪਰ ਸਭ ਤੋਂ ਮਹੱਤਵਪੂਰਣ ਪਰੰਪਰਾ ਇਹ ਹੈ ਕਿ ਹਜ਼ਰਤ ਇਬਰਾਹੀਮ (ਵੇਖੋ) ਨੇ ਆਪਣੇ ਪੁੱਤਰ ਦੀ ਬਲੀ ਦੇਣ ਦੀ ਅਜ਼ਮਾਇਸ਼ ਵਿੱਚ ਸਫਲ ਹੋਣ ਉਪਰੰਤ ਆਪਣੇ ਪੁੱਤਰ ਇਸਮਾਈਲ ਦੇ ਸਹਿਯੋਗ ਨਾਲ ਧਰਮ-ਪ੍ਰਚਾਰ ਦੇ ਜਿਸ ਵਿਸ਼ਵਵਿਆਪੀ ਅੰਦੋਲਨ ਦਾ ਸੰਚਾਲਨ ਕੀਤਾ, ਉਸ ਦਾ ਆਰੰਭ ਕਾਅਬੇ ਵਾਲੀ ਥਾਂ ਤੋਂ ਹੋਇਆ ਸੀ। ਉਦੋਂ ਇਹ ਵੀ ਸਥਾਪਨਾ ਕੀਤੀ ਗਈ ਕਿ ਰੱਬ ਵਿੱਚ ਯਕੀਨ ਰੱਖਣ ਵਾਲੇ ਸਾਰੇ ਲੋਕ ਇਸ ਸਥਾਨ ਉਤੇ ਆ ਕੇ ਭਗਤੀ ਕਰਨ ਅਤੇ ਆਪਣੇ ਇਲਾਕਿਆਂ ਨੂੰ ਪਰਤ ਕੇ ਇਸਲਾਮ ਦਾ ਪ੍ਰਚਾਰ ਕਰਨ।

ਹਜ਼ਰਤ ਇਬਰਾਹੀਮ ਦੇ ਦੇਹਾਂਤ ਤੋਂ ਬਾਦ ਕਾਅਬਾ ਕਈ ਵਾਰ ਡਿਗਿਆ ਅਤੇ ਫਿਰ ਤੋਂ ਉਸਾਰਿਆ ਗਿਆ। ਇਕ ਵਾਰ ਹਜ਼ਰਮ ਮੁਹੰਮਦ ਸਾਹਿਬ ਤੋਂ ਵੀ ਇਸ ਦੀ ਨੀਹ ਰਖਵਾਈ ਗਈ ਦਸੀ ਜਾਂਦੀ ਹੈ। ਹਜ਼ਰਤ ਮੁਹੰਮਦ ਸਾਹਿਬ ਤੋਂ ਪਹਿਲਾਂ ਕਾਅਬਾ ਵਿਚ ਅਨੇਕ ਬਹੁਤ ਸਥਾਪਿਤ ਸਨ ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਸੀ। ਪਰ ਇੱਕ ਅੱਲ੍ਹਾ ਵਿਚ ਵਿਸ਼ਵਾਸ ਰੱਖਣ ਵਾਲੇ ਹਜ਼ਰਤ ਮੁਹੰਮਦ ਨੇ ਸਾਰਿਆਂ ਬੁੱਤਾਂ ਨੂੰ ਉਥੋਂ ਕਟਵਾ ਦਿੱਤਾ। ਕਾਅਬੇ ਦੀ ਵਰਤਮਾਨ ਇਮਾਰਤ ਦੀ ਉਸਾਰੀ ਸੰਨ 1040 ਈ. ਵਿੱਚ ਰੂਸ ਦੇਸ਼ ਦੇ ਉਸਮਾਨੀ ਬਾਦਸ਼ਾਹ ਮੁਰਾਦ ਚੌਥੇ ਨੇ ਕਰਵਾਈ ਜਿਸ ਵਿਚ ਸਮੇਂ ਸਮੇਂ ਥੋੜ੍ਹਾ ਬਹੁਤ ਸੁਧਾਰ ਹੁੰਦਾ ਰਿਹਾ।

ਮਹਾਨ-ਕੋਸ਼ਕਾਰ ਅਨੁਸਾਰ ਕਾਅਬੇ ਦੀ "ਪੂਰਵ ਵਲ ਦੀ ਬਾਹੀ, ਜਿਧਰ ਦਰਵਾਜ਼ਾ ਖੁਲਦਾ ਹੈ, 33 ਗਜ਼ ਲੰਬੀ ਹੈ, ਪੱਛਮ ਦੀ 31 ਗਜ਼, ਉੱਤਰ ਦੀ 22 ਅਤੇ ਦੱਖਣ ਦੀ 20 ਗਜ਼ ਹੈ। ਬੁਲੰਦੀ 35 ਫ਼ੁੱਟ ਹੈ। ਚਿਣਾਈ ਭੂਰੇ ਰੰਗ ਦੇ ਪੱਥਰ ਦੀ ਚੂਨੇ ਨਾਲ ਹੋਈ ਹੈ।" ਕਾਅਬੇ ਦੀ ਵਿਸ਼ਾਲ ਇਮਾਰਤ ਵਿਚ ਧਰਤੀ ਤੋਂ ਪੰਜ ਫ਼ੁੱਟ ਉੱਚਾਈ ਤੇ ਸੰਗਿ-ਅਸਵਦ (ਕਾਲਾ ਪੱਥਰ) ਜੜ੍ਹਿਆ ਹੋਇਆ ਹੈ ਜਿਸ ਨੂੰ ਮੁਸਲਮਾਨ ਯਾਤ੍ਰੀ ਚੁੰਮਦੇ ਹਨ। ਕਾਅਬੇ ਦੇ ਇਰਦ-ਗਿਰਦ ਬਹੁਤ ਵਿਸ਼ਾਲ ਪਰਿਕ੍ਰਮਾ ਹੈ ਜਿਸ ਵਿਚ ਯਾਤ੍ਰੀ ਬੜੇ ਸੌਖ ਨਾਲ ਵਿਚਰ ਸਕਦੇ ਹਨ। ਕਾਅਬੇ ਦੀ ਇਮਾਰਤ ਕਾਲੇ ਰੇਸ਼ਮੀ ਕਪੜੇ ਨਾਲ ਢਕੀ ਰਹਿੰਦੀ ਹੈ ਜਿਸ ਉਤੇ ਕੁਰਾਨ ਵਿਚੋਂ ਆਇਤਾਂ ਲਿਖੀਆਂ ਹੁੰਦੀਆਂ ਹਨ। 'ਹੱਜ' ਦੇ ਅਵਸਰ 'ਤੇ ਲੱਖਾਂ ਵਿਅਕਤੀ ਜ਼ਿਆਰਤ ਕਰਨ ਲਈ ਇਥੇ ਪਹੁੰਚਦੇ ਹਨ। ਸੰਤਾਂ, ਫਕੀਰਾਂ ਨੇ ਇਸ ਧਰਮ-ਧਾਮ ਦੀਆਂ ਕੂੜ ਮਾਨਤਾਵਾਂ ਤੋਂ ਹੱਟ ਕੇ ਆਪਣੇ ਅੰਦਰ ਹੀ ਕਾਅਬੇ ਦੀ ਸਥਿਤੀ ਮੰਨੀ ਹੈ। ਗੁਰੂ ਨਾਨਕ ਸਾਹਿਬ ਨੇ ਸੱਚੀ ਕਰਣੀ ਨੂੰ ਕਾਅਬਾ ਦਸਿਆ ਹੈ—

'ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ' (ਗੁਰੂ ਗ੍ਰੰਥ ਸਾਹਿਬ, ਪੰਨਾ ੧੪੦)

ਮਜ਼ਾਰ 'ਗੰਜਿ ਸ਼ਹੀਦਾਂ,'[1] ਹੈ ਉਨ ਸ਼ਹੀਦੋਂ ਕਾ
ਫਰਿਸ਼ਤੇ ਜਿਨ ਕੀ ਤਰਸਤੇ ਥੇ ਖ਼ਾਕਿ ਪਾ ਕੇ ਲੀਏ।
ਉਠਾਏ ਆਖੋਂ ਸੇ ਆ ਕਰ ਯਹਾਂ ਕੀ ਮੱਟੀ ਕੋ।
ਜੋ ਖ਼ਾਕ ਛਾਨਤੇ ਫਿਰਤੇ ਹੈਂ, ਕੀਮੀਜਾ ਕੇ ਲੀਏ।

ਅਰਥਾਤ :- ਇਹ ਸ਼ਹੀਦੀ ਸਥਾਨ ਉਨ੍ਹਾਂ ਸ਼ਹੀਦਾਂ ਦੀ ਪਾਵਨ ਯਾਦ ਨੂੰ ਤਾਜ਼ਾ ਕਰਵਾਉਂਦਾ ਹੈ ਜਿਨ੍ਹਾਂ ਦੀ ਚਰਨਧੂੜ ਲੈਣ ਵਾਸਤੇ ਫਰਿਸ਼ਤੇ ਵੀ ਤਰਸਦੇ ਹਨ। ਐ, ਖਾਲਸਾ ਪੰਥ ਤੂੰ ਕਿਉਂ ਜਗ੍ਹਾ-ਜਗ੍ਹਾ ਫਿਰ ਕੇ ਆਤਮਿਕ ਅਨੰਦ ਲਈ, ਜਾਂ ਸਰੀਰਕ ਤੰਦਰੁਸਤੀ ਲਈ ਰਸਾਇਣਾਂ ਦੀ ਭਾਲ ਕਰਦਾ ਫਿਰਦਾ ਹੈਂ। ਇਥੋਂ ਦੀ ਮਿੱਟੀ ਨੂੰ ਅੱਖਾਂ ਨਾਲ ਸਿਜਦਾ ਕਰ, ਲੋਕ ਪਰਲੋਕ ਸੁਹੇਲਾ ਹੋ ਜਾਵੇਗਾ।

---

1. ਗੰਜਿ ਸ਼ਹੀਦਾਂ :- ਉਂਝ ਤਾਂ ਇਹ ਸ਼ਬਦ ਹਰ ਉਸ ਥਾਂ ਲਈ ਵਰਤ ਲਿਆ ਜਾਂਦਾ ਹੈ ਜਿਥੇ ਕੋਈ ਵੀ ਸ਼ਹੀਦ ਦਬਿਆ ਜਾਂ ਸਸਕਾਰਿਆ ਗਿਆ ਹੋਵੇ ਪਰ ਉਂਝ ਇਹ ਸ਼ਬਦ ਸਿੱਖ ਸ਼ਹੀਦਾਂ ਦੇ ਸਮਾਰਕਾ ਨਾਲ ਵਿਸ਼ੇਸ਼ ਰੂਪ ਵਿੱਚ ਜੁੜ ਗਿਆ ਹੈ ਅਤੇ ਪੰਜਾਬ ਤੇ ਪੰਜਾਬ ਤੋਂ ਬਾਹਰ ਕਈ ਧਰਮ-ਧਾਮ ਸ਼ਹੀਦ ਗੰਜ ਦੇ ਨਾਂ ਨਾਲ ਪ੍ਰਸਿੱਧ ਹਨ। ਪਰ ਇਹ ਸ਼ਬਦ ਉਸ ਗੁਰਦੁਆਰੇ ਅਥਵਾ ਧਰਮ-ਧਾਮ ਲਈ ਅਧਿਕ ਪ੍ਰਚਲਿਤ ਹੋ ਗਿਆ ਹੈ ਜੋ ਲਾਹੌਰ ਰੇਲਵੇ ਸਟੇਸ਼ਟ ਦੇ ਨੇੜ ਲੰਡਾ ਬਾਜ਼ਾਰ ਵਿੱਚ ਹੈ ਅਤੇ ਜਿਥੇ ਮੀਰ ਮੰਨੂ ਦੇ ਸਮੇਂ ਹਜਾਰਾਂ ਸਿੰਘਾਂ, ਸਿੰਘਣੀਆਂ ਅਤੇ ਭੁਜੰਗੀਆਂ/ਭੁਜੰਗਣਾਂ ਨੂੰ ਖੂਹ ਵਿੱਚ ਸੁੱਟ ਕੇ ਕੋਠਿਆਂ ਵਿੱਚ ਬੰਦ ਕਰਕੇ ਅਤੇ ਤਸੀਹੇ ਦੇਕੇ ਸ਼ਹੀਦ ਕੀਤਾ ਗਿਆ ਸੀ। ਬਾਦ ਵਿੱਚ ਉਨ੍ਹਾਂ ਦੇ ਪਿੰਜਰਾਂ ਅਤੇ ਹੱਡੀਆਂ ਨਾਲ ਦੀਵਾਰਾਂ ਉਸਾਰੀਆਂ ਗਈਆਂ। ਉਥੋਂ ਖ਼ੁਦਾਈ ਕਰਨ ਤੇ ਹੁਣ ਵੀ ਸਿੱਖਾਂ ਦੇ ਲੋਹੇ ਦੇ ਬਰਤਨ, ਕੜੇ ਅਤੇ ਸ਼ਸਤ੍ਰ ਮਿਲ ਜਾਂਦੇ ਹਨ। ਸਿੱਖ ਜਗਤ ਵਿਚ ਸ਼ਹੀਦਾਂ ਲਈ ਅਪਾਰ ਆਦਰ ਹੈ। ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਅਰਦਾਸ ਵਿੱਚ ਸਦਾ ਯਾਦ ਕੀਤਾ ਜਾਂਦਾ ਹੈ।

ਯਿਹ ਹੈ ਵੁਹ ਜਾ ਜਹਾਂ ਚਾਲੀਸ ਤਨ ਸ਼ਹੀਦ ਹੂਏ।
ਖ਼ਿਤਾਬਿ ਸਰਵਰੀ ਸਿੰਘੋਂ ਨੇ ਸਰ ਕਟਾ ਕੇ ਲੀਏ।
ਦਿਲਾਈ ਪੰਥ ਕੋ ਸਰਬਾਜੀਓਂ ਸੇ ਸਰਦਾਰੀ।
ਬਰਾਇ ਕੌਮ ਯੇ ਰੁਤਬੇ ਲਹੁ ਬਹਾ ਕੇ ਲੀਏ।

ਅਰਥਾਤ :- ਇਹ ਉਹ ਮਹਾਨ ਸ਼ਹੀਦੀ ਸਥਾਨ ਹੈ ਜਿਥੇ ਚਾਲੀ ਸਿੰਘਾਂ ਨੇ ਮੈਦਾਨੇ-ਜੰਗ ਵਿੱਚ ਜੂਝਦਿਆਂ ਹੋਇਆਂ ਕੁਰਬਾਨੀਆਂ ਕੀਤੀਆਂ। ਅਤੇ ਸਿੰਘਾਂ ਸਿਰ ਭੇਂਟ ਕਰਕੇ ਸਰਦਾਰੀਆਂ ਦੇ ਰੁਤਬੇ ਹਾਸਲ ਕੀਤੇ। ਪੰਥ ਨੂੰ ਸਿਰਾਂ ਦੀਆਂ ਬਾਜੀ ਲਗਾ ਕੇ ਸਰਦਾਰੀ ਦਾ ਮਹਾਨ ਰੁਤਬਾ ਪ੍ਰਧਾਨ ਕੀਤੇ ਅਤੇ ਕੌਮ ਵਾਸਤੇ ਸਰਦਾਰੀ ਦਾ ਮਹਾਨ ਖ਼ਿਤਾਬ ਆਪਣਾ ਖ਼ੂਨ ਡੋਲ ਕੇ ਪ੍ਰਾਪਤ ਕੀਤਾ।

ਗ਼ਿਲਾ ਨਹੀਂ ਤੋ ਤਵੱਜੋਂ ਦਿਲਾਨਾ ਚਾਹਤਾ ਹੂੰ।
ਅਪੀਲ ਕਰਤਾ ਹੂੰ ਸਿੰਘੋਂ ਕੀ ਕਰਬਲਾ ਕੇ ਲੀਏ।
ਗਲਤ ਇਕ ਹਰਫ਼ ਹੋ ਜੋਗੀ ਤੋ ਫਿਰ ਹਜਾਰੋਂ ਮੇਂ।
ਜਵਾਬ ਦੇਹ ਹੂੰ ਸੁਖ਼ਨਹਾਇ ਨਾਂ-ਰਵਾਂ ਕੇ ਲੀਏ।

ਅਰਥਾਤ :- ਜੇ ਕਰ ਤੈਨੂੰ ਕੋਈ ਇਤਰਾਜ ਨਾ ਹੋਵੇ ਤਾਂ ਤੇਰਾ ਧਿਆਨ ਇਸ ਪਾਸੇ ਦਵਾਉਣਾ ਚਾਹੁੰਦਾ ਹਾਂ ਅਤੇ ਅਪੀਲ ਕਰਦਾ ਹਾਂ ਕਿ ਤੂੰ ਇਸ ਸਿੰਘਾਂ ਦੇ ਕਰਬਲਾ ਦੇ ਦਰਸ਼ਨ ਜਰੂਰ ਕਰ। ਮੈਂ ਸਿੰਘਾਂ ਦੀ ਇਸ ਮਹਾਨ ਸ਼ਹਾਦਤ ਦੇ ਬਾਰੇ ਜੋ ਕੁਝ ਲਿਖਿਆ ਹੈ ਜੇਕਰ ਇਸ ਵਿੱਚ ਅੱਖਰ ਵੀ ਗਲਤ ਹੋਵੇ ਤਾਂ ਮੈਂ ਆਪਣੀ ਕਲਮ ਦੀ ਬੇਇਨਸਾਫੀ ਕਰਕੇ ਜਾਂ ਰਚਨਾ ਵਿੱਚ ਕਿਸੇ ਭੁੱਲ ਚੁੱਕ ਨੂੰ ਮੰਨ ਕੇ ਹਜਾਰਾਂ ਵਿੱਚ ਜਵਾਬਦੇਹ ਹੋਵਾਂਗਾ।


---

1. ਕਰਬਲਾ :- ਇਰਾਕ ਦੇਸ਼ ਵਿਚ ਕੂਫ਼ਾ ਤੋਂ 39 ਕਿ. ਮੀ. ਦੀ ਵਿਥ ਤੇ ਫ਼ਰਾਤ ਨਦੀ ਦੇ ਕੰਢੇ ਦੇ ਨੇੜੇ ਵਸਿਆ ਉਹ ਪ੍ਰਸਿੱਧ ਨਗਰ ਜਿਸ ਵਿਚ ਇਮਾਮ ਹੁਸੈਨ ਦਾ ਆਲੀਸ਼ਾਨ ਮਕਬਰਾ ਬਣਿਆ ਹੋਇਆ ਹੈ। ਮਕਬਰੇ ਵਾਲੇ ਸਥਾਨ 'ਤੇ ਹਜ਼ਰਤ ਅਲੀ ਦੇ ਪੁੱਤਰ (ਅਤੇ ਹਜ਼ਰਤ ਮੁਹੰਮਦ ਦੇ ਦੋਹਿਤਰੇ) ਇਮਾਮ ਹੁਸੈਨ ਨੂੰ ਸੰਨ 680 ਈ. ਵਿਚ ਤਿੰਨ ਦਿਨ ਭੁਖਾ ਪਿਆਸਾ ਰਖ ਕੇ ਯਜ਼ੀਦ ਦੀ ਫ਼ੌਜ ਨੇ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਸੀ। ਇਮਾਮ ਹੁਸੈਨ ਨਾਲ ਹੋਈ ਲੜਾਈ ਦਾ ਕਾਰਣ ਇਹ ਸੀ ਕਿ ਕੂਫ਼ਾ ਨਗਰ ਦੇ ਨਿਵਾਸੀਆਂ ਨੇ ਹੁਸੈਨ ਨੂੰ ਖ਼ਿਲਾਫ਼ਤ ਦੇਣ ਲਈ ਗੁਪਤ ਢੰਗ ਨਾਲ ਬੁਲਾਇਆ। ਉਧਰ ਦਮਿਸ਼ਕ ਦੇ ਹੁਕਮਰਾਨ ਖ਼ਲੀਫ਼ਾ ਦਤਯਜ਼ੀਦ ਨੂੰ ਪਤਾ ਚਲ ਗਿਆ। ਉਸ ਨੇ ਆਪਣੀ ਫ਼ੌਜ ਚੜ੍ਹਾ ਕੇ ਹੁਸੈਨ ਅਤੇ ਉਸ ਦੇ ਸਾਥੀਆਂ ਨੂੰ ਘੇਰ ਲਿਆ। ਇਹ ਸੰਘਰਸ਼ ਦਸ ਦਿਨ ਤਕ ਚਲਦਾ ਰਿਹਾ। ਹੁਸੈਨ ਯੁੱਧ ਕਰਨ ਵਿਚ ਵਿਸ਼ਵਾਸ ਨਹੀਂ ਰਖਦਾ ਸੀ, ਪਰ ਯਜ਼ੀਦ ਦੇ ਸੈਨਾ-

1.ਸ਼ਮਸ਼ਾਨ ਘਾਟ:- ਸ਼ਮਸ਼ਾਨ ਸੰਸਕ੍ਰਿਤ ਦਾ ਸ਼ਬਦ ਹੈ। ਇਸ ਦਾ ਅਰਥ ਹੈ ਮੁਰਦਿਆਂ ਦੇ ਸੌਣ ਦੀ ਜਗ੍ਹਾ। ਹਿੰਦੂ ਧਰਮ ਅਨੁਸਾਰ ਮੁਰਦਿਆਂ ਦੇ ਫੂਕਣ ਦੀ ਜਗ੍ਹਾ ਨੂੰ ਸ਼ਮਸ਼ਾਨ ਅਸਥਾਨ ਜਾਂ ਸ਼ਮਸ਼ਾਨ ਘਾਟ ਕਿਹਾ ਜਾਂਦਾ ਹੈ।

2. ਮਜ਼ਾਰ:- ਮਜ਼ਾਰ ਉਸ ਜਗ੍ਹਾ ਨੂੰ ਕਿਹਾ ਜਾਂਦਾ ਹੈ ਜਿਸ ਅਸਥਾਨ ਉਪਰ ਕਿਸੇ ਧਾਰਮਿਕ ਸ਼ਖਸ਼ੀਅਤ ਨੂੰ ਦਫ਼ਨ ਕੀਤਾ ਜਾਂਦਾ ਹੈ। ਇਸਲਾਮੀ ਵਿਸ਼ਵਾਸ਼ ਅਨੁਸਾਰ ਲੋਕ ਇਥੇ ਦਰਸ਼ਨਾਂ ਵਾਸਤੇ ਵੀ ਆਉਂਦੇ ਹਨ। ਜਿਸ ਜਗ੍ਹਾ ਉਪਰ 2-3 ਜਾਂ ਵਧੇਰੇ ਕਬਰਾਂ ਹੋਣ ਅਤੇ ਉਸ ਜਗ੍ਹਾ ਗੁਬੰਦ ਬਣਾ ਦਿਤਾ ਜਾਵੇ ਤਾਂ ਉਸ ਨੂੰ ਦਰਗਾਹ ਜਾਂ ਮਕਬਰਾ ਕਿਹਾ ਜਾਂਦਾ ਹੈ। ਨੂਹ ਕਬੀਲੇ ਦੀ ਰਵਾਇਤ ਅਨੁਸਾਰ ਜਿਸ ਮਕਬਰੇ ਦੁਆਲੇ ਸੁੰਦਰ ਬਾਗ ਲਗਾ ਦਿੱਤਾ ਜਾਵੇ ਉਸਨੂੰ ਰੋਜ਼ਾ ਕਿਹਾ ਜਾਂਦਾ ਹੈ। ਇਤਿਹਾਸ ਅਨੁਸਾਰ ਬਾਬਰ ਨੇ ਆਪਣੇ ਜਿਉਂਦਿਆਂ ਹੀ ਕਾਬਲ ਵਿਖੇ ਇਕ ਸੁੰਦਰ ਮਕਬਰਾ ਤਿਆਰ ਕਰਵਾ ਲਿਆ ਸੀ ਅਤੇ ਮਰਨ ਉਪਰੰਤ ਉਸਨੂੰ ਉਸ ਜਗ੍ਹਾ ਉਪਰ ਹੀ ਦਫ਼ਨ ਕੀਤਾ ਗਿਆ। ਕਬਰ ਦੇ ਦੋ ਹਿੱਸੇ ਹੁੰਦੇ ਹਨ ਜਿਹੜੀ ਜ਼ਮੀਨ ਖੋਦ ਕੇ ਮੁਰਦਾ ਸਰੀਰ ਨੂੰ ਰੱਖਣ ਲਈ ਜਗ੍ਹਾ ਬਣਾਈ ਜਾਂਦੀ ਹੈ ਉਸ ਨੂੰ ਕਬਰ ਕਿਹਾ ਜਾਂਦਾ ਹੈ ਅਤੇ ਉਸਦੇ ਜ਼ਮੀਨ ਤੇ ਤਲ ਤੋਂ ਉਪਰਲੇ ਹਿੱਸੇ ਨੂੰ ਤੁਰਬਤ ਕਿਹਾ ਜਾਂਦਾ ਹੈ।

ਤੁਰਬਤ



ਕਬਰ

3. ਹਿੰਦੂ ਮਤ ਅਨੁਸਾਰ ਇਕ ਪਵਿੱਤਰ ਨਦੀ ਜੋ ਟੇਹਰੀ ਖੇਤਰ ਦੇ ਕਲਿੰਦ ਪਰਬਤ ਤੋਂ ਨਿਕਲ ਕੇ ਲਗਭਗ 115 ਕਿ. ਮੀ. ਪਹਾੜੀ ਸਫਰ ਕਰਦੇ ਹੋਈ ਫ਼ੈਜ਼ਾ ਕਲਿੰਦ ਨਾਂ ਵਾਲੇ ਸਥਾਨ ਕੋਲ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦੀ ਹੈ। ਅਤੇ ਲਗਭਗ 1400 ਕਿ. ਮੀ. ਵਹਿ ਕੇ ਇਲਾਹਬਾਦ ਦੇ ਨੇੜੇ ਸੰਗਮ ਵਿਚ ਗੰਗਾ ਨਾਲ ਜਾਂ ਰਲਦੀ ਹੈ। ਇਸ ਲਈ ਇਸ ਨੂੰ ਤਿਤ੍ਰਵੇਣੀ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਸ ਦੇ ਕੰਢੇ ਪਾਉਂਟਾ ਸਾਹਿਬ ਧਰਮ ਧਾਮ ਵਾਲੇ ਸਥਾਨ 'ਤੇ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਸ਼ਸਤ੍ਰ ਤੇ ਸ਼ਾਸਤ੍ਰ ਵਿਚ ਨਿਪੁੰਣ ਕੀਤਾ।

ਮਥੁਰਾ ਤੇ ਬਿੰਦਰਾਬਣ ਦੇ ਆਲੇ ਦੁਆਰੇ ਸ੍ਰੀ ਕ੍ਰਿਸ਼ਨ ਨੇ ਆਪਣੀਆਂ ਬਾਲ ਲੀਲਾਵਾਂ ਇਸ ਨਦੀ ਦੇ ਕੰਢੇ ਤੇ ਹੀ ਕੀਤੀਆਂ ਸਨ। ਜਿਨ੍ਹਾਂ ਦੀ ਯਾਦ ਵਿਚ ਹੁਣ ਉਥੇ ਅਨੇਕ ਮੰਦਰ ਬਣੇ ਹੋਏ ਹਨ। ਗਯੰਦ ਨਾਂ ਦੇ ਭੱਟ ਨੇ ਗੁਰੂ ਰਾਮਦਾਸ ਦੀ ਪੁਰਾਣ ਪੁਰਛਾਂ ਦੇ ਜਰਮ ਕਰਮ ਨਾਲ ਅਭੇਦਤਾਂ ਸਥਾਪਿਤ ਕਰਦਿਆਂ ਜਮਨਾਂ ਵੱਲ ਸੰਕੇਤ ਕੀਤਾ ਹੈ। ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਹੈ ਕੂਲਿ ਖੇਲ ਖੇਲਿਉ ਜਿਨਿ ਗਿੰਦ ਜੀਉ ਇਸ ਦਾ ਯਮੀ ਰੂਪ ਵਿਚ ਦੈਵੀਕਰਣ ਕਰਕੇ ਇਸ ਨੂੰ